
ਅਨੁਭਵ ਤੇ ਅਧਿਐਨ



ਕਾ. ਗੰਧਰਵ ਸੈਨ ਕੋਛੜ

ਅਨੁਭਵ ਤੇ ਅਧਿਐਨ

ਗੰਧਰਵ ਸੈਨ ਕੋਛੜ

5 ਆਬ
ਪ੍ਰਕਾਸ਼ਨ, ਜਲੰਧਰ

Anubhav Te Adhyain

By
GANDHARV SEN KOCHHAR
B-IV-251, NEW BAZAR
NURMAHAL 144039

ISBN : 978-93-82413-11-0

ਪਹਿਲੀ ਵਾਰ: 2012
ਕਾਪੀ: 1000
ਦੂਜੀ ਵਾਰ: ਨਵੰਬਰ 2012

ਤੀਜੀ ਵਾਰ: ਨਵੰਬਰ 2013
ਕਾਪੀ: 1000

ਮੁੱਲ: 200 ਰੁਪਏ

ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ
1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
5aabparkashan@gmail.com
www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਵਿਸ਼ਵ ਭਰ ਦੇ
ਮਜ਼ਦੂਰ ਵਰਗ
ਦੇ ਨਾਂ!

ਸੱਚਮੁੱਚ ਸਾਡੇ ਖਿਆਲ ਵਿੱਚ ਅਜੇ ਤੱਕ ਕਿਸੇ ਨੇ ਵੀ ਸ਼ੱਕ ਪ੍ਰਗਟ ਨਹੀਂ ਕੀਤਾ ਕਿ ਸਾਡੀ ਅਜੋਕੀ ਲਹਿਰ ਦੀ ਤਾਕਤ ਜਨ ਸਮੂਹਾਂ (ਸਨਅਤੀ ਪ੍ਰੋਲੇਤਾਰੀਆਂ) ਦੀ ਜਾਗ੍ਰਤੀ ਵਿੱਚ ਪਾਈ ਜਾਂਦੀ ਹੈ ਅਤੇ ਇਸ ਦੀ ਕਮਜ਼ੋਰੀ ਇਨਕਲਾਬੀ ਆਗੂਆਂ ਵਿੱਚ ਚੇਤਨਤਾ ਅਤੇ ਉੱਦਮ ਦੀ ਘਾਟ ਵਿੱਚ ਪਾਈ ਜਾਂਦੀ ਹੈ।

-ਵੀ.ਆਈ. ਲੈਨਿਨ

ਤਰਤੀਬ

ਦੂਸਰੇ ਸੰਸਕਰਣ ਲਈ ਦੋ ਸ਼ਬਦ

ਪਹਿਲਾ ਐਡੀਸ਼ਨ ਛਾਪਣ ਵੇਲੇ ਪਿਤਾ ਜੀ ਕਾਫ਼ੀ ਬਿਮਾਰ ਹੋ ਗਏ ਸਨ। ਇਸ ਲਈ ਉਹ ਕੰਪਿਊਟਰ ਕੀਤਾ ਹੋਇਆ ਖਰੜਾ ਅਸੀਂ ਉਨ੍ਹਾਂ ਨੂੰ ਸੁਣਾ ਨਹੀਂ ਸਕੇ। ਇਸ ਲਈ ਪਹਿਲੇ-ਐਡੀਸ਼ਨ ਵਿੱਚ ਛਪੀਆਂ ਕਈ ਘਟਨਾਵਾਂ ਨੂੰ ਠੀਕ ਤਰਤੀਬ ਨਹੀਂ ਦਿੱਤੀ ਜਾ ਸਕੀ ਅਤੇ ਕੁਝ ਵਾਕਿਆ ਅਧੂਰੇ ਤੇ ਅਸਪੱਸ਼ਟ ਰਹਿ ਗਏ।

ਪਿਤਾ ਜੀ ਦੇ ਠੀਕ ਹੋਣ ਤੋਂ ਬਾਅਦ ਉਨ੍ਹਾਂ ਦੀ ਮਦਦ ਨਾਲ ਮੁੜ ਛਪਵਾ ਰਹੇ ਹਾਂ।

ਆਸ ਕਰਦੀ ਹਾਂ ਕਿ ਪਾਠਕ ਪਿਛਲੀ ਰਹੀ ਕਮੀ ਨੂੰ ਮੁਆਫ਼ ਕਰਨਗੇ।

ਤੀਸਰੇ ਸੰਸਕਰਣ ਬਾਰੇ

ਮੈਨੂੰ ਖੁਸ਼ੀ ਹੈ ਕਿ ਪਿਤਾ ਜੀ ਦੀ ਕਿਤਾਬ ਦਾ ਦੂਜਾ ਸੰਸਕਰਣ ਜਲਦੀ-ਜਲਦੀ ਲੋਕਾਂ ਦੇ ਹੱਥਾਂ ਵਿਚ ਪਹੁੰਚ ਗਿਆ ਹੈ। ਜ਼ਿਆਦਾ ਖੁਸ਼ੀ ਇਸ ਗੱਲ ਦੀ ਹੈ ਕਿ ਡਾ. ਭੀਮ ਇੰਦਰ ਪਟਿਆਲਾ, ਕੇਸਰ ਜਲੰਧਰ ਅਤੇ ਸਰਦਾਰਾ ਸਿੰਘ ਚੀਮਾ ਚੰਡੀਗੜ੍ਹ ਹੋਰਾਂ ਦੇ ਯਤਨਾਂ ਨਾਲ ਇਸ ਕਿਤਾਬ ਨੇ ਪੰਜਾਬ ਅੰਦਰ ਇਕ ਹਾਂ-ਪੱਖੀ ਸੰਵਾਦ ਛੇੜਿਆ ਹੈ।

ਅਸੀਂ 'ਅਨੁਭਵ ਤੇ ਅਧਿਐਨ' ਵਿਚ ਡਾ: ਭੀਮ ਇੰਦਰ, ਕਾਮਰੇਡ ਦਰਸ਼ਨ ਖਟਕੜ, ਹਰਵਿੰਦਰ ਭੰਡਾਲ ਤੇ ਸਤਿੰਦਰਪਾਲ ਸਿੰਘ ਦੇ ਉਹ ਪਰਚੇ ਵੀ ਸ਼ਾਮਲ ਕਰ ਰਹੇ ਹਾਂ ਜਿਹੜੇ ਇਸ ਕਿਤਾਬ 'ਤੇ ਹੋਈਆਂ ਗੋਸ਼ਟੀਆਂ ਵਿਚ ਪੜ੍ਹੇ ਗਏ।

ਮੈਂ ਇਸ ਸੰਵਾਦ 'ਚ ਸ਼ਾਮਲ ਹੋਣ ਵਾਲੇ ਸਭ ਸਾਥੀਆਂ ਦੀ ਅਭਾਰੀ ਹਾਂ ਅਤੇ ਆਸ ਕਰਦੀ ਹਾਂ ਕਿ ਤੀਜਾ ਐਡੀਸ਼ਨ ਵੀ ਜਲਦੀ-ਜਲਦੀ ਸਾਥੀਆਂ ਦੇ ਹੱਥਾਂ ਵਿਚ ਜਾਵੇਗਾ।

-ਸੁਰਿੰਦਰ ਕੁਮਾਰੀ ਕੋਛੜ
ਬੀ-4/251, ਨਵਾਂ ਬਾਜ਼ਾਰ, ਨੂਰਮਹਿਲ
ਫੋਨ: 01826-243534
ਮੋਬਾ:98145-74714

ਗੰਧਰਵ ਸੈਨ ਕੋਛੜ:ਇਕ ਕਾਮਰੇਡ, ਇਕ ਯੋਗੀ

ਕਾਮਰੇਡ ਗੰਧਰਵ ਸੈਨ ਕੋਛੜ ਜ਼ਿੰਦਗੀ ਨੂੰ ਪਿਆਰ ਕਰਨ ਵਾਲੇ ਅਤੇ ਭਵਿੱਖ ਵਿਚ ਇਸਨੂੰ ਹੋਰ ਚੰਗੇਰਾ, ਇਨਸਾਫ਼ 'ਤੇ ਅਧਾਰਤ ਅਤੇ ਇਤਿਹਾਸ ਵਿਚ ਪੈਦਾ ਹੋਏ ਵਖਰੇਵਿਆਂ ਤੇ ਲੁੱਟਾਂ ਖਸੁੱਟਾਂ ਤੋਂ ਰਹਿਤ ਬਣਾਉਣ ਲਈ ਹਮੇਸ਼ਾ ਆਪਣੀ ਤਨਦੇਹੀ ਨਾਲ ਕਾਰਜਸ਼ੀਲ ਰਹਿਣ ਵਾਲੇ ਸੁਹਿਰਦ ਇਨਸਾਨ ਹਨ। ਜ਼ਿੰਦਗੀ ਬਾਰੇ ਉਹਨਾਂ ਦਾ ਇਹ ਨਕਸ਼ਾ ਜਾਂ ਇਸਨੂੰ ਜਿਉਣ ਦੀ ਜੁਗਤ ਨੇ ਉਹਨਾਂ ਨੂੰ ਹਮੇਸ਼ਾ ਹੀ ਮਨੁੱਖੀ ਜ਼ਿੰਦਗੀ ਦੀ ਸਮਾਜਕ ਹੋਂਦ ਵਿੱਚ ਧੁਰ ਅੰਦਰੀ ਵਸਦੀ ਸਚਾਈ ਅਤੇ ਇਨਸਾਫ਼ ਦੀ ਚਿਣਗ ਨਾਲ ਧੁਰੋਂ ਹੀ ਜੋੜੀ ਰਖਿਆ ਹੈ। ਅਜਿਹੀ ਸਚਾਈ ਅਤੇ ਇਨਸਾਫ਼ ਨੂੰ ਆਪਣੇ ਅਤੇ ਆਪਣੇ ਰਿਸ਼ਤਿਆਂ ਵਿਚ ਸਜਿੰਦ ਰਖਣ ਲਈ ਸਮਾਜਕ ਅਤੇ ਰਾਜਸੀ ਬਣਤਰ ਵਿਚ ਇਸ ਸਚਾਈ ਅਤੇ ਇਨਸਾਫ ਦੇ ਖ਼ਿਲਾਫ ਕਾਰਗਰ ਸ਼ਕਤੀਆਂ ਨੂੰ ਭਾਂਜ ਦੇਣ ਲਈ ਉਹ ਹਮੇਸ਼ਾ ਹੀ ਤਤਪਰ ਅਤੇ ਕਾਰਜਸ਼ੀਲ ਰਹੇ ਹਨ। ਮਨੁੱਖੀ ਜ਼ਿੰਦਗੀ ਆਪਣੇ ਮੂਲ ਵਜੋਂ ਸਚਾਈ ਅਤੇ ਇਕ ਦੂਜੇ ਪ੍ਰਤੀ ਇਨਸਾਫ 'ਤੇ ਅਧਾਰਤ ਹੈ। ਇਤਿਹਾਸਕ ਵਿਕਾਸ ਦੌਰਾਨ ਮਨੁਖਤਾ ਦੇ ਇਕ ਹਿੱਸੇ ਨੇ ਆਪਣੇ ਮੁਫਾਦਾਂ ਖ਼ਾਤਰ ਵੱਡੀ ਲੋਕਾਈ ਤੋਂ ਬਹੁਤ ਕੁਝ ਖੋਹਿਆ ਹੈ, ਲੁੱਟਾਂ ਅਤੇ ਵਿਤਕਿਰਿਆਂ ਦੀ ਜਿਲ੍ਹਣ ਵਿਚ ਸੁਟਿਆ ਹੈ, ਉਹਨਾਂ ਕੋਲੋਂ ਮਨੁੱਖਤਾ ਦਾ ਮੂਲ ਖੋਹਣ ਲਈ ਜ਼ਾਲਮ ਵਾਰ ਕੀਤੇ ਹਨ। ਪਰ ਮਨੁੱਖਤਾ ਨੇ ਅਤੇ ਇਸਦੇ ਮੂਲ ਪ੍ਰਤੀ ਸੁਹਿਰਦ ਮਨੁੱਖਾਂ ਨੇ ਇਸਦੇ ਲਈ ਪਿਆਰ ਅਤੇ ਪ੍ਰਤੀਬਧਤਾ ਕਰਕੇ ਹਮੇਸ਼ਾ ਹੀ ਇਸ ਅਣਮਨੁੱਖੀ ਹਿੱਸੇ ਨੂੰ ਭਾਂਜ ਦੇਣ ਲਈ ਸੰਘਰਸ਼ ਦਾ ਝੰਡਾ ਬੁਲੰਦ ਕਰੀ ਰਖਿਆ ਹੈ। ਆਪਣੇ ਆਪਨੂੰ ਹਮੇਸ਼ਾ ਹੀ ਵੱਡੀ ਲੋਕਾਈ ਨਾਲ ਵਿਚਾਰਧਾਰਕ ਅਤੇ ਭੌਤਿਕ ਪੱਧਰ ਤੇ ਜੋੜੀ ਰਖਿਆ ਹੈ। ਮੁਸੀਬਤਾਂ ਅਤੇ ਦੁਸ਼ਵਾਰੀਆਂ ਝੱਲੀਆ ਹਨ। ਮਨੁੱਖੀ ਜ਼ਿੰਦਗੀ ਦੀ ਇਹੀ ਸਚਾਈ ਅਤੇ ਇਨਸਾਫ ਹੀ ਕਾਮਰੇਡ ਗੰਧਰਵ ਸੈਨ ਕੋਛੜ ਦੇ ਸੰਘਰਸ਼ਮਈ ਜੀਵਨ, ਉਹਨਾਂ ਦੀ ਕਾਰਜਸ਼ੀਲਤਾ ਅਤੇ ਵਿਸ਼ਾਲ ਲੋਕਾਈ ਪ੍ਰਤੀ ਉਹਨਾਂ ਦੇ ਸਨੇਹ ਅਤੇ ਲਗਾਓ ਦੀ ਬੁਨਿਆਦ ਹੈ।

ਕਾਮਰੇਡ ਗੰਧਰਵ ਸੈਨ ਕੋਛੜ ਦੀਆਂ ਯਾਦਾਂ ਦੀ ਇਹ ਸਵੈਜੀਵਨੀ ਜੇਕਰ ਇਕ ਪਾਸੇ ਉਹਨਾਂ ਦੇ ਇਸ ਸਨੇਹ ਤੇ ਲਗਾਓ ਅਤੇ ਉਹਨਾਂ ਦੀ ਪ੍ਰਤੀਬਧਤਾ ਨੂੰ ਕਲਮਬੰਦ ਕਰਦੀ ਹੈ ਤਾਂ ਦੂਸਰੇ ਪਾਸੇ ਇਸੇ ਸਨੇਹ ਅਤੇ ਲਗਾਓ ਵਿੱਚੋਂ ਪੈਦਾ ਹੋਏ ਸੰਘਰਸ਼ ਦੀ ਵਿਚਾਰਧਾਰਕ ਬੁਨਿਆਦ, ਇਸਦੀਆਂ ਲੋੜਾਂ ਅਤੇ ਇਸਦੀਆਂ ਘਾਟਾਂ ਨੂੰ

ਵੀ ਦਰਜ ਕਰਦੀ ਹੈ। ਇਕ ਹੋਰ ਪੱਧਰ 'ਤੇ ਇਹ ਸਵੈਜੀਵਨੀ ਯਾਦਾਂ ਦਾ ਮਜਮੂਆਂ ਵੀ ਹੈ ਅਤੇ ਨਾਲ ਹੀ ਸੰਘਰਸ਼ ਦੀ ਘਾੜਤ ਘੜਨ ਲਈ ਲੋੜੀਂਦੀ ਸਮਾਜਕ ਬਣਤਰ ਦਾ ਵਿਸ਼ਲੇਸ਼ਣ ਵੀ ਹੈ ਅਤੇ ਇਸ ਵਿਸ਼ਲੇਸ਼ਣ ਲਈ ਲੋੜੀਂਦੀ ਵਿਚਾਰਧਾਰਕ ਸਮਗਰੀ ਅਤੇ ਇਸਨੂੰ ਇਕੱਤਰ ਕਰਨ ਲਈ ਕੀਤੀਆਂ ਜਾ ਸਕਦੀਆਂ ਕੋਸ਼ਿਸ਼ਾਂ ਦੀਆਂ ਕਮੀਆਂ ਦੀ ਨਿਸ਼ਾਨਦੇਹੀ ਕਰਨ ਵਾਲੀ ਰਚਨਾ ਵੀ ਹੈ।

ਨਿੱਜੀ, ਪਰਿਵਾਰਕ, ਸਮਾਜਿਕ ਅਤੇ ਰਾਜਸੀ ਯਾਦਾਂ 'ਤੇ ਅਧਾਰਤ ਇਸ ਸਵੈਜੀਵਨੀ ਵਿਚ ਜਿਥੇ ਆਪਣੇ ਸਮੇਂ ਦੇ ਸਮਾਜ ਦੀ ਬਣਤਰ ਅਤੇ ਇਸਦੀ ਜੁਗਤ ਦੀ ਵਿਸ਼ਲੇਸ਼ਣਾਤਮਕ ਜਾਣਕਾਰੀ ਦਰਜ ਹੈ ਨਾਲ ਹੀ ਇਸ ਵਿੱਚੋਂ ਕਾਮਰੇਡ ਗੰਧਰਵ ਸੈਨ ਦੇ ਦਿਲ ਵਿਚ ਵਸਦੇ ਮਨੁੱਖਤਾ ਲਈ ਪਿਆਰ ਦੀ ਝਲਕ ਵੀ ਮਿਲਦੀ ਹੈ। ਸਵੈਜੀਵਨੀ ਦੇ ਸ਼ੁਰੂ ਵਿਚ ਹੀ ਕਾਮਰੇਡ ਗੰਧਰਵ ਸੈਨ ਆਪਣੀ ਜਨਮ ਭੌਂ ਨੂਰ ਮਹਿਲ ਦੇ ਇਤਿਹਾਸਕ ਪਿਛੋਕੜ ਦੇ ਨਾਲ ਨਾਲ ਆਪਣੇ ਬਚਪਨ ਦੇ ਵੇਲੇ ਇਸਦੀ ਭੌਤਿਕ ਅਤੇ ਸਮਾਜਿਕ ਬਣਤਰ ਦਾ ਵਿਸਥਾਰਕ ਬਿਆਨ ਕਰਦੇ ਹਨ। ਇਹ ਬਿਆਨ ਨੂਰ ਮਹਿਲ ਦੀ ਧਰਾਤਲ, ਇਸਦੇ ਆਲੇ ਦੁਆਲੇ, ਇਸਦੇ ਗਲੀਆਂ ਮੁਹੱਲਿਆਂ ਤੇ ਬਜ਼ਾਰਾਂ ਅਤੇ ਪ੍ਰਮੁੱਖ ਮੀਲ ਪੱਥਰਾਂ ਬਾਰੇ ਭਰਪੂਰ ਜਾਣਕਾਰੀ ਨਾਲ ਭਰਿਆ ਹੋਇਆ ਹੈ। ਪਰ ਇਸ ਬਿਆਨ ਦਾ ਮਹਤੱਵਪੂਰਨ ਪੱਖ ਇਸ ਦੀ ਸਮਾਜਕ ਬਣਤਰ ਦੀ ਜੁਗਤ ਦੀ ਵਿਆਖਿਆ ਨਾਲ ਸਬੰਧਤ ਹੈ। ਜੁਗਤ ਦੀ ਇਹ ਵਿਆਖਿਆ ਇਕ ਪਾਸੇ ਲੋਕਾਂ ਦੇ ਜ਼ਾਤੀਗਤ ਕਿੱਤਿਆ ਬਾਰੇ ਲੇਖਕ ਦੀ ਪਰਪੱਕ ਜਾਣਕਾਰੀ ਵੱਲ ਇਸ਼ਾਰਾ ਕਰਦੀ ਹੈ। ਪਰ ਇਸ ਬਿਆਨ ਦਾ ਮਹਤੱਵਪੂਰਨ ਪੱਖ ਇਸਦੀ ਸਮਾਜਕ ਬਣਤਰ ਦੀ ਜੁਗਤ ਦੀ ਵਿਆਖਿਆ ਨਾਲ ਸਬੰਧਤ ਹੈ। ਪਰ ਦੂਸਰੇ ਪਾਸੇ ਇਸੇ ਬਿਆਨ ਵਿੱਚੋਂ ਹੀ ਸਮਾਜਕ ਬਣਤਰ ਵਿੱਚ ਪਏ ਵਿਤਕਰੇ, ਊਚ ਨੀਚ ਆਦਿ ਦਾ ਗਿਆਨ ਦੇ ਅਭਾਸ ਵੀ ਹੁੰਦਾ ਹੈ। ਇਸ ਵਿਸਥਾਰ ਵਿਚ ਸਮਾਜ ਦੇ ਅੱਡ-ਅੱਡ ਫਿਰਕਿਆਂ ਦੇ ਕਿੱਤਿਆ ਦੀ ਤਫਸੀਲ ਜੋ ਲੇਖਕ ਨੇ ਆਪਣੀ ਸਵੈਜੀਵਨੀ ਵਿਚ ਦਿੱਤੀ ਹੈ ਉਸ ਤੋਂ ਉਹਨਾਂ ਦੇ ਸ਼ੁਰੂ ਤੋਂ ਹੀ ਆਪਣੀ ਧਰਾਤਲ ਨਾਲ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਬਹੁਤ ਹੀ ਨੇੜੇ ਤੋਂ ਜੁੜਨ ਦਾ ਅਹਿਸਾਸ ਹੁੰਦਾ ਹੈ। ਲੋਕਾਂ ਨਾਲ ਇਹ ਰਿਸ਼ਤਾ ਇਕ ਪੱਧਰ ਤੇ ਕਾਮਰੇਡ ਗੰਧਰਵ ਸੈਨ ਦੀ ਤਿੱਖੀ ਅਤੇ ਡੂੰਘੀ ਨੀਝ ਦਾ ਪ੍ਰਗਟਾਅ ਹੈ। ਉਹਨਾਂ ਨੇ ਆਪਣੀ ਜ਼ਿੰਦਗੀ ਆਪਣੇ ਆਲੇ ਦੁਆਲੇ ਵਸਦੀ ਮਨੁੱਖੀ ਜ਼ਿੰਦਗੀ ਤੋਂ ਅਵੇਸਲੇ ਹੋ ਕੇ ਬੇਧਿਆਨੀ ਜਿਹੀ ਵਿਚ ਨਹੀਂ ਗੁਜ਼ਾਰੀ ਅਤੇ ਨਾ ਹੀ ਉਹ ਕਦੇ ਅਲਗਾਓ ਦੀ ਪ੍ਰਵਿਰਤੀ ਦਾ ਸ਼ਿਕਾਰ ਹੋਏ। ਇਸ ਦੇ ਉਲਟ ਉਹ ਆਪਣੀ ਜ਼ਿੰਦਗੀ ਦੇ ਮੁਢਲੇ ਪੜਾਅ ਤੋਂ ਹੀ ਲੋਕਾਂ ਨੂੰ ਇਕ ਨੀਝ ਭਰੀ ਜਗਿਆਸਾ ਨਾਲ ਦੇਖਣ ਵਾਲੇ, ਉਹਨਾਂ ਨਾਲ ਮਿਲ ਕੇ ਚਲਣ ਵਾਲੇ, ਉਹਨਾਂ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣ ਵਾਲੇ ਅਤੇ ਉਹਨਾਂ ਦਾ ਦੁਖ ਸੁਖ ਵਟਾਉਣ ਵਾਲੇ ਇਨਸਾਨ ਰਹੇ ਹਨ। ਉਹਨਾਂ ਦੀ ਜ਼ਿੰਦਗੀ ਦੀ ਇਸ ਪਰਤ ਦਾ ਅਹਿਸਾਸ ਉਹਨਾਂ ਦੁਆਰਾ ਰਚੀ ਸਵੈ ਜੀਵਨੀ ਵਿੱਚ 'ਮਾਸ ਵਰਕਰ' ਦੇ ਸੰਕਲਪ ਵਿਚੋਂ ਵੀ ਹੁੰਦਾ ਹੈ।

ਕਿਰਤੀ ਪਾਰਟੀ ਦੇ ਸਾਥੀਆਂ ਦਾ ਜ਼ਿਕਰ ਕਰਦੇ ਹੋਏ ਉਹ ਹਮੇਸ਼ਾ ਹੀ ਉਹਨਾਂ ਦੇ ਵਧੀਆ ਮਾਸ ਵਰਕਰ ਹੋਣ ਤੇ ਵਿਸ਼ੇਸ਼ ਜ਼ੋਰ ਦਿੰਦੇ ਹਨ। ਕਿਰਤੀ ਪਾਰਟੀ ਦੇ ਸਾਥੀ ਆਮ ਮਿਹਨਕਕਸ਼ ਲੋਕਾਂ ਵਿੱਚੋਂ ਉਠੇ ਅਤੇ ਹਮੇਸ਼ਾ ਹੀ ਉਹਨਾਂ ਨਾਲ ਅੰਗ ਸੰਗ ਰਹਿ ਕੇ ਸੁਤੇ ਸਿਧ ਹੀ ਲੋਕਾਈ ਨਾਲ ਘਿਉ ਖਿਚੜੀ ਰਹੇ। ਇਸ ਪ੍ਰਸੰਗ ਵਿੱਚ ਉਹਨਾਂ ਦੀ ਰਾਜਨੀਤਕ ਕਾਰਜਸ਼ੀਲਤਾ ਇਕ ਨਿਰਜਿੰਦ ਬੌਧਿਕ ਕਾਰਜਸ਼ੀਲਤਾ ਨਹੀਂ ਸੀ ਸਗੋਂ ਲੋਕਾਂ ਦੇ ਦੁੱਖਾਂ ਸੁੱਖਾਂ ਦੇ ਭਾਗੀਦਾਰ ਹੋ ਕੇ ਉਹਨਾਂ ਨੂੰ ਆਪਣੀ ਹੀ ਜ਼ਿੰਦਗੀ ਦਾ ਜਿਉਂਦਾ ਜਾਗਦਾ ਹਿੱਸਾ ਬਣਾ ਕੇ ਜਿਉਣ ਦੀ ਇਕ ਲਗਾਤਾਰਤਾ ਵਾਲੀ ਕ੍ਰਿਆਸ਼ੀਲਤਾ ਰਹੀ ਸੀ। ਕਾਮਰੇਡ ਗੰਧਰਵ ਸੈਨ ਕਿਰਤੀ ਪਾਰਟੀ ਦੇ ਸਾਥੀਆਂ ਦੀ ਇਸੇ ਤਰਜ਼ੇ ਜ਼ਿੰਦਗੀ ਨੂੰ ਆਪਣੇ ਵਿਚ ਸਮੋਅ ਕੇ ਜ਼ਿੰਦਾ ਰੱਖਣ ਵਾਲੇ ਮਨੁੱਖ ਹਨ। ਜ਼ਿੰਦਗੀ ਦੀ ਇਸੇ ਤਰਜ਼ ਵਿਚ ਹੀ ਉਹਨਾਂ ਦੇ ਲੋਕਾਂ ਦੇ ਵੱਖ ਵੱਖ ਹਿੱਸਿਆਂ ਨਾਲ ਸਬੰਧਾਂ ਦੀ ਅਤੇ ਮੇਲ ਜੋਲ ਦੀ ਮਹਤੱਤਾ ਨੂੰ ਸਮਝਿਆ ਜਾ ਸਕਦਾ ਹੈ।

ਉਪਰੋਕਤ ਦਰਜ 'ਮਾਸ ਵਰਕਰ' ਦੇ ਸੰਕਲਪ ਦੀ ਵਿਆਖਿਆ ਅਤੇ ਕਾਮਰੇਡ ਗੰਧਰਵ ਸੈਨ ਦੁਆਰਾ ਆਪਣੀ ਜ਼ਿੰਦਗੀ ਨੂੰ ਜਿਉਣ ਦੇ ਤੌਰ ਤਰੀਕਿਆਂ ਦੇ ਅਧਾਰ 'ਤੇ ਹੀ ਉਹਨਾਂ ਦੇ ਮਨ ਵਿਚ ਕਿਰਤ ਦੇ ਮਹਤੱਵ ਨੂੰ ਵੀ ਸਮਝਿਆ ਜਾ ਸਕਦਾ ਹੈ। ਆਪਣੀ ਹੁਣ ਤੱਕ ਦੀ ਲੰਬੀ ਅਤੇ ਸਫ਼ਲ ਜ਼ਿੰਦਗੀ ਵਿਚ ਨਾ ਸਿਰਫ਼ ਉਹ ਆਪਣੇ ਨਿੱਜ ਦੇ ਪੱਧਰ 'ਤੇ ਹੀ ਕਿਰਤ ਕਮਾਈ ਕਰਦੇ ਰਹੇ ਹਨ ਸਗੋਂ ਮਨੁੱਖ ਦੀ ਕਿਰਤ ਕਰਨ ਦੀ ਸ਼ਕਤੀ ਨੂੰ ਹੀ ਉਹਨਾਂ ਨੇ ਆਪਣੀ ਰਾਜਸੀ ਵਿਚਾਰਧਾਰਾ ਦਾ ਧੁਰਾ ਬਣਾਇਆ। ਉਹਨਾਂ ਦੀ ਨਿਗਾਹ ਵਿਚ ਕਿਰਤ, ਸਚਾਈ, ਇਨਸਾਫ਼ ਅਤੇ ਇਹਨਾਂ ਤੇ ਅਧਾਰਤ ਮਨੁੱਖੀ ਜ਼ਿੰਦਗੀ ਆਪਸ ਵਿਚ ਦੀ ਸਮਾਨਾਰਥਕ ਸ਼ਬਦ ਹਨ। ਜਦੋਂ ਵੀ ਉਹਨਾਂ ਨੂੰ ਆਪਣੀ ਰਾਜਸੀ ਜ਼ਿੰਦਗੀ ਵਿਚ ਸਮਾਂ ਮਿਲਿਆ ਤਾਂ ਉਹਨਾਂ ਨੇ ਆਪਣੇ ਬਾਗ਼ ਨੂੰ ਹੋਰ ਪ੍ਰਫੁਲਤ ਕਰਨ ਲਈ ਹੀ ਮਿਹਨਤ ਕੀਤੀ। ਕਿਰਤ ਪ੍ਰਤੀ ਉਹਨਾਂ ਦੇ ਮਨ ਵਿਚ ਵਸਦੇ ਸਤਿਕਾਰ ਦੀ ਸਭ ਤੋਂ ਉਘੜਵੀਂ ਮਿਸਾਲ ਉਸ ਵੇਲੇ ਦੀ ਹੈ ਜਦੋਂ ਉਹ ਨਕਸਲਬਾੜੀ ਲਹਿਰ ਦੇ ਪਹਿਲੇ ਪੜ੍ਹਾਅ ਦੌਰਾਨ ਇਕ ਕੁਲਵਕਤੀ ਰਾਜਸੀ ਜੀਵਨ ਤੋਂ ਆਪਣੇ ਮਨ ਵਿਚ ਪੈਦਾ ਹੋਏ ਕੁਝ ਸਵਾਲਾਂ ਕਰਕੇ ਪਿਛੇ ਹੋਏ ਤਾਂ ਉਹਨਾਂ ਨੇ ਭੈਣ ਜੀ ਸੁਰਿੰਦਰ ਦੇ ਸਹਿਯੋਗ ਨਾਲ ਸੱਚੀ ਤੇ ਸੁੱਚੀ ਕਿਰਤ ਨੂੰ ਨਾ ਸਿਰਫ਼ ਆਪਣੀ ਜ਼ਿੰਦਗੀ ਦੇ ਨਿਰਬਾਹ ਦਾ ਸੋਮਾ ਬਣਾਇਆ ਸਗੋਂ ਇਸਦੇ ਆਲੇ ਦੁਆਲੇ ਹੀ ਇਸਨੂੰ ਸਿਰਜਿਆ। ਇਹ ਸੱਚੀ ਸੁੱਚੀ ਕਿਰਤ ਅਤੇ ਇਸਦੇ ਵਜੂਦ ਅੰਦਰ ਵਸਦੀ ਈਮਾਨਦਾਰੀ ਹੀ ਸੀ ਜਿਸ ਕਰਕੇ ਦੋ ਵਾਰੀ ਬੈਂਕ ਮੈਨੇਜਰਾਂ ਨੇ ਬਗੈਰ ਕਿਸੇ ਜ਼ਾਮਨ ਜਾਂ ਜਾਇਦਾਦ ਦੀ ਸ਼ਿਉਰਟੀ ਦੇ ਉਹਨਾਂ ਨੂੰ ਆਪਣੇ ਕੰਮ ਵਾਸਤੇ ਕਰਜ਼ਾ ਦੇ ਦਿਤਾ। ਉਹਨਾਂ ਦੀ ਕਿਰਤ ਵਿਚ ਮੌਜੂਦ ਈਮਾਨਦਾਰੀ ਹੀ ਸੀ ਜਿਸ ਕਰਕੇ ਉਹਨਾਂ ਨੂੰ ਕੰਮ ਦੀ ਕਿਤੇ ਤੋਟ ਨਹੀਂ ਆਈ। ਵਾਪਸ ਨੂਰ ਮਹਿਲ ਆਉਣ ਤੋਂ ਪਹਿਲਾਂ ਉਹਨਾਂ ਨੇ ਆਪਣੀਆਂ ਸਾਰੀਆਂ ਦੇਣਦਾਰੀਆਂ ਸਮੇਤ ਬੈਂਕ ਦੇ ਕਰਜ਼ੇ ਦੇ ਅਦਾ ਕੀਤੀਆਂ ਅਤੇ ਉਸ ਤੋਂ ਬਾਅਦ ਦੀ ਉਹ ਉਥੋਂ ਰੁਖ਼ਸਤ ਹੋਏ।

ਲੋਕਾਈ ਅਤੇ ਕਿਰਤ ਪ੍ਰਤੀ ਉਹਨਾਂ ਦੀ ਮੁਹਬਤ ਅਤੇ ਲਗਾਓ ਦਾ ਇਕ ਹੋਰ ਅਹਿਮ ਪਹਿਲੂ ਉਹਨਾਂ ਦਾ ਸਾਡੇ ਸਮਾਜ ਅੰਦਰ ਫੈਲੇ ਜਾਤ ਪਾਤ ਦੇ ਕੋਹੜ ਪ੍ਰਤੀ ਰਵਈਆ ਹੈ। ਭਾਵੇਂ ਆਪਣੀ ਸਵੈ ਜੀਵਨੀ ਵਿਚ ਉਹਨਾਂ ਨੇ ਇਸ ਵਿਸ਼ੇ ਤੇ ਵਿਸਥਾਰ ਵਿਚ ਆਪਣੇ ਵਿਚਾਰ ਪੇਸ਼ ਨਹੀ ਕੀਤੇ ਪਰ ਆਪਣੇ ਬਾਗ਼ ਵਿਚ ਕੰਮ ਕਰਦੇ ਹੋਏ ਕਿਰਤ ਅਤੇ ਕਿਰਤੀਆਂ ਪ੍ਰਤੀ ਵਿਵਹਾਰ ਵਿਚ ਜਾਤ ਪਾਤ ਪ੍ਰਤੀ ਉਹਣੇ ਦੇ ਨਜ਼ਰੀਏ ਦੀ ਸਮਝ ਪੈ ਜਾਂਦੀ ਹੈ। ਨਿੱਜੀ ਪੱਧਰ ਤੇ ਜਾਤ ਪਾਤ ਦੇ ਮਸਲੇ ਦਾ ਹੱਲ ਕਿਰਤ ਪ੍ਰਤੀ ਕਦਰ ਪੈਦਾ ਕਰਕੇ ਕੀਤਾ ਜਾ ਸਕਦਾ ਹੈ। ਕਾਮਰੇਡ ਗੰਧਰਵ ਸੈਨ ਦੀ ਕਿਰਤ ਪ੍ਰਤੀ ਕਦਰ ਕਰਕੇ ਹੀ ਉਹਨਾਂ ਦੇ ਬਾਗ਼ ਵਿਚ ਨਾ ਸਿਰਫ਼ ਕਾਮਿਆਂ ਦਾ ਆਉਣਾ ਜਾਣਾ ਹੀ ਰਿਹਾ ਸਗੋਂ ਉਹਨਾਂ ਵਿਚ ਇਸ ਪ੍ਰਤੀ ਲਗਾਉ ਵੀ ਪੈਦਾ ਹੋਇਆ। ਇਹਨਾਂ ਦਾ ਕਾਮਿਆਂ ਨਾਲ ਸਬੰਧ ਹਮੇਸ਼ਾਂ ਹੀ ਬਰਾਬਰੀ ਦਾ ਅਤੇ ਸਨੇਹ ਨਾਲ ਭਰਪੂਰ ਰਿਹਾ ਹੈ। ਮਨੁੱਖੀ ਸਮਾਜ ਵਿਚ ਬਰਾਬਰੀ ਅਤੇ ਅਜ਼ਾਦੀ ਪ੍ਰਤੀ ਪ੍ਰਤੀਬਧਤਾ ਦਾ ਇਕ ਹੋਰ ਅਹਿਮ ਵਿਸਥਾਰ ਔਰਤਾਂ ਪ੍ਰਤੀ ਨਜ਼ਰੀਆ ਹੈ। ਇਹ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਕਿਸੇ ਵੀ ਮਨੁੱਖ ਦੇ ਜਮਹੂਰੀ ਅਮਲ ਅਤੇ ਸੁਭਾਅ ਦਾ ਇਕ ਮੁਖ ਪੈਮਾਨਾ ਉਸਦਾ ਔਰਤਾਂ ਪ੍ਰਤੀ ਰਵਈਆ ਹੁੰਦਾ ਹੈ। ਕਾਮਰੇਡ ਗੰਧਰਵ ਸੈਨ ਨੇ ਵੀ ਆਪਣੀ ਇਸ ਸਵੈ ਜੀਵਨੀ ਵਿਚ ਔਰਤਾਂ ਦੀਆ ਜ਼ਿੰਦਗੀਆਂ ਦੀ ਦਸ਼ਾ ਅਤੇ ਉਹਨਾਂ ਦੀ ਅਜ਼ਾਦੀ ਬਾਰੇ ਆਪਣੇ ਫਿਕਰਮੰਦੀ ਵੀ ਜ਼ਾਹਰ ਕੀਤੀ ਹੈ ਅਤੇ ਨਾਲ ਹੀ ਇਸਨੂੰ ਕਿਰਤੀਆਂ ਅਤੇ ਦਬੇ ਕੁਚਲੇ ਲੋਕਾਂ ਦੀ ਆਪਣੀ ਆਜ਼ਾਦੀ ਦੇ ਸੰਘਰਸ਼ ਨਾਲ ਸਬੰਧਤ ਕਰਕੇ ਦੇਖਿਆ ਹੈ। ਇਕ ਕ੍ਰਿਆਸ਼ੀਲ ਮਾਰਕਸਵਾਦੀ ਵਾਂਗ ਉਹਨਾਂ ਨੇ ਔਰਤਾਂ ਦੀ ਅਜ਼ਾਦੀ ਅਤੇ ਉਹਨਾਂ ਦੇ ਹੱਕਾਂ ਨੂੰ ਸਿਰਫ ਇਕ ਰਾਜਸੀ ਪ੍ਰਸ਼ਨ ਵਾਂਗ ਹੀ ਨਹੀਂ ਦੇਖਿਆ ਸਗੋਂ ਇਸ ਪ੍ਰਤੀ ਆਪਣੀ ਸੁਹਿਰਦ ਪ੍ਰਤੀਬਧਤਾ ਵਿਚੋਂ ਆਪਣੇ ਨਿੱਜੀ ਜੀਵਨ ਵਿਚ ਵੀ ਇਸਦੇ ਅਨੁਸਾਰ ਹੀ ਅਮਲਦਾਰੀ ਕੀਤੀ। ਇਸਦੀ ਸਭ ਤੋਂ ਉਘੜਵੀ ਮਿਸਾਲ ਆਪਣੇ ਵਲੋਂ ਆਪਣੀ ਬੇਟੀ ਸੁਰਿੰਦਰ ਨੂੰ ਆਪਣੀ ਜ਼ਿੰਦਗੀ ਬਾਰੇ ਫੈਸਲੇ ਲੈਣ ਵਿਚ ਦਿੱਤੀ ਆਜ਼ਾਦੀ ਨਾਲ ਸਬੰਧਤ ਹੈ। ਭੈਣ ਜੀ ਸੁਰਿੰਦਰ ਨੇ ਆਪਣੀ ਜ਼ਿੰਦਗੀ ਬਾਰੇ ਹਰ ਫੈਸਲਾ ਸੋਚ ਸਮਝ ਕੇ ਆਪਣੇ ਹਾਲਾਤ ਅਨੁਸਾਰ ਆਪ ਹੀ ਲਿਆ। ਫੈਸਲਾ ਭਾਵੇਂ ਉਹਨਾਂ ਦੀ ਆਪਣੀ ਨਿੱਜੀ ਜ਼ਿੰਦਗੀ ਨਾਲ ਸਬੰਧਤ ਹੋਵੇ ਤੇ ਭਾਵੇਂ ਰਾਜਸੀ ਸਰਗਰਮੀ ਦਾ ਹੋਵੇ।

ਇਸ ਸਵੈ ਜੀਵਨੀ ਦਾ ਸਭ ਤੋਂ ਮੱਹਤਵਪੂਰਨ ਪਹਿਲੂ ਕਾਮਰੇਡ ਗੰਧਰਵ ਸੈਨ ਦੀ ਰਾਜਸੀ ਜਿੰਦਗੀ ਨਾਲ ਸਬੰਧਤ ਹੈ। ਉਹਨਾਂ ਦੀਆਂ ਰਾਜਸੀ ਸਰਗਰਮੀਆਂ ਦਾ ਸਭ ਤੋਂ ਮਹਤੱਵਪੂਰਨ ਪਹਿਲੂ ਉਹਨਾਂ ਦੀ ਮਾਰਕਸਵਾਦ ਨਾਲ ਪ੍ਰਤੀਬਧਤਾ ਦਾ ਉਹਨਾਂ ਦੁਆਰਾ ਆਪਣੀ ਜ਼ਿੰਦਗੀ ਦੇ ਪਹਿਲੇ ਪੜਾਅ ਦੌਰਾਨ ਪ੍ਰਾਪਤ ਕੀਤੇ ਬੌਧਿਕ ਗਿਆਨ ਦੇ ਨਾਲ-ਨਾਲ ਕੌਮੀ ਅਤੇ ਕਿਰਤੀ ਤੇ ਕਿਸਾਨਾਂ ਦੁਆਰਾ ਲੜੇ ਗਏ ਸੰਘਰਸ਼ ਦੀ ਵਿਹਾਰਿਕਤਾ ਅਤੇ ਹਕੀਕੀ ਹਾਲਤਾਂ ਵਿਚੋਂ ਪ੍ਰਵਾਨ ਚੜ੍ਹਣਾ ਹੈ। ਉਹਨਾਂ ਨੇ ਪਹਿਲੇ ਸਮੇਂ ਦੀਆ ਔਖੀਆਂ ਹਾਲਤਾਂ ਵਿੱਚ ਵੀ ਮਾਰਕਸਵਾਦ ਅਤੇ ਕਿਸਾਨਾ ਤੇ ਮਜਦੂਰਾਂ ਦੀ

ਲਹਿਰ ਨਾਲ ਸਬੰਧਤ ਸਾਹਿਤ ਦਾ ਅਧਿਐਨ ਕੀਤਾ। ਬਹੁਤ ਵਾਰੀ ਇਹ ਅਧਿਐਨ ਬੀਮਾਰੀ ਦੇ ਸਮਿਆਂ ਵਿੱਚ ਵੀ ਕੀਤਾ। ਉਹਨਾਂ ਦੀ ਮਾਰਕਸਵਾਦ ਪ੍ਰਤੀ ਪ੍ਰਤੀਬਧਤਾ ਦਾ ਅੰਦਾਜ਼ਾ ਇਸ ਤੋਂ ਵੀ ਲਗਾਇਆ ਜਾ ਸਕਦਾ ਹੈ ਕਿ ਆਪਣੀ ਜ਼ਿੰਦਗੀ ਵਿਚ ਉਹਨਾਂ ਨੂੰ ਆਪਣੇ ਸਰੀਰ ਨਾਲ ਵੀ ਲੰਬਾ ਸੰਘਰਸ਼ ਕਰਨਾ ਪਿਆ ਹੈ। ਪਰ ਹਰ ਵਾਰੀ ਬੀਮਾਰੀ ਨਾਲ ਜੂਝ ਕੇ ਤੇ ਕੁਝ ਕੁ ਹੀ ਤੰਦਰੁਸਤ ਹੋ ਕੇ ਆਪਣੀ ਰਾਜਸੀ ਡਿਊਟੀ 'ਤੇ ਹਾਜ਼ਰ ਹੋ ਜਾਂਦੇ ਰਹੇ। ਆਪਣੀਆਂ ਰਾਜਸੀ ਸਰਗਰਮੀਆਂ ਅਤੇ ਇਹਨਾਂ ਨਾਲ ਜੁੜੀਆਂ ਯਾਦਾਂ ਨੂੰ ਕਲਮਬੰਦ ਕਰਦੇ ਹੋਏ ਉਹਨਾਂ ਕਮਿਊਨਿਸਟਾਂ ਦੇ ਕੰਮ ਢੰਗਾਂ ਅਤੇ ਕਾਰਜਸ਼ੀਲਤਾ 'ਤੇ ਕੁਝ ਅਹਿਮ ਪ੍ਰਸ਼ਨ ਖੜ੍ਹੇ ਕੀਤੇ ਹਨ। ਇਕ ਪ੍ਰਸ਼ਨ ਦਾ ਸਬੰਧ ਉਹਨਾਂ ਦੇ ਬੌਧਿਕ ਪੱਧਰ ਅਤੇ ਭਾਰਤੀ ਇਨਕਲਾਬ ਲਈ ਇਕ ਯੋਜਨਾ ਬੱਧ ਸਿਧਾਂਤਕ ਅਤੇ ਵਿਹਾਰਕ ਨਕਸ਼ੇ ਦਾ ਸਮੇਂ ਦੇ ਹਾਣ ਦਾ ਨਾ ਹੋਣ ਬਾਰੇ ਹੈ। ਦੂਸਰੇ ਪ੍ਰਸ਼ਨ ਦਾ ਸਬੰਧ ਪਾਰਟੀਆਂ ਵਿਚ ਅੰਦਰਲੀ ਗੁੱਟਬੰਦੀ ਅਤੇ ਫੈਸਲੇ ਵਿਚ ਅਫਸਰਸ਼ਾਹੀ ਅੰਸ਼ਾ ਦੇ ਭਾਰੂ ਹੋਣ ਨਾਲ ਹੈ। ਖੱਬੇ ਪੱਖੀ ਲਹਿਰ ਦੇ ਅੱਡ-ਅੱਡ ਪੜਾਵਾਂ ਦੌਰਾਨ ਅਜਿਹੇ ਮਸਲਿਆਂ ਦਾ ਉਸੇ ਤਰ੍ਹਾਂ ਹੀ ਰਹਿਣਾ ਉਹਨਾਂ ਲਈ ਫਿਕਰਮੰਦੀ ਦਾ ਵਿਸ਼ਾ ਹੈ। ਸਵੈ ਜੀਵਨੀ ਦੇ ਇਸ ਪਹਿਲੂ ਨੂੰ ਧਿਆਨ ਨਾਲ ਪੜ੍ਹਣ ਤੋਂ ਬਾਅਦ ਇਹ ਧਾਰਨਾ ਬਣਾਈ ਜਾ ਸਕਦੀ ਹੈ ਕਿ ਕਿਰਤੀ ਪਾਰਟੀ ਤੋਂ ਲੈ ਕੇ ਨਕਸਲਬਾੜੀ ਲਹਿਰ ਦੇ ਪਹਿਲੇ ਪੜਾਅ ਦਾ ਇਤਿਹਾਸਕ ਵਰਣਨ ਉਹਨਾਂ ਦੇ ਆਪਣੇ ਨਿੱਜੀ ਅਤੇ ਵਿਚਾਰਧਾਰਕ ਅਨੁਭਵਾਂ 'ਤੇ ਅਧਾਰਤ ਹੈ। ਇਹ ਅਨੁਭਵ ਉਹਨਾਂ ਨੇ ਆਪਣੇ ਨਿੱਜ 'ਤੇ ਹੰਢਾਏ ਹਨ। ਇਹਨਾ ਵਿਚਦੀ ਉਹ ਇਕ ਮਸ਼ੀਨ ਵਾਂਗੂ ਨਹੀਂ ਲੰਘੇ ਸਗੋਂ ਇਹਨਾਂ ਦੀ ਅਹਿਮੀਅਤ ਨੂੰ ਅਤੇ ਇਹਨਾਂ ਦੇ ਖਾਸੇ ਨੂੰ ਉਹਨਾਂ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ। ਇਤਿਹਾਸਕਾਰੀ ਵਿੱਚ ਅਜਿਹੇ ਅਨੁਭਵਾਂ ਅਤੇ ਅਜਿਹੀਆਂ ਯਾਦਾਂ ਦਾ ਇਕ ਅਹਿਮ ਸਥਾਨ ਹੁੰਦਾ ਹੈ। ਮੌਖਿਕ ਇਤਿਹਾਸ ਦੀ ਇਹ ਮਹੱਤਤਾ ਹੁੰਦੀ ਹੈ ਕਿਸੇ ਵੀ ਯੁੱਗ, ਲਹਿਰ ਜਾਂ ਕਿਸੇ ਖਿੱਤੇ ਦੇ ਸਭਿਆਚਾਰਕ ਇਤਿਹਾਸ ਦੀ ਇਤਿਹਾਸਕਾਰੀ ਵਿਚ ਮੌਖਿਕ ਪ੍ਰਪਰਾਵਾਂ ਦਾ ਆਪਣਾ ਵਿਲੱਖਣ ਸਥਾਨ ਹੁੰਦਾ ਹੈ। ਪਰ ਇਕ ਯੋਜਨਾਬੱਧ ਅਤੇ ਵਿਸਤ੍ਰਿਤ ਇਤਿਹਾਸਕਾਰੀ ਵਾਸਤੇ ਸਰੋਤਾਂ ਦੀ ਪ੍ਰਮਾਣਿਕਤਾ ਸਿੱਧ ਕਰਨ ਲਈ ਜੁੜਵੇਂ ਸਰੋਤਾਂ ਦੀ ਘੋਖ਼ ਵੀ ਜਰੂਰੀ ਹੁੰਦੀ ਹੈ। ਰਿਵਾਇਤੀ ਅਤੇ ਮੌਖਿਕ ਇਤਿਹਾਸਕਾਰੀ ਦੇ ਇਸੇ ਸਜਿੰਦ ਰਿਸ਼ਤੇ ਵਿਚੋਂ ਹੀ ਕਿਸੇ ਯੁੱਗ ਜਾਂ ਕਿਸੇ ਲਹਿਰ ਬਾਰੇ ਪਰਪੱਕ ਵਿਚਾਰ ਬਣਾਏ ਜਾ ਸਕਦੇ ਹਨ। ਮੌਖਿਕਤਾ ਦੇ ਪੱਧਰ 'ਤੇ ਕਾਮਰੇਡ ਗੰਧਰਵ ਸੈਨ ਨੇ ਹਿੰਦੁਸਤਾਨ ਦੀ ਕਮਿਊਨਿਸ਼ਟ ਲਹਿਰ ਬਾਰੇ ਬਹੁਤ ਮਹੱਤਵਪੂਰਨ ਨੁਕਤੇ ਆਪਣੀ ਇਸ ਸਵੈ ਜੀਵਨੀ ਵਿਚ ਦਰਜ ਕੀਤੇ ਹਨ। ਭਵਿੱਖ ਵਿਚ ਇਸ ਖੇਤਰ ਵਿਚ ਹੋਰ ਨਿੱਠ ਕੇ ਕੰਮ ਕਰਨ ਦੀ ਜ਼ਰਰੂਤ ਹੈ।

ਕਾਮਰੇਡ ਗੰਧਰਵ ਸੈਨ ਦੀਆਂ ਯਾਦਾਂ ਦਾ ਸਭ ਤੋਂ ਮਹਤਵਪੂਰਨ ਪਹਿਲੂ ਇਹਨਾਂ ਵਿਚ ਝਲਕਦੀ ਉਹਨਾਂ ਦੀ ਸੁਹਿਰਦਤਾ ਹੈ। ਇਤਿਹਾਸ ਦੇ ਕੌੜੇ ਮਿੱਠੇ ਤਜਰਬਿਆਂ ਨੂੰ ਸਾਂਝੇ ਕਰਨ ਵਿਚ ਉਹਨਾਂ ਦੀ ਇਹੀ ਨਿੱਜੀ ਖਾਹਸ਼ ਨਜ਼ਰ ਆਉਂਦੀ

ਹੈ ਕਿ ਕਿਵੇਂ ਉਹਨਾਂ ਦੁਆਰਾ ਦਰਸਾਈਆਂ ਘਾਟਾਂ ਨੂੰ ਦੂਰ ਕਰਕੇ ਇਥੋਂ ਦੇ ਲੋਕਾਂ ਲਈ ਮੌਜੂਦਾ ਸਥਿਤੀ ਨੂੰ ਬਦਲ ਕੇ ਇਕ ਇਨਸਾਫ਼ 'ਤੇ ਅਧਾਰਤ ਅਤੇ ਲੁਟ ਖਸੁੱਟ ਤੋਂ ਰਹਿਤ ਸਮਾਜ ਉਸਾਰਿਆ ਜਾ ਸਕਦਾ ਹੈ। ਇਹੀ ਵਿਚਾਰ ਉਹਨਾਂ ਦੇ ਧੁਰ ਅੰਦਰ ਵਸਦੇ ਮਾਰਕਸਵਾਦੀ ਦੀ ਗਵਾਹੀ ਹੈ। ਇਹ ਗਵਾਹੀ ਹੀ ਇਹਨਾਂ ਯਾਦਾਂ ਦੀ ਅਸਲ ਮਹਤੱਤਾ ਨੂੰ ਆਪਣੇ ਵਿਚ ਸਮੋਈ ਬੈਠੀ ਹੈ।

-ਡਾ. ਪਰਮਿੰਦਰ ਸਿੰਘ

ਸਾਬਕਾ ਮੁਖੀ,

ਅੰਗਰੇਜ਼ੀ ਵਿਭਾਗ,

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਮੋਬਾਇਲ: 9501025030

ਦੋ ਸ਼ਬਦ

1998 ਦੇ ਸ਼ੁਰੂ ਵਿਚ ਭੈਣ ਜੀ ਸੁਰਿੰਦਰ ਨੇ ਕਾਮਰੇਡ ਗੰਧਰਵਸੈਨ (ਤਾਇਆ ਜੀ) ਦੀਆਂ ਯਾਦਾਂ ਲਿਖਣ/ਸਾਂਭਣ ਬਾਰੇ ਮੇਰੇ ਨਾਲ਼ ਵਿਚਾਰ ਸਾਂਝੇ ਕੀਤੇ। ਇਸ ਮਕਸਦ ਲਈ ਭੈਣ ਜੀ ਨੇ ਕੁਝ ਕੈਸਟਾਂ ਤਿਆਰ ਕੀਤੀਆਂ ਹੋਈਆਂ ਸਨ। ਤਾਇਆ ਜੀ ਜਦੋਂ ਵੀ ਕਿਸੇ ਪੋਲੀਟੀਕਲ ਦੋਸਤ ਨਾਲ਼ ਗੱਲਬਾਤ ਕਰਦੇ ਜਾਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਵਿਚਾਰ ਗੋਸ਼ਟੀਆਂ ਹੁੰਦੀਆਂ, ਤਾਇਆ ਜੀ ਆਪਣੇ ਵਿਚਾਰ ਪ੍ਰਗਟ ਕਰਦੇ ਤਾਂ ਭੈਣ ਜੀ ਉਹ ਸਾਰੇ ਵਿਚਾਰ ਰਿਕਾਰਡ ਕਰ ਲਿਆ ਕਰਦੇ। ਇਹ ਸਾਰੀ ਰਿਕਾਰਡ ਕੀਤੀ ਹੋਈ ਰਾਜਨੀਤਕ ਸਮੱਗਰੀ (ਪੋਲੀਟੀਕਲ ਮਟੀਰੀਅਲ) ਹੀ ਸੀ।

ਸਾਡੇ ਮਨ ਵਿਚ ਇਹ ਵਿਚਾਰ ਪੱਕਾ ਹੋ ਗਿਆ ਕਿ ਇਸ ਨੂੰ ਕਿਤਾਬੀ ਰੂਪ ਦਿੱਤਾ ਜਾਵੇ, ਤਾਂ ਜੋ ਉਨ੍ਹਾਂ ਦੇ ਮਿਸਾਲੀ ਜੀਵਨ, ਅਨੁਭਵ, ਸਪੱਸ਼ਟ ਬਿਆਨੀ, ਲੰਮੀ ਸੰਘਰਸ਼ਸ਼ੀਲ ਜ਼ਿੰਦਗੀ, ਕਿਰਤ ਅਤੇ ਕਿਰਤੀ ਦੀ ਮਹੱਤਤਾ, ਉੱਚਤਾ, ਲੰਮੇ ਸਿਆਸੀ ਪਿੜ ਵਿਚ ਆਏ ਉਤਰਾਅ-ਚੜ੍ਹਾਅ ਤੋਂ ਆਪਣੇ ਇਲਾਵਾ ਹੋਰ ਲੋਕਾਂ ਤੱਕ ਵੀ ਪਹੁੰਚਾਇਆ ਜਾਵੇ।

ਤਾਇਆ ਜੀ ਨਾਲ਼ ਅਸੀਂ ਜਦੋਂ ਵੀ ਗੱਲ ਕਰਦੇ, ਉਹ ਇਸ ਤੋਂ ਇਨਕਾਰ ਕਰ ਦਿੰਦੇ ਅਤੇ ਕਹਿੰਦੇ, "ਮੈਂ ਤਾਂ ਇਕ ਸਾਧਾਰਨ ਇਨਸਾਨ ਦੀ ਜ਼ਿੰਦਗੀ ਜੀਵੀ ਹੈ, ਸੋ ਅਜਿਹਾ ਕਰਨ ਦੀ ਕੋਈ ਲੋੜ ਨਹੀਂ ਸਮਝਦਾ।"

ਪਰ ਸਾਡੀ ਕੋਸ਼ਿਸ਼ ਜਾਰੀ ਰਹੀ। ਭੈਣ ਜੀ ਦੇ ਜ਼ਿਆਦਾ ਕਹਿਣ ਉੱਤੇ ਤਾਇਆ ਜੀ ਉਨ੍ਹਾਂ ਨੂੰ ਇਨਕਾਰ ਨਹੀਂ ਕਰ ਸਕੇ ਅਤੇ ਉਨ੍ਹਾਂ ਨੇ ਸਾਨੂੰ ਇਜ਼ਾਜਤ ਦੇ ਦਿੱਤੀ।

ਸਾਡੇ ਮਨ 'ਚ ਇਹ ਵਿਚਾਰ ਭਾਰੂ ਸੀ ਕਿ ਤਾਇਆ ਜੀ ਦੀ ਜ਼ਿੰਦਗੀ ਦੇ ਅਮੁੱਲ ਤਜਰਬਿਆਂ ਨੂੰ ਉਨ੍ਹਾਂ ਲੋਕਾਂ ਤੱਕ ਪਹੁੰਚਾਇਆ ਜਾਵੇ, ਜਿਹਨਾਂ ਲਈ ਉਨ੍ਹਾਂ ਨੇ ਸਾਰਾ ਜੀਵਨ ਅਰਪਣ ਕੀਤਾ। ਇਸ ਰਾਹ ਉੱਤੇ ਚਲਦਿਆਂ ਹੋਇਆਂ ਪਰਿਵਾਰਕ ਸੁੱਖ ਆਰਾਮ ਤਿਆਗੇ, ਜੇਲ੍ਹਾਂ ਕੱਟੀਆਂ, ਪੁਲਿਸ ਵੱਲੋਂ ਦਿੱਤੀਆਂ ਮਾਨਸਿਕ ਪ੍ਰੇਸ਼ਾਨੀਆਂ ਝੱਲੀਆਂ ਅਤੇ ਗੁਪਤਵਾਸ ਜੀਵਨ ਦੀਆਂ ਦੁਸ਼ਵਾਰੀਆਂ ਸਹਿਣ ਕੀਤੀਆਂ।

ਕਾਮਰੇਡ ਗੰਧਰਵਸੈਨ (ਤਾਇਆ ਜੀ) ਨਾਲ਼ ਸਾਡੇ ਪਰਿਵਾਰ ਦੇ ਸੰਬੰਧ ਇਤਫ਼ਾਕੀਆ ਹੀ ਨਹੀਂ ਸੀ ਬਣੇ। ਇਸ ਪਿੱਛੇ ਸਿਆਸੀ/ਸਮਾਜਿਕ ਕਾਰਣ ਸਨ।

ਸਾਡੇ ਨਾਨਾ ਜੀ ਜਥੇਦਾਰ ਖੜਕ ਸਿੰਘ (ਪਿੰਡ ਅਨੂਪ ਸ਼ਹਿਰ) ਅਤੇ ਉਨ੍ਹਾਂ ਦਾ ਪਰਿਵਾਰ ਇਕ ਮੁਜ਼ਾਰਾ ਪਰਿਵਾਰ ਸੀ, ਅਤੇ ਨਾਨਾ ਜੀ ਮੁਜ਼ਾਰਿਆਂ ਦੇ ਪਿੰਡ ਦੇ ਸਰਪੰਚ ਸਨ। ਉਹ ਸਿੰਘ ਸਭਾ ਲਹਿਰ ਤੋਂ ਲੈ ਕੇ ਗ਼ਦਰ ਪਾਰਟੀ ਤੇ ਕਿਰਤੀ ਪਾਰਟੀ ਦੀ ਰਹਿਨੁਮਾਈ ਵਿੱਚ ਚੱਲ ਰਹੀ ਆਜ਼ਾਦੀ ਦੀ ਲਹਿਰ (ਸੰਘਰਸ਼) ਵਿੱਚ ਸ਼ਾਮਲ ਸਨ। ਇਸ ਕਰਕੇ ਦੇਸ਼ ਭਗਤੀ ਅਤੇ ਕਿਰਤੀ ਲੋਕਾਂ ਪ੍ਰਤੀ ਮੋਹ-ਪਿਆਰ, ਚੇਤੰਨਤਾ ਸਾਨੂੰ ਵਿਰਸੇ ਵਿੱਚ ਹੀ ਮਿਲੇ ਸਨ।

ਕਿਰਤੀ ਲਹਿਰ ਦੀ ਅਗਵਾਈ ਵਿਚ ਚੱਲ ਰਹੇ ਮੁਜ਼ਾਰਿਆਂ ਦੇ ਘੋਲ਼ ਵਿਚ ਜਗੀਰਦਾਰਾਂ ਦੁਆਰਾ ਢਾਹੇ ਜਾਣ ਵਾਲੇ ਜਬਰ, ਤਸ਼ੱਦਦ ਦਾ ਸਾਡੇ ਬਾਲ-ਮਨ ਉੱਤੇ ਗਹਿਰਾ ਪ੍ਰਭਾਵ ਸੀ। ਸਾਡੇ ਬੀਜੀ-ਭਾਪਾ ਜੀ ਚੱਲ ਰਹੀ ਆਜ਼ਾਦੀ ਦੀ ਲਹਿਰ ਵਿਚ ਸ਼ਾਮਲ ਸਨ। ਭਾਪਾ ਜੀ (ਕਾਮਰੇਡ ਚੰਨਣ ਸਿੰਘ ਤੁਗਲਵਾਲਾ) ਨੇ ਤਾਇਆ ਜੀ ਨਾਲ ਲੰਮੀਆਂ ਜੇਲ੍ਹਾਂ ਕੱਟੀਆਂ ਸਨ। ਦੋਵੇਂ ਗਹਿਰੇ ਦੋਸਤ ਸਨ। ਗਹਿਰੇ ਦੋਸਤ ਹੋਣ ਦੇ ਨਾਤੇ ਸਾਡੇ ਘਰਾਂ ਦੇ ਪਰਿਵਾਰਕ ਸੰਬੰਧ ਬਣ ਗਏ ਸਨ।

ਸਾਡੇ ਤਾਇਆ ਜੀ ਨੇ ਸ਼ਾਦੀ ਨਹੀਂ ਸੀ ਕਰਵਾਈ। ਜਦੋਂ ਉਨ੍ਹਾਂ ਨੂੰ ਬੱਚੇ ਦੀ ਜ਼ਰੂਰਤ ਮਹਿਸੂਸ ਹੋਈ ਤਾਂ ਉਨ੍ਹਾਂ ਬੀਜੀ-ਭਾਪਾ ਜੀ ਕੋਲ਼, ਸੁਰਿੰਦਰ ਭੈਣ ਜੀ ਨੂੰ ਆਪਣੀ ਬੇਟੀ ਬਣਾਉਣ ਦਾ ਪ੍ਰਸਤਾਵ ਰੱਖਿਆ। ਬੀਜੀ-ਭਾਪਾ ਜੀ ਦੀ ਸਵੀਕ੍ਰਿਤੀ ਮਿਲਣ ਤੋਂ ਬਾਅਦ ਤਾਇਆ ਜੀ ਭੈਣ ਜੀ ਸੁਰਿੰਦਰ ਨੂੰ ਸੰਨ 1955 ਵਿਚ ਆਪਣੀ ਬੇਟੀ ਬਣਾ ਕੇ ਨੂਰਮਹਿਲ ਲੈ ਆਏ।

ਅਸੀਂ ਤਾਇਆ ਜੀ ਨੂੰ ਸਾਰੀ ਜ਼ਿੰਦਗੀ ਬਿਨਾਂ ਕਿਸੇ ਅਹੁਦੇ ਦੀ ਇੱਛਾ ਦੇ, ਪਿੱਛੇ ਰਹਿ ਕੇ ਕੰਮ ਕਰਦਿਆਂ ਅਤੇ ਹਰ ਕੰਮ ਨੂੰ ਨਤੀਜੇ ਤੱਕ ਪਹੁੰਚਾਉਣ ਦੀ ਲਗਨ ਨੂੰ ਨੇੜਿਉਂ ਦੇਖਿਆ।

ਮਾਰਕਸੀ ਪਾਰਟੀ ਦੇ ਦਫ਼ਤਰ (ਭਾਈ ਰਤਨ ਸਿੰਘ ਟਰੱਸਟ) ਜਲੰਧਰ ਦੀ ਬਿਲਡਿੰਗ ਦੀ ਉਸਾਰੀ ਅਤੇ ਤਿਆਰੀ ਉਨ੍ਹਾਂ ਨੇ ਜਿਸ ਲਗਨ ਅਤੇ ਮਿਹਨਤ ਨਾਲ਼ ਕਰਵਾਈ ਅਤੇ ਜਿਸ ਸਹਿਜਤਾ ਨਾਲ਼ ਉਸ ਨੂੰ ਛੱਡਿਆ, ਉਹ ਵੀ ਆਪਣੇ ਆਪ ਵਿਚ ਇਕ ਮਿਸਾਲ ਹੈ।

ਇਥੇ ਇਹ ਜ਼ਿਕਰ ਕਰਨਾ ਵੀ ਉਚਿਤ ਹੈ ਕਿ 1967 ਦੀਆਂ ਆਮ ਚੋਣਾਂ ਤੋਂ ਪਹਿਲਾਂ 1966 ਵਿਚ ਸੀ.ਪੀ.ਆਈ. ਐਮ. ਦੀ ਕੇਂਦਰੀ ਕਮੇਟੀ ਦੀ ਮੀਟਿੰਗ ਨੂਰਮਹਿਲ ਵਿਚ ਰੱਖੀ ਗਈ। ਉਹ ਸਾਰਾ ਵਿਆਪਕ ਪ੍ਰਬੰਧ (ਖਾਣੇ ਦਾ ਤੇ ਰਿਹਾਇਸ਼ ਦਾ) ਸਥਾਨਕ ਵਲੰਟੀਅਰਾਂ ਦੇ ਸਹਿਯੋਗ ਨਾਲ਼ ਕਾਮਰੇਡ ਗੰਧਰਵ ਸੇਨ ਦੀ ਦੇਖ-ਰੇਖ ਹੇਠ ਨੂਰਮਹਿਲ ਵਿਚ ਹੋਇਆ।

ਆਪਣੇ ਲੰਮੇ ਸਿਆਸੀ ਜੀਵਨ ਵਿਚ ਉਨ੍ਹਾਂ ਨੇ ਸਿਆਸੀ ਵਖਰੇਵਿਆਂ ਅਤੇ ਮਤਭੇਦਾਂ ਦੇ ਬਾਵਜੂਦ ਆਪਣੀਆਂ ਦੋਸਤੀਆਂ, ਮਿਲਵਰਤਨ ਵਿਚ ਕਦੇ ਤੇ ਕਿਸੇ ਕਿਸਮ ਦੀ ਕੁੜੱਤਣ ਜਾਂ ਖ਼ਟਾਸ ਨਹੀਂ ਆਉਣ ਦਿੱਤੀ। ਉਨ੍ਹਾਂ ਦੇ ਕਈ ਸਾਥੀ ਅਤੇ

ਦੋਸਤ ਕਮਿਊਨਿਸਟ ਲਹਿਰ ਨਾਲੋਂ ਨਾਤਾ ਤੋੜ ਗਏ ਸਨ। ਪਰ, ਫਿਰ ਵੀ ਤਾਇਆ ਜੀ ਦਾ ਉਨ੍ਹਾਂ ਨਾਲ਼ ਮੇਲ਼-ਮਿਲ਼ਾਪ ਪਹਿਲਾਂ ਵਰਗੀ ਗਰਮਜੋਸ਼ੀ ਤੇ ਨਿੱਘ ਵਾਲ਼ਾ ਹੀ ਰਿਹਾ ਅਤੇ ਅਜਿਹਾ ਕਰਦਿਆਂ ਉਨ੍ਹਾਂ ਨੇ ਆਪਣੇ ਅਸੂਲਾਂ ਨੂੰ ਕਦੇ ਆਂਚ ਨਹੀਂ ਆਉਣ ਦਿੱਤੀ। ਆਪਣੀ ਸੋਚ ਉੱਤੇ ਦ੍ਰਿੜ੍ਹਤਾ ਨਾਲ ਕਾਇਮ ਰਹੇ।

1982 ਵਿਚ ਵਾਰੰਟ ਮਨਸੂਖ਼ ਹੋਣ ਉਪਰੰਤ ਉਨ੍ਹਾਂ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦਾ ਮੈਂਬਰ ਲੈ ਲਿਆ ਗਿਆ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦਿੱਤੀਆਂ ਜ਼ਿੰਮੇਵਾਰੀਆਂ, ਬਾਬਾ ਜਵਾਲਾ ਸਿੰਘ ਔਡੀਟੋਰੀਅਮ ਨੂੰ ਸਾਊਂਡ ਪਰੂਫ਼ ਕਰਾਉਣ ਅਤੇ ਬਾਬਾ ਗੁਰਮੁੱਖ ਸਿੰਘ ਹਾਲ ਦੀ ਉਸਾਰੀ ਕਰਾਉਣ ਲਈ ਲਗਾਤਾਰ ਨੂਰਮਹਿਲ ਤੋਂ ਜਲੰਧਰ ਨੂੰ ਬੱਸ ਦੁਆਰਾ ਆਉਣਾ-ਜਾਣਾ ਪੈਂਦਾ ਸੀ। 'ਆਪਣੀ ਰੋਟੀ ਹਮੇਸ਼ਾਂ ਨੂਰਮਹਿਲ ਤੋਂ ਨਾਲ਼ ਲੈ ਕੇ ਜਾਣਾ'। ਬਾਗ਼ ਅਤੇ ਖੇਤੀ ਦੀ ਉਪਜ ਨੂੰ ਸਵੇਰੇ ਸਬਜ਼ੀ ਮੰਡੀ ਵਿਚ ਆੜ੍ਹਤੀਏ ਦੁਆਰਾ ਵੇਚ ਕੇ ਜਾਣਾ ਅਤੇ ਵਾਪਸ ਆ ਕੇ ਭੈਣ ਜੀ ਨਾਲ਼ ਬਾਗ਼ ਅਤੇ ਖੇਤੀ ਦੇ ਕੰਮਾਂ ਬਾਰੇ ਸਲਾਹ-ਮਸ਼ਵਰਾ ਕਰਕੇ ਅਗਲੇ ਦਿਨ ਦੇ ਕੰਮ ਉਲੀਕਣੇ।) ਨੂੰ ਜਿਸ ਲਗਨ ਅਤੇ ਮਿਹਨਤ ਨਾਲ਼ ਸਿਰੇ ਚੜ੍ਹਾਇਆ, ਉਹ ਅਸੀਂ ਸਾਰਾ ਅੱਖੀਂ ਦੇਖਿਆ। ਸੋ ਅਸੀਂ ਚਾਹੁੰਦੇ ਸੀ ਕਿ ਇਹ ਸਾਰਾ ਕੁਝ ਸੰਗਰਾਮੀ ਸਾਥੀਆਂ ਨਾਲ਼ ਵੀ ਸਾਂਝਾ ਕੀਤਾ ਜਾਵੇ।

ਤਾਇਆ ਜੀ ਨੇ ਸਾਰੀ ਜ਼ਿੰਦਗੀ ਕਿਰਤੀ ਅਤੇ ਕਿਰਤ ਦੀ ਮਹੱਤਤਾ ਨੂੰ ਸਮਝਦਿਆਂ ਆਪਣੀ ਉਪਜੀਵਕਾ ਆਪਣੇ ਵੱਡੇ ਭਰਾ ਜਗਦੀਸ਼ ਚੰਦਰ ਦੁਆਰਾ ਖ਼ਰੀਦੀ ਗਈ ਜ਼ਮੀਨ ਅਤੇ ਕੁਝ ਜੱਦੀ ਜ਼ਮੀਨ ਉੱਤੇ ਵਧੀਆ ਖੇਤੀ ਅਤੇ ਬਾਗ਼ਬਾਨੀ ਕੀਤੀ। ਉਨ੍ਹਾਂ ਦਾ ਆਪਣੇ ਕਰਮਚਾਰੀਆਂ ਨਾਲ ਵਿਵਹਾਰ ਤੇ ਰਵੱਈਆ ਮਿਸਾਲੀ ਰਿਹਾ ਅਤੇ ਹੈ।

ਤਾਇਆ ਜੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਹਨ। ਉਨ੍ਹਾਂ ਦੀਆਂ ਰਾਜਨੀਤਕ ਅਤੇ ਸਮਾਜਿਕ ਸਰਗਰਮੀਆਂ ਤੋਂ ਇਲਾਵਾ ਨੂਰਮਹਿਲ ਸਪੋਰਟਸ ਐਸੋਸੀਏਸ਼ਨ (ਐਨ.ਐਸ.ਏ.) ਦੀ ਸਰਪ੍ਰਸਤੀ ਕੀਤੀ। ਉਨ੍ਹਾਂ ਮੁਤਾਬਕ, "ਆਧੁਨਿਕ ਸਮੇਂ ਵਿਚ ਜ਼ਿੰਦਗੀ ਦਾ ਮਸ਼ੀਨੀਕਰਣ ਹੋ ਜਾਣ ਕਾਰਣ ਖੇਡਾਂ ਦਾ ਮਹੱਤਵ ਹੋਰ ਵੀ ਵਧ ਗਿਆ ਹੈ। ਖੇਡਾਂ ਤੰਦਰੁਸਤ ਰੱਖਣ ਵਿਚ ਅਤੇ ਸ਼ਖ਼ਸੀਅਤ ਦੇ ਹੋਰ ਗੁਣਾਂ ਵਿਚ ਵਾਧਾ ਕਰਦੀਆਂ ਹਨ। ਜਿਵੇਂ ਸਮੇਂ ਦੀ ਪਾਬੰਦੀ, ਅਨੁਸ਼ਾਸਨ, ਆਪਣੀ ਭਾਈਚਾਰਕ ਸਾਂਝ, ਮਿਲਵਰਤਣ, ਸਹਿਣਸ਼ੀਲਤਾ ਅਤੇ ਮੌਕੇ ਅਨੁਸਾਰ ਫ਼ੈਸਲਾ ਲੈਣਾ ਆਦਿ। ਖੇਡਾਂ ਉਹ ਕਰਵਾਉਣੀਆਂ ਚਾਹੀਦੀਆਂ ਹਨ, ਜੋ ਸਰੀਰਕ ਵਿਕਾਸ, ਕਸਰਤ, ਮਾਨਸਿਕ ਸੰਤੁਲਨ ਅਤੇ ਇਕਾਗਰਤਾ ਦਾ ਵਿਕਾਸ ਕਰਨ, ਸਮੇਂ ਦਾ ਪਾਬੰਦ ਹੋਣਾ ਸਫ਼ਲਤਾ ਦੀ ਪਹਿਲੀ ਪੌੜੀ ਹੈ। ਜੋ ਸਮੇਂ ਦੀ ਕਦਰ ਨਹੀਂ ਕਰਦੇ, ਉਹ ਜ਼ਿੰਦਗੀ ਦੀ ਖੇਡ ਵਿਚੋਂ ਬਹੁਤ ਪਿੱਛੇ ਰਹਿ ਜਾਂਦੇ ਹਨ।"

ਭੈਣ ਜੀ ਸੁਰਿੰਦਰ ਭਾਵੇਂ ਆਪਣੇ ਤੌਰ 'ਤੇ ਵੀ ਸਮਾਜ ਸੇਵੀ ਕੰਮਾਂ ਵਿਚ

ਉਤਸ਼ਾਹ ਨਾਲ ਹਿੱਸਾ ਲੈਂਦੇ ਹਨ। ਜਿਵੇਂ ਮਾਨਵਤਾ ਦੀ ਸੇਵਾ, ਹੜ੍ਹ ਜਾਂ ਭੂਚਾਲ ਵਰਗੀਆਂ ਕੁਦਰਤੀ ਆਫ਼ਤਾਂ ਹੋਣ ਜਾਂ ਕਾਰਗਿਲ ਦੀ ਲੜਾਈ ਵੇਲ਼ੇ ਪ੍ਰਧਾਨ ਮੰਤਰੀ ਰਾਹਤ ਫੰਡ ਵਿਚ ਯੋਗਦਾਨ ਪਾਉਣਾ ਹੋਵੇ। ਇਰਾਕ ਉੱਤੇ ਅਮਰੀਕੀ ਸਾਮਰਾਜ ਦੇ ਹਮਲੇ ਸਮੇਂ ਔਰਤਾਂ ਅਤੇ ਬੱਚਿਆਂ ਨੂੰ ਜਾਗਰੂਕ ਕਰਨਾ। ਔਰਤਾਂ ਅਤੇ ਬੱਚਿਆਂ ਦੀਆਂ ਗੰਭੀਰ ਬਿਮਾਰੀਆਂ ਦੇ ਸੰਬੰਧ ਵਿਚ ਮਾਹਿਰ ਡਾਕਟਰਾਂ ਦੁਆਰਾ ਕੈਂਪਾਂ ਦਾ ਆਯੋਜਨ ਕਰਨਾ, ਜਾਂ ਨਿੱਜੀ ਯਤਨਾਂ ਰਾਹੀਂ (ਪਰਿਵਾਰਕ ਸਹਿਯੋਗ ਨਾਲ਼) ਦਵਾਈਆਂ ਮੁਹੱਈਆ ਕਰਵਾਉਣੀਆਂ ਹੋਣ, ਤਾਇਆ ਜੀ ਭੈਣ ਜੀ ਨੂੰ ਉਤਸ਼ਾਹ, ਸਹਿਯੋਗ ਅਤੇ ਅਗਵਾਈ ਕਰਦੇ ਹਨ।

ਹੱਥਲੇ ਪੰਨਿਆਂ ਵਿਚ ਆਪਣੀ ਸੋਚ ਦੇ ਵਿਕਾਸ-ਕ੍ਰਮ ਬਾਰੇ ਉਨ੍ਹਾਂ ਨੇ ਬੜੀ ਬੇਬਾਕੀ ਅਤੇ ਖੁੱਲ੍ਹਦਿਲੀ ਨਾਲ਼ ਸਵੀਕਾਰ ਕੀਤਾ ਹੈ ਕਿ, "ਉਨ੍ਹਾਂ ਨੂੰ ਸਮਾਜ ਵਿਚਲੀ ਵਰਣ ਵਿਵਸਥਾ, ਜਾਤੀ ਤੇ ਜਮਾਤੀ ਵੰਡ ਤੇ ਹੋਰ ਹਕੀਕਤਾਂ ਦਾ ਗਹਿਰਾ ਅਧਿਐਨ ਨਾ ਹੋਣ ਕਰਕੇ, ਉਹ ਆਪਣੀ ਸੋਚ ਦਾ ਜ਼ੋਰਦਾਰ ਢੰਗ ਨਾਲ਼ ਪਾਰਟੀ ਫ਼ੋਰਮ ਉੱਤੇ ਪ੍ਰਗਟਾਵਾ ਨਾ ਕਰ ਸਕੇ ਤੇ ਨਾ ਹੀ ਸਿਆਸੀ-ਲਾਇਨ ਬਣਾਉਣ ਵਿਚ ਕੋਈ ਅਹਿਮ-ਭੂਮਿਕਾ ਨਿਭਾ ਸਕੇ।"

ਉਨ੍ਹਾਂ ਦੀ ਇਹ ਸਪੱਸ਼ਟ-ਬਿਆਨੀ ਸਾਡੇ ਲਈ ਹੀ ਨਹੀਂ, ਸਗੋਂ ਸਮਾਜਿਕ ਤਬਦੀਲੀ ਵਿਚ ਤਾਂਘ ਰੱਖਣ ਵਾਲ਼ੇ ਹਰ ਵਿਅਕਤੀ, ਸੰਸਥਾ ਅਤੇ ਪਾਰਟੀ ਲਈ ਬਹੁਤ ਹੀ ਅਹਿਮ ਹੈ, ਸਿੱਖਣਯੋਗ ਹੈ। ਇਸ ਲਈ ਉਹ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਲਾਇਬ੍ਰੇਰੀ ਨੂੰ ਹਰ ਸੰਭਵ ਹੱਦ ਤੱਕ ਅਮੀਰ ਬਣਾਉਣ, ਵਿਚਾਰ ਗੋਸ਼ਟੀਆਂ ਤੇ ਸੈਮੀਨਾਰ ਕਰਵਾਉਣ ਅਤੇ ਨਵੀਂ ਪੀੜ੍ਹੀ ਨੂੰ ਵਿਗਿਆਨਕ ਸੂਝ ਦੇਣ ਲਈ (ਚੇਤਨਾ-ਕੈਂਪ) ਦਾ ਆਯੋਜਨ ਕਰਨ ਦੀ ਮਹੱਤਤਾ ਉੱਤੇ ਜ਼ੋਰ ਦਿੰਦੇ ਰਹੇ।

ਸਮਾਜ ਦੇ ਸ਼ੋਸ਼ਿਤ ਅਤੇ ਜ਼ਰੂਰਤਾਂ ਤੋਂ ਵੰਚਿਤ ਵਰਗ ਅਤੇ ਸਮਾਜਿਕ ਤਬਦੀਲੀ ਦੀ ਔਰਤ ਦੀ ਭੂਮਿਕਾ ਅਤੇ ਯੋਗਦਾਨ ਦੀ ਅਹਿਮੀਅਤ ਬਾਰੇ ਵੀ ਉਨ੍ਹਾਂ ਨੇ ਆਪਣੇ ਵਿਚਾਰਾਂ ਦਾ ਖੁੱਲ੍ਹ ਕੇ ਪ੍ਰਗਟਾਵਾ ਕੀਤਾ ਅਤੇ ਇਸ ਨੂੰ ਅਮਲ ਵਿਚ ਵੀ ਲਿਆਂਦਾ। ਉਨ੍ਹਾਂ ਦਾ ਇਹ ਅਮਲ ਆਪਣੇ ਘਰ ਤੋਂ ਹੀ ਸ਼ੁਰੂ ਹੋਇਆ। ਉਨ੍ਹਾਂ ਨੇ ਆਪਣੇ ਘਰ ਦੀਆਂ ਪੁਰਾਣੀਆਂ ਅਧਿਆਤਵਾਦੀ-ਮਾਨਤਾਵਾਂ, ਰਿਵਾਜ਼ਾਂ ਨੂੰ ਨਹੀਂ ਸਵੀਕਾਰਿਆ ਅਤੇ ਨਾ ਹੀ ਆਪਣੇ ਵਿਚਾਰ (ਖ਼ਿਆਲਾਤ) ਆਪਣੇ ਪਰਿਵਾਰ ਉੱਤੇ ਥੋਪੇ। ਬਲਕਿ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। ਇਸੇ ਕਰਕੇ ਐਡੇ ਵੱਡੇ ਪਰਿਵਾਰ 'ਚ ਭਰਾਵਾਂ, ਭੈਣਾਂ, ਭਰਜਾਈਆਂ ਅਤੇ ਬੱਚਿਆਂ ਵੱਲੋਂ ਖ਼ਿਆਲਾਂ ਦੇ ਵਖਰੇਵੇਂ ਦੇ ਬਾਵਜੂਦ ਵੀ ਉਨ੍ਹਾਂ ਨੂੰ ਭਰਵਾਂ ਸਹਿਯੋਗ ਮਿਲਿਆ।

ਸਮਾਜਿਕ-ਤਬਦੀਲੀ ਦੀ ਤਾਂਘ (94 ਸਾਲ ਦੀ ਉਮਰ ਵਿਚ ਵੀ) ਮੱਠੀ ਨਹੀਂ ਪਈ। ਉਹ ਆਪਣੀ ਯਥਾ-ਸ਼ਕਤੀ ਸਮਾਜਿਕ ਤਬਦੀਲੀ ਲਈ ਸੰਘਰਸ਼ ਕਰ ਰਹੀਆਂ ਧਿਰਾਂ ਅਤੇ ਵਿਅਕਤੀਆਂ ਦੀ ਮੱਦਦ ਕਰਨ ਲਈ ਹਮੇਸ਼ਾਂ ਤੱਤਪਰ ਰਹਿੰਦੇ ਹਨ। ਹੁਣ

ਵੀ ਆਪਣੇ ਨਿੱਤ ਨੇਮ ਦੇ ਸਾਰੇ ਕੰਮ ਆਪਣੇ ਹੱਥੀਂ ਕਰਨ ਨੂੰ ਹੀ ਤਰਜ਼ੀਹ ਦਿੰਦੇ ਹਨ। ਇਹ ਸੱਭ ਕੁੱਝ ਮੈਂ ਖ਼ੁਦ ਦੇਖਦਾ ਹਾਂ। ਇਹ ਸਾਡੇ ਸਾਰਿਆਂ ਲਈ ਪ੍ਰੇਰਨਾ-ਸਰੋਤ ਹਨ। ਉਮੀਦ ਕਰਕੇ ਹਾਂ ਕਿ ਪਾਠਕ ਵੀ ਇਸਨੂੰ ਗੰਭੀਰਤਾ ਨਾਲ਼ ਪੜ੍ਹਨਗੇ ਤੇ ਇਸ ਉੱਤੇ ਵਿਚਾਰ ਕਰਨਗੇ।

ਅਸਲ ਵਿਚ ਸੰਘਰਸ਼ਸ਼ੀਲ ਧਿਰਾਂ, ਜਥੇਬੰਦੀਆਂ ਅਤੇ ਪ੍ਰਗਤੀਸ਼ੀਲ ਬੁੱਧੀਜੀਵੀਆਂ ਦੀ ਤੀਬਰ ਇੱਛਾ ਸੀ ਅਤੇ ਸਾਡੀ ਅੰਤਰੀਵ ਦਿਲੀ ਖ਼ਵਾਹਿਸ਼ ਸੀ ਕਿ ਤਾਇਆ ਜੀ, ਕਾਮਰੇਡ ਗੰਧਰਵ ਸੇਨ ਵਰਗੇ ਨਿਸ਼ਕਾਮ, ਬੇਗ਼ਰਜ਼ ਦੇਸ਼ ਭਗਤ ਦਾ ਸਮੁੱਚਾ ਇਨਕਲ਼ਾਬੀ-ਜੀਵਨ ਲਿਖਤੀ ਰੂਪ ਵਿਚ ਸਾਹਮਣੇ ਆਵੇ। ਉਹ ਪਹਿਲਾਂ ਅੰਗਰੇਜ਼ੀ ਸਰਕਾਰ ਦੇ ਖ਼ਿਲਾਫ਼ ਜੂਝੇ। ਬਾਕੀ ਸਾਰਾ ਜੀਵਨ ਬਰਾਬਰਤਾ ਵਾਲ਼ਾ ਸਮਾਜ ਸਿਰਜਣ ਲਈ ਸੰਘਰਸ਼ਸ਼ੀਲ ਰਹੇ।

ਸਾਨੂੰ ਅੰਤਰੀਵ ਖ਼ੁਸ਼ੀ ਹੈ ਕਿ ਇਹ ਪੁਸਤਕ ਲਿਖਣ ਵਿਚ ਕਾਮਰੇਡ ਅਜਮੇਰ ਸਿੰਘ ਸਮਰਾ, ਦੇਸ ਰਾਜ ਕਾਲ਼ੀ, ਕਾਮਰੇਡ ਅਮੋਲਕ ਸਿੰਘ, ਮਿਸਟਰ ਸਮੀਰ ਕੋਛੜ (ਵੱਡੇ ਤਾਇਆ ਜੀ ਦੇ ਪੋਤੇ) ਅਤੇ ਸਮੀਰ ਦੀ ਜੀਵਨ ਸਾਥਣ ਪ੍ਰੀਤੀ ਕੋਛੜ ਦਾ ਅਹਿਮ ਸਹਿਯੋਗ ਮਿਲਿਆ।

ਇਸ ਕਿਤਾਬ ਨੂੰ ਸੰਪੂਰਨ ਕਰਨ ਦੀ ਜ਼ਿੰਮੇਵਾਰੀ ਭੈਣ ਜੀ ਨੇ ਮੈਨੂੰ ਸੌਂਪੀ ਸੀ। ਉਹ ਜ਼ਿੰਮੇਵਾਰੀ ਨੂੰ ਮੈਂ ਆਪਣੀ ਸੂਝ ਅਤੇ ਸਮਰੱਥਾ ਮੁਤਾਬਿਕ ਪੂਰਾ ਕਰਨ ਦਾ ਯਤਨ ਕੀਤਾ ਹੈ।

-ਕੁਲਦੀਪ ਸਿੰਘ ਰਿਆੜ
ਫਰੈਂਡਜ਼ ਕਲੋਨੀ, ਗੁਰਦਾਸਪੁਰ
ਮੋਬਾਇਲ: 98887-51193

ਅਧਿਐਨ, ਅਨੁਭਵ ਤੇ ਸੰਵੇਦਨਾ ਦੇ ਅੰਗ-ਸੰਗ

ਕਾਮਰੇਡ ਗੰਧਰਵ ਸੈਨ ਅਨੁਭਵ ਦਾ ਨਾਮ ਹੈ। ਅਨੁਭਵ ਦਾ ਭਾਵ ਹੈ ਕਿ ਜਿਹਨਾਂ ਜ਼ਿੰਦਗੀ ਨਾਲ ਖਹਿਕੇ ਕੁਝ ਖੱਟਿਆ-ਕਮਾਇਆ। ਜੋ ਕੁਝ ਪੜ੍ਹਿਆ, ਉਸਨੂੰ ਜ਼ਿੰਦਗੀ ਦੀ ਕਸਵੱਟੀ ਉੱਤੇ ਲਾ ਕੇ ਪਰਖਿਆ, ਫਿਰ ਅਮਲ ਵਿੱਚ ਢਾਲਿਆ। ਫਿਰ ਅਮਲ ਦੇ ਹੀ ਹੋ ਕੇ ਰਹਿ ਗਏ। ਅਮਲ ਵਿੱਚ ਜਦੋਂ ਚਿੰਤਨ ਜੁੜਿਆ ਤਾਂ ਜੁਰਅਤ ਪੈਦਾ ਹੋਈ, ਕਿਸੇ ਵੀ ਗੱਲ ਨੂੰ ਗੁਲਾਮ ਮਾਨਸਿਕਤਾ ਵਾਂਗ ਮੰਨ ਲੈਣ ਦੀ ਥਾਂ ਉਸ ਬਾਰੇ ਤਰਕ ਨਾਲ ਗੱਲ ਕਰਨ ਦਾ ਹਿਆਂ ਪੈਦਾ ਹੋਇਆ। ਕਾਮਰੇਡ ਗੰਧਰਵ ਸੇਨ ਜੀ ਬਾਰੇ ਮੇਰੇ ਇਹ ਵਿਚਾਰ ਬਨਣ ਦੇ ਕੁਝ ਕਾਰਣ ਹਨ। ਉਹਨਾਂ ਕਾਰਣਾਂ ਦੀ ਕਸਵੱਟੀ ਉੱਤੇ ਜਦੋਂ ਹਥਲੀ ਸਵੈਜੀਵਨੀ ਨੂੰ ਲਾ ਕੇ ਦੇਖਿਆ, ਤਾਂ ਮੈਨੂੰ ਆਪਣੇ ਉੱਤੇ ਫਖਰ ਇਸ ਕਰਕੇ ਵੀ ਹੋਇਆ ਕਿ ਮੈਂ ਕਿਸੇ ਮਨੁੱਖ ਨੂੰ ਠੀਕ ਪਹਿਚਾਣਿਆ, ਭਾਵੇਂ ਕੁਝ ਫੀਸਦੀ ਹੀ ਸਹੀ। ਮਾਣ ਇਸ ਕਰਕੇ ਹੋਇਆ, ਕਿਉਂਕਿ ਇਹਨਾਂ ਦੀ ਰਹਿਨੁਮਾਈ ਵਿੱਚ ਦੇਸ਼ ਭਗਤ ਯਾਦਗਾਰ ਹਾਲ ਦੇ ਇਤਿਹਾਸ ਵਿੰਗ ਵਿੱਚ ਮੈਂ ਸੰਪਾਦਨਾ ਦਾ ਕਾਰਜ ਕੀਤਾ ਹੈ। ਲੰਮਾ ਅਰਸਾ ਇਹਨਾਂ ਦੀ ਸੰਗਤ ਕੀਤੀ ਹੈ। ਵਿਚਾਰ ਸੁਣੇ ਹਨ, ਵਿਚਾਰਾਂ ਨਾਲ ਭਿੜੇ ਹਾਂ, ਵਿਚਾਰਾਂ ਨਾਲ ਤੁਰੇ ਹਾਂ। ਮਜ਼ੇ ਦੀ ਗੱਲ ਇਹ ਕਿ ਜਦੋਂ ਵਿਚਾਰ ਭਿੜਦੇ ਸਨ ਤਾਂ ਜਿਹੜੀ ਵੀ ਗੱਲ ਚੱਲਦੀ ਸੀ ਅਧਿਐਨ ਦੇ ਅਧਾਰ ਉੱਤੇ, ਸਾਇੰਟੀਫਿਕ ਤਰੀਕੇ ਨਾਲ ਕੀਤੀ ਜਾਂਦੀ। ਭਾਵੁਕਤਾ ਕਿਤੇ ਨਹੀਂ ਸੀ ਹੁੰਦੀ। ਵਿਚਾਰ ਹੁੰਦਾ ਸੀ। ਇੱਕ ਵੀ ਫਿਕਰਾ ਫਾਲਤੂ ਨਹੀਂ। ਨੁਕਤੇ ਉੱਤੇ ਕੇਂਦਰਿਤ। ਪਰ ਇੱਥੇ ਮੈਂ ਸਿਰਫ ਉਹਨਾਂ ਨੁਕਤਿਆਂ ਨੂੰ ਹੀ ਛੂਹਣਾ ਚਾਹੁੰਦਾ ਹਾਂ।

ਪਹਿਲੀ ਗੱਲ! ਜਿਸ ਦਿਨ ਹਥਲੀ ਪੁਸਤਕ ਬਾਰੇ ਵਿਚਾਰ ਕਰਨ ਨੂਰਮਹਿਲ ਗਏ, ਸ਼ਾਮ ਦਾ ਵੇਲਾ ਸੀ। ਗਰਮੀ ਵਾਹਵਾ ਸੀ। ਕਾਮਰੇਡ ਹੁਰੀਂ ਵਰਾਂਡੇ ਵਿੱਚ ਬੈਠੇ ਸਾਡੀ ਉਡੀਕ ਕਰ ਰਹੇ ਸਨ। ਅਸੀਂ ਗਏ ਤਾਂ ਉਹਨਾਂ ਦੀ ਹੱਥ ਘੁਟਣੀ ਨੇ ਹੀ ਦੱਸ ਦਿੱਤਾ ਕਿ ਉਹ ਕਿੰਨੀ ਮੁਹੱਬਤ ਨਾਲ ਸਾਨੂੰ ਉਡੀਕ ਰਹੇ ਸਨ। ਫਿਰ ਗੱਲਾਂ ਚੱਲੀਆਂ। ਗੰਭੀਰ ਵੀ, ਮਜ਼ਾਕ ਵਾਲੀਆਂ ਵੀ। ਪਰ ਹਲਕੀਆਂ ਗੱਲਾਂ ਸਾਡੇ ਵਿਚਾਲੇ ਕਦੇ ਨਹੀਂ ਚੱਲੀਆਂ, ਨਾ ਪਹਿਲਾਂ ਕਦੇ, ਨਾ ਉਸ ਦਿਨ। ਫਿਰ ਅਚਾਨਕ ਉਹਨਾਂ ਦੀ ਸਿਹਤ ਬਾਰੇ ਗੱਲ ਚੱਲੀ ਤਾਂ ਕਹਿਣ ਲੱਗੇ, 'ਮੈਂ ਹੁਣ 94 ਸਾਲ ਦਾ ਹੋ ਗਿਆਂ ਹਾਂ। ਹੁਣ ਮੈਂ ਲੋਕਾਂ ਲਈ ਕੁਝ ਨਹੀਂ ਕਰ ਸਕਦਾ, ਇਸ ਲਈ ਚਾਹੁੰਦਾ ਹਾਂ ਕਿ ਮੌਤ ਆ ਜੇ।' ਏਡੀ

ਵੱਡੀ ਗੱਲ ਤੇ ਏਨੀ ਸਹਿਜਤਾ। ਮੇਰੇ ਨਾਲ ਮੇਰੇ ਮਿੱਤਰ ਸੈਲੇਸ਼ ਤੇ ਅੰਨਦੀਪ ਸਨ। ਸਾਡੀਆਂ ਅੱਖਾਂ ਡਬਡਬਾ ਆਈਆਂ। ਇਸ ਕਰਕੇ ਨਹੀਂ ਕਿ ਉਹਨਾਂ ਨੇ ਮੌਤ ਦੀ ਗੱਲ ਕੀਤੀ ਸੀ। ਇਸ ਕਰਕੇ ਕਿਉਂਕਿ ਉਹਨਾਂ ਨੇ ਲੋਕਾਂ ਦੇ ਕੰਮ ਨਾ ਆਉਣ ਵਾਲੇ ਸਰੀਰ ਨੂੰ ਸਹਾਰਨ ਤੋਂ ਇਨਕਾਰ ਕਰ ਦਿੱਤਾ ਸੀ। ਇਹ ਲੋਕਾਂ ਦੇ ਕਾਰਜ ਵਿੱਚ ਤਮਾਮ ਉਮਰ ਲੱਗੇ ਰਹੇ ਕਮਿਉਨਿਸਟ ਦੀ ਕੁਮਿਟਮੈਂਟ ਹੈ, ਜਿਸ ਅੱਗੇ ਸਾਡਾ ਸਿਰ ਝੁੱਕਦਾ ਹੈ।

ਦੂਸਰਾ, ਮੈਨੂੰ ਨਿੱਜੀ ਤੌਰ ਉੱਤੇ ਇੱਕ ਗੱਲ ਵਾਰ-ਵਾਰ ਤੰਗ ਕਰਦੀ ਰਹੀ ਹੈ ਕਿ ਭਾਰਤੀ ਕਮਿਉਨਿਸਟ ਸ਼ੁਰੂ ਤੋਂ ਹੀ ਭਾਰਤੀ ਸਮਾਜ ਨੂੰ ਸਮਝਣ ਵਿੱਚ ਕੰਨੀ ਕਤਰਾਉਂਦੇ ਰਹੇ ਹਨ। ਇਸਦੇ ਕਾਰਣ ਤੁਸੀਂ ਇਸ ਪੁਸਤਕ ਵਿੱਚੋਂ ਵੀ ਲੱਭ ਸਕਦੇ ਹੋ। ਜਿਹਨਾਂ ਸੁਹਿਰਦ ਲੋਕਾਂ ਨੇ ਇਸ ਸਮਾਜ ਨੂੰ ਸਮਝਣ ਅਤੇ ਇਤਿਹਾਸ ਉੱਤੇ ਨਜ਼ਰਸਾਨੀ ਲਈ ਪਹਿਲਕਦਮੀ ਕੀਤੀ, ਉਹਨਾਂ ਨੂੰ ਪ੍ਰਕੋਪ ਦਾ ਸ਼ਿਕਾਰ ਹੋਣਾ ਪਿਆ। ਪਾਰਟੀ ਨੇ ਅਣਗੌਲੇ ਕਰ ਦਿੱਤੇ। ਸ਼ਾਇਦ ਇਹੀ ਕਾਰਣ ਸੀ ਕਿ ਜਦੋਂ ਸਮਝ ਆਈ ਤਾਂ 'ਦਲਿਤ' ਸ਼ਬਦ ਦੇ ਪੱਖ ਵਿੱਚ ਖੜ੍ਹੇ ਹੋਣ ਦਾ ਫੈਸਲਾ ਲਿਆ। ਨਿੱਜੀ ਤਜੁਰਬੇ ਵਿੱਚ ਮੈਂ ਦੋ ਬਜ਼ੁਰਗ ਕਾਮਰੇਡਾਂ ਤੋਂ ਇਸ ਮਾਮਲੇ ਵਿੱਚ ਸਪਸ਼ਟ ਪਹੁੰਚ ਹੋਣ ਕਰਕੇ ਪ੍ਰਭਾਵਿਤ ਹੋਇਆ। ਇਹ ਸਨ ਕਾਮਰੇਡ ਗੰਧਰਵ ਸੇਨ ਅਤੇ ਬਾਬਾ ਭਗਤ ਸਿੰਘ ਬਿਲਗਾ ਜੀ। ਕਾਮਰੇਡ ਗੰਧਰਵ ਸੇਨ ਜੀ ਨਾਲ ਵਿਚਾਰ ਵਟਾਂਦਰਾ ਹੋਣਾ ਤਾਂ ਉਹਨਾਂ ਹਮੇਸ਼ਾ ਕਹਿਣਾ ਕਿ ਜਿਹਨਾਂ ਲੋਕਾਂ ਨੇ ਸਾਡੇ ਨਾਲ ਤੁਰਨਾ ਹੈ, ਉਹਨਾਂ ਨੂੰ ਅਸੀਂ ਇਗਨੋਰ ਕਰਦੇ ਹਾਂ। ਉਹ ਹਮੇਸ਼ਾ ਇਹੀ ਕਹਿੰਦੇ ਕਿ ਕਿਰਤੀ ਲੋਕਾਂ ਦੀ ਇਹ ਸਮਝ ਬਨਾਉਣੀ ਚਾਹੀਦੀ ਸੀ ਕਿ ਉਹਨਾਂ ਨੇ ਹੀ ਕ੍ਰਾਂਤੀ ਦੇ ਅਗਰਦੂਤ ਬਨਣਾ ਹੈ। ਅਸੀਂ ਉਹਨਾਂ ਨੂੰ ਸਹਿਯੋਗ ਕਰਨਾ ਹੈ। ਕਾਮਰੇਡ ਗੰਧਰਵ ਸੇਨ ਹੁਰਾਂ ਨਾਲ ਇਸ ਮਸਲੇ ਬਾਰੇ ਜਦੋਂ ਗੱਲ ਚੱਲਦੀ ਸੀ, ਤਾਂ ਜਿਵੇਂ ਮਾਸਟਰ ਗੁਰਬੰਤਾ ਸਿੰਘ ਜਾਂ ਹੋਰ ਆਦਿ-ਧਰਮੀ ਲਹਿਰ ਦੇ ਆਗੂ ਅਜ਼ਾਦੀ ਤੋਂ ਬਾਦ ਕਾਂਗਰਸ ਵਿੱਚ ਜਾਂਦੇ ਹਨ, ਇਸ ਬਾਰੇ ਇਹੀ ਕਹਿੰਦੇ ਕਿ ਉਹਨਾਂ ਕੋਲ ਹੋਰ ਰਾਹ ਹੀ ਨਹੀਂ ਸੀ। ਉਹ ਇਹਨਾਂ ਦੇ ਕਾਂਗਰਸ ਵਿੱਚ ਜਾਣ ਨੂੰ ਵੀ ਸਮੇਂ ਦੀ ਕਸਵੱਟੀ ਉੱਤੇ ਰੱਖ ਕੇ ਹੀ ਪਰਖਦੇ ਸਨ, ਨਾ ਕਿ ਕਿਸੇ ਤਰ੍ਹਾਂ ਇੱਕਪਾਸੜ ਸੋਚ ਲੈ ਕੇ। ਉਹ ਵਿਹੜਿਆਂ ਦੇ ਨੌਜਵਾਨਾਂ ਵਿੱਚ ਵਰਗ ਚੇਤਨਾ ਦੀ ਜਾਗ ਲਗਾਉਣੀ ਚਾਹੁੰਦੇ ਸਨ ਤੇ ਉਸ ਬਾਰੇ ਕਾਰਜਰਤ ਵੀ ਰਹੇ ਹਨ।

ਹਥਲੀ ਪੁਸਤਕ ਵਿੱਚ ਉਪਰੋਕਤ ਵਿਚਾਰ ਹੋਰ ਵੀ ਕਈ ਪਹਿਲੂਆਂ ਤੋਂ ਵਿਚਾਰਨ ਵਾਲਾ ਹੈ। ਕਾਮਰੇਡ ਨੇ ਇਸ਼ਾਰਾ ਕੀਤਾ ਹੈ ਕਿ ਕਿਸਾਨ ਮੂਵਮੈਂਟ ਵਿੱਚ 95 ਫੀਸਦੀ ਕਿਸਾਨ ਹਿੰਦੂ ਜਾਂ ਸਿੱਖ ਹੀ ਕੰਮ ਕਰ ਰਹੇ ਸਨ। ਕੀ ਉਸ ਵੇਲੇ ਮੁਸਲਿਮ ਕਿਸਾਨੀ ਨਹੀਂ ਸੀ? ਉਹ ਤਾਂ ਸਨ, ਪਰ ਅਸੀਂ ਸਮਾਜਿਕ ਤੌਰ ਉੱਤੇ ਉਹਨਾਂ ਨੂੰ ਨਾਲ ਹੀ ਨਹੀਂ ਮਿਲਾ ਸਕੇ। ਅਸੀਂ ਉਸ ਕਿਸਮ ਨਾਲ ਕੰਮ ਹੀ ਨਹੀਂ ਕਰ ਸਕੇ। ਇਹ ਸਮਝ ਬਨਾਉਣ ਲਈ ਹੀ ਕਾਮਰੇਡ ਗੰਧਰਵ ਸੇਨ ਸਾਰੀ ਉਮਰ ਕੰਮ ਕਰਦੇ ਰਹੇ ਹਨ। ਦਲਿਤਾਂ ਨਾਲ ਵੀ ਕਾਮਰੇਡਾਂ ਵੱਲੋਂ ਇਹੀ ਵਿਹਾਰ ਕੀਤਾ ਗਿਆ, ਜਿਸ ਦੀ ਤਹਿ

ਤੱਕ ਜਾਣਾ ਜ਼ਰੂਰੀ ਹੈ। ਜਦੋਂ ਪਾਰਟੀ ਨੇ ਪਾਕਿਸਤਾਨ ਪੱਖੀ ਨਾਅਰਾ ਦਿੱਤਾ ਤਾਂ ਉਦੋਂ ਇਹਨਾਂ ਦਾ ਇਹ ਨਾਅਰਾ (ਉੱਪਰੋਂ ਆਉਣ ਕਰਕੇ) ਹੇਠਲੇ ਵਰਕਰਾਂ ਤੇ ਜਨਤਾ ਨੂੰ ਸਮਝ ਹੀ ਨਹੀਂ ਆਇਆ। ਸਮਾਜਿਕ ਵਰਤਾਰਾ ਕੀ ਹੈ ਤੇ ਤੁਸੀਂ ਕਿਸ ਅਸਮਾਨ ਵਿੱਚ ਉੱਡ ਰਹੇ ਹੋ। ਲਿਹਾਜ਼ਾ ਇਹ ਚੋਣਾਂ ਨਾ ਜਿੱਤ ਸਕੇ। ਲੋਕ ਇਹਨਾਂ ਬਾਬਿਆਂ ਦੇ ਪੈਰੀਂ ਹੱਥ ਤਾਂ ਲਾ ਦਿੰਦੇ, ਪਰ ਵੋਟ ਵਿਰੋਧ ਵਿੱਚ ਪੈ ਜਾਂਦੀ। ਕਾਰਣ ਉਹੀ ਕਿ ਮੁਸਲਿਮ ਹਜ਼ਮ ਨਹੀਂ ਸਨ ਹੋ ਰਹੇ। ਕਦੇ ਅਜਿਹਾ ਕੰਮ ਹੀ ਨਹੀਂ ਸੀ ਕੀਤਾ।

ਫਿਰ ਮੁਸਲਿਮਾਂ ਵਿੱਚ ਵੀ ਇਹਨਾਂ ਪ੍ਰਤੀ ਨਫਰਤ ਸੀ। ਕਾਰਣ ਇਹ ਕਿ ਲੱਗਭਗ 90 ਫੀਸਦੀ ਮੁਸਲਿਮ ਗ਼ਰੀਬ ਸਨ ਅਤੇ ਸ਼ਾਹੂਕਾਰੇ ਦੇ ਭੰਨੇ ਹੋਏ ਸਨ। ਆਮ ਹਿੰਦੂ-ਸਿੱਖ ਮੁਸਲਮਾਨਾਂ ਨੂੰ ਘਟੀਆ ਸਮਝਦੇ ਸਨ। ਬਹੁਤੇ ਮੁਸਲਮਾਨ ਗ਼ਰੀਬ ਸਨ ਤੇ ਦਸਤਕਾਰੀ ਦੇ ਪੇਸ਼ਿਆਂ ਵਿਚ ਸਨ। ਉਹ ਵੀ ਨਾ ਭਿੱਜ ਸਕੇ। ਅਸੀਂ ਨਾ ਆਪਣੇ ਲੋਕਾਂ ਨੂੰ ਸਮਝਾਉਣ ਵਿੱਚ ਕਾਮਯਾਬ ਰਹੇ ਅਤੇ ਨਾ ਹੀ ਮੁਸਲਮਾਨਾਂ ਨੂੰ। ਕਾਮਰੇਡ ਗੰਧਰਵ ਸੇਨ ਨੇ ਨੂਰਮਹਿਲ ਦੇ ਹਵਾਲੇ ਨਾਲ ਦੱਸਿਆ ਕਿ ਗਰੀਬੀ ਕਾਰਣ ਮੁਸਲਿਮਾਂ ਵਿੱਚ ਪੜ੍ਹੇ ਲਿਖੇ ਵਰਗ ਦੀ ਬਹੁਤ ਘਾਟ ਸੀ, ਜਿਸਨੂੰ ਕਿ ਅਸਲੀ ਮਕਸਦ ਤੋਂ ਜਾਣੂ ਕਰਵਾਇਆ ਜਾ ਸਕਦਾ, ਅਤੇ ਉਹ ਅੱਗੋਂ ਮੁਸਲਿਮਾਂ ਦਾ ਵਿਸ਼ਵਾਸ ਜਿੱਤਦਾ। ਪਰ ਇਹ ਸੰਭਵ ਨਹੀਂ ਹੋ ਸਕਿਆ। ਮੈਂ ਤਾਂ ਕਹਿੰਦਾ ਹਾਂ ਕਿ ਜਿੱਥੇ ਕਿਤੇ ਵੀ ਹਿੰਦੂ ਮੁਸਲਿਮ ਫਸਾਦ ਉੱਠੇ, ਉੱਥੇ ਦੀ ਫਿਰਕੂ ਸਟੱਡੀ ਦੀ ਥਾਂ ਜੇਕਰ ਆਰਥਿਕ ਸਟੱਡੀ ਕੀਤੀ ਜਾਵੇ, ਤਾਂ ਲੁੱਟ ਹੋਣ ਵਾਲਿਆਂ ਦਾ ਖ਼ੂਨੀ ਆਕ੍ਰੋਸ਼ ਵੱਧ ਸਾਹਮਣੇ ਆਉਂਦਾ ਨਜ਼ਰ ਆਵੇਗਾ। ਇਸ ਵਿੱਚ ਸਮਾਜਿਕ ਤੌਰ ਉੱਤੇ ਕੀਤੀ ਜਾਣ ਵਾਲੀ ਛੂਆਛਾਤ ਵੀ ਸਾਫ ਮਿਲ ਜਾਵੇਗੀ। ਇਹ ਸਾਰੇ ਮਾਮਲੇ ਸਮਝਣ-ਵਿਚਾਰਨ ਵਾਲੇ ਸਨ, ਪਰ ਅਸੀਂ ਥਿੜਕ ਗਏ। ਹਥਲੀ ਪੁਸਤਕ ਕੁਝ ਨੁਕਤੇ ਸਾਂਝੇ ਕਰ ਰਹੀ ਹੈ, ਜਿਹਨਾਂ ਨੂੰ ਵਿਚਾਰਨਾ ਬਹੁਤ ਹੀ ਜ਼ਰੂਰੀ ਹੈ।

ਸ਼ਹੀਦ ਭਗਤ ਸਿੰਘ ਦਾ ਲੇਖ 'ਅਛੂਤ ਦਾ ਸਵਾਲ' ਸਾਨੂੰ ਕਮਿਉਨਿਸਟਾਂ ਨੂੰ ਇੱਕ ਵਾਰ ਘੋਖ ਕੇ ਪੜ੍ਹਨਾ ਚਾਹੀਦਾ ਹੈ। ਮੈਂ ਹੈਰਾਨ ਹਾਂ ਕਿ ਭਗਤ ਸਿੰਘ ਇਹ ਜਾਣਦੇ ਹਨ ਕਿ ਆਦਿ-ਧਰਮ ਲਹਿਰ ਨੂੰ ਅੰਗ੍ਰੇਜ਼ ਇਸਤੇਮਾਲ ਕਰ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਇਸਨੂੰ ਇਸਤੇਮਾਲ ਕੀਤਾ ਜਾਵੇਗਾ, ਪਰ ਉਹਨਾਂ ਦੀ ਹਮਦਰਦੀ ਆਦਿ-ਧਰਮੀਆਂ ਨਾਲ ਹੈ। ਉਹ ਉਹਨਾਂ ਦੇ ਨਰਕੀ ਜੀਵਨ ਤੋਂ ਵਾਕਿਫ ਹਨ ਅਤੇ ਚਾਹੁੰਦੇ ਹਨ ਕਿ ਉਹਨਾਂ ਨਾਲ ਮਨੁੱਖੀ ਵਿਹਾਰ ਕੀਤਾ ਜਾਵੇ। ਉਹਨਾਂ ਨੂੰ ਇਹ ਵੀ ਖਬਰ ਹੈ ਕਿ ਸਮਾਜ ਨੇ ਇਸ ਗੱਲ ਨੂੰ ਸੌਖਿਆਂ ਮਾਨਤਾ ਨਹੀਂ ਦੇਣੀ, ਪਰ ਸੁਹਿਰਦਾ ਇਸ ਵਿਸ਼ੇ ਬਾਰੇ ਉਹਨਾਂ ਦੀ ਅੰਤ ਤੱਕ ਕਾਇਮ ਰਹਿੰਦੀ ਹੈ। ਉਹਨਾਂ ਦੇ ਇਸੇ ਵਿਚਾਰ ਨੂੰ ਵੀ ਅਸੀਂ ਅੱਗੇ ਨਹੀਂ ਲੈ ਕੇ ਆ ਸਕੇ। ਇਹ ਸਾਹਮਣੇ ਆਉਣਾ ਚਾਹੀਦਾ ਸੀ।

ਮੈਂ ਉਪਰੋਕਤ ਵਿਚਾਰ ਇਸ ਕਰਕੇ ਲਿਖੇ ਹਨ ਕਿਉਂਕਿ ਕਾਮਰੇਡ ਗੰਧਰਵ ਸੈਨ ਹਮੇਸ਼ਾ ਇਸ ਗੱਲ ਦੇ ਧਾਰਨੀ ਰਹੇ ਹਨ ਕਿ ਭਾਰਤੀ ਸਮਾਜ ਨੂੰ ਸਮਝੇ ਬਗੈਰ ਕਿਸੇ ਤਰ੍ਹਾਂ

ਦੀ ਵੀ ਕ੍ਰਾਂਤੀ ਦੀ ਗੱਲ ਤੋਰਨੀ ਸੰਭਵ ਨਹੀਂ ਹੈ। ਭਾਵੇਂ ਆਰਥਿਕਤਾ ਨੂੰ ਅਸੀਂ ਪਹਿਲ ਦੇ ਅਧਾਰ 'ਤੇ ਲੈਂਦੇ ਹਾਂ, ਪਰ ਸਾਨੂੰ ਸਾਡੇ ਸਮਾਜਿਕ ਇਤਿਹਾਸ ਤੋਂ ਵਾਕਿਫ ਹੋਣਾ ਵੀ ਲਾਜ਼ਿਮੀ ਹੈ। ਆਰਥਿਕ ਵਿਕਾਸ ਦੇ ਪੜਾਅ ਦੀ ਸਮਝ ਦੇ ਨਾਲ-ਨਾਲ ਇਤਿਹਾਸਕ ਪੜਾਅ ਵਿੱਚ ਸਮਾਜਿਕ-ਆਰਥਿਕ-ਸੱਭਿਆਚਾਰਕ-ਰਾਜਨੀਤਿਕ ਵਿਕਾਸ ਨੂੰ ਸਮਝਣਾ ਵੀ ਜ਼ਰੂਰੀ ਹੈ। ਇਹ ਪੁਸਤਕ ਵੀ ਇਸੇ ਕਰਕੇ ਅਧਿਐਨ ਉੱਤੇ ਬਹੁਤ ਜ਼ੋਰ ਦਿੰਦੀ ਹੈ। ਉਹ ਕਹਿੰਦੇ ਹਨ ਕਿ ਸੂਝ ਬਣੀ ਬਗੈਰ ਕਿਸੇ ਤਰ੍ਹਾਂ ਦੀ ਕ੍ਰਾਂਤੀ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਉਹ ਹਮੇਸ਼ਾ ਹੀ ਇਸ ਗੱਲ ਦੀ ਪੈਰਵੀ ਕਰਦੇ ਰਹੇ ਹਨ ਕਿ ਸੂਝ ਬਨਣੀ ਚਾਹੀਦੀ ਹੈ। ਉਹ ਇਹ ਵੀ ਮੰਨਦੇ ਆਏ ਹਨ ਕਿ ਕਮਿਊਨਿਸਟਾਂ ਵਿੱਚ ਜੇਕਰ ਘਾਟ ਰਹੀ ਹੈ, ਤਾਂ ਉਹ ਸੂਝ ਬਨਣ ਦੀ ਰਹੀ ਹੈ। ਉਹਨਾਂ ਨੇ ਸਮੇਂ-ਸਮੇਂ ਕਈ ਉਦਾਹਰਣਾਂ ਦਿੱਤੀਆਂ ਹਨ। ਆਪ ਉਹ ਹਮੇਸ਼ਾ ਹੀ ਜਾਗਦੇ ਰਹੇ। ਇਸ ਬਾਰੇ ਮੈਂ ਇੱਕ ਹੋਰ ਵਿਚਾਰ ਸਾਂਝਾ ਕਰਨਾ ਚਾਹੁੰਦਾ ਹਾਂ। ਕਾਮਰੇਡ ਜੀ ਦਾ ਵਿਗਿਆਨਕ ਦ੍ਰਿਸ਼ਟੀਕੋਣ ਕਿਵੇਂ ਮੈਨੂੰ ਸਮਝ ਆਇਆ। ਮੈਂ ਉਹਨਾਂ ਕੋਲ ਨੂਰਮਹਿਲ ਗਿਆ ਹੋਇਆ ਸੀ। ਵਿਚਾਰਾਂ ਚੱਲ ਰਹੀਆਂ ਸਨ। ਅੰਤਰਰਾਸ਼ਟਰੀ ਮਸਲੇ ਬਾਰੇ ਕੋਈ ਗੱਲ ਹੋ ਰਹੀ ਸੀ। ਉਹਨਾਂ ਨੇ ਇਸ ਸਾਰੇ ਨੂੰ ਸਮਝਣ/ਸਮਝਾਉਣ ਵਾਸਤੇ ਸੁਰਿੰਦਰ ਭੈਣ ਜੀ ਨੂੰ ਐਟਲਸ ਲੈ ਕੇ ਆਉਣ ਲਈ ਕਿਹਾ। ਮੈਂ ਹੈਰਾਨ ਰਹਿ ਗਿਆ। ਅਸੀਂ ਜਿਹੜੇ ਨੁਕਤੇ ਨੂੰ ਲੈ ਕੇ ਵਿਚਾਰ ਕਰ ਰਹੇ ਸੀ, ਨਕਸ਼ੇ ਮੁਤਾਬਿਕ ਉਹ ਸੰਭਵ ਹੀ ਨਹੀਂ ਸੀ। ਉਹਨਾਂ ਨੇ ਬਹੁਤ ਹੀ ਬਰੀਕੀ ਨਾਲ ਇੱਕ-ਇੱਕ ਪਹਿਲੂ ਨੂੰ ਵਿਚਾਰਿਆ। ਮੈਨੂੰ ਇਹ ਗੱਲ ਮੰਨਣ ਵਿੱਚ ਕੋਈ ਝਿਜਕ ਨਹੀਂ ਹੈ ਕਿ ਉਸਤੋਂ ਪਹਿਲਾਂ ਮੈਂ ਨਕਸ਼ੇ ਦਾ ਮਹੱਤਵ ਕਦੇ ਸਮਝਿਆ ਹੀ ਨਹੀਂ ਸੀ। ਉਸਤੋਂ ਬਾਦ ਹਰ ਤਰ੍ਹਾਂ ਦਾ ਐਟਲਸ ਮੇਰੀ ਲਾਇਬ੍ਰੇਰੀ ਵਿੱਚ ਆ ਗਿਆ। ਵਧੀਆ ਗਲੋਬ ਮੇਰੇ ਸਾਹਮਣੇ ਹਰ ਵਕਤ ਵਿਗਿਆਨਕ ਤਰੀਕੇ ਨਾਲ ਸੋਚਣ ਦਾ ਪ੍ਰੇਰਨਾ ਸਰੋਤ ਬਣ ਗਿਆ।

ਇਸ ਪੁਸਤਕ ਵਿੱਚ ਇੱਕ ਨੁਕਤਾ ਬਹੁਤ ਹੀ ਅਹਿਮ ਹੈ, ਜੋ ਕਾਮਰੇਡ ਗੰਧਰਵ ਸੈਨ ਦੀ ਜ਼ਿੰਦਗੀ ਦਾ ਕੇਂਦਰੀ ਨੁਕਤਾ ਕਿਹਾ ਜਾ ਸਕਦਾ ਹੈ। ਇਹ ਸਤਰਾਂ--'ਅਸੀਂ ਸਮਝਦੇ ਹਾਂ ਕਿ ਹਰ ਵਿਅਕਤੀ ਵਿੱਚ ਆਪਣੇ ਲਈ ਕਿਰਤ ਕਰਨ ਦਾ ਗੁਣ ਹੋਣਾ ਚਾਹੀਦਾ ਹੈ ਅਤੇ ਮਿਹਨਤ ਦੇ ਪ੍ਰਤੀ ਰਵੱਈਆ ਹਾਂ-ਪੱਖੀ ਹੋਣਾ ਚਾਹੀਦਾ ਹੈ, ਕਿਉਂਕਿ ਕਿਰਤ ਦੇ ਨਾਲ ਹੀ ਜੀਵਨ ਨਿਰਬਾਹ ਅਤੇ ਸਮਾਜਿਕ ਰਿਸ਼ਤੇ ਜੁੜਦੇ ਹਨ।' ਇਹ ਨੁਕਤਾ ਇਸ ਜੀਵਨ ਦਾ ਕੇਂਦਰੀ ਨੁਕਤਾ ਹੈ ਅਤੇ ਇਸ ਕਿਤਾਬ ਦਾ ਵੀ। ਇਸੇ ਦੁਆਲੇ ਕਾਮਰੇਡ ਗੰਧਰਵ ਸੈਨ ਦੀ ਸਾਰੀ ਜੀਵਨ ਕਹਾਣੀ ਤੁਰਦੀ ਹੈ ਅਤੇ ਇਹ ਕਿਤਾਬ ਵੀ। ਉਹ ਜੋ ਕਹਿੰਦੇ ਹਨ, ਉਸੇ ਉੱਤੇ ਚਲਦੇ ਹਨ। ਜਿਸ ਉੱਤੇ ਚੱਲੇ ਹਨ, ਉਹ ਸਾਫਗੋਈ ਨਾਲ ਸਾਡੇ ਸਾਰਿਆਂ ਦੇ ਸਾਹਮਣੇ ਰੱਖ ਦਿੱਤਾ ਹੈ। ਇਸ ਨੁਕਤੇ ਨੂੰ ਵਿਚਾਰਨਾ ਬਹੁਤ ਜ਼ਰੂਰੀ ਹੈ। ਅਸੀਂ ਦੇਖਦੇ ਹਾਂ ਕਿ ਉਹਨਾਂ ਦਾ ਸਾਰਾ ਜੀਵਨ ਪਾਰਟੀ ਨੂੰ ਸਮਰਪਿਤ ਹੈ। ਫਿਰ ਜਿੱਥੇ ਵੀ ਕਿਤੇ ਪਾਰਟੀ ਕਾਰਜ ਨਹੀਂ ਹੈ, ਉੱਥੇ ਕਿਰਤ ਹੈ।

ਜੀਵਨ ਚਲਾਉਣ ਲਈ ਵੀ ਅਤੇ ਸਮਾਜਿਕ ਰਿਸ਼ਤੇ ਜੋੜਨ ਲਈ ਵੀ। ਜੇਕਰ ਉਸ ਸਮੇਂ ਵੀ ਦਲਿਤ ਲੋਕਾਂ ਦੀ ਹਾਜ਼ਰੀ ਨੂਰਮਹਿਲ ਦੀਆਂ ਕਮਿਊਨਿਸਟ ਸਫਾਂ ਵਿੱਚ ਜ਼ਿਆਦਾ ਸੀ, ਤਾਂ ਇਹ ਬਾਗ ਵਿੱਚ ਕੰਮ ਕਰਨ ਵਾਲੇ ਉਹਨਾਂ ਕਿਰਤੀਆਂ ਕਰਕੇ ਹੀ ਸੀ, ਜਿਹਨਾਂ ਨੂੰ ਕਾਮਰੇਡ ਜੀ ਦੀ ਅਗਵਾਈ ਮਿਲਦੀ ਰਹੀ। ਫਿਰ ਜੇਕਰ ਅੰਡਰ ਗਰਾਊਂਡ ਵੇਲੇ ਲੋਕਾਂ ਵਿੱਚ ਆਪਣਾ ਪ੍ਰਭਾਵ ਕਾਇਮ ਕੀਤਾ, ਤਾਂ ਉਸ ਪਿੱਛੇ ਵੀ ਕਿਰਤ ਦੀ ਸੁੱਚਤਾ ਅਸੀਂ ਦੇਖ/ਸਮਝ ਸਕਦੇ ਹਾਂ। ਇਹ ਜੀਵਨ ਪ੍ਰਤੀ ਵਿਗਿਆਨਕ ਦ੍ਰਿਸ਼ਟੀਕੋਣ ਕਿਹਾ ਜਾ ਸਕਦਾ ਹੈ। ਇਸੇ ਦ੍ਰਿਸ਼ਟੀਕੋਣ ਉੱਤੇ ਉਹਨਾਂ ਸਾਰੀ ਉਮਰ ਪਹਿਰਾ ਦਿੱਤਾ ਹੈ।

ਇਕ ਗੱਲ ਇਸ ਪੁਸਤਕ ਬਾਰੇ ਕਰਨੀ ਬਣਦੀ ਹੈ ਕਿ ਇਹ ਪੁਸਤਕ ਉਹ ਇਤਿਹਾਸ ਹੈ, ਜਿਸਨੂੰ ਅਨੁਭਵ ਤੇ ਅਧਿਐਨ ਦੀ ਕਸੌਟੀ ਉੱਤੇ ਪਰਖਿਆ ਗਿਆ ਹੈ। ਇਹ ਨਿਰਾ ਕਿਤਾਬੀ ਗਿਆਨ ਨਹੀਂ ਹੈ, ਹਾਂ ਇਸਨੂੰ ਵੇਖਦਿਆਂ/ਲਿਖਦਿਆਂ ਵਿਗਿਆਨਕ ਦ੍ਰਿਸ਼ਟੀਕੋਣ ਬਨਾਉਣ ਵਿੱਚ ਕਿਤਾਬਾਂ ਹੀ ਕੰਮ ਆਈਆਂ ਹਨ। ਇਹ ਇਤਿਹਾਸ ਜੀਵਿਆ ਗਿਆ, ਰਿੜਕਿਆ ਗਿਆ, ਵਿਚਾਰ ਅਧੀਨ ਲਿਆਂਦਾ ਗਿਆ, ਫਿਰ ਜਾ ਕੇ ਪਾਠਕ ਕੋਲ ਪਹੁੰਚਿਆ ਹੈ। ਜਿਸ ਵੇਲੇ ਇਹ ਲਿਖਿਆ ਜਾ ਰਿਹਾ ਸੀ, ਕਾਮਰੇਡ ਜੀ ਦੀ ਸਿਹਤ ਤਾਂ ਭਾਵੇਂ ਬਹੁਤਾ ਸਾਥ ਨਹੀਂ ਸੀ ਦੇ ਰਹੀ, ਪਰੰਤੂ ਚੇਤਨ ਪੱਧਰ ਉੱਪਰ ਉਹਨਾਂ ਦਾ ਸਾਨੀ ਕੋਈ ਨਹੀਂ। ਉਹਨਾਂ ਨੇ ਲਹਿਰ ਨੂੰ ਜਿਸ ਨਜ਼ਰੀਏ ਤੋਂ ਵੇਖਿਆ ਹੈ, ਉਹਨਾਂ ਦੀ ਜੀਵਨ ਘਾਲਣਾ ਸਦਕਾ ਹੀ ਸੰਭਵ ਹੋਇਆ ਹੈ। ਇਹ ਕਿਤਾਬ ਪੰਜਾਬੀ ਸਾਹਿਤ ਵਿੱਚ ਸਿਆਸੀ ਸਵੈ-ਜੀਵਨੀ ਦੇ ਪੱਖ ਤੋਂ ਵੱਡਮੁੱਲੀ ਹੈ।

- ਦੇਸ ਰਾਜ ਕਾਲੀ

ਮੇਰਾ ਪਰਿਵਾਰ

ਮੇਰਾ ਜਨਮ 23 ਜਨਵਰੀ 1919 ਨੂੰ (ਮਿਊਂਸੀਪਲ ਕਮੇਟੀ ਦੇ ਦਫ਼ਤਰ ਵਿਚ 25 ਜਨਵਰੀ 1919 ਹੈ) ਨੂਰਮਹਿਲ ਵਿਚ ਹੋਇਆ। ਮੇਰੀ ਮਾਂ ਦਾ ਨਾਂ ਅਮਰ ਕੌਰ ਅਤੇ ਪਿਤਾ ਦਾ ਨਾਂ ਸ੍ਰੀ ਹਰਭਗਵਾਨ ਦਾਸ ਕੋਛੜ ਸੀ। ਕੋਛੜ ਪਰਿਵਾਰ ਕੁਝ ਪੀੜ੍ਹੀਆਂ ਪਹਿਲਾਂ ਐਮਨਾਬਾਦ (ਜੋ ਕਿ ਹੁਣ ਪਾਕਿਸਤਾਨ ਵਿਚ ਹੈ) ਤੋਂ Migrate ਹੋ ਕੇ ਆਇਆ ਸੀ।

ਅਸੀਂ ਛੇ ਭਰਾ ਅਤੇ ਤਿੰਨ ਭੈਣਾਂ ਸਾਂ। ਪਹਿਲਾ ਭਰਾ ਨਿਰੰਜਣ ਦਾਸ, ਜੋ ਓਵਰਸੀਅਰ ਬਣੇ ਸਨ, ਦੂਸਰਾ ਭਰਾ ਵੇਦ ਪ੍ਰਕਾਸ਼, ਜਿਹਨਾਂ ਨੇ ਵਕਾਲਤ ਪਾਸ ਕੀਤੀ, ਪਰ, ਵਕਾਲਤ ਥੋੜ੍ਹੀ ਦੇਰ ਬਾਅਦ ਛੱਡ ਦਿੱਤੀ ਕਿਉਂਕਿ ਵਕਾਲਤ ਵਿਚ ਝੂਠ ਬਹੁਤ ਬੋਲਣਾ ਪੈਂਦਾ ਸੀ। ਉਹ ਅਖ਼ੀਰ ਤੱਕ ਵਕੀਲ ਸਾਹਿਬ ਹੀ ਕਹੇ ਜਾਂਦੇ ਰਹੇ। ਤੀਸਰਾ ਭਰਾ ਜਗਦੀਸ਼ ਚੰਦਰ, ਜਿਹਨਾਂ ਨੇ ਟੈਕਨੀਕਲ ਕੰਮ ਸਿੱਖੇ। ਉਨ੍ਹਾਂ ਆਈਸਕਰੀਮ ਬਣਾਉਣ ਦੀ ਫੈਕਟਰੀ ਦਿੱਲੀ ਵਿਚ ਲਗਾਈ। ਚੌਥਾ ਭਰਾ ਓਮ ਪ੍ਰਕਾਸ਼, ਜੋ ਹੋਮਿਓਪੈਥਿਕ ਡਾਕਟਰ ਬਣੇ। ਪੰਜਵੀਂ ਜਗ੍ਹਾ ਮੈਂ ਰੇਡੀਓ ਮਕੈਨਿਜ਼ਮ ਦਾ ਕੰਮ ਸਿੱਖਿਆ, ਪਰ ਰਾਜਨੀਤਕ ਲਾਇਨ ਅਖ਼ਤਿਆਰ ਕੀਤੀ। ਛੇਵਾਂ ਭਰਾ ਰਜੇਂਦਰ ਕੁਮਾਰ, ਜੋ ਸਾਇੰਟਿਸਟ ਬਣੇ ਤੇ ਅਮਰੀਕਾ ਜਾ ਕੇ ਵਸ ਗਏ।

ਮੇਰੀਆਂ ਤਿੰਨ ਭੈਣਾਂ, ਸਵਿੱਤਰੀ ਦੇਵੀ, ਗਾਰਗੀ ਦੇਵੀ ਤੇ ਸ਼ਕੁੰਤਲਾ ਦੇਵੀ ਸਨ। ਤਿੰਨੇ ਭੈਣਾਂ ਅੱਠਵੀਂ ਜਮਾਤ ਤੱਕ ਪੜ੍ਹੀਆਂ ਸਨ। ਤਿੰਨੇ ਹੀ ਸੁੱਘੜ, ਸੁਲਝੀਆਂ ਹੋਈਆਂ ਤੇ ਸਮਝਦਾਰ ਸਨ।

ਸਾਡਾ ਪਰਿਵਾਰ ਖੱਤਰੀ ਪਰਿਵਾਰ ਹੈ ਅਤੇ ਕੌਮੀ ਖ਼ਿਆਲਾਤ ਰੱਖਦਾ ਹੈ। ਮੇਰੇ ਪਿਤਾ ਜੀ ਕੋਲ਼ 83 ਘੁਮਾਂ ਜ਼ਮੀਨ ਸੀ। ਜ਼ਮੀਨ ਤੋਂ ਆਉਂਦੀ ਵਟਾਈ (ਆਮਦਨ) ਨਾਲ਼ ਘਰ ਦਾ ਗੁਜ਼ਾਰਾ ਨਹੀਂ ਸੀ ਚੱਲਦਾ। ਇਸ ਲਈ ਉਨ੍ਹਾਂ ਨੇ ਕਈ ਹੋਰ ਛੋਟੇ-ਛੋਟੇ ਕਾਰੋਬਾਰ ਕੀਤੇ। ਮੇਰੇ ਦਾਦਾ ਜੀ ਜੈ ਰਾਮ ਦਾਸ ਕੋਛੜ ਨੇ ਬਾਗ਼ ਲਗਾਇਆ ਅਤੇ ਦੇਸੀ ਖੰਡ ਬਣਾਉਣ ਦਾ ਕੰਮ ਵੀ ਕੀਤਾ। ਮੇਰੇ ਪਿਤਾ ਜੀ ਨੇ ਖੰਡ ਬਣਾਉਣ ਦਾ ਕੰਮ ਥੋੜ੍ਹਾ ਸਮਾਂ ਹੀ ਕੀਤਾ। ਉਨ੍ਹਾਂ ਨੇ 1905 ਵਿਚ ਪਹਿਲਾਂ ਆਟਾ ਪੀਹਣ ਦੀ ਛੋਟੀ ਚੱਕੀ ਲਾਈ। 1913 ਵਿਚ ਉਨ੍ਹਾਂ ਵੱਡੀ ਚੱਕੀ ਲਗਾ ਲਈ। ਕਪਾਹ ਦੇ ਵੇਲਣੇ, ਝੋਨੇ ਤੋਂ ਚੌਲ਼ ਕੱਢਣ ਦੀਆਂ ਮਸ਼ੀਨਾਂ, ਚੂਨੇ ਦੀਆਂ ਭੱਠੀਆਂ, ਇੱਟਾਂ ਦਾ ਭੱਠਾ ਆਦਿ ਵੀ ਲਾਏ। 1934 ਤੱਕ ਉਹ ਇਹ ਸਾਰੇ ਛੋਟੇ-ਛੋਟੇ ਕਾਰੋਬਾਰ ਕਰਦੇ ਰਹੇ।

ਨੂਰਮਹਿਲ ਵਿਚ ਲੜਕਿਆਂ ਦੇ ਦੋ ਹਾਈ ਸਕੂਲ ਸਨ। ਦੁਆਬਾ ਆਰੀਆ ਹਾਈ ਸਕੂਲ ਤੇ ਗੌਰਮਿੰਟ ਹਾਈ ਸਕੂਲ। ਲੜਕੀਆਂ ਦਾ ਸਰਕਾਰੀ ਮਿਡਲ ਸਕੂਲ ਸੀ।

ਸਾਡੇ ਸਾਰੇ ਭਰਾਵਾਂ ਵਿਚ ਅਲੱਗ ਅਲੱਗ ਸੋਚ ਹੋਣ ਦੇ ਬਾਵਜੂਦ ਆਪਸੀ ਪਿਆਰ ਅਤੇ ਸਹਿਣਸ਼ੀਲਤਾ (Tolerance) ਸੀ। ਜਿਵੇਂ ਕਿ 1967 ਦੇ ਸ਼ੁਰੂ ਵਿਚ ਮੇਰੇ ਭਰਾ ਵੇਦ ਪ੍ਰਕਾਸ ਦਾ ਬੇਟਾ ਇੰਗਲੈਂਡ ਚਲਾ ਗਿਆ। ਉਥੇ ਉਸ ਨੇ ਇਕ ਅੰਗਰੇਜ਼ ਲੜਕੀ ਨਾਲ ਸ਼ਾਦੀ ਕਰ ਲਈ, ਜਿਸ ਨੇ ਉਸ ਨੂੰ ਵਾਪਸ ਭਾਰਤ ਨਾ ਆਉਣ ਦਿੱਤਾ। ਪਿੱਛੋਂ ਮੇਰਾ ਭਤੀਜਾ ਕਿਸੇ ਗੰਭੀਰ ਬਿਮਾਰੀ (hodgkins deseas) ਦਾ ਸ਼ਿਕਾਰ ਹੋ ਗਿਆ। ਮੇਰਾ ਦੂਸਰਾ ਭਰਾ ਜਗਦੀਸ਼ ਚੰਦਰ ਜੋ ਦਿੱਲੀ ਵਿਚ ਰਹਿੰਦਾ ਸੀ, ਬਹੁਤ ਧਾਰਮਿਕ ਖ਼ਿਆਲਾਂ ਦਾ ਸੀ। ਉਨ੍ਹਾਂ ਨੇ ਕਿਸੇ ਜੋਤਿਸ਼ੀ ਤੋਂ ਇਸ ਬਿਮਾਰੀ ਦਾ ਉਪਾਅ ਪੁੱਛਿਆ। ਬਿਮਾਰੀ ਨੂੰ ਦੂਰ ਕਰਨ ਲਈ ਉਪਾਅ ਦੇ ਤੌਰ 'ਤੇ ਜੋਤਿਸ਼ੀ ਨੇ ਉਨ੍ਹਾਂ ਨੂੰ ਘਰ ਵਿਚ ਇਕ ਖ਼ਾਸ ਤਰ੍ਹਾਂ ਦੇ 1000 ਪਾਠ ਕਰਵਾਉਣ ਲਈ ਕਿਹਾ। ਅਖੀਰਲਾ ਪਾਠ ਨੂਰਮਹਿਲ ਵਿਚ ਹੋਣਾ ਸੀ। ਮੈਂ ਉਨ੍ਹਾਂ ਦੇ ਕਹਿਣ 'ਤੇ ਹਵਨ ਦੀਆਂ ਸਾਰੀਆਂ ਚੀਜ਼ਾਂ (ਲੱਕੜੀਆਂ, ਘਿਓ, ਹਵਨਕੁੰਡ ਆਦਿ) ਲਿਆ ਕੇ ਦੇ ਦਿੱਤੀਆਂ। ਘਰ ਵਿਚ ਹਵਨ ਸ਼ੁਰੂ ਹੋ ਗਿਆ। ਮੇਰੇ ਭਰਾ-ਭਰਜਾਈ ਵੇਦ ਪ੍ਰਕਾਸ਼, ਬਿਮਲਾ ਦੇਵੀ ਜਿਨ੍ਹਾਂ ਦਾ ਲੜਕਾ ਸਤਿੰਦਰ ਨਾਥ ਬਿਮਾਰ ਸੀ ਅਤੇ ਨਜ਼ਦੀਕੀ ਰਿਸ਼ਤੇਦਾਰ ਅਤੇ ਦੋਸਤ ਮਿੱਤਰ ਬੈਠੇ ਹੋਏ ਸਨ। ਪਾਧੇ ਦੇ ਨਾਲ ਪਾਠ ਕਰਦੇ ਹੋਏ ਸਭ ਲੋਕ ਮੰਤਰਾਂ ਦਾ ਉਚਾਰਣ ਕਰਦੇ ਹੋਏ ਹਵਨਕੁੰਡ ਵਿਚ ਅਹੁਤੀਆਂ ਪਾ ਰਹੇ ਸਨ। ਮੇਰੇ ਕਰੀਬੀ ਸਾਥੀ ਡਾ. ਧਰਮਪਾਲ ਵੀ ਪਾਠ ਵਿਚ ਸ਼ਾਮਲ ਸਨ। ਉਨ੍ਹਾਂ ਨੇ ਮੈਨੂੰ ਕਿਹਾ ਕਿ ਤੁਸੀਂ ਸਾਰੇ ਮੰਤਰ ਜਾਣਦੇ ਹੋ। ਤੁਸੀਂ ਵੀ ਅਹੁਤੀ ਪਾ ਲਓ। ਮੈਂ ਜਵਾਬ ਦਿੱਤਾ, "ਮੈਂ ਵਿਗਿਆਨਿਕ ਸੋਚ ਦਾ ਧਾਰਨੀ ਹਾਂ, ਕਿਸੇ ਵੀ ਬਿਮਾਰੀ ਦਾ ਇਲਾਜ ਮੈਡੀਕਲ ਸਾਇੰਸ ਹੈ। ਕੋਈ ਵੀ ਅਜਿਹੀ ਗੈਬੀ ਸ਼ਕਤੀ ਨਹੀਂ ਹੁੰਦੀ ਜਿਹੜੀ ਤੁਹਾਡੀ ਬਿਮਾਰੀ ਦਾ ਇਲਾਜ ਕਰ ਸਕੇ।" ਉਸ ਵੇਲੇ ਆਪਣੇ ਭਰਾ-ਭਰਜਾਈ ਦੀ ਮੌਜੂਦਗੀ ਵਿਚ (ਜਿਹੜੇ ਕਿ ਬਹੁਤ ਉਦਾਸ ਸਨ) ਸਭ ਦੇ ਸਾਹਮਣੇ ਇਹ ਗੱਲ ਕਹਿਣੀ ਬਹੁਤ ਕਠਿਨ ਸੀ ਪਰ ਮੈਂ ਕਹਿ ਦਿੱਤੀ। ਮੇਰੇ ਭਰਾ-ਭਰਜਾਈ ਨੇ ਵੀ ਇਸ ਗੱਲ ਦਾ ਬੁਰਾ ਨਹੀਂ ਮਨਾਇਆ। ਕੁਝ ਸਮੇਂ ਬਾਅਦ ਮੇਰੇ ਭਤੀਜੇ ਦੀ ਡੈਥ ਹੋ ਗਈ। ਉਸਦੀ ਡੈਥ ਦੀ ਖ਼ਬਰ ਵੀ ਟੈਲੀਗਰਾਮ ਰਾਹੀਂ ਸਭ ਤੋਂ ਪਹਿਲਾਂ ਸਾਡੇ ਕੋਲ ਬਾਗ ਵਿਚ ਆਈ ਸੀ। ਮੈਂ ਤੇ ਮੇਰੀ ਬੇਟੀ ਸੁਰਿੰਦਰ ਨੇ ਹੀ ਆਪਣੇ ਭਰਾ-ਭਰਜਾਈ ਨੂੰ ਇਹ ਦੁੱਖਭਰੀ ਖ਼ਬਰ ਦਿੰਦਿਆਂ ਉਨ੍ਹਾਂ ਨੂੰ ਹੌਂਸਲਾ ਦਿੱਤਾ ਸੀ। ਸਤਿੰਦਰ ਨਾਥ ਦੀ ਡੈਥ ਤੋਂ ਬਾਅਦ ਉਸਦੀ ਪਤਨੀ ਸਾਡੇ ਘਰ ਨੂਰਮਹਿਲ ਦੋ-ਤਿੰਨ ਵਾਰੀ ਆਈ। ਉਸ ਨੇ ਮਹਿਸੂਸ ਕੀਤਾ ਕਿ ਇਸ ਤਰ੍ਹਾਂ ਦੇ ਪਰਿਵਾਰ ਤੋਂ ਮੈਂ ਹੁਣ ਤੱਕ ਦੂਰੀ ਬਣਾ ਕੇ ਚੰਗਾ ਨਹੀਂ ਕੀਤਾ।

ਮੇਰੇ ਭਰਾ ਜਗਦੀਸ਼ ਚੰਦਰ ਨੇ ਮੇਰੀ ਬੇਟੀ ਸੁਰਿੰਦਰ ਨੂੰ ਕਿਹਾ ਕਿ ਆਪਣੇ ਦਾਦਾ ਜੀ ਦੀ ਸਮਾਧ 'ਤੇ ਫੁੱਲ ਚੜ੍ਹਾ ਦਿਆ ਕਰ, ਪਰ ਸੁਰਿੰਦਰ ਨੇ ਆਪਣੇ ਤਾਇਆ ਜੀ ਨੂੰ ਕਿਹਾ, "ਮੈਨੂੰ ਦਾਦਾ ਜੀ ਨੇ ਕਿਹਾ ਸੀ ਕਿ ਬਾਗ ਨੂੰ ਫੁੱਲਾਂ ਨਾਲ ਹੋਰ ਵੀ ਸਜਾਉਣਾ

ਹੈ। ਇਸ 'ਤੇ ਉਹ ਚੁੱਪ ਕਰ ਗਏ। ਮੈਂ ਉਨ੍ਹਾਂ ਦੀ ਇੱਛਾ ਮੁਤਾਬਕ ਬਾਗ ਨੂੰ ਫੁੱਲਾਂ ਨਾਲ ਸਜਾ ਦਿੱਤਾ ਹੈ ਪਰ ਮੈਂ ਫੁੱਲਾਂ ਨੂੰ ਤੋੜ ਕੇ ਸਮਾਧ 'ਤੇ ਨਹੀਂ ਚੜ੍ਹਾਇਆ। ਅੱਜ 100 ਵਰ੍ਹੇ ਦੀ ਉਮਰ ਹੋਣ 'ਤੇ ਮੇਰੇ ਭਰਾ ਜਗਦੀਸ਼ ਚੰਦਰ ਨੇ ਸੁਰਿੰਦਰ ਅਤੇ ਸਾਨੂੰ ਸਾਰਿਆਂ ਨੂੰ ਕਿਤਾਬ ਘਰ (Library) ਖੋਲ੍ਹਣ ਦੇ ਮੌਕੇ 'ਤੇ ਵਧਾਈ ਦਿੱਤੀ ਅਤੇ ਕਿਤਾਬ ਘਰ ਦੀ ਤਰੱਕੀ ਲਈ ਸ਼ੁਭ ਕਾਮਨਾਵਾਂ ਵੀ ਦਿੱਤੀਆਂ। ਸਾਡੇ ਸਭ ਭਰਾਵਾਂ ਵਿਚ ਇਕ ਦੂਸਰੇ ਦੇ ਵਿਚਾਰਾਂ ਦੇ ਪ੍ਰਤੀ ਸਹਿਨਸ਼ੀਲਤਾ ਰਹੀ।

ਨੂਰਮਹਿਲ ਦਾ ਇਤਿਹਾਸਕ ਪਿਛੋਕੜ

ਨੂਰਮਹਿਲ ਜਿਸ ਦਾ ਪੁਰਾਣਾ ਨਾਂ 'ਕੋਟ-ਗਹਿਲੂਰ' ਸੀ। ਜੋ ਗਹਿਲੂਰ ਰਾਜਪੂਤਾਂ ਦੇ ਨਾਂ ਤੋਂ ਪਿਆ। ਇਹ ਪੁਰਾਣੇ ਸ਼ਾਹ-ਰਾਹ (Grand Trunk) ਉੱਤੇ ਬਣੀ ਹੋਈ ਇਕ ਵੱਡੀ ਤੇ ਸੁੰਦਰ ਸਰਾਂ ਕਰਕੇ ਮਸ਼ਹੂਰ ਸੀ। ਇਸ ਸਰਾਂ ਵਿਚ ਆ ਕੇ ਠਹਿਰਣ ਵਾਲ਼ੇ ਫ਼ੌਜੀਆਂ ਦੇ ਅਤੇ ਲੋਕਾਂ ਦੇ ਕਾਫ਼ਲਿਆਂ ਨੂੰ ਕਿਸੇ ਤਰ੍ਹਾਂ ਦਾ ਕੋਈ ਮਹਿਸੂਲ (ਟੈਕਸ) ਨਹੀਂ ਸੀ ਦੇਣਾ ਪੈਂਦਾ।

ਇਸ ਦਾ ਰਕਬਾ 68 ਕਨਾਲ਼ ਦੇ ਕਰੀਬ ਹੈ। ਇਸ ਦੇ ਚਾਰੇ ਪਾਸੇ ਮੁਸਾਫ਼ਰਾਂ ਦੇ ਠਹਿਰਣ ਲਈ ਕੋਠੜੀਆਂ ਬਣੀਆਂ ਹੋਈਆਂ ਹਨ। ਇਹ ਸਰਾਂ ਏਨੀ ਵੱਡੀ ਹੈ ਕਿ ਜਿੰਨੇ ਵੀ ਕਾਫ਼ਲੇ ਆ ਜਾਂਦੇ, ਸਾਰੇ ਹੀ ਇਸ ਵਿਚ ਠਹਿਰ ਸਕਦੇ ਸਨ। ਇਸ ਲਈ ਇਹ ਗੱਲ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਚੁੱਕੀ ਹੈ ਕਿ ਇਹ ਕਿਹੜੀ ਨੂਰਮਹਿਲ ਦੀ ਸਰਾਂ ਹੈ ਜਿਥੇ ਐਨੇ ਲੋਕ (ਬੰਦੇ) ਠਹਿਰ ਜਾਣਗੇ।

ਮੁਗ਼ਲ ਸ਼ਾਸ਼ਨ ਕਾਲ ਦੌਰਾਨ ਬਾਦਸ਼ਾਹ ਜਹਾਂਗੀਰ ਨੇ ਆਪਣੀ ਬੇਗ਼ਮ ਨੂਰਜਹਾਂ ਦੇ ਨਾਂ ਉੱਤੇ ਇਸ ਸ਼ਹਿਰ ਦਾਂ ਨੂਰਮਹਿਲ ਰੱਖਿਆ। ਜਹਾਂਗੀਰ ਆਪਣੀ ਚਹੇਤੀ ਤੇ ਸੁੰਦਰ ਬੇਗ਼ਮ ਨੂੰ 'ਮਹਿਲ ਦਾ ਨੂਰ' ਕਿਹਾ ਕਰਦਾ ਸੀ। ਇਸ ਕਰਕੇ ਸ਼ਹਿਰ ਦਾ ਨਾਂ ਨੂਰਮਹਿਲ ਪੈ ਗਿਆ।

ਸਰ੍ਹਾਂ ਦਾ ਪੱਛਮੀ ਦਰਵਾਜ਼ਾ ਬਹੁਤ ਖ਼ੂਬਸੂਰਤ ਹੈ, ਜਿਸ ਉੱਤੇ ਚਿੜੀਆਂ, ਹਾਥੀਆਂ, ਮੋਰ, ਹੋਰ ਵੀ ਕਈ ਤਰ੍ਹਾਂ ਦੇ ਜਾਨਵਰਾਂ ਤੇ ਫ਼ੌਜੀ ਸਿਪਾਹੀਆਂ ਦੇ ਆਕਾਰ ਲਾਲ ਪੱਥਰ ਉੱਤੇ ਕਾਰੀਗਰ ਸ਼ਿਲਪੀਆਂ ਨੇ ਬਣਾਏ ਹੋਏ ਹਨ। ਸਰਾਂ ਦੀ ਸੁੰਦਰਤਾ ਹਰ ਕਿਸੇ ਦਾ ਮਨ ਮੋਹ ਲੈਂਦੀ ਹੈ। ਦਰਵਾਜ਼ੇ ਦੇ ਦੋਵਾਂ ਪਾਸਿਆਂ ਦਾ ਆਕਾਰ ਇਕੋ ਜਿਹਾ ਹੈ। ਦਰਵਾਜ਼ੇ ਦੇ ਦੋਹੀਂ ਪਾਸੀਂ ਬੇਗਮਾਂ ਦੇ ਬੈਠਣ ਦੀ ਜਗ੍ਹਾ ਬਣੀ ਹੋਈ ਹੈ। ਜਿਨ੍ਹਾਂ ਨੂੰ ਚਬੂਤਰੇ ਕਹਿੰਦੇ ਹਨ, ਉਥੇ ਬੈਠ ਕੇ ਸ਼ਾਹ-ਰਾਹ ਦਾ ਨਜ਼ਾਰਾ ਲਿਆ ਜਾ ਸਕਦਾ ਹੈ।

ਸਰ੍ਹਾਂ ਦੀ ਦੱਖਣ ਬਾਹੀ ਦੇ ਸੈਂਟਰ ਵਿਚ ਇਕ ਵੱਡਾ ਰੰਗ-ਮਹਿਲ ਹੈ। ਜਿਸ ਦੀ ਛੱਤ ਉੱਤੇ ਸੁੰਦਰ ਰੰਗਾਂ ਵਿਚ ਹਾਥੀ, ਫੁੱਲ-ਬੂਟੇ ਪੇਂਟਿੰਗ ਦੀ ਸ਼ਕਲ ਵਿਚ ਅਸੀਂ ਵੀ ਦੇਖੇ ਸਨ, ਜੋ ਹੁਣ ਮਿਟ ਚੁੱਕੇ ਹਨ।

ਸਰ੍ਹਾਂ ਦੇ ਬਾਹਰਵਾਰ ਦੱਖਣ ਵੱਲ ਥੋੜ੍ਹੀ ਦੂਰੀ ਉੱਤੇ ਇਕ ਖੂਹ ਸੀ ਜਿਸ ਨੂੰ 'ਅਸਮਾਨੀ ਖੂਹ' ਕਹਿੰਦੇ ਸਨ। ਖੂਹ ਦਾ ਉੱਚਾਈ ਤੋਂ ਗਿਰਦਾ ਪਾਣੀ, ਮਿੱਟੀ ਦੇ ਪਕਾਏ

ਹੋਏ ਪਾਈਪਾਂ ਰਾਹੀਂ ਰੰਗ-ਮਹਿਲ ਤੱਕ ਲਿਆਂਦਾ ਜਾਂਦਾ ਸੀ। ਕਿਹਾ ਜਾਂਦਾ ਹੈ ਕਿ ਸਰ੍ਹਾਂ ਦੇ ਪੂਰਬੀ ਪਾਸੇ ਤੋਂ ਬਾਹਰਵਾਰ ਇਕ ਬਾਉਲੀ ਵੀ ਸੀ, ਜਿਸ ਤੱਕ ਪਹੁੰਚਣ ਲਈ ਸੁਰੰਗ ਬਣੀ ਹੋਈ ਸੀ। ਜਿਸ ਰਾਹੀਂ ਰੰਗ-ਮਹਿਲ ਤੋਂ ਆਇਆ-ਜਾਇਆ ਜਾਂਦਾ ਸੀ।

ਨੂਰਮਹਿਲ ਇਕ ਵਪਾਰਕ ਸ਼ਹਿਰ ਹੈ। ਇਸ ਦੀ ਆਬਾਦੀ ਇਸ ਵੇਲੇ ਤੇਰ੍ਹਾਂ ਹਜ਼ਾਰ ਦੇ ਕਰੀਬ ਹੈ। ਇਸ ਦੇ ਵਸਨੀਕਾਂ 'ਚ ਸ਼ਹਿਰੀਪਨ ਦੇ ਗੁਣਾਂ ਦੇ ਨਾਲ-ਨਾਲ ਦਿਹਾਤੀ ਸੱਭਿਅਤਾ ਦੇ ਗੁਣ ਵੀ ਮੌਜੂਦ ਹਨ।

ਨੋਟ :- ਪੰਜਾਬ ਵਿਚ ਅੰਗਰੇਜ਼ੀ ਰਾਜ ਆਉਣ ਤੋਂ ਪਹਿਲਾਂ ਉੱਤਰ-ਪੱਛਮ (ਅਫਗਾਨਿਸਤਾਨ) ਤੋਂ ਹਮਲਾਵਰ, ਘੋੜਸਵਾਰ, ਲੁਟੇਰੇ ਪੰਜਾਬ ਦੇ ਨਗਰਾਂ ਨੂੰ ਲੁੱਟਣ ਲਈ ਆਉਂਦੇ ਰਹਿੰਦੇ ਸਨ, ਕਿਉਂਕਿ ਨਗਰਾਂ ਵਿਚ ਹੀ ਵਪਾਰੀ ਤੇ ਸ਼ਾਹੂਕਾਰ ਰਹਿੰਦੇ ਸਨ। ਉਨ੍ਹਾਂ ਕੋਲ ਬਹੁਤ ਜ਼ਿਆਦਾ ਧਨ-ਦੌਲਤ ਹੁੰਦਾ ਸੀ। ਨੂਰਮਹਿਲ ਨੂੰ ਵੀ ਕਈ ਵਾਰ ਲੁੱਟਿਆ ਗਿਆ। ਦੋ ਵਾਰ ਲੁੱਟਣ ਦਾ ਜ਼ਿਕਰ ਅੰਗਰੇਜ਼ੀ ਸਰਕਾਰ ਦੁਆਰਾ ਲਿਖੇ ਹੋਏ 'ਇਕ ਜਲੰਧਰ-ਗਜ਼ਟ' ਵਿਚ ਆਉਂਦਾ ਹੈ। ਇਹ ਗਜ਼ਟ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰੀਜਨਲ ਸੈਂਟਰ ਜਲੰਧਰ ਦੀ ਲਾਇਬ੍ਰੇਰੀ ਵਿਚ ਪਿਆ ਹੈ।

ਇਹ ਧਾੜਵੀ-ਲੁਟੇਰੇ ਜਦ ਵੀ ਲੁੱਟਣ ਆਉਂਦੇ, ਆਦਮੀਆਂ ਨੂੰ ਕਤਲ ਕਰਕੇ ਔਰਤਾਂ ਨੂੰ ਚੁੱਕ ਲਿਜਾਂਦੇ ਸਨ, ਔਰਤਾਂ ਨੂੰ ਕਈ ਵਾਰ ਸਿੱਖ ਯੋਧਿਆਂ ਨੇ ਛੁਡਾਇਆ ਵੀ ਸੀ। ਇਨ੍ਹਾਂ ਲੁਟੇਰਿਆਂ ਬਾਬਤ (ਪੰਜਾਬ ਵਿਚ) ਇਕ ਅਖਾਣ ਵੀ ਮਸ਼ਹੂਰ ਹੈ,

"ਕਾਬੁਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ।"

ਨੂਰਮਹਿਲ ਦੀ ਆਰਥਿਕਤਾ ਅਤੇ ਪਲਾਇਨ

ਨੂਰਮਹਿਲ ਨਗਰ ਦੀ ਆਬਾਦੀ 1930 ਈ. ਤੋਂ 1960 ਈ. ਤੱਕ ਨੌਂ ਹਜ਼ਾਰ ਦੇ ਕਰੀਬ ਰਹੀ। ਦੂਸਰੇ ਨਗਰਾਂ ਦੀ ਤਰ੍ਹਾਂ ਇਥੇ ਵੀ ਹਰ ਪੇਸ਼ੇ ਦੇ ਲੋਕ ਮੌਜੂਦ ਸਨ। ਜਿਸ ਨਾਲ ਸਮਾਜਿਕ ਜੀਵਨ ਵਧੀਆ ਢੰਗ ਨਾਲ ਚੱਲਦਾ ਸੀ।

ਜਿਨ੍ਹਾਂ ਵਿਚ ਵੱਡੀ ਤਾਦਾਦ ਵਿਚ ਸਿੱਖ-ਕਿਸਾਨ, ਅਰਾਈਂ, ਮੁਸਲਿਮ ਕਿਸਾਨ, ਸ਼ਾਹੂਕਾਰ, ਲੁਹਾਰ, ਤਰਖਾਣ, ਰਾਜ-ਮਿਸਤਰੀ, ਜੁਲਾਹੇ, ਪੇਂਜੇ, ਤੇਲੀ, ਮੋਚੀ, ਬਸਾਤੀ (ਜਨਰਲ-ਸਟੋਰ) ਬ੍ਰਾਹਮਣ, ਪਾਂਧੇ, ਪ੍ਰੋਹਿਤ (ਸ਼ਾਦੀ ਅਤੇ ਹੋਰ ਧਾਰਮਿਕ-ਰਸਮਾਂ ਨਿਭਾਉਣ ਵਾਲਾ) ਸੁਨਿਆਰੇ (ਸਰਾਫ਼) ਨਾਈ; ਧੋਬੀ, ਦਰਜੀ, ਡਾਕਟਰ, ਹਕੀਮ, ਗਗੜੇ (ਜੋਕਾਂ ਲਾਉਣ ਵਾਲੇ ਤਾਂ ਕਿ ਜੋਕਾਂ ਗੰਦਾ ਖ਼ੂਨ ਚੂਸ ਲੈਣ), ਘੁਮਿਹਾਰ, ਕਹਾਰ (ਝੀਰ) ਤੇਲੀ ਕਰੂੰਜੜੇ (ਮੁਸਲਮਾਨ ਸਬਜ਼ੀ ਵੇਚਣ ਵਾਲੇ) ਹਲਵਾਈ, ਮਾਛਕੀ (ਮੁਸਲਮਾਨਾਂ ਦੇ ਘਰਾਂ 'ਚ ਮੱਛਕ ਨਾਲ ਪਾਣੀ ਦੇਣ ਵਾਲੇ) ਬਾਲਮੀਕ (ਸਫ਼ਾਈ ਕਰਮਚਾਰੀ) ਖਰਾਦੀਏ (ਲੱਕੜ ਨੂੰ ਖਰਾਦ (ਰਗੜ) ਕੇ ਸਮਾਨ, ਗਡੀਰਨੇ, ਪਾਵੇ ਆਦਿ ਬਣਾਉਣ ਵਾਲੇ) ਚਰਵਾਹੇ, ਗੁੱਜਰ, ਪਾਲੀ (ਪਸ਼ੂਆਂ ਨੂੰ ਚਰਾਉਣ ਵਾਲਾ ਚਰਵਾਹਾ), ਵੈਦ, ਹਕੀਮ, ਜੱਰ੍ਹਾ (ਸਰਜਨ) ਆਤਾਰ (ਅਰਕ ਕੱਢਣ ਵਾਲੇ) ਮੌਲਵੀ, ਕਸਾਈ, ਮਰਾਸੀ, ਹਿਜੜੇ, ਸਿਰਕੀਬੰਨ, ਰੰਗਰੇਜ (ਲਲਾਰੀ), ਨੇਚੇਬੰਦ (ਹੁੱਕੇ ਦੀਆਂ ਨੜੀਆਂ ਬਣਾਉਣ ਵਾਲੇ), ਚਾਰਜ (ਮੌਤ ਤੋਂ ਬਾਅਦ ਦੀਆਂ ਰਸਮਾਂ ਕਰਨ ਵਾਲੇ), ਡਕਾਂਉਤ/ਸ਼ਨਿਚਰੀਆ (ਸ਼ਨੀਵਾਰ ਨੂੰ ਤੇਲ ਮੰਗਣ ਵਾਲਾ), ਸ਼ੇਖ, ਕਾਜ਼ੀ, ਭਰਾਈ (ਸਤੂਤੀ ਕਰਨ ਵਾਲੇ) ਭੱਟ, ਡੋਮ, ਰਕਾਸਾ (ਨੱਚਣ ਵਾਲੀ), ਦਾਈ (ਜੱਚਾ ਨਰਸ), ਲੋਟੀਏ (ਲੋਹੇ ਦਾ ਸਾਮਾਨ ਵੇਚਣ ਵਾਲੇ), ਪਿੱਤਲ ਦੇ ਭਾਂਡਿਆਂ ਦੀ ਦੁਕਾਨ, ਜਲਾਉਣ ਵਾਲੀ ਲੱਕੜੀ ਦਾ ਟਾਲ, ਸ਼ਤੀਰੀਆਂ ਦਾ ਟਾਲ ਆਦਿ ਸਨ। ਨੂਰਮਹਿਲ ਵਿਚ ਇਕ ਸਿਵਲ ਹਸਪਤਾਲ ਵੀ ਸੀ। ਜਿਥੇ ਇਕ ਡਾਕਟਰ, ਇਕ ਕੰਪਾਊਡਰ ਅਤੇ ਇਕ ਸਫ਼ਾਈ ਕਰਮਚਾਰੀ ਹੁੰਦਾ ਸੀ।

ਨੋਟ : ਖੱਤਰੀ ਅਤੇ ਬ੍ਰਾਹਮਣਾਂ ਦੀ ਅਬਾਦੀ ਸ਼ਹਿਰ ਦੇ ਵਿਚਕਾਰ ਸੀ। ਸ਼ਹਿਰ ਦੇ ਚੌਹੀਂ-ਪਾਸੀਂ (ਬਾਹਰ-ਬਾਹਰ) ਅਰਾਈਂ (ਮੁਸਲਿਮ ਕਿਸਾਨ), ਖਟੀਕ, ਜੁਲਾਹੇ, ਖਰਾਦੀਏ, ਬਾਲਮੀਕ, ਚਮਾਰ, ਮੋਚੀ ਅਤੇ ਹੋਰ ਹੱਥੀਂ ਕੰਮ ਕਰਨ ਵਾਲਿਆਂ ਗ਼ਰੀਬ ਲੋਕਾਂ ਦੀ ਅਬਾਦੀ ਸੀ। ਜਿਨ੍ਹਾਂ ਵਿਚ ਮੁੱਖ ਤੌਰ 'ਤੇ ਮੁਸਲਿਮ ਭਾਈਚਾਰੇ ਦੇ ਲੋਕ ਸਨ, ਪਰ ਸ਼ੇਖ-

ਸਈਅਦ, ਕਾਜ਼ੀ, ਵਾਇਜ਼ (ਪ੍ਰਵਚਨ ਕਰਨ ਵਾਲਾ), ਹਕੀਮ, ਸ਼ਹਿਰ ਦੀ ਦੂਸਰੀ ਅਬਾਦੀ ਵਿਚਕਾਰ ਹੀ ਰਹਿੰਦੇ ਸਨ।

ਭਾਰ ਢੋਹਣ ਦਾ ਕੰਮ ਜ਼ਿਆਦਾਤਰ ਗਧੇ ਤੋਂ ਹੀ ਲਿਆ ਜਾਂਦਾ ਸੀ। ਕਦੇ-ਕਦੇ ਬੈਲ ਗੱਡੀ ਤੋਂ ਵੀ ਭਾਰ ਢੋਹਣ ਦਾ ਕੰਮ ਲੈ ਲਿਆ ਜਾਂਦਾ ਸੀ। ਸਵਾਰੀਆਂ ਨੂੰ ਲਿਜਾਣ ਲਈ ਘੋੜੇ ਵਾਲੇ ਟਾਂਗੇ ਹੁੰਦੇ ਸਨ।

ਪੰਜਾਬ ਦੇ ਕਈ ਪਿੰਡਾਂ ਵਿਚ ਗੰਨੇ ਦੀ ਖੇਤੀ ਹੁੰਦੀ ਸੀ। ਜਿਨ੍ਹਾਂ ਪਿੰਡਾਂ ਵਿਚ ਜ਼ਿਆਦਾ ਗੰਨਾ ਬੀਜਿਆ ਹੁੰਦਾ ਉਨ੍ਹਾਂ ਇਲਾਕਿਆਂ ਦੇ ਕਸਬਿਆਂ (ਨਗਰਾਂ) ਵਿਚ ਦੇਸੀ ਖੰਡ ਬਣਾਉਣ ਦਾ ਕਾਰੋਬਾਰ ਸੀ। ਇਸ ਕਾਰੋਬਾਰ ਦੇ ਮਾਲਕ ਪੈਸੇ ਵਾਲੇ ਮਹਾਜਨ ਹੁੰਦੇ ਸਨ। ਮਹਾਜਨ ਪਿੰਡਾਂ ਵਿਚ ਜਾ ਕੇ ਕਿਸਾਨਾਂ ਨਾਲ ਗੰਨੇ ਦੀ ਰਸ ਦਾ ਠੇਕਾ ਕਰ ਆਉਂਦੇ ਕਿਉਂਕਿ ਕਿਸਾਨ ਜਿੰਨਾ ਗੰਨਾ ਬੀਜਦਾ ਸੀ ਉਹ ਆਪ ਉਸ ਸਾਰੇ ਗੰਨੇ ਦਾ ਗੁੜ-ਸ਼ੱਕਰ ਬਣਾ ਕੇ ਵੇਚ ਨਹੀਂ ਸੀ ਸਕਦਾ।

ਗੰਨਾ ਪੀੜਨ ਲਈ ਵੇਲਣਿਆਂ ਨੂੰ ਪਸ਼ੂ ਚਲਾਉਂਦੇ ਸਨ। ਗੰਨੇ ਦਾ ਰੱਸ ਕੱਢ ਕੇ ਕੜਾਹੇ ਵਿਚ ਪਾ ਦਿੰਦੇ ਫਿਰ ਉਸ ਕੜਾਹੇ ਥੱਲੇ ਅੱਗ ਬਾਲਣ ਲਈ ਇਕ ਝੋਕਾ ਲਗਾਤਾਰ ਬਾਲਣ (ਜੋ ਕਿ ਗੰਨੇ ਦੀ ਖੋਰੀ ਛਿਲਕਾ ਹੁੰਦਾ) ਲਾਉਂਦਾ ਰਹਿੰਦਾ। ਆਮ ਤੌਰ 'ਤੇ ਉਹ 'ਦਲਿਤ' ਵਰਗ ਦਾ ਹੀ ਹੁੰਦਾ। ਰਸ ਨੂੰ ਕਾੜ੍ਹਦਿਆਂ ਜੋ ਰਸ ਦੀ ਮੈਲ ਉੱਪਰ ਆ ਕੇ ਇਕੱਠੀ ਹੋ ਜਾਂਦੀ ਸੀ ਉਸ ਨੂੰ ਉਤਾਰ ਲਿਆ ਜਾਂਦਾ ਤੇ ਝੋਕੇ ਨੂੰ ਓਹੀ ਮੈਲ ਦਿੱਤੀ ਜਾਂਦੀ ਸੀ।

ਜਦ ਰਸ ਕੜ੍ਹਦੇ ਹੋਏ ਗਾੜ੍ਹੀ ਹੋ ਜਾਂਦੀ ਵੱਤ ਆਉਣ ਉੱਤੇ ਰਾਬੀਆ (ਵੱਤ ਦੇਖਣ ਵਾਲਾ, ਖੰਡ ਬਨਾਉਣ ਦੀ ਮਿਲ ਵਿਚ ਉਸ ਨੂੰ ਕੈਮਿਸਟ ਕਹਿੰਦੇ ਸਨ) ਮਟੀਰੀਅਲ ਟੈਸਟ ਕਰਨ ਤੋਂ ਬਾਅਦ ਮੱਟੀਆਂ ਵਿਚ ਪਾ ਦਿੰਦੇ (ਮੱਟੀਆਂ ਮਿੱਟੀ ਦੇ ਵੱਡੇ-ਵੱਡੇ ਘੜੇ ਹੁੰਦੇ ਸਨ, ਇਨ੍ਹਾਂ ਨੂੰ ਘੁਮਿਆਰ ਮਿੱਟੀ ਨਾਲ ਤੇ ਸਫ਼ਾਈ ਨਾਲ ਚੰਗੀ ਤਰ੍ਹਾਂ ਪਕਾ ਕੇ ਬਣਾਉਂਦੇ)। ਮੱਟੀ ਦਾ ਮੂੰਹ ਅੱਠ-ਨੌਂ ਇੰਚ ਦੇ ਕਰੀਬ ਹੁੰਦਾ ਸੀ। ਮੱਟੀ ਵਿਚ ਕਵਿੰਟਲ, ਡੇਢ ਕਵਿੰਟਲ ਦੇ ਕਰੀਬ ਮਾਲ ਪੈ ਜਾਂਦਾ ਸੀ। ਮੱਟੀਆਂ ਤੋਂ ਬਾਅਦ ਡਰੰਮਾਂ ਦਾ ਇਸਤੇਮਾਲ ਵੀ ਹੋਣ ਲੱਗ ਪਿਆ।

ਜਦ ਤਿੰਨ ਚਾਰ ਮੱਟੀਆਂ ਭਰ ਜਾਂਦੀਆਂ ਤਾਂ ਸ਼ਾਹੂਕਾਰ ਮਾਲ (ਰਾਬ) ਲੈ ਕੇ ਗੱਡੇ ਉੱਤੇ ਲੱਦਾ ਕੇ ਆਪਣੇ ਅੱਡੇ ਉਤੇ ਲੈ ਆਉਂਦਾ। ਮੱਟੀਆਂ ਵਿਚ ਪਈ ਹੋਈ ਰਾਬ ਦਾ ਕੁਝ ਸਮੇਂ ਬਾਅਦ ਸ਼ੀਰਾ ਨਿੱਤਰ ਕੇ ਉੱਪਰ ਆ ਜਾਂਦਾ ਅਤੇ ਕਰਿਸਟਲ (ਚੀਨੀ-ਜਿਵੇਂ ਪੀਲੇ ਦਾਣੇ) ਉਸ ਦੇ ਥੱਲੇ ਜੰਮ ਜਾਂਦੇ, ਤਾਂ ਸ਼ਾਹ ਜੰਮੇ ਹੋਏ ਕਰਿਸਟਲ ਨੂੰ ਜੂਟ ਦੇ ਮੋਟੇ ਟਾਟ, ਦਰੀਆਂ, ਖੇਸੀਆਂ ਆਦਿ ਉੱਤੇ (ਜਿੱਥੇ ਕਮਰੇ ਵਿਚ ਜ਼ਿਆਦਾ ਧੁੱਪ ਆਉਂਦੀ ਹੁੰਦੀ) ਉਥੇ ਵਿਛਾ ਕੇ ਪੈਰਾਂ ਨਾਲ ਮਲਦੇ। ਪੈਰਾਂ ਨਾਲ ਮਲਣ ਤੋਂ ਪਹਿਲਾਂ ਪੈਰਾਂ ਦੀਆਂ ਅੱਡੀਆਂ ਨੂੰ ਕੱਪੜੇ ਨਾਲ ਬੰਨ੍ਹ ਲਿਆ ਜਾਂਦਾ ਸੀ ਤਾਂ ਕਿ ਜ਼ਖ਼ਮ ਨਾ ਹੋ ਜਾਣ। ਆਸਰੇ ਲਈ ਹੱਥ ਵਿਚ ਲਾਠੀ ਫੜ ਕੇ ਉਸ ਨੂੰ ਉਦੋਂ ਤੱਕ ਮਲਦੇ ਰਹਿੰਦੇ ਜਦੋਂ ਤੱਕ ਖੰਡ ਚਿੱਟੀ

ਨਾ ਹੋ ਜਾਂਦੀ। ਇਸ ਸਾਰੇ ਕੰਮ (PROCESS) ਨੂੰ ਪਟੇ ਮਲਣਾ ਕਹਿੰਦੇ ਸਨ।

ਖੰਡ ਮਲਦਿਆਂ ਮਿੱਠੇ ਉੱਤੇ ਮੱਖੀਆਂ, ਭੂੰਡ, ਖਿਲਾਂ, ਧਮੋੜੀਆਂ ਬਹੁਤ ਆ ਜਾਂਦੀਆਂ ਸਨ, ਪਰ ਉਹ ਲੜਦੀਆਂ ਨਹੀਂ ਸਨ। ਇਸ ਕੰਮ (ਕਿੱਤੇ) ਵਿਚ ਕਾਫ਼ੀ ਆਦਮੀਆਂ ਦੀ ਖ਼ਪਤ ਹੋ ਜਾਂਦੀ ਸੀ ਰਸ ਕੱਢਣ ਤੋਂ ਲੈ ਕੇ ਖੰਡ ਬਣਾਉਣ ਤੱਕ, (ਜੇ ਕਿਸਾਨ ਦੇ ਗੰਨੇ ਦੀ ਫ਼ਸਲ ਉਗਾਉਣ ਦਾ ਵੀ ਲਾ ਲਈਏ)। ਇਹ ਇਕ ਛੋਟੀ ਜਿਹੀ ਇੰਡਸਟਰੀ ਹੀ ਸੀ।

ਇਸ ਕਾਰੋਬਾਰ ਦਾ ਵੱਡਾ ਹਿੱਸਾ ਨੂਰਮਹਿਲ ਦੇ ਪੁਰਾਣੇ ਬਾਜ਼ਾਰ ਵਿਚ ਹੀ ਹੁੰਦਾ ਸੀ। ਨਵੇਂ ਬਾਜ਼ਾਰ ਵਿਚ ਵੀ ਸੀ ਪਰ ਘੱਟ ਹੀ। ਜਿਥੇ ਹੁਣ ਸਾਡਾ ਘਰ ਹੈ, ਇਸ ਸੜਕ ਦੇ ਦੋਹੀਂ ਪਾਸੀਂ ਦੁਕਾਨਾਂ ਸਨ; ਜਿੱਥੇ ਖੰਡ ਬਣਾਉਣ ਦਾ ਕੰਮ ਹੁੰਦਾ ਸੀ। ਖੰਡ ਵਿਚੋਂ ਅਲੱਗ ਹੋਇਆ ਸ਼ੀਰਾ ਵੀ ਵਿੱਕ ਜਾਂਦਾ ਸੀ। ਉਹ ਕਈ ਕੰਮਾਂ ਵਿਚ ਵਰਤਿਆ ਜਾਂਦਾ ਸੀ।

ਜਦ ਖੰਡ-ਮਿਲਾਂ ਲੱਗ ਗਈਆਂ ਤਾਂ ਬਾਜ਼ਾਰ ਵਿਚ ਮਿਲਾਂ ਦੀ ਖੰਡ 'ਦੇਸੀ' ਖੰਡ ਦੇ ਮੁਕਾਬਲੇ ਸਸਤੀ ਮਿਲਣ ਲੱਗ ਗਈ। 1933 ਵਿਚ ਮੈਂ ਅਤੇ ਮੇਰਾ ਵੱਡਾ ਭਰਾ ਓਮ ਪ੍ਰਕਾਸ਼ ਬਾਜ਼ਾਰ ਵਿਚੋਂ ਇਕ ਰੁਪਏ ਦੀ ਪੰਜ-ਸੇਰ ਖੰਡ (ਮਿੱਲ ਦੀ ਚਿੱਟੀ ਖੰਡ) ਲੈ ਕੇ ਆਏ ਸੀ। ਇਸ ਤਰ੍ਹਾਂ ਮਿੱਲਾਂ ਦੀ ਖੰਡ ਦਾ ਮੁਕਾਬਲਾ ਦੇਸੀ ਖੰਡ ਨਾ ਕਰ ਸਕੀ। ਇਸ ਤਰ੍ਹਾਂ ਦੇਸੀ ਖੰਡ ਦਾ ਕਾਰੋਬਾਰ ਘੱਟ ਗਿਆ ਅਤੇ ਇਸ ਕਾਰੋਬਾਰ ਵਿਚ ਲੱਗੇ ਹੋਏ ਲੋਕ ਬੇਕਾਰ ਹੋ ਗਏ।

1927-28 ਵਿਚ ਨੂਰਮਹਿਲ ਵਿਚ ਦਾਣਾਮੰਡੀ ਬਣ ਗਈ। ਸ਼ਾਹੂਕਾਰਾਂ ਨੇ ਉਥੇ ਆਪਣੀਆਂ ਦੁਕਾਨਾਂ (ਆੜ੍ਹਤ ਦੀਆਂ) ਖੋਲ੍ਹ ਲਈਆਂ। ਕਿਸਾਨਾਂ ਦੀ ਫ਼ਸਲ ਦਾਲਾਂ, ਕਣਕ, ਕਪਾਹ, ਮੱਕੀ, ਗੁੜ ਮੰਡੀ ਵਿਚ ਆੜ੍ਹਤੀਆਂ ਕੋਲ ਆਉਣਾ ਸ਼ੁਰੂ ਹੋ ਗਿਆ। ਕਿਸਾਨਾਂ ਦੀ ਫ਼ਸਲ ਜ਼ਿਆਦਾ ਬਾਰਿਸ਼ ਉੱਤੇ ਹੀ ਨਿਰਭਰ ਹੁੰਦੀ ਸੀ। ਕਦੇ ਸੋਕਾ ਪੈਂਦਾ ਤਾਂ ਫ਼ਸਲ ਬਹੁਤ ਘੱਟ ਜਾਂਦੀ ਸੀ।।

ਫ਼ਸਲਾਂ ਲਈ ਪਾਣੀ ਦਾ ਪ੍ਰਬੰਧ ਖੂਹਾਂ ਵਿਚੋਂ ਹਰਟ ਦੇ ਜ਼ਰੀਏ (Persian-Wel) ਨਾਲ ਕੀਤਾ ਜਾਂਦਾ ਸੀ। ਬੈਲ ਜਾਂ ਊਠ ਨਾਲ ਚੱਲਦੇ ਸਨ, ਅਤੇ ਖੂਹ ਵਿਚੋਂ ਪਾਣੀ ਕੱਢਦੇ ਸਨ। ਇਸ ਢੰਗ ਨਾਲ ਦਿਨ ਵਿਚ ਮੁਸ਼ਕਿਲ ਨਾਲ ਦੋ-ਕਨਾਲ ਸੇਂਜਾ (ਸਿੰਚਾਈ) ਹੀ ਹੁੰਦਾ ਸੀ। ਕਈ ਜਗ੍ਹਾ ਪਾਣੀ ਕੱਢਣ ਲਈ 'ਚਰਸ' ਵੀ ਚੱਲਦੇ ਸਨ। 'ਚਰਸ' ਉੱਤੇ ਕੰਮ ਕਰਨ ਲਈ ਤਕੜੇ ਚਾਰ ਬੰਦੇ ਅਤੇ ਦੋ ਜੋੜੀਆਂ ਬਲਦਾਂ ਦੀਆਂ ਲਗਦੀਆਂ ਸਨ। 'ਚਰਸ' ਚਮੜੇ ਦਾ ਹੁੰਦਾ ਸੀ, ਇਹ ਛੇ ਫੁੱਟ ਚੌੜਾ ਅਤੇ ਛੇ ਫੁੱਟ ਡੂੰਘਾ ਬਣਿਆ ਹੋਇਆ ਹੁੰਦਾ ਸੀ। ਇਸ ਨੂੰ 'ਬੋਕਾ' ਵੀ ਕਹਿੰਦੇ ਸਨ। ਇਸ ਨਾਲ ਚਾਰ-ਕਨਾਲ ਸੇਂਜਾ ਹੋ ਜਾਇਆ ਕਰਦਾ ਸੀ। ਮਿਹਨਤ ਬਹੁਤ ਹੁੰਦੀ ਸੀ। ਜ਼ਿਆਦਾ ਪਾਣੀ ਲੈਣ ਵਾਲੀ ਫ਼ਸਲ ਘੱਟ ਹੁੰਦੀ ਸੀ। ਜ਼ਿਆਦਾਤਰ ਫ਼ਸਲ ਮਾਰੂ (ਬਰਾਨੀ) ਹੀ ਹੁੰਦੀ ਸੀ; ਸੋ ਫ਼ਸਲ ਘੱਟ ਹੀ ਹੁੰਦੀ। ਖੇਤੀ ਦੇ ਸੰਦ ਵੀ ਪੁਰਾਣੀ ਕਿਸਮ ਦੇ ਹੀ ਹੁੰਦੇ ਸਨ ਅਤੇ ਖੇਤ

ਵੀ ਛੋਟੇ-ਛੋਟੇ ਹੁੰਦੇ ਸਨ; ਕੋਈ ਕਿਤੇ ਤੇ ਕੋਈ ਕਿਤੇ। ਕਿਸਾਨ ਆਪਣੀ ਫ਼ਿਤਰਤ ਮੁਤਾਬਿਕ ਦੂਸਰੇ ਦੇ ਖੇਤ ਦਾ ਬੰਨਾ ਵੱਢ ਕੇ ਆਪਣੇ ਖੇਤ ਵਿਚ ਮਿਲਾ ਲੈਂਦਾ ਅਤੇ ਇਸ ਉੱਤੇ ਝਗੜੇ ਤੇ ਲੜਾਈਆਂ ਹੋ ਜਾਂਦੀਆਂ ਸਨ। ਇਸ ਉੱਤੇ ਮੇਰਾ ਦੋਸਤ ਕਰਤਾਰ ਸਿੰਘ ਗਾਉਂਦਾ ਹੁੰਦਾ ਸੀ :-

"ਬਾਪੂ ਇਕੱਠੀ ਜ਼ਮੀਨ ਕਰਾ ਦੇ,
ਖੱਤੇ ਨਹੀਂ ਵਗਦੇ!
ਬੰਨਿਆਂ ਉੱਤੇ ਹੋਣ ਲੜਾਈਆਂ,
ਮੁਫਤਾਂ ਵਿਚ ਜਾਨਾਂ ਗੁਆਈਆਂ।
ਖੱਤੇ ਨਹੀਂ ਵਗਦੇ।
ਬਾਪੂ ਇਕੱਠੀ ਜ਼ਮੀਨ ਕਰਾ ਦੇ,
ਖੱਤੇ ਨਹੀਂ ਵਗਦੇ।"

ਨੂਰਮਹਿਲ ਵਿਚ ਦੂਸਰਾ ਵੱਡਾ ਕੰਮ ਮਰੇ ਹੋਏ ਪਸ਼ੂਆਂ ਦੀਆਂ ਖੱਲਾਂ ਨੂੰ ਸਾਫ਼ ਕਰਨਾ ਤੇ ਰੰਗਣਾ ਸੀ। ਉਹ ਮਰੇ ਹੋਏ ਪਸ਼ੂਆਂ ਨੂੰ ਲੈ ਕੇ ਆਉਂਦੇ, ਉਨ੍ਹਾਂ ਦੀਆਂ ਖੱਲਾਂ ਨੂੰ ਉਤਾਰਦੇ, ਸਾਫ਼ ਕਰਦੇ, ਫਿਰ ਕਿੱਕਰ ਦੇ ਸੱਕ ਨੂੰ ਰਿੰਨ੍ਹ ਕੇ ਉਸ ਪਾਣੀ ਵਿਚ ਰੰਗਦੇ ਅਤੇ ਸੁਕਾਉਂਦੇ ਸਨ। ਫਿਰ ਉਹ ਉਨ੍ਹਾਂ ਖੱਲਾਂ ਨੂੰ ਜਲੰਧਰ ਦੀ ਬੂਟਾ-ਮੰਡੀ ਖੱਲਾਂ ਦੇ ਵਪਾਰੀਆਂ ਕੋਲ ਵੇਚ ਆਉਂਦੇ ਸਨ। ਇਹ ਸਾਰਾ ਕੰਮ ਮੁਸਲਮਾਨ ਹੀ ਕਰਦੇ ਸਨ ਜਿਨ੍ਹਾਂ ਨੂੰ 'ਖਟੀਕ' ਕਿਹਾ ਜਾਂਦਾ ਸੀ। ਇਹ ਕੰਮ ਵੀ ਬਹੁਤ ਔਖਾ ਸੀ। ਇਸ ਤੋਂ ਇਲਾਵਾ ਇੱਟਾਂ ਦੇ ਭੱਟੇ ਅਤੇ ਚੂਨੇ ਦੀਆਂ ਭੱਠੀਆਂ (ਜ਼ਮੀਨ ਵਿਚੋਂ ਪੱਕੇ ਰੋੜ ਕੱਢੇ ਜਾਂਦੇ ਤੇ ਫਿਰ ਭੱਠੀ ਵਿਚ ਪਕਾਇਆ ਜਾਂਦਾ ਅਤੇ ਫਿਰ ਪੀਸਿਆ ਜਾਂਦਾ) ਇਹ ਚੂਨਾ ਸੀਮੈਂਟ ਦੀ ਜਗ੍ਹਾ ਵਰਤਿਆ ਜਾਂਦਾ ਸੀ। ਦੋ-ਤਿੰਨ ਆਟਾ ਪੀਸਣ ਦੀਆਂ ਚੱਕੀਆਂ ਤੇ ਕਪਾਹ ਦੇ ਵੇਲਣੇ, ਚੌਲ ਕੱਢਣ ਦੀਆਂ ਮਸ਼ੀਨਾਂ, ਰੂੰ ਕੱਢਣ ਦੇ ਵੇਲਣੇ ਅਤੇ ਸੋਢਾ-ਵਾਟਰ ਬਣਾਉਣ ਦੀਆਂ ਦੁਕਾਨਾਂ ਵੀ ਸਨ।

ਨੂਰਮਹਿਲ ਤੋਂ ਪਲਾਇਨ

ਜਦ ਸ਼ਾਹੂਕਾਰ੍ਹਾਂ ਦੇ ਲੜਕੇ ਕਾਲਜਾਂ ਵਿਚੋਂ ਪੜ੍ਹਾਈ ਕਰ ਕੇ ਨਿਕਲਦੇ ਉਨ੍ਹਾਂ ਉੱਤੇ ਪੜ੍ਹਾਈ ਦਾ ਖਰਚ ਬਹੁਤ ਆਇਆ ਹੁੰਦਾ। ਉਹ ਨੌਕਰੀ ਦੀ ਤਲਾਸ਼ ਵਿਚ ਵੱਡੇ ਸ਼ਹਿਰਾਂ ਨੂੰ ਚਲੇ ਗਏ। ਕਿਸੇ ਨੇ ਡਾਕਟਰੀ, ਕਿਸੇ ਨੇ ਵਕੀਲੀ, ਕਿਸੇ ਨੇ ਇੰਜੀਨੀਅਰੀ ਦਾ ਪੇਸ਼ਾ ਅਖਤਿਆਰ ਕੀਤਾ ਅਤੇ ਕਿਸੇ ਨੇ ਦਸ-ਜਮਾਤਾਂ ਪੜ੍ਹ ਕੇ ਰੇਲਵੇ ਦੀ ਨੌਕਰੀ ਕਰ ਲਈ। ਘੱਟ ਪੜ੍ਹੇ ਹੋਏ ਸ਼ਾਹੂਕਾਰਾਂ ਦੇ ਲੜਕੇ ਬਾਹਰ ਜਾ ਕੇ ਸਰਕਾਰੀ ਕੰਮਾਂ ਦੇ ਛੋਟੇ-ਛੋਟੇ ਠੇਕੇ ਲੈ ਕੇ ਠੇਕੇਦਾਰੀ ਕਰਨ ਲੱਗ ਪਏ।

ਨੂਰਮਹਿਲ ਵਿਚ ਬ੍ਰਾਹਮਣਾਂ ਦੀ ਤਾਦਾਦ ਵੀ ਕਾਫ਼ੀ ਸੀ, ਜਿਹੜੇ ਦਾਨ-ਪੁੰਨ ਨਾਲ ਆਪਣਾ ਗੁਜ਼ਾਰਾ ਕਰਦੇ ਸਨ। ਆਪਣੀ ਆਮਦਨ ਦੇ ਹੋਰ ਵਸੀਲੇ ਪੈਦਾ ਕਰਨ ਲਈ ਕੰਮ ਦੀ ਤਲਾਸ਼ ਵਿਚ ਉਹ ਵੱਡੇ ਸ਼ਹਿਰਾਂ ਨੂੰ ਜਾਣ ਲੱਗੇ, ਜਿਨ੍ਹਾਂ ਬ੍ਰਾਹਮਣਾਂ ਕੋਲ ਦਾਨ-ਪੁੰਨ 'ਚ ਮਿਲੀ ਜ਼ਮੀਨ ਸੀ ਤੇ ਜਿਨ੍ਹਾਂ ਕੋਲ ਆਪਣੀ ਮਾਲਕੀ ਦੀ ਜ਼ਮੀਨ ਸੀ, ਉਹ ਵੀ ਸ਼ਾਹੂਕਾਰਾਂ ਕੋਲ ਗਿਰਵੀ ਹੁੰਦੀ ਗਈ ਤੇ ਉਹ ਛੁਡਾ ਨਾ ਸਕੇ। ਗਾਈਆਂ ਜੋ ਦਾਨ ਵਿਚ ਮਿਲਦੀਆਂ ਸਨ, ਉਹ ਵੀ ਘੱਟ ਗਈਆਂ। ਸੋ, ਘਰਾਂ ਦਾ ਗੁਜ਼ਾਰਾ ਨਾ ਹੁੰਦਾ ਦੇਖ, ਉਹ ਵੀ ਵੱਡੇ ਨਗਰਾਂ ਨੂੰ ਜਾਣ ਲਈ ਮਜਬੂਰ ਹੋ ਗਏ।

ਨੂਰਮਹਿਲ ਵਿਚ ਧੋਬੀਆਂ ਦੀ ਤਾਦਾਦ ਵੀ ਬਹੁਤ ਸੀ। ਉਨ੍ਹਾਂ ਦਾ ਕੰਮ ਵੀ ਜਦ ਬਹੁਤ ਘੱਟ ਗਿਆ, ਤਾਂ ਉਨ੍ਹਾਂ ਦੇ ਲੜਕਿਆਂ ਦੀ ਵੱਡੀ ਗਿਣਤੀ ਕੰਮ ਦੀ ਤਲਾਸ਼ ਵਿਚ ਵੱਡੇ ਸ਼ਹਿਰਾਂ ਨੂੰ ਜਾਣ ਲਈ ਮਜਬੂਰ ਹੋ ਗਈ। ਮੈਂ ਜਿਸ ਵੇਲੇ 1934 ਈ: ਵਿਚ ਦਸਵੀਂ ਪਾਸ ਕੀਤੀ ਤਾਂ ਮੇਰੇ ਨਾਲ ਦੇ ਬਹੁਤ ਦੋਸਤ ਤੇ (ਹੋਰ ਖੱਤਰੀ-ਬ੍ਰਾਹਮਣਾਂ ਦੇ ਕਾਫ਼ੀ ਸਾਰੇ ਲੜਕੇ) ਜਿਹੜੇ ਘੱਟ ਪੜ੍ਹੇ ਸਨ। ਉਹ ਵੀ ਬੇਕਾਰ ਫਿਰਦੇ ਸਨ। ਜਦ ਤਾਈਂ ਉਨ੍ਹਾਂ ਦੇ ਮਾਂ-ਬਾਪ ਉਨ੍ਹਾਂ ਨੂੰ ਘਰ ਵਿਚ ਸਾਦਾ ਰੋਟੀ ਖਿਲਾ ਸਕਦੇ ਸਨ। 1934 ਤੱਕ ਪਹੁੰਚਦੇ-ਪਹੁੰਚਦੇ ਉਨ੍ਹਾਂ ਦੇ ਪਰਿਵਾਰਕ ਹਾਲਾਤ ਏਦਾਂ ਦੇ ਹੋ ਗਏ ਕਿ ਉਨ੍ਹਾਂ ਦੇ ਮਾਂ-ਬਾਪ ਨੇ ਉਨ੍ਹਾਂ ਨੂੰ ਮਜਬੂਰ ਕੀਤਾ ਕਿ "ਦੂਸਰੇ ਵੱਡੇ ਸ਼ਹਿਰਾਂ ਵਿਚ ਜਾ ਕੇ ਕੰਮ ਕਾਰ ਲੱਭੋ ਤੇ ਆਪਣਾ ਗੁਜ਼ਾਰਾ ਕਰੋ।"

ਇਸ ਤਰ੍ਹਾਂ ਨੂਰਮਹਿਲ ਦੇ ਬਹੁਤ ਘਰ ਖਾਲ੍ਹੀ ਹੁੰਦੇ ਗਏ ਤੇ ਹੌਲੀ-ਹੌਲੀ ਖੋਲ੍ਹੇ ਬਣ ਗਏ।

ਨੂਰਮਹਿਲ ਦੇ ਪਲਾਇਨ ਦੀ ਇਕ ਪਰਿਵਾਰ ਦੀ ਛੋਟੀ ਜਿਹੀ ਕਥਾ, ਜੋ ਇਸ

ਤਰ੍ਹਾਂ ਹੈ :-

ਇਥੇ ਜਵਾਹਰ ਕਾਲੀਏ (ਬ੍ਰਾਹਮਣ) ਦੀ ਜ਼ਮੀਨ, ਜੋ ਸ਼ਹਿਰੀ ਸੀ, ਜਿਸ ਦੇ ਇਕ ਵੱਡੇ ਹਿੱਸੇ ਵਿਚ ਅੰਬਾਂ ਦਾ ਬਾਗ਼ ਵੀ ਸੀ। ਉਸ ਦਾ ਪਰਿਵਾਰ ਵੱਡਾ ਸੀ। ਨਵੇਂ ਬਾਜ਼ਾਰ ਵਿਚ ਉਸ ਦੀਆਂ ਛੇ-ਸੱਤ ਦੁਕਾਨਾਂ ਸਨ। ਜ਼ਮੀਨ ਦੀ ਆਮਦਨ ਏਨੀ ਨਹੀਂ ਸੀ ਹੁੰਦੀ ਕਿ ਸਾਰੇ ਪਰਿਵਾਰ ਦਾ ਗੁਜ਼ਾਰਾ ਹੋ ਸਕਦਾ। ਘਰ ਦਾ ਗੁਜ਼ਾਰਾ ਕਰਨ ਲਈ ਜ਼ਮੀਨ ਦੇ ਖੱਤੇ ਵਿਕਦੇ ਗਏ। ਸ਼ਹਿਰ ਵਿਚ ਹੋਰ ਕੋਈ ਕਾਰੋਬਾਰ ਨਾ ਹੋਣ ਕਰਕੇ, ਉਸ ਦੀਆਂ ਦੁਕਾਨਾਂ ਵੀ ਹੌਲੀ-ਹੌਲੀ ਵਿਕ ਗਈਆਂ। ਕਦੇ ਉਹ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਛਾਬੜੀਆਂ (ਖੁਆਂਚਾ) ਲਾਉਂਦੇ ਤੇ ਕਦੇ ਪਿਪਰਾਮੈਂਟ-ਯੁਕਤ ਰੰਗਦਾਰ ਗੱਟਾ ਮੋਟੇ ਡੰਡੇ 'ਤੇ ਚੰਬੇੜ ਕੇ ਫੜ ਲੈਂਦਾ ਤੇ ਦੁਆਬਾ ਆਰੀਆ ਸਕੂਲ ਸਾਹਮਣੇ ਖੜ੍ਹਾ ਹੋ ਕੇ ਹੋਕਾ ਦਿੰਦਾ। ਬੰਟਿਆਂ ਵਰਗੀਆਂ ਛੋਟੀਆਂ-ਛੋਟੀਆਂ ਗੋਲੀਆਂ ਬਣਾਕੇ ਗਾਉਂਦਾ ਹੋਇਆ ਬੱਚਿਆਂ ਕੋਲ ਵੇਚਦਾ ਅਤੇ ਕਹਿੰਦਾ:-

'ਹੀਰੇ ਜਵਾਹਰ ਲੈ ਜਾ!
ਮੋਤੀ ਦੋ ਲਾਲ ਲੈ ਜਾ!!
ਪੰਨੇ ਦਾ ਸੁਆਦ ਲੈ ਜਾ!
ਪੈਸੇ ਦੇ ਚਾਰ ਲੈ ਜਾ!!'

ਨੋਟ :- ਇਸ ਤਰ੍ਹਾਂ ਉਹ ਆਪਣੇ ਪਰਿਵਾਰ ਦੇ ਜੀਆਂ ਦੇ ਨਾਂ ਲੈ ਲੈ ਕੇ ਗੋਲੀਆਂ ਵੇਚਦਾ। ਲਾਲ ਦਾ ਪੁੱਤ ਪੰਨਾ ਮੇਰਾ ਹਮ-ਜਮਾਤੀ ਸੀ। ਇਹ ਛੋਟੇ-ਛੋਟੇ ਧੰਦੇ ਕਰਨ ਤੋਂ ਬਾਅਦ ਵੀ ਜਦ ਉਸ ਪਰਿਵਾਰ ਦਾ ਗੁਜ਼ਾਰਾ ਨਾ ਚੱਲ ਸਕਿਆ, ਉਨ੍ਹਾਂ ਦੀ ਰਿਹਾਇਸ਼ ਵਾਲੇ ਘਰ ਵੀ ਵਿਕ ਗਏ ਤਾਂ ਉਹ ਸਾਰਾ ਪਰਿਵਾਰ ਨੂਰਮਹਿਲ ਛੱਡ ਕੇ, ਕੰਮ ਦੀ ਭਾਲ ਵਿਚ ਵੱਡੇ ਸ਼ਹਿਰਾਂ ਨੂੰ ਚਲੇ ਗਏ। ਇਹ ਪਲਾਇਨ 1930 ਈ. ਤੋਂ 1940 ਈ. ਦੇ ਦੌਰਾਨ ਜ਼ਿਆਦਾ ਹੋਇਆ। ਦੁਨੀਆ ਵਿਚ ਇਹ ਸਮਾਂ ਆਰਥਿਕ ਮੰਦੀ ਦਾ ਸਮਾਂ ਸੀ।

ਮੇਰੀ ਪੜ੍ਹਾਈ ਅਤੇ ਕੌਮੀ ਜਦੋ-ਜਹਿਦ ਦਾ ਪ੍ਰਭਾਵ

ਮੇਰੀ ਪੜ੍ਹਾਈ ਪਹਿਲੀ ਤੋਂ ਦਸਵੀਂ ਤੱਕ ਦੁਆਬਾ ਆਰੀਆ ਹਾਈ ਸਕੂਲ ਨੂਰਮਹਿਲ ਵਿਚ ਹੋਈ। ਮੈਂ ਪੰਜਵੀਂ ਜਮਾਤ ਵਿਚ ਸਾਂ, ਉਦੋਂ ਮੈਂ ਤਕਰੀਬਨ ਦਸ ਸਾਲ ਦਾ ਸਾਂ। ਜਦ ਇੰਗਲੈਂਡ ਤੋਂ 'ਸਾਈਮਨ-ਕਮਿਸ਼ਨ' ਭਾਰਤ ਦੀ ਗ਼ੁਲਾਮੀ ਨੂੰ ਪੱਕਿਆਂ ਕਰਨ ਲਈ ਭਾਰਤ ਆਇਆ ਸੀ।

ਕਾਂਗਰਸ, ਜੋ ਉਸ ਵੇਲੇ ਆਜ਼ਾਦੀ ਦੀ ਲਹਿਰ ਦੀ ਅਗਵਾਈ ਕਰ ਰਹੀ ਸੀ, ਨੇ ਲੋਕਾਂ ਨੂੰ ਸਾਈਮਨ ਕਮਿਸ਼ਨ ਦਾ ਬਾਈਕਾਟ ਕਰਨ ਲਈ ਕਿਹਾ।

'ਸਾਈਮਨ-ਕਮਿਸ਼ਨ ਗੋ-ਬੈਕ' ਦੇ ਨਾਅਰੇ ਜਗ੍ਹਾ-ਜਗ੍ਹਾ ਲੱਗ ਰਹੇ ਸਨ।

ਗ਼ਦਰ ਪਾਰਟੀ ਦੇ ਪੁਰਾਣੇ ਗ਼ਦਰੀ ਬਾਬੇ, ਨੌਜਵਾਨ ਭਾਰਤ-ਸਭਾ, ਅਤੇ ਹੋਰ ਅਗਾਂਹਵਧੂ ਖ਼ਿਆਲਾਂ ਦੇ ਲੋਕ ਕਾਂਗਰਸ ਵਿਚ ਸ਼ਾਮਿਲ ਸਨ। ਲਾਹੌਰ ਵਿਚ ਕਾਂਗਰਸ ਦੇ ਮਸ਼ਹੂਰ ਲੀਡਰ ਲਾਲਾ ਲਾਜਪਤ ਰਾਏ, ਇਕ ਵੱਡੇ ਜਲੂਸ ਦੀ ਅਗਵਾਈ ਕਰ ਰਹੇ ਸਨ। ਲੋਕ ਰੋਹ ਨਾਲ "ਸਾਈਮਨ-ਕਮਿਸ਼ਨ ਗੋ ਬੈਕ" ਦੇ ਨਾਅਰੇ ਲਗਾ ਰਹੇ ਸਨ। ਅੰਗਰੇਜ਼ੀ ਸਰਕਾਰ ਦੀ ਪੁਲਿਸ ਨੇ ਲੋਕਾਂ ਉੱਤੇ ਅੰਨ੍ਹਾ (ਜ਼ਬਰਦਸਤ) ਲਾਠੀਚਾਰਜ ਕੀਤਾ। ਜਿਸ ਨਾਲ ਲਾਲਾ ਲਾਜਪਤ ਰਾਏ ਦੇ ਗੰਭੀਰ ਸੱਟਾਂ ਲੱਗੀਆਂ। ਉਹ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਲਾਲਾ ਲਾਜਪਤ ਰਾਏ ਕੁਝ ਦਿਨਾਂ ਬਾਅਦ ਸ਼ਹੀਦ ਹੋ ਗਏ।

ਇਸ ਘਟਨਾ ਨੂੰ ਦੇਸ਼ ਦੇ ਨੌਜਵਾਨਾਂ (ਨੌਜਵਾਨ ਭਾਰਤ ਸਭਾ) ਨੇ ਕੌਮੀ ਅਪਮਾਨ ਸਮਝਿਆ। ਨੌਜਵਾਨਾਂ ਨੇ ਇਸ ਅਪਮਾਨ ਦਾ ਬਦਲਾ ਲੈਣ ਦੀ ਠਾਣ ਲਈ।

ਦੁਆਬਾ ਆਰੀਆ ਸਕੂਲ ਦੇ ਸਾਰੇ ਵਿਦਿਆਰਥੀਆਂ ਨੇ ਵੀ ਸਕੂਲ ਵਿਚ ਹੜਤਾਲ ਕਰਕੇ ਸ਼ਹਿਰ ਵਿਚ ਬਹੁਤ ਵੱਡਾ ਜਲੂਸ ਕੱਢਿਆ।

ਸਾਡੀ ਪੰਜਵੀਂ ਜਮਾਤ ਦੇ ਸਾਰੇ ਵਿਦਿਆਰਥੀ ਵੀ ਜਲੂਸ ਵਿਚ ਸ਼ਾਮਿਲ ਹੋਏ।

ਪੰਜਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੇ ਖੱਦਰ ਪਾਉਣ ਦਾ ਪ੍ਰਣ ਲਿਆ, ਸਵਾਏ ਇਕ ਲੜਕੇ ਦੇ, ਜਿਹੜਾ ਇਕ ਵੱਡੇ ਸਰਕਾਰ-ਪ੍ਰਸਤ ਦਾ ਲੜਕਾ ਸੀ। ਉਸ ਨੇ ਖੱਦਰ ਨਾ ਪਾਇਆ। ਉਸ ਦਾ ਨਾਂ ਜਗਦੀਸ਼ ਚੰਦਰ ਖੋਸਲਾ ਸੀ। ਉਹ ਮੇਰਾ ਦੋਸਤ ਸੀ।

ਦਸੰਬਰ 1928 ਈ. ਵਿਚ 'ਨੌਜਵਾਨ ਭਾਰਤ ਸਭਾ' ਨੇ ਕਾਮਰੇਡ ਚੰਦਰ-ਸ਼ੇਖਰ ਆਜ਼ਾਦ ਤੇ ਭਗਤ ਸਿੰਘ ਦੀ ਅਗਵਾਈ ਵਿਚ, ਜਿਹੜੇ ਅੰਗਰੇਜ਼ ਪੁਲਿਸ ਅਫ਼ਸਰ ਸਾਂਡਰਸ (ਜਿਸ ਨੇ ਲਾਲਾ ਲਾਜਪਤ ਰਾਏ ਉੱਤੇ ਲਾਠੀਆਂ ਦਾ ਪ੍ਰਹਾਰ ਕੀਤਾ ਸੀ ਅਤੇ ਉਹ ਗੰਭੀਰ ਜ਼ਖ਼ਮੀ ਹੋ ਕੇ ਸ਼ਹੀਦ ਹੋਏ ਸਨ) ਨੂੰ, ਇਨ੍ਹਾਂ ਨੌਜਵਾਨਾਂ ਨੇ ਗੋਲੀਆਂ ਨਾਲ ਉਡਾ ਦਿੱਤਾ ਅਤੇ ਦੇਸ਼ ਦੇ ਅਪਮਾਨ ਦਾ ਬਦਲਾ ਲੈ ਲਿਆ।

ਅਪ੍ਰੈਲ 1929 ਈ. ਵਿਚ ਭਗਤ ਸਿੰਘ ਅਤੇ ਬਟੂਕੇਸ਼ਵਰ ਦੱਤ ਨੇ ਦਿੱਲੀ ਸੈਂਟਰਲ-ਅਸੈਂਬਲੀ ਵਿਚ ਬੰਬ ਸੁੱਟ ਕੇ ਜ਼ੋਰਦਾਰ ਧਮਾਕਾ ਕੀਤਾ ਅਤੇ ਹੈਂਡ ਬਿੱਲ ਸੁੱਟੇ। (ਕਿਉਂਕਿ ਇਥੇ ਮਜ਼ਦੂਰ ਵਰਗ ਦੀਆਂ ਜਥੇਬੰਦੀਆਂ ਅਤੇ ਜਨਤਾ ਦੀਆਂ ਸ਼ਹਿਰੀ ਆਜ਼ਾਦੀਆਂ ਦੇ ਖ਼ਿਲਾਫ਼ ਬਿੱਲ ਪਾਸ ਕੀਤੇ ਜਾਣੇ ਸਨ) ਅਤੇ ਇਨਕਲਾਬ-ਜ਼ਿੰਦਾਬਾਦ ਦੇ ਨਾਅਰੇ ਲਾਏ। ਮੈਂ ਉਸ ਵੇਲੇ ਪਹਿਲੀ ਵਾਰੀ "ਇਨਕਲਾਬ-ਜ਼ਿੰਦਾਬਾਦ" ਦੇ ਨਾਅਰੇ ਸੁਣੇ। ਉਸ ਤੋਂ ਬਾਅਦ ਨੂਰਮਹਿਲ ਵਿਚ ਜਿੰਨੇ ਵੀ ਜਲੂਸ ਨਿਕਲਦੇ, ਉਨ੍ਹਾਂ ਵਿਚ 'ਇਨਕਲਾਬ-ਜ਼ਿੰਦਾਬਾਦ' ਦੇ ਅਤੇ ਕੌਮੀ ਨਾਅਰਾ 'ਵੰਦੇ-ਮਾਤਰਮ' ਦੇ ਨਾਅਰੇ ਲਗਦੇ ਹੁੰਦੇ ਸਨ। ਉਸ ਵੇਲੇ ਭਗਤ ਸਿੰਘ-ਦੱਤ ਦੀਆਂ ਫੋਟੋ ਵੀ ਅਖ਼ਬਾਰਾਂ ਵਿਚ ਛਪੀਆਂ ਸਨ ਅਤੇ ਨਾਅਰੇ ਵੀ ਲੱਗੇ ਸਨ "ਭਗਤ ਸਿੰਘ-ਦੱਤ ਜ਼ਿੰਦਾਬਾਦ"।

ਦਸੰਬਰ 1929-30 ਈ. ਵਿਚ ਲਾਹੌਰ 'ਚ ਆਲ ਇੰਡੀਆ ਕਾਂਗਰਸ ਕਮੇਟੀ ਦਾ ਸਾਲਾਨਾ-ਇਜਲਾਸ ਰਾਵੀ ਦਰਿਆ ਦੇ ਕੰਢੇ ਹੋਇਆ। ਮੇਰੇ ਵੱਡੇ ਭਰਾ ਵੇਦ ਪ੍ਰਕਾਸ਼ ਕੋਛੜ ਨੇ ਵਾਲੰਟੀਅਰ ਦੀ ਡਿਊਟੀ ਨਿਭਾਈ। (ਉਹ ਐਫ. ਸੀ. ਕਾਲਜ ਲਾਹੌਰ ਵਿਚ ਪੜ੍ਹਦੇ ਸਨ) ਉਥੇ ਮੇਰੀ ਵੱਡੀ ਭੈਣ ਸ਼ਕੁੰਤਲਾ ਵੀ ਗਈ ਹੋਈ ਸੀ। ਮੈਂ ਭੈਣ ਜੀ ਕੋਲੋਂ ਇਕ ਗੀਤ ਦਾ ਮੁਖੜਾ (ਬੋਲ) ਸੁਣਿਆ:

"..... '29 ਦੀ ਰਾਤ ਤੇ '30 ਦੀ ਪ੍ਰਭਾਤ
ਅਸਾਂ ਝੰਡਾ ਆਜ਼ਾਦੀ ਦਾ....
ਝੁਲਾ ਦਿਆ ਜੇ"।

ਸ਼ਕੁੰਤਲਾ ਭੈਣ ਜੀ ਨੇ ਦੱਸਿਆ ਕਿ 1921 ਈ. ਵਿਚ ਸਾਡੀ ਮਾਂ ਨੈਸ਼ਨਲ ਕਾਂਗਰਸ ਦੁਆਰਾ 'ਵਿਦੇਸ਼ੀ ਮਾਲ ਬਾਈਕਾਟ' ਤੇ ਅੰਗਰੇਜ਼ੀ ਸਰਕਾਰ ਦੇ ਖਿਲਾਫ਼ ਨਾ-ਮਿਲਵਰਤਨ ਦੀ ਲਹਿਰ ਵੇਲੇ, ਮੁਹੱਲੇ ਦੀਆਂ ਔਰਤਾਂ ਨੂੰ ਨਾਲ ਲੈ ਕੇ ਜਲੂਸ ਕੱਢਦੀ ਸੀ। ਝੰਡਾ ਕਾਲੀਆਂ ਦੀ ਭੂਆ ਸੋਧਾਂ ਨੇ ਚੁੱਕਿਆ ਹੁੰਦਾ ਸੀ। ਅਸੀਂ ਛੋਟੀਆਂ ਹੁੰਦੀਆਂ, ਤਿੰਨੇ ਭੈਣਾਂ ਉਸ ਜਲੂਸ ਵਿਚ ਜਾਂਦੀਆਂ ਸਾਂ। ਮੈਂ ਆਪਣੇ ਸਿਰ ਉੱਤੇ ਇਕ ਛੋਟਾ ਚਰਖਾ ਚੁੱਕਿਆ ਹੁੰਦਾ ਸੀ। ਵੱਡੀ ਭੈਣ ਸਵਿਤਰੀ ਦੇਵੀ ਤੇ ਉਹਦੀਆਂ ਸਹੇਲੀਆਂ ਜਲੂਸ ਦੇ ਅੱਗੇ-ਅੱਗੇ ਗਾਉਂਦੀਆਂ ਜਾਂਦੀਆਂ ਸਨ। ਗੀਤ ਦੇ ਬੋਲ ਇਸ ਤਰ੍ਹਾਂ ਹੁੰਦੇ ਸਨ :-

"... ਦੇਹ ਚਰਖੇ ਨੂੰ ਗੇੜਾ ਲੋੜ ਨਾ ਤੋਪਾਂ ਦੀ!
ਤੇਰੇ ਚਰਖੇ ਦੀਆਂ ਤਿੰਨ ਗੁੱਡੀਆਂ,

ਲੰਕਾਸ਼ਾਯਰ ਦੀਆਂ ਰੰਗਤਾਂ ਉੜੀਆਂ,
ਜਾਪਾਨ ਦਾ ਉੜ ਗਿਆ ਚਿਹਰਾ!
ਦੇਹ ਚਰਖੇ ਨੂੰ ਗੇੜਾ ਲੋੜ ਨਾ ਤੋਪਾਂ ਦੀ!!"

ਮੇਰੀਆਂ ਦੋ ਭੈਣਾਂ ਗਾਰਗੀ ਦੇਵੀ ਤੇ ਸ਼ਕੁੰਤਲਾ ਦੇਵੀ ਕੋਲ ਹਿੰਦੀ ਦਾ ਚਾਂਦ ਰਸਾਲਾ (ਮੈਗਜ਼ੀਨ) ਆਉਂਦਾ ਸੀ। ਉਹ ਕੌਮੀ ਵਿਚਾਰਾਂ ਦਾ ਸੀ। ਉਸ ਵਿਚ ਦੇਸ਼ ਦੀ ਆਜ਼ਾਦੀ ਲਈ ਸ਼ਹੀਦ ਹੋਏ ਨੌਜਵਾਨਾਂ ਦੀਆਂ ਜੀਵਨੀਆਂ ਅਤੇ ਫੋਟੋ ਦਿੱਤੀਆਂ ਹੁੰਦੀਆਂ ਸਨ। ਰਸਾਲੇ ਦਾ ਇਹ ਫਾਂਸੀ ਅੰਕ 1928 ਈ. ਵਿਚ ਆਇਆ ਸੀ। ਇਸ ਫਾਂਸੀ ਅੰਕ ਦੇ ਆਖ਼ਰੀ ਸਫ਼ੇ 'ਤੇ ਇਕ ਕਿਤਾਬ ਦਾ ਇਕ ਵੱਡਾ ਇਸ਼ਤਿਹਾਰ ਛਪਿਆ ਹੋਇਆ ਸੀ। ਜਿਸ ਵਿਚ ਕਿਤਾਬ ਦਾ ਨਾਂ "ਭਾਰਤ ਮੇਂ ਅੰਗਰੇਜ਼ੀ ਰਾਜ" ਸੀ। ਇਸ ਇਤਿਹਾਸ ਦਾ ਲੇਖਕ ਮਹਾਸ਼ਯ ਸੁੰਦਰ ਲਾਲ ਸੀ। ਇਹ ਕਿਤਾਬ ਛਪਦੀ ਹੀ ਅੰਗਰੇਜ਼ੀ ਸਰਕਾਰ ਨੇ ਜ਼ਬਤ (ਬੈਨ) ਕਰ ਲਈ ਸੀ। ਮੈਂ ਇਸ ਰਸਾਲੇ ਨੂੰ 1928 ਈ. ਵਿਚ ਉਸ ਵੇਲੇ ਪੜ੍ਹਿਆ ਸੀ।

1930 ਵਿਚ ਮਹਾਤਮਾ-ਗਾਂਧੀ ਨੇ 'ਨਮਕ-ਕਾਨੂੰਨ' ਤੋੜਨ ਦੀ ਕਾਲ ਸਾਰੇ ਦੇਸ਼ ਵਿਚ ਦਿੱਤੀ... ਤਾਂ ਨੂਰਮਹਿਲ ਵਿਚ ਵੀ 'ਨਮਕ-ਕਾਨੂੰਨ' (ਅੰਗ੍ਰੇਜ਼ੀ ਸਰਕਾਰ ਨੇ ਨਮਕ ਬਣਾਉਣ ਉੱਤੇ ਪਾਬੰਦੀ ਲਾ ਰੱਖੀ ਸੀ) ਤੋੜਿਆ ਗਿਆ। ਬਾਬਾ ਭਾਗ ਸਿੰਘ ਕਨੇਡੀਅਨ ਦੀ ਅਗਵਾਈ ਵਿਚ ਇਕ ਵੱਡਾ ਜਲੂਸ ਕੱਢਿਆ ਗਿਆ ਅਤੇ ਉਹ ਜਲੂਸ ਨੂਰਮਹਿਲ ਦੇ ਬਾਜ਼ਾਰਾਂ ਵਿਚ ਦੀ ਹੁੰਦਾ ਹੋਇਆ ਮਿਸ਼ਰਾਂ ਦੇ ਤਲਾਅ (ਨਵਾਂ ਤਾਲਾਬ) ਉੱਤੇ ਪਹੁੰਚਿਆ। ਉਥੇ ਇਕ ਇੱਟਾਂ ਦੀ ਭੱਠੀ ਬਣਾ ਕੇ ਇਕ ਵੱਡੀ ਕੜਾਹੀ ਵਿਚ ਤਲਾਬ ਵਿਚੋਂ ਪਾਣੀ ਲਿਆ ਕੇ ਪਾ ਦਿੱਤਾ ਅਤੇ ਉਸ ਥੱਲੇ (ਭੱਠੀ ਵਿਚ) ਅੱਗ ਜਲਾ ਦਿੱਤੀ ਗਈ। ਜਦ ਪਾਣੀ ਉਬਲਦਾ ਹੋਇਆ ਸੁੱਕ ਗਿਆ, ਤਾਂ ਕੜਾਹੀ ਵਿਚ ਚਿੱਟਾ ਜਿਹਾ ਪਾਊਡਰ (ਲੂਣ ਜੈਸਾ) ਬੱਚ ਗਿਆ, ਉਸ ਲੂਣ ਦੀਆਂ ਪੁੜੀਆਂ ਬਣਾ ਕੇ ਬਾਬਾ ਜੀ ਨੇ ਵੰਡ ਦਿੱਤੀਆਂ। ਉਥੇ ਮੌਕੇ ਉੱਤੇ ਹੀ ਪੁਲਿਸ ਮੌਜੂਦ ਸੀ। ਸੋ, ਪੁਲਿਸ ਨੇ 'ਨਮਕ ਦਾ ਸਰਕਾਰੀ-ਕਾਨੂੰਨ' ਤੋੜਨ ਦੇ ਦੋਸ਼ ਵਿਚ ਬਾਬਾ ਭਾਗ ਸਿੰਘ ਕਨੇਡੀਅਨ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਸਮੇਂ ਮੈਂ ਵੀ ਆਪਣੇ ਦੋਸਤਾਂ ਨਾਲ ਉਥੇ ਮੌਜੂਦ ਸੀ।

1930 ਵਿਚ 'ਬਿਲਗੇ' ਤੋਂ ਇਕ ਵਿਦਿਆਰਥੀ 'ਸਗਲੀ ਰਾਮ' ਜੋ ਕਿ ਅੱਠਵੀਂ ਵਿਚ ਨੂਰਮਹਿਲ ਆ ਕੇ ਆਰੀਆ ਸਕੂਲ ਵਿਚ ਦਾਖ਼ਲ ਹੋਇਆ ਸੀ। ਉਦੋਂ ਉਥੇ ਮੇਰਾ ਵੱਡਾ-ਭਰਾ ਓਮ ਪ੍ਰਕਾਸ਼ ਵੀ ਅੱਠਵੀਂ ਜਮਾਤ ਵਿਚ ਹੀ ਪੜ੍ਹਦਾ ਸੀ। ਉਹ ਵਿਦਿਆਰਥੀ ਮੇਰੇ ਵੱਡੇ-ਭਰਾ ਨਾਲ ਕਲਾਸ ਵਿਚ ਇਕੋ ਹੀ ਡੈਸਕ ਉੱਤੇ ਬੈਠਦਾ ਸੀ।

'ਨਮਕ ਸਤਿਆਗ੍ਰਹਿ' ਦੇ ਦਿਨਾਂ ਵਿਚ ਇਕ ਦਿਨ ਮੇਰੇ ਭਰਾ ਨੇ ਮੈਨੂੰ ਦੱਸਿਆ, ਕਿ ਕੱਲ੍ਹ ਹੀ 'ਸਗਲੀ ਰਾਮ' ਬਿਗਲੇ ਵਿਚ 'ਨਮਕ-ਕਾਨੂੰਨ' ਤੋੜਨ ਦੇ ਦੋਸ਼ ਵਿਚ ਗ੍ਰਿਫ਼ਤਾਰ ਹੋ ਗਿਆ ਹੈ। ਮੈਂ ਉਸ ਵੇਲੇ ਸੱਤਵੀਂ ਕਲਾਸ ਵਿਚ ਪੜ੍ਹਦਾ ਸੀ।

23 ਮਾਰਚ 1931 ਜਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ

ਦਿੱਤੀ ਗਈ (ਫਾਂਸੀ ਲੱਗੀ) ਉਸ ਵੇਲੇ ਨੂਰਮਹਿਲ ਵਿਚ ਇਸ ਦੇ ਵਿਰੋਧ ਵਿਚ ਸਾਰਾ ਦਿਨ ਜਲੂਸ ਨਿਕਲਦੇ ਰਹੇ। ਮੈਂ ਅਤੇ ਮੇਰੇ ਦੋਸਤ ਇਕੱਠੇ ਹੋ ਕੇ ਸਾਰੇ ਜਲੂਸਾਂ ਵਿਚ ਸ਼ਾਮਿਲ ਹੁੰਦੇ ਅਤੇ ਨਾਅਰੇ ਲਾਉਂਦੇ...

'ਅੰਗ੍ਰੇਜ਼ੀ-ਸਰਕਾਰ ਮੁਰਦਾਬਾਦ'

'ਇਨਕਲਾਬ-ਜ਼ਿੰਦਾਬਾਦ'

'ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ-ਜ਼ਿੰਦਾਬਾਦ' ਦੇ ਨਾਅਰੇ ਲਗਦੇ ਰਹੇ।

ਮੈਨੂੰ ਇਸ ਸਿਲਸਿਲੇ ਵਿਚ ਅਕਤੂਬਰ 1931 ਦੀ ਇਕ ਹੋਰ ਘਟਨਾ ਯਾਦ ਆਉਂਦੀ ਹੈ, ਜਦ ਮੈਂ ਅੱਠਵੀਂ ਵਿਚ ਪੜ੍ਹਦਾ ਸੀ। 'ਬਾਬਾ ਕਰਮ ਸਿੰਘ ਚੀਮਾਂਕਲਾਂ (ਗ਼ਦਰ-ਪਾਰਟੀ ਦੇ ਮਸ਼ਹੂਰ ਲੀਡਰ) ਦਾ ਪੋਤਾ ਜੋਗਿੰਦਰ ਸਿੰਘ ਮੇਰਾ ਕਲਾਸ-ਫ਼ੈਲੋ ਸੀ। ਮੇਰਾ ਪੜ੍ਹਨ ਦਾ ਵਿਸ਼ਾ (Subject) ਹਿੰਦੀ ਸੀ, ਪਰ ਜੋਗਿੰਦਰ ਸਿੰਘ ਦਾ ਵਿਸ਼ਾ ਉਰਦੂ ਸੀ। ਉਰਦੂ-ਫਾਰਸੀ ਦੇ ਮਾਸਟਰ ਨੇ ਆਪਣੇ ਵਿਦਿਆਰਥੀਆਂ ਨੂੰ 'ਭਾਰਤ ਮੇਂ ਅੰਗ੍ਰੇਜ਼ੀ ਰਾਜ ਕੀ ਬਰਕਤੇਂ' ਦੇ ਬਾਰੇ ਲੇਖ ਲਿਖਣ ਲਈ ਕਿਹਾ। ਇਸ ਉੱਤੇ ਜੋਗਿੰਦਰ ਸਿੰਘ ਨੇ ਆਪਣੇ ਲੇਖ ਵਿਚ ਆਪਣੇ ਬਾਬਾ ਜੀ ਤੋਂ ਅੰਗ੍ਰੇਜ਼ੀ-ਰਾਜ ਸਾਨੂੰ ਗੁਲਾਮ ਬਣਾ ਕੇ ਕਿਸ ਤਰ੍ਹਾਂ ਲੁੱਟਦਾ ਹੈ, ਇਹ ਸਭ ਉਸ ਨੇ ਕਈ ਵਾਰ ਸੁਣਿਆਂ ਹੋਇਆ ਸੀ'। ਸੋ, ਜੋਗਿੰਦਰ ਸਿੰਘ ਨੇ ਆਪਣੇ ਲੇਖ ਵਿਚ ਇਹ ਸਾਰੀਆਂ ਅੰਗ੍ਰੇਜ਼ੀ ਸਰਕਾਰ ਦੀਆਂ ਲੁੱਟਣ ਵਾਲੀਆਂ ਬਰਕਤਾਂ ਲਿਖ ਦਿੱਤੀਆਂ। ਮਾਸਟਰ ਨੇ ਉਸ ਦਾ ਸਾਰਾ-ਲੇਖ ਕੱਟ ਦਿੱਤਾ, ਝਿੜਕਿਆ ਵੀ ਅਤੇ ਉਸ ਨੂੰ ਬੈਂਚ ਉੱਤੇ ਖੜ੍ਹਾ ਕਰ ਦਿੱਤਾ। ਪਰ ਜੋਗਿੰਦਰ ਸਿੰਘ ਆਪਣੀ ਹੀ ਗੱਲ ਉੱਤੇ ਅੜਿਆ ਰਿਹਾ। ਜੋਗਿੰਦਰ ਸਿੰਘ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਨ ਵਾਲਿਆਂ ਦੀਆਂ ਗੱਲਾਂ ਆਪਣੇ ਬਾਬਾ ਜੀ ਤੋਂ ਸੁਣਦਾ ਰਹਿੰਦਾ ਸੀ। ਇਹ ਦ੍ਰਿੜਤਾ ਉਸ ਨੂੰ ਘਰੋਂ ਮਿਲੀ ਸੀ ਪਰ ਮਾਸਟਰ ਜੀ ਗੁਲਾਮੀ ਦੀ ਮਾਨਸਿਕਤਾ ਦੇ ਜਕੜੇ ਹੋਏ ਸਨ।

ਸਮਾਜਿਕ-ਵਿਤਕਰੇ ਦਾ ਅਸਰ

1934 ਵਿਚ ਮੈਂ ਦਸਵੀਂ ਪਾਸ ਕਰ ਲਈ। ਉਸ ਵੇਲੇ ਸਾਡੇ ਉੱਤੇ ਵੀ 'ਵਿਸ਼ਵ-ਆਰਥਿਕ-ਮੰਦੀ' ਦਾ ਅਸਰ ਸੀ, ਸੋ ਪਿਤਾ ਜੀ ਆਪਣੇ ਸਾਰੇ ਲੜਕਿਆਂ ਨੂੰ ਕਾਲਜ ਦੀ ਪੜ੍ਹਾਈ ਲਈ ਨਹੀਂ ਸੀ ਭੇਜ ਸਕਦੇ। ਇਸ ਲਈ ਉਨ੍ਹਾਂ ਦਾ ਖ਼ਿਆਲ ਹੋਇਆ ਕਿ ਇਕ ਲੜਕੇ ਨੂੰ ਖੇਤੀ ਦੇ ਧੰਦੇ ਵਿਚ ਪਾ ਦਿੱਤਾ ਜਾਵੇ। ਦੋ ਬੈਲ ਵੀ ਲੈ ਦਿੱਤੇ। ਮੈਂ ਖੇਤੀ ਕਰਨ ਲਈ ਬਾਗ਼ ਵਿਚ ਜਾਣ ਲੱਗ ਪਿਆ। ਇਕ ਦਿਨ ਬਾਗ਼ ਦੇ ਅੰਬਾਂ ਨੂੰ ਪਾਣੀ ਲੱਗ ਰਿਹਾ ਸੀ। ਸ਼ੇਰਾ-ਅਰਾਂਈ ਹਰਟ (ਹਰਟ ਫਾਰਸੀ ਦੇ ਸ਼ਬਦ 'ਰਹਿਟ' ਤੋਂ ਵਿਗੜਿਆ ਹੋਇਆ ਸ਼ਬਦ ਹੈ) ਚਲਾ ਰਿਹਾ ਸੀ। ('ਅਰਾਂਈ ਮੁਸਲਮਾਨ ਕਿਸਾਨ ਹੁੰਦੇ ਸਨ।) ਪਿਤਾ ਜੀ ਨੇ ਆਪਣੇ ਇਕ ਪੁਰਾਣੇ ਨੌਕਰ ਜਿਊਣ (ਉਹ ਕੰਦੋਲਿਆਂ ਦਾ ਬਾਲਮੀਕ ਸੀ) ਨੂੰ ਪਾਣੀ ਦੇ ਨੱਕੇ ਮੋੜਨ ਲਈ ਬਾਗ਼ ਵਿਚ ਭੇਜਿਆ। ਜਦ ਮੈਨੂੰ ਪਿਆਸ ਲੱਗੀ ਮੈਂ ਹਰਟ ਉੱਤੇ ਗਿਆ ਤੇ ਨਸਾਰ ਦੇ ਅੱਗਿਓਂ ਬੁੱਕਾਂ ਨਾਲ ਪਾਣੀ ਪੀਤਾ। ਓਸ ਵੇਲੇ ਜਿਊਣ ਵੀ ਆਪਣੀ ਮਿੱਟੀ ਦੀ ਘੜੀ ਲੈ ਕੇ ਓਥੇ ਪਾਣੀ ਲੈਣ ਲਈ ਆ ਗਿਆ। ਜਿਊਣ ਨੇ ਕੱਚੀ ਆੜ ਤੇ ਘੜੀ ਰੱਖੀ ਤੇ ਬੁੱਕਾਂ ਨਾਲ ਘੜੀ ਨੂੰ ਭਰਨ ਲੱਗਾ। ਮੈਂ ਉਸ ਨੂੰ ਕਿਹਾ ਕਿ 'ਜਿਊਣਿਆਂ ਤੂੰ ਨਸਾਰ ਥੱਲੇ ਘੜੀ ਨੂੰ ਕਿਉਂ ਨਹੀਂ ਭਰਦਾ?', ਇੱਥੇ ਪਾਣੀ ਸਾਫ਼ ਹੈ। ਸ਼ੇਰਾ ਅਰਾਂਈ ਪਰੈਣੀ ਚੁੱਕ ਕੇ ਨੱਠਾ ਆਇਆ ਅਤੇ ਕਹਿਣ ਲੱਗਾ ਕਿ "ਮੈਂ ਇਸ ਨੂੰ ਨਸਾਰ ਅੱਗਿਉਂ ਪਾਣੀ ਨਹੀਂ ਭਰਨ ਦੇਣਾ"। ਜਿਊਣ ਮੁੜ ਕੱਚੀ ਆੜ ਵਿਚੋਂ ਬੁੱਕਾਂ ਨਾਲ ਪਾਣੀ ਭਰਨ ਲੱਗ ਗਿਆ। ਜਿਊਣ ਨੂੰ ਸਮਾਜ ਵਿਚ ਆਪਣੀ ਸਥਿਤੀ ਦਾ ਪਤਾ ਸੀ ਪਰ ਮੈਂ ਨਹੀਂ ਸੀ ਜਾਣਦਾ। ਮੇਰੇ ਮਨ ਉੱਤੇ ਇਸ ਘਟਨਾ ਦਾ ਬਹੁਤ ਹੀ ਮਾੜਾ ਅਸਰ ਹੋਇਆ।

ਸਾਡੇ ਬਾਗ ਦੇ ਪੱਛਮ ਵੱਲ ਇਕ ਬਹੁਤ ਵੱਡਾ ਖੁੱਲ੍ਹਾ ਮੈਦਾਨ ਸੀ, ਜੋ ਨੂਰਮਹਿਲ ਸ਼ਹਿਰ ਦੇ ਨਾਲ ਹੀ ਲਗਦਾ ਸੀ। ਉਥੇ ਹਰ ਦੋ ਤਿੰਨ ਸਾਲ ਬਾਅਦ ਇਕ ਸਰਕਸ ਵਾਲਾ ਆਪਣੀ ਸਰਕਸ ਲੈ ਕੇ ਆਉਂਦਾ ਸੀ। ਉਸ ਨੇ ਆਪਣੇ ਤੰਬੂ ਉਥੇ ਗੱਡੇ ਹੋਏ ਸਨ। ਉਹ ਆਪਣੇ ਨਾਲ ਹਾਥੀ-ਸ਼ੇਰ ਵਗੈਰਾ ਲੈ ਕੇ ਆਇਆ ਸੀ।

ਮੈਂ ਅਜੇ ਉਥੇ ਖ਼ੂਹ ਉੱਤੇ ਨਸਾਰ ਕੋਲ ਹੀ ਸੀ, ਸ਼ੇਰਾ ਅਰਾਂਈ ਅਤੇ ਜਿਊਣ ਵੀ ਅਜੇ ਮੇਰੇ ਕੋਲ ਹੀ ਖੜ੍ਹੇ ਸਨ, ਏਨੇ ਨੂੰ ਸਰਕਸ ਦਾ ਮਹਾਵਤ ਆਪਣੇ ਹਾਥੀ ਨੂੰ ਪਾਣੀ ਪਿਲਾਉਣ ਲਈ ਬਾਗ਼ ਵਿਚ ਲੈ ਆਇਆ ਤੇ ਹਾਥੀ ਨੇ ਆਉਂਦੇ ਹੀ ਆਪਣੀ ਸੁੰਡ ਨਸਾਰ ਵਿਚ ਫਸਾ ਦਿੱਤੀ। ਉਹ 15-20 ਮਿੰਟ ਤੱਕ ਪਾਣੀ ਪੀਂਦਾ ਰਿਹਾ। ਏਨੀ ਦੇਰ ਨੂੰ ਆਡ ਵਿਚ ਪਾਣੀ ਦਾ ਨਕਾਲ ਮਰ ਗਿਆ। ਮੈਂ ਸ਼ੇਰੇ ਤੋਂ ਪੁੱਛਿਆ, 'ਸ਼ੇਰੇ! ਤੂੰ ਇਸ

ਜਾਨਵਰ ਨੂੰ ਕੁਝ ਵੀ ਨਹੀਂ ਕਿਹਾ?' ਇਸ ਉੱਤੇ ਸ਼ੇਰਾ ਅਰਾਂਈ ਚੁੱਪ ਹੀ ਰਹਿ ਗਿਆ।

ਇਸ ਘਟਨਾ ਨੇ ਮੈਨੂੰ ਸਮਾਜ ਵਿਚ ਹੋ ਰਹੀਆਂ ਛੂਆ-ਛੂਤ ਦੀਆਂ ਘਟਨਾਵਾਂ ਯਾਦ ਕਰਵਾ ਦਿੱਤੀਆਂ। ਉਨ੍ਹਾਂ ਵਿਚੋਂ ਦੋ-ਤਿੰਨ ਇਸ ਤਰ੍ਹਾਂ ਹਨ :-

ਇਕ ਵਾਰੀ ਅਸੀਂ (ਮੈਂ ਅਤੇ ਜਿਊਣ ਦਾ ਲੜਕਾ ਜਵਾਲਾ, ਜੋ ਮੇਰਾ ਹਾਣੀ ਸੀ) ਛੂਹਣ-ਛੁਆਹੀ ਖੇਲ੍ਹ ਰਹੇ ਸਾਂ, ਮੈਂ ਜਵਾਲੇ ਨੂੰ ਜਾ ਕੇ ਛੂਹ ਲਿਆ। ਉਥੇ ਮੇਰਾ ਵੱਡਾ ਭਰਾ ਓਮ ਪ੍ਰਕਾਸ਼ ਵੀ ਸੀ। ਉਸ ਨੇ ਦੇਖ ਲਿਆ। ਉਸ ਨੂੰ ਚੰਗਾ ਨਹੀਂ ਲੱਗਾ (ਕਿਉਂਕਿ ਸਮਾਜਿਕ ਮਹੌਲ ਦੀ ਇਹੋ ਮਾਨਸਿਕਤਾ ਬਣੀ ਹੋਈ ਸੀ) ਮੇਰਾ ਭਰਾ ਮੇਰੇ ਉੱਤੇ ਪਾਣੀ ਪਾਉਣ ਲਈ ਗੜਵੀ ਭਰ ਕੇ ਮੇਰੇ ਵੱਲ ਆਇਆ। ਮੈਂ ਠੰਢੇ ਪਾਣੀ ਤੋਂ ਬਚਣ ਲਈ ਨੱਠਿਆ। ਉਦੋਂ ਸਰਦੀਆਂ ਦੇ ਦਿਨ ਸਨ। ਮੈਂ ਭਰਾ ਦੇ ਅੱਗੇ-ਅੱਗੇ ਦੌੜਦਾ ਛੇਤੀ ਹੀਂ ਉਹਦੀ ਪਕੜ ਵਿਚ ਆ ਗਿਆ। ਉਹਨੇ ਪਾਣੀ ਦੀ ਗੜਵੀ ਮੇਰੇ ਉੱਤੇ ਡੋਲ੍ਹ ਦਿੱਤੀ ਕਿਉਂਕਿ ਭਰਾ ਦੇ ਖ਼ਿਆਲ ਵਿੱਚ ਮੈਂ ਜਵਾਲੇ ਨਾਲ ਲੱਗ ਕੇ ਭਿੱਟਿਆ ਗਿਆ ਸੀ ਤੇ ਪਾਣੀ ਨਾਲ ਸ਼ੁੱਧ ਹੋ ਗਿਆ।

2. ਵਿਆਹ-ਸ਼ਾਦੀਆਂ ਉੱਤੇ ਬਾਲਮੀਕਾਂ ਨਾਲ ਜੋ ਵਿਵਹਾਰ ਹੁੰਦਾ ਸੀ। ਉਹ ਅੱਖਾਂ ਅੱਗੇ ਆ ਗਿਆ। ਉਨ੍ਹਾਂ ਨੂੰ ਕਦੇ ਵੀ ਸਾਫ਼-ਸੁਥਰੀ ਚੀਜ਼, ਦਾਲ-ਰੋਟੀ, ਮਠਿਆਈ ਆਦਿ ਖਾਣ ਲਈ ਨਹੀਂ ਸੀ ਦਿੱਤੀ ਜਾਂਦੀ, ਉਦੋਂ ਖਾਣਾ ਬਰਾਤ ਅੱਗੇ ਪਤਲਾਂ ਉੱਤੇ ਪਰੋਸਿਆ ਜਾਂਦਾ ਸੀ। ਜਦ ਲੜਕੇ ਦੇ ਵਿਆਹ ਦੀ ਬਰਾਤ ਜਾਂਦੀ, ਉਦੋਂ ਖਾਣਾ ਪਰੋਸਿਆ ਜਾਂਦਾ, ਖਾਂਦੇ-ਖਾਂਦੇ ਜਦ ਖਾਣਾ ਅੱਗੇ ਥੋੜ੍ਹਾ ਰਹਿ ਜਾਂਦਾ ਤਾਂ ਬਰਾਤੀ ਬਜ਼ੁਰਗ ਬਰਾਤੀਆਂ ਨੂੰ ਕਹਿ ਦਿੰਦੇ ਕਿ ਖਾਣਾ ਥੋੜ੍ਹਾ ਜੂਠਾ ਛੱਡ ਦਿਓ ਤਾਂ ਕਿ ਉਨ੍ਹਾਂ ਦੇ ਸਫ਼ਾਈ ਕਰਮਚਾਰੀਆਂ ਨੂੰ ਬਚਿਆ ਹੋਇਆ ਜੂਠਾ ਖਾਣਾ ਮਿਲ ਸਕੇ। ਉਨ੍ਹਾਂ ਨੂੰ ਇਹੋ ਖਾਣਾ ਖਾਣ ਨੂੰ ਦਿੱਤਾ ਜਾਂਦਾ ਸੀ। ਚੰਗਾ ਖਾਣਾ ਨਹੀਂ ਸੀ ਦਿੱਤਾ ਜਾਂਦਾ) ਉਨ੍ਹਾਂ ਦੀ ਮਾਨਸਿਕਤਾ ਵੀ ਇਹੋ ਬਣੀ ਹੋਈ ਸੀ।

3. ਭਾਰਤ ਵਿਚ ਸਿਰ ਉੱਤੇ ਬਾਲਮੀਕਾਂ ਵੱਲੋਂ ਮੈਲਾ ਢੋਣ ਦਾ ਭੈੜਾ ਰਿਵਾਜ, ਜਦ ਹੁਣ ਵੀ ਅੱਖਾਂ ਅੱਗੇ ਆ ਜਾਂਦਾ ਹੈ ਤਾਂ ਦਿਲ ਹਿੱਲ ਜਾਂਦਾ ਹੈ। ਮੈਨੂੰ ਉਦੋਂ ਵੀ ਬਹੁਤ ਬੁਰਾ ਲਗਦਾ ਸੀ। ਸਮਾਜ ਦੇ ਇਸ ਵਿਵਹਾਰ ਉੱਤੇ ਗਿਲਾਨੀ ਹੁੰਦੀ ਹੈ।

ਉਨ੍ਹਾਂ ਮੈਲਾ ਢੋਣ ਵਾਲੇ ਤੇ ਨਾਲੀਆਂ ਸਾਫ਼ ਕਰਨ ਵਾਲੇ ਕਰਮਚਾਰੀਆਂ ਦੀ ਮਜਬੂਰੀ ਸੀ ਕਿ ਉਨ੍ਹਾਂ ਲਈ ਹੋਰ ਕੋਈ ਕਿੱਤਾ ਹੀ ਨਹੀਂ ਸੀ। ਉਹ ਇਸੇ ਤਰ੍ਹਾਂ ਜਿਊਣ ਲਈ ਮਜਬੂਰ ਸਨ।

1953 ਵਿਚ, ਜਦ ਮੈਂ ਮਿਊਂਸੀਪਲ ਕਮੇਟੀ ਦਾ ਪ੍ਰੈਜ਼ੀਡੈਂਟ ਚੁਣਿਆ ਗਿਆ ਸੀ, ਮੈਨੂੰ ਇਨ੍ਹਾਂ ਦੇ ਘਰਾਂ ਤੇ ਗਲੀਆਂ ਵਿਚ ਜਾਣ ਦਾ ਮੌਕਾ ਮਿਲਿਆ। ਇਨ੍ਹਾਂ ਦੀ ਹਾਲਤ ਮੈਂ ਨੇੜਿਓਂ ਦੇਖੀ। ਗਲੀਆਂ ਭੀੜੀਆਂ ਸਨ, ਦੋ ਆਦਮੀ ਬਰੋ-ਬਰਾਬਰ ਨਹੀਂ ਸੀ ਲੰਘ ਸਕਦੇ। ਤੰਗ ਤੇ ਛੋਟੇ ਘਰਾਂ ਦੇ ਦਰਵਾਜ਼ਿਆਂ ਵਿਚ ਬੈਠੇ ਆਦਮੀ, ਜਿਨ੍ਹਾਂ ਨੂੰ ਮੈਂ 10-12 ਸਾਲ ਪਹਿਲਾਂ ਜਵਾਨ ਦੇਖਿਆ ਸੀ। ਉਹ ਅੱਖਾਂ ਗਵਾ ਕੇ ਆਪਣੇ ਦਰਾਂ ਵਿਚ ਬੈਠੇ ਬੁੱਢੇ ਹੋਏ ਲਗਦੇ ਸਨ। ਉਹ ਬੜੇ ਬੇਵੱਸ ਲਗਦੇ ਸਨ। ਇਸ ਲਈ ਭਾਰਤ ਦੀ ਇਸ ਵਿਵਸਥਾ ਨੂੰ ਬਦਲਣ ਲਈ ਮੇਰੇ ਵਿਚਾਰ ਦ੍ਰਿੜ ਹੁੰਦੇ ਗਏ।

ਕੰਮ ਦੀ ਤਲਾਸ਼

ਦਸੰਬਰ 1935 ਵਿਚ ਹੀ ਮੇਰੀ ਮਾਂ ਨੇ ਪਿਤਾ ਜੀ ਨੂੰ ਕਿਹਾ ਕਿ, "ਮੁੰਡੇ ਨੂੰ ਮੈਂ ਖੇਤੀ ਦੇ ਧੰਦੇ ਵਿਚ ਨਹੀਂ ਪਾਉਣਾ ਚਾਹੁੰਦੀ। ਖੇਤੀ ਦੀ ਆਮਦਨ ਨਾਲ ਗੁਜ਼ਾਰਾ ਨਹੀਂ ਹੁੰਦਾ। ਮੈਂ ਇਸ ਨੂੰ ਕਿਸੇ ਤਰ੍ਹਾਂ ਦਾ ਕੋਈ ਹੁਨਰ ਸਿਖਾਉਣਾ ਚਾਹੁੰਦੀ ਹਾਂ।" ਪਿਤਾ ਜੀ ਨੇ ਮੈਨੂੰ ਓਵਰਸੀਅਰੀ ਸਿੱਖਣ ਲਈ 'ਰਸੂਲ' (ਹੁਣ ਪਾਕਿਸਤਾਨ 'ਚ) ਭੇਜਣ ਲਈ ਸੋਚਿਆ। ਘਰ ਦੀ ਤੰਗੀ ਕਰਕੇ ਪਿਤਾ ਜੀ ਮੈਨੂੰ ਕਾਲਜ ਤਾਂ ਨਹੀਂ ਸੀ ਭੇਜ ਸਕਦੇ, ਪਰ ਮੈਂ ਰਸੂਲ ਵੀ ਨਹੀਂ ਜਾ ਸਕਿਆ।

1936 ਵਿਚ ਮੈਨੂੰ 'ਰੇਡੀਓ-ਮਕੈਨਿਜ਼ਮ' ਦੀ ਪੜ੍ਹਾਈ ਲਈ ਵੱਡੇ ਭਰਾ ਜਗਦੀਸ਼ ਚੰਦਰ ਕੋਲ ਦਿੱਲੀ ਭੇਜ ਦਿੱਤਾ। ਉਥੇ ਮੈਂ ਕਸ਼ਮੀਰੀ ਗੇਟ 'ਰੇਡੀਓ-ਮਕੈਨਿਜ਼ਮ' ਦੀ ਇਕ ਛੋਟੀ ਜਿਹੀ ਦੁਕਾਨ 'ਚ ਕੰਮ ਸਿੱਖਦਾ। ਜਦ ਵੀ ਫ਼ਰੀ ਹੁੰਦਾ, ਮੈਂ ਚਾਂਦਨੀ ਚੌਕ ਮਾਰਵਾੜੀ ਲਾਇਬ੍ਰੇਰੀ 'ਚ ਪੜ੍ਹਨ ਲਈ ਚਲਾ ਜਾਂਦਾ। ਉਥੇ ਮੈਨੂੰ ਚੰਗੀਆਂ ਕਿਤਾਬਾਂ ਪੜ੍ਹਨ ਦਾ ਮੌਕਾ ਮਿਲਿਆ। ਉਨ੍ਹਾਂ ਵਿਚ ਰਾਜਨੀਤੀ ਦੀਆਂ, ਸਾਹਿਤ ਦੀਆਂ ਬਹੁਤ ਕਿਤਾਬਾਂ ਸਨ। ਇਥੇ ਹੀ 'ਜੌਹਨ-ਰੀਡ' ਦੀ ਕਿਤਾਬ "ਦਸ ਦਿਨ ਜਿਨ੍ਹਾਂ ਦੁਨੀਆਂ ਹਿਲਾ ਦਿੱਤੀ" ("Ten Days that Shook the World"-Johan Reed) ਪੜ੍ਹੀ।

-ਇਹ ਕਿਤਾਬ ਨਵੰਬਰ 1917 ਵਿੱਚ ਰੂਸ ਦੇ ਸੋਸ਼ਲਿਸਟ ਇਨਕਲਾਬ ਬਾਰੇ ਸੀ। ਇਹ ਕਿਤਾਬ ਅੰਗਰੇਜ਼ੀ ਵਿਚ ਸੀ। ਇਹ ਕਿਤਾਬ 1917 ਈ. ਦੇ ਬੌਲਸ਼ਵਿਕ (ਕਮਿਊਨਿਸਟ) ਇਨਕਲਾਬ ਬਾਰੇ ਹੈ।

ਜਨਵਰੀ 1937 ਈ. ਵਿਚ ਮੈਂ ਵਾਪਿਸ ਨੂਰਮਹਿਲ ਆ ਗਿਆ। ਮੇਰੇ ਵੱਡੇ ਭਰਾ ਵੇਦ ਪ੍ਰਕਾਸ਼ ਦੇ ਦੋਸਤ ਦੇ ਬੇਟੇ ਦੀ ਲੁਧਿਆਣੇ ਵਿਚ ਰੇਡੀਓ ਦੀ ਇਕ ਛੋਟੀ ਜਿਹੀ ਦੁਕਾਨ ਸੀ। ਮੇਰੇ ਭਰਾ ਨੇ ਉਥੇ ਮੈਨੂੰ ਦੁਕਾਨ ਚਲਾਉਣ ਲਈ ਲਗਵਾ ਦਿੱਤਾ। ਉਸ ਕੋਲ ਫ਼ਿਲਕੋ (Philco) ਰੇਡੀਓ ਅਤੇ ਫਿਲਿਪਸ (Philips) ਰੇਡੀਓ ਦੀ ਏਜੰਸੀ ਸੀ। ਮੈਂ ਐਚ. ਐਮ. ਵੀ.-ਰੇਡੀਓ (H.M.V. Radio) ਦੀ ਏਜੰਸੀ ਲੈਣ ਲਈ ਲਾਹੌਰ ਗਿਆ। ਲਾਹੌਰ ਦੇ ਜਾਨਕੀ ਦਾਸ ਐਂਡ ਸਨਜ਼ ਐਚ. ਐਮ. ਵੀ. ਰੇਡੀਓ ਕੰਪਨੀ ਦੇ ਪੰਜਾਬ ਵਿਚ ਡਿਸਟਰੀਬਿਊਟਰ ਸਨ। ਉਨ੍ਹਾਂ ਕੋਲੋਂ ਮੈਂ ਲੁਧਿਆਣੇ ਦੀ ਏਜੰਸੀ ਲੈ ਕੇ ਆਇਆ। ਛੇ ਮਹੀਨੇ ਮੈਂ ਰੇਡੀਓ ਦੀ ਉਹ ਦੁਕਾਨ ਚਲਾਉਂਦਾ ਰਿਹਾ।

ਜੁਲਾਈ 1937 ਈ. ਵਿਚ ਮੈਂ ਆਪਣੇ ਵੱਡੇ ਭਰਾ ਵੇਦ ਪ੍ਰਕਾਸ਼ (ਵਕੀਲ) ਕੋਲ ਕਲਕੱਤੇ ਚਲਾ ਗਿਆ। ਉਥੇ ਉਨ੍ਹਾਂ ਦਾ ਟਰੱਕਾਂ 'ਤੇ ਭਾਰ ਢੋਣ ਦਾ ਕੰਮ ਸੀ। ਅਗਸਤ 1937 ਈ. ਤੋਂ ਲੈ ਕੇ 15 ਫਰਵਰੀ 1938 ਈ. ਤੱਕ ਮੈਂ ਕਲਕੱਤੇ ਫਿਲਿਪਸ ਰੇਡੀਓ ਕੰਪਨੀ ਦੀ ਵਰਕਸ਼ਾਪ ਵਿਚ ਰੇਡੀਓ ਮੁਰੰਮਤ ਦਾ ਕੰਮ ਸਿੱਖਦਾ ਰਿਹਾ। ਸਿਖਲਾਈ ਦੇਣ ਵਾਲਾ ਇਕ ਅੰਗਰੇਜ਼ ਟੀਚਰ ਸੀ।

1937-38 ਈ. ਦੇ ਦੌਰਾਨ ਕਲੱਕਤੇ ਰਹਿੰਦੇ ਹੋਏ ਮੈਂ "ਮੋਟਰ ਟਰਾਂਸਪੋਰਟ ਵਰਕਰ ਯੂਨੀਅਨ" ਦੇ ਵਰਕਰਾਂ ਦੇ ਸੰਪਰਕ 'ਚ ਆਇਆ। ਜਿਨ੍ਹਾਂ ਦਾ ਨਾਮ ਕਰਤਾਰ ਸਿੰਘ ਬੜੂੰਦੀ, ਇੰਦਰ ਸਿੰਘ, ਸੁਖਦੇਵ ਸਿੰਘ ਸਨ। ਜਿਸ ਬਿਲਡਿੰਗ ਵਿਚ ਮੈਂ ਰਹਿੰਦਾ ਸੀ। ਯੂਨੀਅਨ ਦਾ ਦਫ਼ਤਰ ਉਸ ਬਿਲਡਿੰਗ ਦੇ ਸਾਹਮਣੇ ਇਕ ਛੋਟੀ ਜਿਹੀ ਦੁਕਾਨ 'ਚ ਸੀ। ਇੰਦਰ ਸਿੰਘ 'ਕਿਰਤੀ-ਲਹਿਰ' ਅਖ਼ਬਾਰ ਵੇਚਦਾ ਸੀ। ਜੋ ਮੇਰਠ ਤੋਂ ਨਿਕਲਦੀ ਸੀ। 'ਕਿਰਤੀ ਪਾਰਟੀ' ਇਹ ਅਖ਼ਬਾਰ ਕੱਢਿਆ ਕਰਦੀ ਸੀ। ਮੈਂ ਉਸ ਕੋਲੋਂ ਖ਼ਰੀਦਕੇ ਅਖ਼ਬਾਰ ਪੜ੍ਹਦਾ ਸੀ। ਸੀ. ਪੀ. ਆਈ. ਦਾ ਅਖ਼ਬਾਰ 'ਨੈਸ਼ਨਲ-ਫਰੰਟ' ਐਮ. ਐਨ. ਰਾਏ ਦਾ ਅਖ਼ਬਾਰ 'ਰੈਡੀਕਲ' ਅਤੇ ਇਕ-ਦੋ ਸੋਸ਼ਲ ਵਿਚਾਰਾਂ ਦੇ ਹੋਰ ਅਖ਼ਬਾਰ ਵੀ ਪੜ੍ਹਨ ਨੂੰ ਮਿਲ ਜਾਂਦੇ। ਨੇੜੇ ਹੀ ਇਕ ਲਾਇਬ੍ਰੇਰੀ ਤੋਂ ਪ੍ਰਗਤੀਸ਼ੀਲ, ਸੋਸ਼ਲਿਸਟ ਵਿਚਾਰਧਾਰਾ ਦੀਆਂ ਕਿਤਾਬਾਂ ਵੀ ਪੜ੍ਹਨ ਨੂੰ ਮਿਲ ਜਾਂਦੀਆਂ ਸਨ। ਇਕ ਬੁਕ-ਸੈਲਰ ਦੀ ਦੁਕਾਨ ਤੋਂ ਪੈਂਗੂਇਨ ਅਤੇ ਪੈਲੀਕਨ ਸੀਰੀਜ਼ ਦੀਆਂ ਸਸਤੀਆਂ ਕਿਤਾਬਾਂ, ਸਾਇੰਸ, ਲਿਟਰੇਚਰ, ਪੌਲੇਟਿਕਸ, ਨੇਚਰ ਅਤੇ ਜਨਰਲ ਨਾਲਿਜ਼ ਦੀਆਂ ਅੱਛੇ-ਅੱਛੇ ਲੇਖਕਾਂ ਦੀਆਂ ਕਿਤਾਬਾਂ ਮਿਲ ਜਾਂਦੀਆਂ ਸਨ। ਇਹ ਕਿਤਾਬਾਂ ਖਰੀਦ ਕੇ ਮੈਨੂੰ ਪੜ੍ਹਨ ਦਾ ਮੌਕਾ ਮਿਲਿਆ। ਕਲਕੱਤੇ ਵਿਚ ਨੌਜਵਾਨਾਂ ਵਿਚ ਪੜ੍ਹਨ ਦਾ ਰਿਵਾਜ ਬਹੁਤ ਜ਼ਿਆਦਾ ਸੀ। ਇਸ ਲਈ ਉਥੇ ਮੁਹੱਲੇ-ਮੁਹੱਲੇ ਲਾਇਬ੍ਰੇਰੀਆਂ ਸਨ।

ਮਾਰਚ 1938 ਈ. ਵਿਚ ਮੈਂ ਨੂਰਮਹਿਲ ਆ ਗਿਆ। ਇਥੇ ਆ ਕੇ ਮੈਂ ਆਪਣੇ ਮਿੱਤਰ ਮਹਿੰਗਾ ਸਿੰਘ, ਹਰਬੰਸ ਲਾਲ ਚੰਗਿਆੜਾ, ਕਸ਼ਮੀਰੀ ਲਾਲ ਕਕੜੀਆ, ਮਿਸਤਰੀ ਸਦਾ ਨੰਦ ਸਿੰਘ, ਮਾਸਟਰ ਵੇਦ ਪ੍ਰਕਾਸ਼ ਨਿੱਜਰ, ਓਮ ਪ੍ਰਕਾਸ਼ ਕਕੜੀਆ ਆਦਿ ਸਾਰੇ ਮਿੱਤਰਾਂ ਨਾਲ ਮਿਲ ਕੇ ਕਾਮਰੇਡ ਲਹੌਰੀ ਰਾਮ ਪ੍ਰਦੇਸੀ ਦੀ ਪ੍ਰੇਰਨਾ ਨਾਲ ਕਾਂਗਰਸ ਕਮੇਟੀ ਬਣਾਈ ਤੇ ਕਾਂਗਰਸ ਕਮੇਟੀ ਦੀ ਮੈਂਬਰਸ਼ਿਪ ਦੀ ਭਰਤੀ ਕੀਤੀ। ਇਥੇ ਕਾਂਗਰਸ ਦੇ ਪੌਲੀਟੀਕਲ ਜਲਸੇ ਹੁੰਦੇ ਅਤੇ ਮਜਲਸ-ਏ-ਅਹਿਰਾਰ ਦੁਆਰਾ ਵੀ ਆਜ਼ਾਦੀ ਦੇ ਸੰਘਰਸ਼ ਕਰਨ ਲਈ ਜਲਸੇ ਹੁੰਦੇ ਰਹਿੰਦੇ ਸਨ।

ਅਪ੍ਰੈਲ 1938 ਵਿਚ ਹੀ ਕਾਂਗਰਸ ਪਾਰਟੀ ਵੱਲੋਂ ਸ਼ਹਿਰੀ-ਆਜ਼ਾਦੀਆਂ ਲਈ ਨੂਰਮਹਿਲ ਵਿਚ ਜਲੂਸ ਨਿਕਲਿਆ, ਜਿਸ ਵਿਚ ਮੈਂ ਮੋਢੇ ਉੱਤੇ ਝੰਡਾ ਚੁੱਕ ਕੇ ਅੱਗੇ-ਅੱਗੇ ਜਾ ਰਿਹਾ ਸੀ ਤਾਂ ਮੈਨੂੰ ਮੁੰਸ਼ੀ ਅਹਿਮਦਦੀਨ ਨੇ ਸਮਝਾਇਆ ਕਿ "ਝੰਡਾ ਸਿੱਧਾ ਰੱਖਣਾ ਚਾਹੀਦਾ ਹੈ, ਇਹ ਪਿੱਛੇ ਨੂੰ ਨਹੀਂ ਜਾਣਾ ਚਾਹੀਦਾ ਅਤੇ ਅੱਗੇ ਨੂੰ ਥੋੜ੍ਹਾ ਝੁਕਿਆ ਹੋਇਆ ਸਿੱਧਾ ਹੀ ਰਹੇ।"

ਜਲੂਸ ਖਤਮ ਹੋਣ ਉੱਤੇ ਬੜੇ ਮੰਦਿਰ (ਹੁਣ ਹਰੀ-ਹਰ ਮੰਦਰ ਦੇ ਨਿੰਮ ਵਾਲੇ ਥੜੇ ਉੱਤੇ ਲਾਲਾ ਕਿਸ਼ੋਰੀ ਲਾਲ ਘੋਸਲਾ ਦੀ ਪ੍ਰਧਾਨਗੀ ਹੇਠ ਜਲਸਾ ਹੋਇਆ। ਇਸ ਜਲਸੇ ਦਾ ਸਾਰਾ ਪ੍ਰਬੰਧ ਮੈਂ ਹੀ ਕੀਤਾ। ਇੰਗਲੈਂਡ ਤੋਂ ਸੋਸ਼ਲਿਸਟ-ਲੀਡਰ ਮਿਸ ਸਕੌਟ, ਬੀ. ਪੀ. ਐਲ. ਬੇਦੀ, ਮਿਸਿਜ਼ ਫ਼ਰੀਦਾ ਬੇਦੀ, ਮੁੰਸ਼ੀ ਅਹਿਮਦਦੀਨ, ਟੀਕਾ ਰਾਮ ਸੁਖ਼ਨ, ਬਾਬਾ ਕਰਮ ਸਿੰਘ ਚੀਮਾ ਖ਼ੁਰਦ, ਮਾਸਟਰ ਕਾਬਲ ਸਿੰਘ (ਜੋ ਕਿ ਉਸ ਵੇਲੇ ਕਾਂਗਰਸ ਵੱਲੋਂ ਪੰਜਾਬ ਅਸੈਂਬਲੀ ਦਾ ਮੈਂਬਰ ਸੀ, ਉਸ ਦੀ ਜ਼ੁਬਾਨ-ਬੰਦੀ ਸੀ, ਇਸ ਲਈ ਉਸ ਨੇ ਤਕਰੀਰ ਨਹੀਂ ਕੀਤੀ) ਬਾਕੀ ਸਾਰੇ ਮੈਂਬਰਾਂ ਨੇ ਜਲਸੇ ਨੂੰ ਸੰਬੋਧਨ ਕੀਤਾ।

ਮਈ 1938 ਵਿਚ ਮੈਂ ਫਿਰ ਕਲੱਕਤੇ ਚਲਾ ਗਿਆ। ਅਗਸਤ 1938 ਤੋਂ ਲੈ ਕੇ ਫਰਵਰੀ 1939 ਤੱਕ ਮੈਂ ਐਚ. ਐਮ. ਵੀ. ਰੇਡੀਓ ਕੰਪਨੀ 'ਡੰਮ-ਡੰਮ' ਵਿਚ ਰੇਡੀਓ ਮਕੈਨਿਜ਼ਮ ਸਿੱਖਣ ਲੱਗ ਪਿਆ। ਉਥੇ ਵੀ ਸਿਖਲਾਈ ਕਰਵਾਉਣ ਵਾਲਾ ਟੀਚਰ ਅੰਗ੍ਰੇਜ਼ ਹੀ ਸੀ। ਇਹ ਕੋਰਸ ਛੇ ਮਹੀਨੇ ਦਾ ਸੀ। ਜਦ ਇਮਤਿਹਾਨ ਹੋਏ ਤਾਂ ਮੈਂ ਪਾਸ ਹੋ ਗਿਆ। ਪਰ ਕੁਝ ਲੜਕੇ ਫੇਲ੍ਹ ਹੋ ਗਏ। ਅੰਗਰੇਜ਼ ਟੀਚਰ ਨੇ ਭਾਰਤੀਆਂ ਨੂੰ ਲੈ ਕੇ ਕੁਝ ਅਪ ਸ਼ਬਦ ਕਹੇ ਤਾਂ ਮੈਂ ਉਥੋਂ ਆ ਗਿਆ ਅਤੇ ਫਿਰ ਕੰਮ ਸਿੱਖਣ ਲਈ ਨਹੀਂ ਗਿਆ।

ਫਰਵਰੀ 1939 ਵਿਚ ਮੈਂ ਨੂਰਮਹਿਲ ਆ ਗਿਆ। ਫਰਵਰੀ 1939 ਦੇ ਅਖੀਰ ਵਿਚ ਲੁਧਿਆਣੇ 'ਆਲ ਇੰਡੀਆ ਸਟੇਟਸ ਪੀਪਲ ਕਾਂਗਰਸ' ਦੇ ਇਜਲਾਸ (ਰਿਆਸਤੀ ਪਰਜਾ ਮੰਡਲ) ਵਿਚ ਮੈਂ ਨੂਰਮਹਿਲ ਤੋਂ 'ਵਲੰਟੀਅਰ-ਕੋਰ' ਦਾ ਜਥਾ ਲੈ ਕੇ ਪ੍ਰਬੰਧ ਵਿਚ ਵਲੰਟੀਅਰ ਦੀ ਡਿਊਟੀ ਨਿਭਾਈ। ਪੰਡਿਤ ਜਵਾਹਰ ਲਾਲ ਨਹਿਰੂ ਉਸ ਕਾਨਫਰੰਸ ਵੇਲੇ ਪ੍ਰਧਾਨ ਸਨ। ਬਹੁਤ ਵੱਡਾ ਜਲੂਸ ਨਿਕਲਿਆ। ਨਾਮਧਾਰੀ ਬਹੁਤ ਵੱਡੀ ਤਾਦਾਦ ਵਿਚ ਜਲੂਸ ਵਿਚ ਸ਼ਾਮਿਲ ਹੋਏ।

ਇਜਲਾਸ ਤੋਂ ਪਹਿਲੇ ਦਿਨ ਮੰਡੀ ਕੇਸਰ-ਗੰਜ ਦੇ ਨਾਲ ਲਗਦੇ ਇਕ ਵੱਡੇ ਮੈਦਾਨ ਵਿਚ 'ਪਰਜਾ-ਮੰਡਲ' ਵੱਲੋਂ ਇਕ ਬਹੁਤ ਵੱਡਾ ਜਲਸਾ ਹੋਇਆ। ਕਲਕੱਤੇ ਤੋਂ ਮੇਰਾ ਇਕ ਦੋਸਤ (ਸੁਖਦੇਵ ਸਿੰਘ (ਮੋਟਰ ਟਰਾਂਸਪੋਰਟ ਵਰਕਰਜ਼ ਯੂਨੀਅਨ ਦਾ ਇਕ ਵਰਕਰ) ਆਇਆ ਹੋਇਆ ਸੀ। ਉਸ ਨੇ ਵੀ ਮੇਰੇ ਨਾਲ ਉਥੇ ਵਲੰਟੀਅਰ ਦੀ ਡਿਊਟੀ ਨਿਭਾਈ। ਪ੍ਰਬੰਧਕਾਂ ਨੇ ਮੇਰੀ, ਸੁਖਦੇਵ ਸਿੰਘ ਤੇ ਕੁਝ ਹੋਰ ਵਲੰਟੀਅਰਾਂ ਦੀ ਡਿਊਟੀ ਲੋਕਾਂ ਨੂੰ ਸਟੇਜ ਦੇ ਪਿਛਲੇ ਪਾਸੇ ਤੋਂ ਨਾ ਆ ਸਕਣ/ਰੋਕਣ ਲਈ ਲਗਾ ਦਿੱਤੀ।

ਸੁਖਦੇਵ ਸਿੰਘ, ਮੈਂ ਤੇ ਹੋਰ ਵਲੰਟੀਅਰਜ਼ ਆਪਸ ਵਿਚ ਹੀ ਇਕ ਦੂਜੇ ਦੇ ਹੱਥ ਫੜ ਕੇ ਇਕ ਚੇਨ ਬਣਾ ਕੇ ਖੜ੍ਹੇ ਹੋ ਗਏ। ਥੋੜ੍ਹੀ ਦੇਰ ਬਾਅਦ ਇਕ ਨਿਹੰਗ ਸਿੰਘ ਜਿਹੜਾ ਬਜ਼ੁਰਗ ਦਿਸਦਾ ਸੀ ਆ ਕੇ ਕਹਿਣ ਲੱਗਾ ਕਿ ਮੈਂ ਤਾਂ ਇਥੋਂ ਦੀ ਹੀ ਲੰਘਣਾ ਹੈ। ਅਸੀਂ ਉਸ ਨੂੰ ਇਧਰ ਦੀ ਜਾਣ ਤੋਂ ਮਨ੍ਹਾਂ ਕੀਤਾ। ਪਰ ਉਹ ਨਾ ਮੰਨਿਆ। ਉਸ ਨੇ ਮਿਆਨ ਵਿਚੋਂ ਆਪਣੀ ਤਲਵਾਰ ਕੱਢ ਲਈ ਤਾਂ ਕਹਿਣ ਲੱਗਾ ਕਿ ਮੈਂ ਆਪਣਾ ਰਸਤਾ ਆਪ ਹੀ ਬਣਾ ਲਵਾਂਗਾ। ਮੇਰੇ ਤੇ ਸੁਖਦੇਵ ਲਈ ਆਜ਼ਾਦੀ ਦੀ ਲਹਿਰ ਵਿਚ ਆ ਕੇ ਇਹ ਪਹਿਲਾ ਇਮਤਿਹਾਨ ਸੀ। ਅਸੀਂ ਦੋਵਾਂ ਨੇ ਆਪਣੇ ਮੂੰਹ ਜਲਸੇ ਵੱਲ ਨੂੰ ਹੀ

ਰੱਖੇ ਤੇ ਆਪਣੇ ਹੱਥ ਨਹੀਂ ਛੱਡੇ। ਉਸੇ ਵੇਲੇ ਲੋਕਾਂ ਨੇ ਪਿੱਛੋਂ ਆ ਕੇ ਨਿਹੰਗ ਸਿੰਘ ਨੂੰ ਫੜ੍ਹ ਲਿਆ ਤੇ ਉਸ ਨੂੰ ਪਿਛਾਂਹ ਨੂੰ ਲੈ ਗਏ।

ਮਾਰਚ 1939 ਵਿਚ ਪੰਡਿਤ ਲਾਹੌਰੀ ਰਾਮ ਪ੍ਰਦੇਸੀ ਨਾਲ ਮਿਲ ਕੇ ਨੂਰਮਹਿਲ ਵਿਚ 'ਕਿਸਾਨ ਕਮੇਟੀ' ਬਣਾਈ। ਅਸੀਂ ਕਾਂਗਰਸ ਦੇ ਵਰਕਰਾਂ ਨੇ ਦੇਖਿਆ, ਕਿ ਨੂਰਮਹਿਲ ਦੇ ਲੰਬੇ-ਬਾਜ਼ਾਰ ਦਾ ਫਰਸ਼ ਬਹੁਤ ਹੀ ਖਸਤਾ-ਹਾਲਤ ਵਿਚ ਹੈ। ਉਸ ਵੇਲੇ ਸ਼ਹਿਰ ਦੇ ਬਾਜ਼ਾਰ ਅਤੇ ਗਲੀਆਂ ਦੇ ਸਾਰੇ ਫਰਸ਼ ਛੋਟੀਆਂ ਇੱਟਾਂ ਦੇ ਹੀ ਬਣੇ ਹੋਏ ਹੁੰਦੇ ਸਨ। ਬਾਜ਼ਾਰ ਦੀਆਂ ਇੱਟਾਂ ਘੱਸ ਚੁੱਕੀਆਂ ਸਨ। ਅਸੀਂ ਸਾਰੇ ਸਾਥੀਆਂ ਨੇ ਮਿਲ ਕੇ ਇਸ ਖਸਤਾ-ਹਾਲ ਹੋਏ ਫਰਸ਼ ਨੂੰ ਦੁਬਾਰਾ ਠੀਕ ਕਰਕੇ ਬਣਾਉਣ ਦਾ ਫੈਸਲਾ ਲਿਆ। ਇਸ ਕੰਮ ਵਿਚ ਮੇਰੇ ਦੋਸਤ ਸਦਾਨੰਦ ਸਿੰਘ, ਆਸਾ ਨੰਦ ਸਿੰਘ, ਗੱਰਧਾਰਾ ਸਿੰਘ ਅਤੇ ਨੰਦ ਸਿੰਘ ਜਿਹੜੇ ਕਿ ਸਾਰੇ ਰਾਜ-ਮਿਸਤਰੀ ਸਨ। ਮੈਂ, ਹਰਬੰਸ ਲਾਲ ਚੰਗਿਆੜਾ ਤੇ ਹੋਰ ਕਾਂਗਰਸੀ-ਵਰਕਰ ਮਿਲ ਕੇ ਇਸ ਕੰਮ ਵਿਚ ਜੁਟ ਗਏ। ਮੈਂ ਅਤੇ ਇਕ ਹੋਰ ਸਾਥੀ ਨੇ ਬਾਜ਼ਾਰ ਦੇ ਫਰਸ਼ ਦੀਆਂ ਇੱਟਾਂ ਇਕ ਸਿਰਿਉਂ ਗੈਂਤੀਆਂ ਨਾਲ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ। ਪੁੱਟੀਆਂ ਹੋਈਆਂ ਇੱਟਾਂ ਨੂੰ ਮਿਸਤਰੀਆਂ ਨੇ ਉਥੇ ਹੀ ਵਿਛਾ ਦਿੱਤਾ ਤੇ ਦੋ ਸਾਥੀ ਦੁਰਮਟ ਨਾਲ ਉਨ੍ਹਾਂ ਇੱਟਾਂ ਨੂੰ ਕੁੱਟ-ਕੁੱਟ ਕੇ ਰੋੜੀ ਬਣਾਉਣ ਲੱਗ ਪਏ। ਸਾਡੇ ਨਾਲ ਸਦਾ ਨੰਦ ਹੋਰਾਂ ਦੇ ਮੁਹੱਲੇ ਦੇ ਛੋਟੇ ਲੜਕੇ ਵੀ ਸ਼ਾਮਿਲ ਹੋ ਗਏ।

ਸ਼ਹਿਰ ਦੇ ਵਿਚ ਬਹੁਤ ਸਾਰੇ ਮਕਾਨ ਚਿਰਾਂ ਤੋਂ ਗਿਰੇ ਹੋਏ ਸਨ। ਸੁਰੈਣਿਆਂ-ਮੁਹੱਲੇ ਦੇ ਲੜਕਿਆਂ ਨੇ ਉਨ੍ਹਾਂ ਢੱਠੇ ਹੋਏ ਮਕਾਨਾਂ ਦੀਆਂ ਇੱਟਾਂ ਟੋਕਰੀਆਂ ਵਿਚ ਭਰ-ਭਰ ਕੇ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ। ਜਿਹੜੀ ਜਗ੍ਹਾ ਅਸੀਂ ਪੁੱਟਦੇ ਜਾਂਦੇ ਉਸ ਨੂੰ ਸਾਰੇ ਮਿਸਤਰੀ ਪੱਧਰਾ ਕਰਕੇ 'ਛੋਟੀਆਂ-ਖੜ੍ਹਵੀਆਂ ਇੱਟਾਂ ਦਾ ਫਰਸ਼ ਬੀੜਦੇ ਜਾਂਦੇ।

ਜਿਸ ਦੁਕਾਨ ਅੱਗੋਂ ਦੀ ਫ਼ਰਸ਼ ਪੁੱਟਣ ਲੱਗਦੇ ਤਾਂ ਉਹ ਦੁਕਾਨਦਾਰ ਫ਼ਰਸ਼ ਦੀ ਪੁਟਾਈ ਅਤੇ ਕੁਟਾਈ ਵਿਚ ਸਾਡੀ ਮੱਦਦ ਕਰਦੇ ਜਾਂਦੇ ਕਿਉਂਕਿ ਮਿਸਤਰੀ ਬੜੀ ਤੇਜ਼ੀ ਨਾਲ ਇੱਟਾਂ ਬੀੜ ਰਹੇ ਸਨ। ਇਸ ਲਈ ਕੰਮ ਵਿਚ ਬਹੁਤ ਤੇਜ਼ੀ ਲਿਆਉਣੀ ਪਈ। ਉਹ 800 ਫੁੱਟ ਲੰਬਾ ਫਰਸ਼ ਸਾਰੇ ਲੋਕਾਂ ਦੇ ਸਹਿਯੋਗ ਨਾਲ ਤਿੰਨ ਦਿਨ ਵਿਚ ਹੀ ਪੂਰਾ ਹੋ ਗਿਆ। ਦੋ-ਤਿੰਨ ਘੁਮਾਰਾਂ ਨੇ ਆਪਣੇ ਗਧਿਆਂ ਉੱਪਰ ਭੱਠਿਆਂ ਤੋਂ ਭਟੂਰ ਲਿਆ ਕੇ ਫਰਸ਼ ਉੱਤੇ ਵਿਛਾ ਦਿੱਤੀ। ਸਾਂਝਾ ਕੰਮ ਕਰਨ ਲਈ ਲੋਕ ਕਿੱਦਾਂ ਤਿਆਰ ਹੋ ਸਕਦੇ ਹਨ, ਇਹ ਵੀ ਮੇਰੀ ਜ਼ਿੰਦਗੀ ਦਾ ਅਨੁਭਵ ਸੀ।

ਮਈ 1939 ਵਿਚ ਮੈਂ ਫਿਰ ਕਲਕੱਤੇ ਚਲਾ ਗਿਆ। ਮੇਰੇ ਭਰਾ ਦੇ ਟਰੱਕ ਇਕ ਸੜਕ ਬਣਾਉਣ ਵਾਲੇ ਠੇਕੇਦਾਰ ਕੋਲ ਲੱਗੇ ਹੋਏ ਸਨ। ਇਹ ਸੜਕ ਜੈਸੋਰ-ਸ਼ਹਿਰ (ਜੋ ਹੁਣ ਬੰਗਲਾਦੇਸ਼ ਵਿਚ ਹੈ) ਕੋਲ ਬਣ ਰਹੀ ਸੀ। ਉਥੇ ਟਰੱਕ ਕੋਲਾ ਤੇ ਇੱਟਾਂ ਢੋਂਦੇ ਸਨ। ਮੈਨੂੰ ਉਸ ਕੰਮ ਦੀ ਨਿਗਰਾਨੀ ਲਈ ਭੇਜਿਆ। ਮੈਂ ਉਥੇ ਦੋ ਮਹੀਨੇ ਤੱਕ ਰਿਹਾ। ਉਥੇ ਰਹਿੰਦਿਆਂ ਮੈਂ ਪੇਂਡੂ ਇਲਾਕਿਆਂ ਵਿਚ ਲੋਕਾਂ ਦੀ ਜ਼ਿੰਦਗੀ ਦੀ ਜੀਵਨ-ਸ਼ੈਲੀ ਦੇਖੀ। ਲੋਕ ਬਹੁਤ ਗ਼ਰੀਬ ਸਨ।

ਟਰੱਕਾਂ ਉੱਤੇ ਲੱਗੇ 16 ਮਜ਼ਦੂਰਾਂ ਦੀਆਂ ਆਪਸ ਵਿਚ ਜਾਤੀਵਾਦ ਦੀਆਂ ਦੂਰੀਆਂ ਦੇਖੀਆਂ, ਤਾਂ ਮੈਨੂੰ ਸਮਝ ਆਇਆ ਕਿ ਇਨ੍ਹਾਂ ਬਾਰੇ 'ਨੌਂ ਪੂਰਬੀਏ ਅਤੇ ਦੱਸ ਚੁੱਲ੍ਹੇ' ਦਾ ਅਖਾਣ ਕਿਉਂ ਪਿਆ। ਜੋ ਮੈਂ ਬਚਪਨ ਤੋਂ ਹੀ ਸੁਣਿਆ ਕਰਦਾ ਸੀ। ਇਹ ਸਾਰੇ ਬਿਹਾਰੀ ਮਜ਼ਦੂਰ ਸਨ। ਉਨ੍ਹਾਂ ਦੇ ਚੁੱਲੇ ਅੱਡ-ਅੱਡ ਸਨ ਅਤੇ ਉਹ ਆਪਣੀ ਰੋਟੀ ਵੱਖਰੀ-ਵੱਖਰੀ ਬਣਾਉਂਦੇ ਸਨ।

ਭਰਾ ਜੀ ਦੇ ਟਰੱਕ ਕਈ ਵਾਰ ਪੰਜਾਬ ਨੂੰ ਵੀ ਮਾਲ ਲੈ ਕੇ ਆਉਂਦੇ ਤਾਂ ਉਨ੍ਹਾਂ ਨੇ ਪੰਜ-ਛੇ ਵਾਰੀ ਮੈਨੂੰ ਟਰੱਕਾਂ ਦੇ ਨਾਲ ਭੇਜਿਆ, ਤਾਂਕਿ ਰਸਤੇ ਵਿਚ ਆਉਣ ਵਾਲੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨ ਵਿਚ ਮੱਦਦ ਕਰ ਸਕਾਂ।

ਕਲਕੱਤੇ ਤੋਂ ਦਿੱਲੀ ਤੇ ਫਿਰ ਪੰਜਾਬ ਨੂੰ ਆਉਂਦੇ ਹੋਏ ਰਸਤੇ ਵਿਚ ਬਿਹਾਰ ਸੂਬੇ ਵਿਚੋਂ ਲੰਘਣਾ ਪੈਂਦਾ। 'ਬਿਹਾਰ' ਵਿਚ 'ਸੋਨ-ਦਰਿਆ' ਪਾਰ ਕਰਨਾ ਪੈਂਦਾ ਸੀ। ਇਸ ਦਾ ਪਾਟ (ਚੌੜਾਈ) ਪੌਣੇ ਦੋ ਮੀਲ ਸੀ। ਇਸ ਉੱਤੇ (ਸੋਨ-ਦਰਿਆ ਉੱਤੇ) ਕੋਈ ਸੜਕ ਦਾ ਪੁਲ ਨਹੀਂ ਸੀ। ਟਰੱਕ ਉੱਤੇ ਲੱਦਿਆ ਮਾਲ ਨਦੀ ਦੇ ਘਾਟ ਉੱਤੇ ਲਾਹ ਲਿਆ ਜਾਂਦਾ ਸੀ। ਘਾਟ ਉੱਤੇ ਕਈ ਢਾਬੇ ਸਨ। ਰੋਟੀ ਵਗੈਰਾ ਖਾ ਕੇ ਸਵੇਰ ਦੇ ਨੌਂ ਵਜੇ ਤੱਕ ਉਥੇ ਖੜ੍ਹੀਆਂ ਬੇੜੀਆਂ ਵਿਚ ਟਰੱਕ ਦਾ ਮਾਲ ਲਦਾ ਦਿੱਤਾ ਜਾਂਦਾ ਸੀ, ਅਤੇ ਮਲਾਹ ਬੇੜੀ ਨੂੰ ਠੇਲ੍ਹ ਲੈਂਦਾ। ਟਰੱਕ ਦਾ ਡਰਾਇਵਰ ਟਰੱਕ ਨੂੰ ਲੈ ਕੇ 'ਸੋਨ-ਈਸਟ ਬੈਂਕ' ਦੇ ਰੇਲਵੇ ਸਟੇਸ਼ਨ ਉੱਤੇ ਲਿਜਾ ਕੇ ਮਾਲ ਗੱਡੀ ਵਿਚ ਬੁੱਕ ਕਰਵਾ ਕੇ 'ਸੋਨ-ਦਰਿਆ) ਦੇ ਦੂਸਰੇ ਕਿਨਾਰੇ ਉੱਤੇ 'ਡੇਅਰੀ-ਆਨ-ਸੋਨ' ਦੇ ਰੇਲਵੇ ਸਟੇਸ਼ਨ ਉੱਤੇ ਉਤਾਰ ਲੈਂਦਾ, ਅਤੇ ਸੋਨ-ਨਦੀ ਦੇ ਦੂਸਰੇ ਕਿਨਾਰੇ (ਘਾਟ) ਉੱਤੇ ਲੈ ਆਉਂਦਾ। ਮੈਂ ਬੇੜੀ ਉੱਤੇ ਲੱਦੇ ਹੋਏ ਮਾਲ ਦੇ ਨਾਲ ਜਾਂਦਾ। ਨਦੀ ਦਾ ਪਾਟ ਚੌੜਾ ਹੋਣ ਕਰਕੇ ਦੂਸਰੇ ਪਾਸੇ ਦੇ ਘਾਟ ਉੱਤੇ ਪਹੁੰਚਣ ਨੂੰ ਅੱਠ-ਨੌਂ ਘੰਟੇ ਲੱਗ ਜਾਂਦੇ ਅਤੇ ਸੂਰਜ ਡੁੱਬ ਜਾਂਦਾ। ਬੇੜੀ ਉੱਤੋਂ ਮਾਲ ਉਤਰਵਾ ਕੇ ਬੇੜੀ ਵਾਲੇ ਨੂੰ ਕਿਰਾਇਆ ਅਦਾ ਕਰਕੇ ਮਾਲ ਨੂੰ ਉੱਥੇ ਖੜ੍ਹੇ ਟਰੱਕ ਵਿਚ ਲੱਦਵਾ ਕੇ ਦਿੱਲੀ ਹੁੰਦੇ ਹੋਏ ਪੰਜਾਬ ਨੂੰ ਰਵਾਨਾ ਹੋ ਜਾਂਦੇ। ਭਾਰ ਵਾਲੇ ਟਰੱਕ ਆਮ ਤੌਰ 'ਤੇ ਰਾਤ ਨੂੰ ਹੀ ਸਫ਼ਰ ਕਰਦੇ ਸਨ।

1937 ਤੋਂ 1939 ਈ. ਦੇ ਦਰਮਿਆਨ ਜਿੰਨੀ ਦੇਰ ਮੈਂ ਕਲਕੱਤੇ ਰਿਹਾ, ਮੈਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਮੌਕਾ ਮਿਲਿਆ। ਚਾਰਲਸ ਡਾਰਵਿਨ (Charles Darwin) ਦੀਆਂ ਕਿਤਾਬਾਂ Origin of Species (ਜੀਵ ਕਿਵੇਂ ਪੈਦਾ ਹੋਇਆ), Descent of man (ਆਦਮੀ ਕਿਵੇਂ ਪੈਦਾ ਹੋਇਆ) Morgin ਦੀ Ancient Societies (ਪੁਰਾਤਨ ਸਮਾਜ) H.G. Wells ਦੀ World History (ਦੁਨੀਆ ਦਾ ਇਤਿਹਾਸ) Greece ਦੀਆਂ ਕਲਾਸੀਕਲ ਕਿਤਾਬਾਂ Odessy (ਓਡੀਸੀ), Illiad (ਇਲਿਆਡ), Plato ਦੀ Republic (ਰਿਪਬਲਿਕ), Gorden Child ਦੀ New light on most Ancient East (ਪੁਰਾਤਨ ਪੂਰਬੀ ਸਮਾਜ ਉੱਤੇ ਨਵੀਂ ਰੌਸ਼ਨੀ) Shakespeare ਦੀਆਂ Julius Caesar (ਜੂਲੀਅਸ ਸੀਜ਼ਰ) Helmet (ਹੈਲਮਟ),

Victor Hugo ਦੀ La Miserable, (ਦੁਖੀਏ), French Revolution 1789 (1789 ਦਾ ਫਰਾਂਸ ਦਾ ਇਨਕਲਾਬ), Emile Zola (ਐਮਲ ਜੋਲਾ) Tolstoy ਦੀਆਂ War and Peace (ਯੁੱਧ ਅਤੇ ਸ਼ਾਂਤੀ Resurrection (ਪੁਨਰ ਉਥਾਨ), Sholokhov ਦੀਆਂ And Quiet Flows the Don (ਤੇ ਡੌਨ ਵਹਿੰਦਾ ਰਿਹਾ) ਅਤੇ Virgin Soil upturned (ਬੰਜਰ ਧਰਤੀ ਪਾਸਾ ਪਰਤਿਆ) Lull before the storm (ਤੂਫ਼ਾਨ ਤੋਂ ਪਹਿਲਾਂ ਦੀ ਸ਼ਾਂਤੀ), Germany Puts the Clock Back, Edgar Snow ਦੀ Red Star over China (ਲਾਲ ਚੀਨ) ਤੇ 'Indian Year Book ਹਰ ਸਾਲ ਨਵੀਂ ਮਿਲ ਜਾਂਦੀ।

ਹਿੰਦੀ ਦੀਆਂ : -ਰਵਿੰਦਰ ਨਾਥ ਟੈਗੋਰ ਦੇ ਨਾਵਲ :-ਗੋਰਾ, ਨੌਕਾ ਬਦਲੀ, ਬਹੂ ਠੁਕਰਾਨੀ ਦਾ ਹਾਟ, ਸ਼ਰਤ ਚੰਦਰ ਦੇ ਨਾਵਲ-ਸ੍ਰੀਕਾਂਤ, ਦੇਵਦਾਸ, ਪਰਣੀਤਾ, ਬਿਰਾਜ਼ ਬਹੂ ਆਦਿ, ਮੁਨਸ਼ੀ ਪ੍ਰੇਮ ਚੰਦ ਦੇ ਨਾਵਲ-ਗੋਦਾਨ, ਨਿਰਮਲਾ, ਸੇਵਾ ਸਦਨ, ਨਮਕ ਦਾ ਦਰੋਗਾ, ਰੰਗਭੂਮੀ ਸੋਜ਼ੇ ਵਤਨ ਆਦਿ ਪੜ੍ਹੇ।

1934 ਤੋਂ 1939 ਈ. ਤੱਕ ਨੂਰਮਹਿਲ ਰਹਿੰਦਿਆਂ ਪੰਜਾਬ ਵਿਚ ਪ੍ਰਚਲਿਤ ਕਿੱਸੇ-ਕਹਾਣੀਆਂ ਜਿਵੇਂ-ਵਾਰਿਸ ਸ਼ਾਹ ਦੀ 'ਹੀਰ', ਬੁੱਲ੍ਹੇ ਸਾਹ ਦੀਆਂ ਕਾਫ਼ੀਆਂ, ਪੂਰਨ ਭਗਤ, ਯੂਸਫ਼-ਜ਼ੁਲੈਖ਼ਾ, ਰਾਜਾ ਭਰਤਰੀ, ਸੱਸੀ-ਪੁੰਨੂੰ ਆਦਿ ਪੜ੍ਹੇ। ਪੰਚ-ਤੰਤਰ ਤੇ ਬੇਤਾਲ ਦੀਆਂ ਕਹਾਣੀਆਂ, ਨਲ-ਦਮਯੰਤੀ, ਰਾਜਾ ਹਰੀਸ਼ ਚੰਦਰ, ਰਮਾਇਣ, ਮਹਾਂਭਾਰਤ ਦੀਆਂ ਕਹਾਣੀਆਂ, ਅਲਫ਼-ਲੈਲਾ (Arbian Nights) ਵੀ ਪੜ੍ਹੀਆਂ ਉਰਦੂ ਦੇ ਪ੍ਰਗਤੀਸ਼ੀਲ ਲੇਖਕ-ਕ੍ਰਿਸ਼ਨ ਚੰਦਰ, ਘਨੈਯਾ ਲਾਲ ਕਪੂਰ, ਰਾਜੇਂਦਰ ਸਿੰਘ ਬੇਦੀ, ਯਾਂ-ਨਿਸਾਰ ਅਖ਼ਤਰ, ਇਸਰਾਰ-ਉਲ-ਹੱਕ-'ਮਿਜਾਜ਼', ਜੋਸ਼ ਮਲੀਹਾਬਾਦੀ, ਫੈਜ਼ ਅਹਿਮਦ ਫੈਜ਼, ਇਸਮਤ ਚੁਗਤਾਈ ਦੀਆਂ ਲੇਖਣੀਆਂ ਪੜ੍ਹੀਆਂ। ਖੱਬੀ ਸੋਚ ਦੇ ਰਸਾਲੇ, ਅਖ਼ਬਾਰਾਂ-ਚਿੰਗਾਰੀ, ਕਿਰਤੀ-ਲਹਿਰ ਆਦਿ ਵੀ ਪੜ੍ਹਨ ਨੂੰ ਮਿਲ ਜਾਂਦੇ ਸਨ। ਪ੍ਰਿੰਸੀਪਲ ਛਬੀਲ ਦਾਸ ਅਤੇ ਬ੍ਰਿਜ-ਨਾਰਾਇਣ ਦੇ ਸੋਸ਼ਲਿਜ਼ਮ ਉੱਤੇ ਛੋਟੇ-ਛੋਟੇ ਪੈਂਫਲਿਟ ਵੀ ਪੜ੍ਹਨ ਨੂੰ ਮਿਲ ਜਾਂਦੇ।

ਆਜ਼ਾਦੀ ਦੇ ਸੰਘਰਸ਼ ਵਿਚ ਸ਼ਾਮਿਲ ਹੋਣ ਦਾ ਫ਼ੈਸਲਾ

ਅਗਸਤ 1939 ਤੱਕ ਮੈਂ ਸਮਾਜ ਨੂੰ ਜਿਸ ਨਜ਼ਰੀਏ ਨਾਲ ਦੇਖਿਆ ਅਤੇ ਸਮਝਿਆ-ਦੇਸ਼ ਦੀ ਗੁਲਾਮੀ ਨੂੰ ਸ਼ਿੱਦਤ ਨਾਲ ਮਹਿਸੂਸ ਕੀਤਾ, ਉਸ ਅਸਰ ਹੇਠ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਪੂਰੀ ਤਰ੍ਹਾਂ ਸ਼ਾਮਿਲ ਹੋਣ ਦਾ ਫ਼ੈਸਲਾ ਕਰ ਲਿਆ।

ਮੈਂ ਆਪਣੇ ਭਰਾ ਨੂੰ ਦੱਸੇ ਬਗੈਰ ਹੀ ਕਲਕੱਤੇ ਤੋਂ ਕਾਨਪੁਰ ਨੂੰ ਚਲਾ ਗਿਆ। ਮੈਂ ਕਾਨਪੁਰ ਦੀ ਕਿਸੇ ਮਿੱਲ ਵਿਚ (ਮਜ਼ਦੂਰਾਂ ਵਿਚ) ਕੰਮ ਕਰਨ ਦੇ ਇਰਾਦੇ ਨਾਲ ਗਿਆ ਸੀ, ਪਰ ਉਥੇ 20 ਦਿਨ ਤੱਕ ਕੋਸ਼ਿਸ਼ ਕਰਨ 'ਤੇ ਵੀ (ਕਿਸੇ ਵੀ ਮਿੱਲ ਵਿਚ) ਕੰਮ ਨਾ ਮਿਲ ਸਕਿਆ।

ਸਤੰਬਰ 1939 ਦੇ ਪਹਿਲੇ ਹਫ਼ਤੇ ਮੈਂ ਨੂਰਮਹਿਲ ਆ ਗਿਆ, ਤਾਂ ਕਿ ਮੈਂ 'ਕਿਸਾਨ-ਸੰਘਰਸ਼' ਵਿਚ ਸ਼ਾਮਿਲ ਹੋ ਸਕਾਂ। ਉਸ ਵੇਲੇ 'ਲਾਹੌਰ ਕਿਸਾਨ ਮੋਰਚਾ' ਚੱਲ ਰਿਹਾ ਸੀ, ਕਿਸਾਨਾਂ ਦੇ ਜਥੇ ਕੈਦ ਹੋ ਰਹੇ ਸਨ। ਪਰ 'ਕਿਸਾਨ ਮੋਰਚਾ' ਥੋੜ੍ਹੇ ਦਿਨਾਂ ਬਾਅਦ ਹੀ ਖ਼ਤਮ ਹੋ ਗਿਆ। 'ਲਾਹੌਰ ਕਿਸਾਨ ਮੋਰਚਾ' ਕਿਸਾਨੀ ਮੰਗਾਂ ਨੂੰ ਲੈ ਕੇ ਸ਼ੁਰੂ ਹੋਇਆ ਸੀ। ਜਿਹਦੇ ਵਿਚ 'ਦੁਆਬੇ ਵਿਚ ਨਹਿਰ ਕੱਢਣ' ਦੀ ਮੰਗ ਮੁੱਖ ਤੌਰ 'ਤੇ ਸ਼ਾਮਿਲ ਸੀ। ਜ਼ਿਲ੍ਹੇ ਜਲੰਧਰ ਦੇ ਕਈ ਕਿਸਾਨ ਜੱਥੇ ਕੈਦ ਹੋਏ ਸਨ। ਪੰਜਾਬ ਸਰਕਾਰ ਨਾਲ ਕੁਝ ਮੰਗਾਂ ਉੱਤੇ ਸਮਝੌਤੇ ਹੋਣ ਤੋਂ ਬਾਅਦ ਮੋਰਚਾ ਖਤਮ ਕਰ ਦਿੱਤਾ ਗਿਆ। 'ਕਿਸਾਨ-ਮੋਰਚੇ' ਵਿਚ ਕੈਦ ਹੋਏ ਕਿਸਾਨ ਜੇਲ੍ਹਾਂ ਤੋਂ ਛੱਡੇ ਜਾਣ ਲੱਗੇ। ਉਨ੍ਹਾਂ ਕਿਸਾਨਾਂ ਦਾ ਸਵਾਗਤ ਕਰਦੇ ਹੋਏ ਲੋਕ ਜਲੂਸ ਦੀ ਸ਼ਕਲ ਵਿਚ ਪਿੰਡਾਂ ਤੱਕ ਲੈ ਕੇ ਜਾਂਦੇ ਸਨ। ਮੈਂ ਵੀ ਉਨ੍ਹਾਂ ਦੇ ਨਾਲ ਜਾਂਦਾ ਸੀ।

ਅਕਤੂਬਰ ਦੇ ਪਹਿਲੇ ਹਫ਼ਤੇ ਮੈਂ ਬਾਬਾ ਕਰਮ ਚੀਮਾ ਖੁਰਦ (ਜੋ ਗ਼ਦਰ ਪਾਰਟੀ ਦੇ ਉੱਘੇ ਲੀਡਰ ਸਨ) ਕੋਲ ਗਿਆ। ਉਹ ਆਜ਼ਾਦੀ ਸੰਘਰਸ਼ ਤੇ ਕਿਸਾਨੀ ਸੰਘਰਸ਼ ਵਿਚ ਪੂਰੀ ਤਰ੍ਹਾਂ ਸ਼ਾਮਿਲ ਸਨ। ਉਹ ਲੋਕਾਂ ਵਿਚ ਬਹੁਤ ਰਸੂਖ ਰੱਖਦੇ ਸਨ। ਮੈਂ ਉਨ੍ਹਾਂ ਨੂੰ ਪੜ੍ਹਾਈ ਦੇ ਦਿਨਾਂ ਤੋਂ ਹੀ ਜਾਣਦਾ ਸੀ, ਕਿਉਂਕਿ ਉਨ੍ਹਾਂ ਦਾ ਪੋਤਰਾ ਜੋਗਿੰਦਰ ਸਿੰਘ ਮੇਰਾ ਜਮਾਤੀ (ਕਲਾਸ ਫੈਲੋ) ਸੀ। ਮੈਂ ਬਾਬਾ ਜੀ ਨੂੰ ਕਿਹਾ ਕਿ ਮੈਨੂੰ ਵੀ ਕੋਈ ਕੰਮ ਦਿਓ ਤਾਂ ਬਾਬਾ ਜੀ ਨੇ ਮਖੌਲੀਆ-ਅੰਦਾਜ਼ ਵਿਚ ਕਿਹਾ ਕਿ "ਸਾਡੇ ਕਿਹੜੇ ਕਾਰਖਾਨੇ ਚੱਲਦੇ ਐ... ਜੋ ਕੰਮ ਦਈਏ"..., ਤਾਂ ਮੈਂ ਉਨ੍ਹਾਂ ਨੂੰ ਕਿਹਾ, ਨਹੀਂ ਬਾਬਾ ਜੀ! ਮੈਂ 'ਕਿਸਾਨੀ ਅੰਦੋਲਨ' ਵਿਚ ਕੰਮ ਕਰਨਾ ਚਾਹੁੰਦਾ ਹਾਂ, ਤਾਂ ਉਨ੍ਹਾਂ ਕਿਹਾ ਹਾਂ...!!"

ਅਤੇ ਉਨ੍ਹਾਂ ਨੇ ਮੈਨੂੰ ਆਪਣੇ ਪੋਤਰੇ ਜੋਗਿੰਦਰ ਸਿੰਘ ਨਾਲ ਕਾਮਰੇਡ ਭਗਤ ਸਿੰਘ ਕੋਲ ਬਿਲਗੇ ਭੇਜ ਦਿੱਤਾ। ਕਾਮਰੇਡ ਭਗਤ ਸਿੰਘ ਬਿਲਗਾ ਜੀ ਉਥੇ ਆਪਣੇ ਖੇਤਾਂ ਵਿਚ ਕੰਮ ਕਰ ਰਹੇ ਸਨ। ਉਨ੍ਹਾਂ ਨੇ ਮੇਰੇ ਨਾਲ 15-20 ਮਿੰਟ ਗੱਲ ਕੀਤੀ ਅਤੇ ਕਿਹਾ ਕਿ "ਅਸੀਂ ਤੈਨੂੰ ਫਿਰ ਬੁਲਾਵਾਂਗੇ"। ਉਸ ਵੇਲੇ ਉਨ੍ਹਾਂ ਕੋਲ ਕਾਮਰੇਡ ਗੁਰਚਰਨ ਸਿੰਘ ਰੰਧਾਵਾ ਵੀ ਸੀ। ਉਹ ਮੈਨੂੰ ਪਹਿਲੀ ਵਾਰੀ ਮਿਲਿਆ ਸੀ ਅਤੇ ਜਿਨ੍ਹਾਂ ਦੀ ਦੋਸਤੀ ਅਖੀਰ ਤੱਕ (ਮਰਦੇ-ਦਮ ਤੱਕ) ਰਹੀ।

ਮੈਨੂੰ ਬਹੁਤ ਦੇਰ ਤੱਕ ਕਾਮਰੇਡ ਭਗਤ ਸਿੰਘ ਬਿਲਗਾ ਜੀ ਵੱਲੋਂ ਸਿਆਸੀ-ਕੰਮ ਲਈ ਨਾ ਬੁਲਾਉਣ ਉੱਤੇ ਮੈਂ ਜਨਵਰੀ 1940 ਵਿਚ ਆਪਣੀ ਵੱਡੀ ਭੈਣ ਸਾਵਿਤ੍ਰੀ ਦੇਵੀ ਕੋਲ ਰਾਮ-ਨਗਰ ਦਿੱਲੀ ਚਲਾ ਗਿਆ। ਉਥੇ ਰਾਮ-ਨਗਰ ਤੋਂ ਪੈਦਲ ਹੀ ਚਾਂਦਨੀ ਚੌਕ ਮਾਰਵਾੜੀ-ਲਾਇਬ੍ਰੇਰੀ ਵਿਚ ਚਲਾ ਜਾਂਦਾ ਅਤੇ ਪੜ੍ਹਦਾ ਰਹਿੰਦਾ ਸੀ। ਮਹੀਨਾ ਕੁ ਦਿੱਲੀ ਰਹਿ ਕੇ ਮੈਂ ਫਿਰ ਨੂਰਮਹਿਲ ਆ ਗਿਆ।

ਫ਼ਰਵਰੀ 1940 ਦੇ ਸ਼ੁਰੂ ਵਿਚ ਬਾਬਾ ਕਰਮ ਸਿੰਘ ਚੀਮਾ ਅਤੇ ਭੋਲਾ ਸਿੰਘ ਚੀਮਾ-ਕਲਾਂ ਨਾਲ ਮਿਲ ਕੇ ਇਲਾਕੇ ਦੇ ਪਿੰਡਾਂ ਵਿਚ 'ਕਿਸਾਨ-ਸਭਾ' ਦੀਆਂ ਕਮੇਟੀਆਂ ਬਣਾਉਣ ਲਈ ਪਿੰਡਾਂ ਵਿਚ ਖੂਹਾਂ ਉੱਤੇ ਜਾਂਦੇ ਅਤੇ ਕਿਸਾਨਾਂ ਨੂੰ 'ਕਿਸਾਨ-ਸਭਾ' ਦਾ ਉਦੇਸ਼ ਸਮਝਾਉਂਦੇ ਕਿ ਕਿਸ ਤਰ੍ਹਾਂ 'ਕਮੇਟੀ' ਕਿਸਾਨਾਂ ਦੇ ਹਿੱਤਾਂ ਲਈ ਸੰਘਰਸ਼ ਕਰਦੀ ਹੈ, ਆਮ ਕਿਸਾਨ 'ਕਮੇਟੀ' ਮੈਂਬਰ ਬਣਨ ਤੋਂ ਝਿਜੱਕਦੇ। ਕਈ ਜਗ੍ਹਾ ਤਾਂ ਕਿਸਾਨਾਂ ਨੂੰ 'ਕਮੇਟੀ' ਮੈਂਬਰ ਬਣਨ ਲਈ ਸਮਝਾਉਣ ਉੱਤੇ ਦੋ-ਦੋ, ਤਿੰਨ-ਤਿੰਨ ਘੰਟੇ ਲੱਗ ਜਾਂਦੇ। 'ਕਮੇਟੀ ਮੈਂਬਰ' ਬਣਨ ਦੀ ਫ਼ੀਸ ਸਲਾਨਾ ਇਕ 'ਆਨਾ' ਹੁੰਦੀ ਸੀ, ਪਰ ਕਈ ਕਿਸਾਨਾਂ ਕੋਲ ਉਹ ਵੀ ਨਾ ਹੁੰਦਾ ਅਤੇ ਕਈ ਵਾਰ ਸਾਨੂੰ ਕਿਸਾਨ ਕਮੇਟੀ ਮੈਂਬਰ (ਸਲਾਨਾ) ਬਣਨ ਦੀ ਫੀਸ ਦਾਣਿਆਂ ਦੀ ਸ਼ਕਲ ਵਿਚ ਦੇ ਦਿੰਦੇ ਸਨ।

ਫਰਵਰੀ 1940 ਦੇ ਅਖੀਰ ਵਿਚ 'ਜ਼ਿਲ੍ਹਾ ਕਿਸਾਨ ਕਮੇਟੀ' ਦੇ ਡੈਲੀਗੇਟਾਂ ਦੀ ਚੋਣ ਹੋਈ ਜਿਹਦੇ ਵਿਚ ਮੈਂ ਵੀ ਡੈਲੀਗੇਟ ਚੁਣਿਆ ਗਿਆ। ਫਰਵਰੀ ਦੇ ਅਖੀਰ ਵਿਚ ਹੀ 'ਪੰਜਾਬ ਕਿਸਾਨ ਸਭਾ' ਦਾ ਸਾਲਾਨਾ ਇਜਲਾਸ ਸੀ। ਜ਼ਿਲ੍ਹੇ ਤੋਂ ਡੈਲੀਗੇਟਾਂ ਵਿਚ ਮੈਨੂੰ ਵੀ ਚੁਣ ਲਿਆ ਗਿਆ। ਸਲਾਨਾ ਡੈਲੀਗੇਟ ਇਜਲਾਸ ਅੰਮ੍ਰਿਤਸਰ ਵਿਚ ਹੋਇਆ। ਉਥੇ ਜਾ ਕੇ ਹੀ ਮੈਨੂੰ ਪਤਾ ਲੱਗਾ ਕਿ 'ਪੰਜਾਬ ਕਿਸਾਨ ਸਭਾ' ਦੇ ਦੋ ਧੜੇ ਹਨ। ਇਕ 'ਕਿਰਤੀ-ਗਰੁੱਪ (ਜਿਸ ਨੂੰ ਬਾਬਾ ਪਾਰਟੀ ਗਰੁੱਪ ਵੀ) ਕਹਿੰਦੇ ਸੀ ਅਤੇ ਦੂਸਰੇ ਨੂੰ ਸੋਹਣ ਸਿੰਘ ਜੋਸ਼ ਗਰੁੱਪ ਕਹਿੰਦੇ ਸਨ। ਉਥੇ ਹੀ ਕਾਮਰੇਡ ਬੂਝਾ ਸਿੰਘ ਚੱਕ ਮਾਈਦਾਸ ਨਾਲ ਵਾਕਫ਼ੀਅਤ ਹੋਈ। ਅੰਮ੍ਰਿਤਸਰ ਤੋਂ ਮੈਂ ਵਾਪਸ ਨੂਰਮਹਿਲ ਆ ਕੇ ਬਾਬਾ ਕਰਮ ਸਿੰਘ ਚੀਮਾ ਜੀ ਨਾਲ ਮਿਲ ਕੇ ਫਿਰ ਪਿੰਡਾਂ ਵਿਚ ਕਿਸਾਨ ਕਮੇਟੀਆਂ ਬਣਾਉਣ ਲੱਗ ਪਿਆ।

ਮਾਰਚ 1940 ਦੇ ਅਖੀਰ ਵਿਚ ਕਾਮਰੇਡ ਬੂਝਾ ਸਿੰਘ ਨੇ ਸਾਨੂੰ 'ਮਾਰਕਸਵਾਦ' ਉੱਤੇ 'ਸਟੱਡੀ-ਸਰਕਲ' ਦਿੱਤਾ, ਜਿਸ ਵਿਚ ਕਾਮਰੇਡ ਰਜਿੰਦਰ ਸਿੰਘ ਸਰੀਂਹ, ਗੁਰਚਰਨ

ਸਿੰਘ ਰੰਧਾਵਾ, ਮੈਂ ਅਤੇ ਕੁਝ ਹੋਰ ਸਾਥੀ ਸ਼ਾਮਿਲ ਹੋਏ। ਇਹ 'ਸਟੱਡੀ-ਸਰਕਲ' ਫਿਲੌਰ ਸ਼ਹਿਰ ਵਿਚ ਲਗਾਇਆ ਗਿਆ ਸੀ। (ਇਸ ਤਰ੍ਹਾਂ ਦੇ ਸਟੱਡੀ-ਸਰਕਲਾਂ ਉੱਤੇ ਸਰਕਾਰ ਦੀ ਖ਼ਾਸ ਨਜ਼ਰ ਰਹਿੰਦੀ ਸੀ) ਸੋ ਸ਼ਹਿਰ ਵਿਚ ਛੁਪ ਕੇ 'ਸਟੱਡੀ-ਸਰਕਲ' ਜਾਰੀ ਰੱਖਣਾ ਸੰਭਵ ਨਹੀਂ ਸੀ। ਸੋ ਫਿਲੌਰ ਤੋਂ ਅਸੀਂ ਆਪਣਾ ਸਟੱਡੀ-ਸਰਕਲ ਸ਼ੰਕਰ ਪਿੰਡ ਵਿਚ ਇਕ ਖੂਹ ਉੱਤੇ ਤਬਦੀਲ ਕਰ ਲਿਆ।

'ਸਟੱਡੀ-ਸਰਕਲ' ਵਿਚ ਸਾਨੂੰ ਸਮਝਾਇਆ ਗਿਆ ਕਿ ਦੁਨੀਆ ਦੇ ਕੁਝ ਸਾਮਰਾਜੀ ਦੇਸ਼ ਇੰਗਲੈਂਡ, ਫਰਾਂਸ, ਸਪੇਨ, ਜਰਮਨ ਅਤੇ ਅਮਰੀਕਾ ਆਦਿ ਵਿਕਸਤ ਦੇਸ਼ਾਂ ਨੇ ਦੂਸਰੇ ਘੱਟ-ਵਿਕਸਤ ਦੇਸ਼ਾਂ ਉੱਤੇ ਕਿਸ ਤਰ੍ਹਾਂ ਫੌਜੀ ਤਾਕਤ ਨਾਲ ਕਬਜ਼ੇ ਕੀਤੇ ਹੋਏ ਹਨ। ਖ਼ਾਸ ਤੌਰ 'ਤੇ ਇੰਗਲੈਂਡ ਨੇ ਹਿੰਦੁਸਤਾਨ ਉੱਤੇ ਕਬਜ਼ਾ ਕਰਕੇ ਇੱਥੋਂ ਦੀ ਆਰਥਿਕਤਾ ਉੱਤੇ ਕਿਸ ਤਰ੍ਹਾਂ ਕਬਜ਼ਾ ਕੀਤਾ ਹੋਇਆ ਹੈ ਕਿ ਇਥੋਂ ਦੀ ਕਾਰੀਗਰੀ ਨੂੰ ਖਤਮ ਕਰਕੇ ਇੱਥੋਂ ਦਾ ਕੱਚਾ-ਮਾਲ ਕਣਕ, ਕਪਾਹ ਅਤੇ ਹੋਰ ਕੱਚਾ-ਮਾਲ ਆਦਿ ਸਸਤੇ ਭਾਅ ਉੱਤੇ ਖਰੀਦ ਕੇ ਇੰਗਲੈਂਡ ਲੈ ਜਾਂਦੇ ਹਨ ਤੇ ਆਪਣੀ 'ਟੈਕਸਟਾਈਲ-ਇੰਡਸਟਰੀ' ਨੂੰ ਵਧਾਉਂਦੇ ਹਨ। ਉਥੋਂ ਦਾ ਤਿਆਰ ਹੋਇਆ ਕੱਪੜਾ (ਪੱਕਾ-ਮਾਲ) ਸਾਡੇ ਦੇਸ਼ ਵਿਚ ਮਹਿੰਗੇ ਭਾਅ ਉੱਤੇ ਵੇਚ ਕੇ ਇੱਥੋਂ ਦੀ ਦੋਹਰੀ ਲੁੱਟ ਕਰਦੇ ਹਨ। ਸਾਡੇ ਦੇਸ਼ ਦੀ ਸਸਤੀ ਲੇਬਰ ਲੈ ਕੇ ਚਾਹ, ਨੀਲ (ਨੀਲ ਦੀ ਖ਼ੇਤੀ ਬਿਹਾਰ ਤੇ ਬੰਗਾਲ ਵਿਚ ਹੁੰਦੀ ਹੈ) ਅਤੇ ਜੂਟ (ਪਟਸਨ) ਦੀ ਇੰਡਸਟਰੀ ਤੋਂ ਭਾਰਾ-ਮੁਨਾਫ਼ਾ ਕਮਾ ਕੇ ਇੰਗਲੈਂਡ ਲੈ ਜਾਂਦੇ ਹਨ।

ਇਸ ਤਰ੍ਹਾਂ ਇੰਗਲੈਂਡ ਵਰਗੇ ਸਾਮਰਾਜੀ ਦੇਸ਼ ਆਪਣੇ ਗੁਲਾਮ ਦੇਸ਼ਾਂ ਨੂੰ ਕਿਸ ਤਰ੍ਹਾਂ ਲੁੱਟਦੇ ਹਨ ਅਤੇ ਇਸ ਲੁੱਟ ਲਈ ਏਥੋਂ ਦੇ ਕਿਹੜੇ-ਕਿਹੜੇ ਭਾਈਵਾਲਾਂ ਨੂੰ ਨਾਲ ਲੈਂਦੇ ਹਨ, ਅਤੇ ਆਪਣੇ ਆਰਥਿਕ ਤੇ ਰਾਜਨੀਤਕ ਹਿੱਤਾਂ ਨੂੰ ਕਿਸ ਤਰ੍ਹਾਂ ਸੁਰੱਖਿਅਤ ਰੱਖਦੇ ਹਨ। ਇਹ ਭਾਈਵਾਲ ਸਾਮਰਾਜੀ ਸਰਕਾਰ ਨਾਲ ਮਿਲ ਕੇ ਇੱਥੋਂ ਦੀ ਜਨਤਾ ਨੂੰ ਕਿਸ ਤਰ੍ਹਾਂ ਲੁੱਟਦੇ ਨੇ, ਇਸ ਦਾ ਵਿਸ਼ਲੇਸ਼ਣ ਕਰੀਏ, ਇਹ ਵਰਗ ਨਿਮਨਲਿਖਤ ਹਨ :-

(ੳ) **ਦਲਾਲ ਸਰਮਾਏਦਾਰ**:-ਜਿਹੜਾ ਦੇਸ਼ ਵਿਚੋਂ ਕੱਚਾ ਮਾਲ (ਕਪਾਹ ਆਦਿ) ਸਸਤੇ ਭਾਅ ਉੱਤੇ ਖਰੀਦ ਕੇ ਅੰਗ੍ਰੇਜ਼ੀ ਸਰਕਾਰ ਨੂੰ ਦਿੰਦਾ ਹੈ ਅਤੇ ਅੰਗ੍ਰੇਜ਼ੀ ਕੰਪਨੀਆਂ ਦਾ ਅਯਾਤ ਕੀਤਾ ਹੋਇਆ ਮਾਲ (ਬਣਿਆ ਹੋਇਆ ਕੱਪੜਾ ਆਦਿ) ਭਾਰਤ ਦੀਆਂ ਮੰਡੀਆਂ ਵਿਚ ਵੇਚਦਾ ਹੈ।

(ਅ) ਰਿਆਸਤਾਂ ਦੇ ਰਾਜੇ-ਮਹਾਰਾਜੇ ਆਪਣੇ ਐਸ਼ੋ-ਇਸ਼ਰਤ ਦੀ ਪੂਰਤੀ ਲਈ, ਆਪਣੇ ਰਾਜ ਨੂੰ ਕ਼ਾਇਮ ਰੱਖਣ ਲਈ ਤੇ ਆਪਣੇ ਲੋਕਾਂ ਉੱਤੇ ਭਾਰੀ ਟੈਕਸ ਲਗਾ ਕੇ ਲੋਕਾਂ ਦਾ ਦਮਨ ਕਰਦੇ ਹਨ ਤੇ ਪੈਸਾ ਵਸੂਲਦੇ ਹਨ ਅਤੇ ਉਸ ਪੈਸੇ ਦਾ ਇਕ ਹਿੱਸਾ ਅੰਗ੍ਰੇਜ਼ੀ ਸਰਕਾਰ ਨੂੰ ਦਿੰਦੇ ਹਨ, ਜ਼ਰੂਰਤ ਪੈਣ ਤੇ ਆਪਣੇ ਫੌਜੀ ਵੀ ਉਨ੍ਹਾਂ ਨੂੰ ਦਿੰਦੇ ਹਨ। ਉਹ ਲੋਕਾਂ ਦੀ ਲੁੱਟ ਉੱਤੇ ਆਪਣੀ ਹਕੂਮਤ ਨੂੰ ਕਾਇਮ ਰੱਖਣ ਲਈ ਅੰਗ੍ਰੇਜ਼ੀ

ਸਰਕਾਰ ਦੀ ਮਸ਼ੀਨਰੀ ਉੱਤੇ ਆਸ਼ਰਿਤ ਰਹਿੰਦੇ ਹਨ। ਹਰ ਰਿਆਸਤ ਵਿਚ ਅੰਗ੍ਰੇਜ਼ੀ ਸਰਕਾਰ ਦਾ ਰੈਜ਼ੀਡੈਂਟ ਰਹਿੰਦਾ ਹੈ, ਜਿਹੜਾ ਰਿਆਸਤ ਉੱਤੇ ਨਿਗਰਾਨੀ ਰੱਖਦਾ ਹੈ।

(ੲ) ਜਗੀਰਦਾਰ ਅਤੇ ਵੱਡੇ ਜ਼ਮੀਨਾਂ ਦੇ ਮਾਲਕ ਆਪਣੀ ਜ਼ਮੀਨ ਉੱਤੇ ਵਾਹੀ ਕਰਨ ਵਾਲਿਆਂ (ਮੁਜ਼ਾਰਿਆਂ) ਉੱਤੇ ਕਈ ਤਰ੍ਹਾਂ ਦੇ ਖਰਚੇ ਪਾ ਕੇ ਪੈਦਾਵਾਰ ਦਾ ਵੱਡਾ ਹਿੱਸਾ ਹੜੱਪ ਲੈਂਦੇ ਹਨ- ਯਾਨੀ ਅਨਾਜ (ਫ਼ਸਲ) ਦਾ ਵੱਡਾ ਹਿੱਸਾ 40 ਸੇਰ ਵਿਚੋਂ 30 ਸੇਰ (ਪੈਦਾਵਾਰ ਦਾ ਹਿਸਾ) ਜਗੀਰਦਾਰ ਲੈ ਜਾਂਦਾ ਸੀ ਤੇ ਮੁਜ਼ਾਰੇ (ਵਾਹੀ ਕਰਨ ਵਾਲਾ) ਕੋਲ ਸਿਰਫ਼ 10 ਸੇਰਯਾਨੀ ਚੌਥਾ ਹਿੱਸਾ ਹੀ ਰਹਿ ਜਾਂਦੀ ਸੀ। ਨਤੀਜੇ ਦੇ ਤੌਰ ’ਤੇ ਮੁਜ਼ਾਰੇ ਨੂੰ ਸਾਲ ਭਰ ਦੇ ਖਰਚ ਲਈ ਜਗੀਰਦਾਰਾਂ ਜਾਂ ਸ਼ਾਹੂਕਾਰਾਂ ਤੋਂ ਹੀ ਕਰਜ਼ ਲੈਣਾ ਪੈਂਦਾ ਸੀ। ਇਸ ਤਰ੍ਹਾਂ ਮੁਜ਼ਾਰਾ ਜ਼ਮੀਨ ਦੇ ਮਾਲਕ ਤੋਂ ਜੀਵਨ ਭਰ ਬੰਧੂਆ ਮਜ਼ਦੂਰ ਦੀ ਤਰ੍ਹਾਂ ਬਣ ਕੇ ਰਹਿ ਜਾਂਦਾ ਅਤੇ ਛੁਟਕਾਰਾ ਨਹੀਂ ਸੀ ਪਾ ਸਕਦਾ। ਜਗੀਰਦਾਰ ਅਤੇ ਵੱਡੇ ਜ਼ਿਮੀਂਦਾਰ ਮੁਜ਼ਾਰੇ ਦੀ ਕਮਾਈ ਤੋਂ ਹਾਸਲ ਕੀਤੀ ਹੋਈ ਰਕਮ ਦਾ ਇਕ ਹਿੱਸਾ ਅੰਗ੍ਰੇਜ਼ੀ-ਸਰਕਾਰ ਨੂੰ ਮਾਲੀਏ ਦੇ ਤੌਰ ’ਤੇ ਦਿੰਦਾ ਸੀ। ਬਦਲੇ ਵਿਚ ਸਰਕਾਰ ਮੁਜ਼ਾਰੇ ਨੂੰ ਅਧੀਨ ਰੱਖਣ ਲਈ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਦੀ। ਇਸ ਲਈ ਜ਼ਮੀਨ ਦੇ ਵੱਡੇ ਮਾਲਕ ਅਤੇ ਜਗੀਰਦਾਰ ਨੂੰ ਅੰਗ੍ਰੇਜ਼ੀ ਸਰਕਾਰ ਉੱਤੇ ਆਸ਼ਰਿਤ (ਨਿਰਭਰ) ਰਹਿਣਾ ਪੈਂਦਾ।

(ਸ) ਪੋਪ (ਮਹੰਤ) ਯਾਨੀ ਵੱਡੇ ਮੰਦਿਰਾਂ, ਗੁਰਦੁਆਰਿਆਂ ਅਤੇ ਹੋਰ ਧਾਰਮਿਕ ਕੇਂਦਰਾਂ ਦੇ ਪੁਜਾਰੀ ਆਦਿ। ਇਨ੍ਹਾਂ ਧਾਰਮਿਕ ਸੰਸਥਾਵਾਂ ਦੇ ਨਾਂ ਉੱਤੇ ਚੜ੍ਹਾਵੇ ਦਾ ਅਥਾਹ-ਪੈਸਾ ਅਤੇ ਜ਼ਮੀਨਾਂ ਹੁੰਦੀਆਂ ਸਨ। ਪੁਜਾਰੀਆਂ ਦੀ ਲੁੱਟ ਵੀ ਜਗੀਰਦਾਰਾਂ ਵਾਲੀ ਹੀ ਹੁੰਦੀ ਸੀ। ਚੜ੍ਹਾਵੇ ਦਾ ਪੈਸਾ ਵੀ ਐਸ਼ੋ-ਇਸ਼ਰਤ ਦੇ ਕੰਮ ਆਉਂਦਾ ਸੀ। ਇਸ ਤਰ੍ਹਾਂ ਦੀ ਸਥਿਤੀ ਨੂੰ ਕਾਇਮ ਰੱਖਣ ਲਈ ‘ਪੋਪ’ (ਮਹੰਤ) ਨੂੰ ਅੰਗ੍ਰੇਜ਼ੀ ਸਰਕਾਰ ਦੀ ਮਸ਼ੀਨਰੀ ਉੱਤੇ ਆਸ਼ਰਿਤ ਰਹਿਣਾ ਪੈਂਦਾ ਸੀ। ‘ਪੋਪ’ (ਮਹੰਤ) ਲੋਕਾਂ ਨੂੰ ਮਾਨਸਿਕ ਗੁਲਾਮੀ ਅਤੇ ਅੰਧਵਿਸ਼ਵਾਸ ਵਿਚ ਰੱਖਣ ਦੇ ਪ੍ਰਤੀਕ ਸਨ। ਲੋਕਾਂ ਨੂੰ ਸਰਕਾਰ ਦੇ ਅਧੀਨ ਰਹਿਣ ਲਈ ਸਿੱਖਿਆ (ਉਪਦੇਸ਼) ਦਿੰਦੇ ਰਹਿੰਦੇ ਸਨ। (ਨੂਰਮਹਿਲ ਦੇ ਦੋਆਬਾ ਆਰੀਆ ਸਕੂਲ ਵਿਚ ਹਰ ਸਾਲ ਆਰੀਆ ਸਮਾਜ ਦੇ ਜਲਸੇ ਹੁੰਦੇ ਰਹਿੰਦੇ ਸਨ, ਉਥੋਂ ਉਨ੍ਹਾਂ ਦੇ ਗੀਤ ਸੁਣ ਕੇ ਇਕ ਅੰਨਾ ਆਦਮੀ (ਭਗਤੂ) ਜਲਸੇ ਤੋਂ ਬਾਅਦ ਆਪਣਾ ਇਕ ਗੀਤ ਬਣਾ ਕੇ ਸੁਣਾਉਂਦਾ :-

‘ਪੋਪ ਤਾਂ ਕਹਿੰਦਾ ਸ਼ਰਾਧ ਕਰਾ ਲੈ!,
ਸ਼ਰਾਧ ਕਰਾ ਲੈ!!
ਭਗਤੂ ਕਹਿੰਦਾ ਮੂੰਹ ਧੋਇਆ!
ਹੁਣ ਭਗਤੂ ਆਰੀਆ ਹੋਇਆ!!!

ਇਸ ਮਿਸਾਲ ਤੋਂ ਪਤਾ ਲੱਗਦਾ ਹੈ ਕਿ ਪੋਪ ਮਾਨਸਿਕ ਗ਼ੁਲਾਮੀ ਨੂੰ ਪੱਕੀ ਕਰਨ ’ਚ ਕਿੰਨੀ ਵੱਡੀ ਭੂਮਿਕਾ ਨਿਭਾਉਂਦੇ ਸਨ।

(ਹ) **ਸ਼ਾਹੂਕਾਰ** :-ਗਰੀਬ ਕਿਸਾਨ ਜਿਹੜੇ ਫ਼ਸਲ ਘੱਟ ਹੋਣ ਜਾਂ ਮਾਰੀ ਜਾਣ ਕਰਕੇ 'ਸਰਕਾਰੀ-ਮਾਮਲਾ' ਨਹੀਂ ਸੀ ਦੇ ਸਕਦੇ ਜਾਂ ਗ਼ਰੀਬ ਲੋਕ (ਕਾਰੀਗਰ) ਆਪਣੇ ਵਿਆਹ-ਸ਼ਾਦੀਆਂ ਉੱਤੇ ਇਨ੍ਹਾਂ ਸ਼ਾਹੂਕਾਰਾਂ ਕੋਲ ਆਪਣੇ ਮਕਾਨ ਆਦਿ ਗਿਰਵੀ ਰੱਖ ਕੇ ਕਰਜ਼ ਚੁੱਕਦੇ ਸਨ ਅਤੇ ਆਪਣੇ ਦੋਜ਼-ਵਿਹਾਰ ਪੂਰੇ ਕਰਦੇ ਸਨ ਕਿਉਂਕਿ ਬੈਂਕ ਨਹੀਂ ਸੀ ਹੁੰਦੇ, ਸੋ ਸ਼ਾਹੂਕਾਰ ਹੀ ਬੈਂਕ ਹੁੰਦੇ ਸਨ। ਗਰੀਬ ਲੋਕ ਆਮ ਤੌਰ 'ਤੇ ਅਨਪੜ੍ਹ ਜਾਂ ਘੱਟ ਪੜ੍ਹੇ-ਲਿਖੇ ਹੁੰਦੇ। ਕਰਜ਼ ਦੇਣ ਵੇਲੇ ਸ਼ਾਹੂਕਾਰ ਉਨ੍ਹਾਂ ਦਾ ਅੰਗੂਠਾ ਆਪਣੀ ਬਹੀ ਉੱਤੇ ਲਗਵਾ ਲੈਂਦਾ ਜਾਂ ਕਰਜ਼ਾ ਲੈਣ ਵਾਲੇ ਤੋਂ ਪਰਨੋਟ ਲਿਖਵਾ ਲੈਂਦਾ। ਸ਼ਾਹੂਕਾਰ ਦੀ ਬਹੀ 'ਕਚਹਿਰੀ' ਵਿਚ ਸਹੀ ਮੰਨੀ ਜਾਂਦੀ ਸੀ। ਇਸ ਤਰ੍ਹਾਂ ਕਰਜ਼ਾ ਵਾਪਿਸ ਨਾ ਦੇਣ ਦੀ ਹਾਲਤ ਵਿਚ ਮਕਰੂਜ਼ (ਜਿਸ ਨੇ ਕਰਜ਼ਾ ਲਿਆ ਹੋਵੇ) ਦੀ ਜ਼ਮੀਨ ਜਾਂ ਘਰ ਸ਼ਾਹੂਕਾਰ ਸਰਕਾਰੀ-ਤੰਤਰ (ਮਸ਼ੀਨਰੀ) ਦੀ ਮੱਦਦ ਨਾਲ ਨਿਲਾਮ ਕਰਵਾ ਕੇ ਹੜੱਪ ਲੈਂਦਾ।

ਇਸ ਤਰ੍ਹਾਂ ਸ਼ਾਹੂਕਾਰ ਦਾ ਰੂਪ 'ਬੈਂਕਰ' ਤੇ 'ਲੈਂਡਲਾਰਡ' ਦਾ ਹੋ ਗਿਆ। ਇਸ ਲਈ ਸ਼ਾਹੂਕਾਰ ਨੂੰ ਆਪਣੀ ਲੁੱਟ ਕਾਇਮ ਰੱਖਣ ਲਈ ਅੰਗ੍ਰੇਜ਼ੀ ਸਰਕਾਰ ਦੀ ਮਸ਼ੀਨਰੀ ਉੱਤੇ ਆਸ਼ਰਿਤ ਰਹਿਣਾ ਪੈਂਦਾ ਸੀ।

ਸੋ ਅਸੀਂ ਦੇਖਿਆ ਕਿ ਅੰਗ੍ਰੇਜ਼ੀ-ਹੁਕਮਰਾਨ ਇਸ ਦੇਸ਼ ਵਿਚ ਲੋਕਾਂ ਨੂੰ ਆਰਥਿਕ ਤੌਰ 'ਤੇ ਕਿਹੜੇ-ਕਿਹੜੇ ਸਹਿਯੋਗੀਆਂ ਨੂੰ ਨਾਲ ਲੈ ਕੇ ਆਪਣੀ ਰਾਜਨੀਤਿਕ ਸੱਤਾ ਨੂੰ ਕਾਇਮ ਰੱਖਦੇ ਨੇ ਅਤੇ ਲੋਕਾਂ ਦੇ ਵਿਦਰੋਹ ਦਾ ਦਮਨ ਕਰਨ ਲਈ ਆਪਣੇ ਪੁਲਸ ਤੇ ਫੌਜੀ ਤੰਤਰ ਨੂੰ ਮਜ਼ਬੂਤ ਕਰਦੇ ਹਨ।

ਸੋ, ਅਸੀਂ ਦੇਖਦੇ ਹਾਂ ਕਿ ਦੇਸ਼ ਦੀ ਅਬਾਦੀ ਦਾ 95% ਹਿੱਸਾ ਅੰਗ੍ਰੇਜ਼ੀ ਸਰਕਾਰ ਦੀ ਲੁੱਟ ਦੀ ਮਾਰ ਤੋਂ ਤੰਗ ਹੈ ਅਤੇ ਬਹੁਤ ਵੱਡਾ ਹਿੱਸਾ ਅੱਤ ਦੀ ਗਰੀਬੀ ਦੀ ਹਾਲਤ ਵਿਚ ਜੀ ਰਿਹਾ ਹੈ।

ਆਓ ਹੁਣ ਦੇਖੀਏ ਕਿ ਕਿਹੜੇ-ਕਿਹੜੇ ਤਬਕੇ ਇਸ ਲੁੱਟ ਤੋਂ ਛੁਟਕਾਰਾ ਹਾਸਲ ਕਰਨ ਲਈ ਪੂਰੀ ਤਰ੍ਹਾਂ ਸੰਘਰਸ਼ ਕਰ ਸਕਦੇ ਹਨ ਅਤੇ ਕਿਹੜੇ ਤਬਕੇ ਰਾਜਨੀਤਿਕ ਸੱਤਾ ਹਾਸਲ ਕਰਕੇ ਅੰਗ੍ਰੇਜ਼ੀ ਸਰਕਾਰ ਨਾਲ ਸਮਝੌਤਾ ਕਰ ਸਕਦੇ ਹਨ-

1. **ਸਨਅਤੀ ਮਜ਼ਦੂਰ**-ਸਨਅਤੀ ਮਜ਼ਦੂਰ (ਕਾਰਖਾਨਿਆਂ ਦਾ) ਜਿਹੜਾ ਕਿ ਕਾਰਖਾਨੇ ਦੇ ਮਾਲਕ ਅਤੇ ਸਾਮਰਾਜੀ ਲੁੱਟ (ਦੋਹਰੀ ਲੁੱਟ) ਦਾ ਸ਼ਿਕਾਰ ਹੈ, ਇਹ ਤਬਕਾ ਦੇਸ਼ ਵਿਚ ਥੋੜ੍ਹਾ ਸੀ, ਕਿਉਂਕਿ ਦੇਸ਼ ਦੇ ਸਨਅਤੀ-ਵਿਕਾਸ ਤੇ ਫੈਲਾਓ ਉੱਤੇ ਅੰਗ੍ਰੇਜ਼ੀ ਸਰਕਾਰ ਦੀਆਂ ਪਾਬੰਦੀਆਂ ਸਨ ਅਤੇ ਅੰਗ੍ਰੇਜ਼ੀ ਸਰਕਾਰ ਇੰਗਲੈਂਡ ਤੋਂ ਆਯਾਤ ਕੀਤੇ ਮਾਲ ਉੱਤੇ ਆਪਣੇ ਵਪਾਰੀਆਂ ਨੂੰ ਰਿਆਇਤਾਂ ਦਿੰਦੀ ਸੀ।

2. **ਰੇਲਵੇ ਮਜ਼ਦੂਰ**-ਸਾਰੇ ਦੇਸ਼ ਦੇ ਸੋਮਿਆਂ ਤੇ ਕੱਚੇ-ਮਾਲ ਨੂੰ ਹਾਸਲ ਕਰਨ ਲਈ ਸਸਤੇ ਭਾਅ ਉੱਤੇ ਲੁੱਟ ਕੇ ਲਿਜਾਣ ਲਈ ਅਤੇ ਆਪਣੇ ਬਣੇ ਹੋਏ ਮਾਲ (ਪੱਕੇ ਮਾਲ) ਨੂੰ ਦੇਸ਼ ਦੀਆਂ ਮੰਡੀਆਂ ਵਿਚ ਵੇਚਣ ਲਈ ਅਤੇ ਦੇਸ਼ ਨੂੰ ਫੌਜੀ-ਕੰਟਰੋਲ ਦੀ

ਜਕੜ ਵਿਚ ਰੱਖਣ ਲਈ ਰੇਲਵੇ ਦਾ ਫੈਲਾਓ ਜ਼ਰੂਰੀ ਸੀ। ਅੰਗਰੇਜ਼ੀ ਸਰਕਾਰ ਰੇਲਵੇ ਮਜ਼ਦੂਰਾਂ ਨੂੰ ਘੱਟ ਉਜ਼ਰਤ (ਤਨਖਾਹ) ਦੇ ਕੇ ਉਨ੍ਹਾਂ ਤੋਂ ਜ਼ਿਆਦਾ ਕੰਮ ਲੈਂਦੀ ਸੀ।

3. **ਮੁਜ਼ਾਰਾ**-ਛੋਟਾ ਕਿਸਾਨ, ਦਰਮਿਆਨਾ ਕਿਸਾਨ ਅਤੇ ਹਰ ਪ੍ਰਕਾਰ ਦੇ ਛੋਟੇ ਦੁਕਾਨਦਾਰ ਤੇ ਦਸਤਕਾਰ, ਜਿਹੜੇ ਅੰਗਰੇਜ਼ੀ ਸਰਕਾਰ ਦੇ ਸਾਥੀਆਂ (ਜਗੀਰਦਾਰ ਤੇ ਸ਼ਾਹੂਕਾਰ) ਦੀ ਲੁੱਟ ਤੋਂ ਤੰਗ ਸਨ।

4. **ਸਰਮਾਏਦਾਰ**-ਆਪਣੇ ਸਨਅਤੀ ਕਾਰੋਬਾਰ ਦੇ ਵਿਕਾਸ ਲਈ ਅੰਗਰੇਜ਼ੀ ਸਰਕਾਰ ਦੀਆਂ ਪਾਬੰਦੀਆਂ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ। ਇਹਦਾ ਕਾਰੋਬਾਰ ਘੱਟ ਵਿਕਸਤ ਸੀ। ਇਸ ਦੀ ਪੋਲੀਟੀਕਲ-ਪਾਰਟੀ (ਇੰਡੀਅਨ ਨੈਸ਼ਨਲ ਕਾਂਗਰਸ) ਦਾ ਪ੍ਰਭਾਵ ਬੇਸ਼ੱਕ ਦੇਸ਼ 'ਚ ਜ਼ਿਆਦਾ ਤਾਂ ਸੀ, ਪਰ ਰਾਜਸੱਤਾ ਹਾਸਲ ਕਰਨ ਲਈ ਉਹਦਾ ਆਪਣਾ ਪ੍ਰਬੰਧਕ (Administrative) ਤੇ ਫ਼ੌਜੀ-ਤੰਤਰ ਕੋਈ ਨਹੀਂ ਸੀ। ਭਾਰਤੀ ਲੋਕਾਂ ਦੇ ਜਮਹੂਰੀ ਇਨਕਲਾਬ ਤੋਂ ਦੇਸੀ ਸਰਮਾਏਦਾਰੀ ਡਰਦੀ ਸੀ। ਇਸ ਲਈ ਉਹ ਅੰਗਰੇਜ਼ੀ ਸਾਮਰਾਜੀਆਂ ਨਾਲ ਸਮਝੌਤਾ ਕਰਕੇ ਆਪਣੀ ਰਾਜਸੱਤਾ ਹਾਸਲ ਕਰਨਾ ਚਾਹੁੰਦੀ ਸੀ। ਇਹ ਭਾਰਤੀ ਸਰਮਾਏਦਾਰੀ ਦਾ Conciliatory (ਸਮਝੌਤਾ ਕਰਨ ਵਾਲਾ) Character (ਚਰਿੱਤਰ) ਸੀ।

ਨੋਟ :-ਉਸ ਵੇਲੇ ਦੇ ਸਟੱਡੀ ਸਰਕਲਾਂ ਦੀ ਪੜ੍ਹਾਈ ਵਿਚ ਜੋ ਪੇਂਡੂ, ਗ਼ਰੀਬ, ਦਲਿਤ, ਸ਼ਹਿਰੀ ਗ਼ਰੀਬ-ਦਲਿਤ, ਛੋਟਾ ਦਸਤਕਾਰ ਅਤੇ ਉਹ ਜ਼ਾਤੀਆਂ, ਜਿਹੜੀਆਂ ਇਸ ਦੇਸ਼ ਦੀ ਵਰਣ-ਵਿਵਸਥਾ ਨੇ ਪੈਦਾਵਾਰ ਦੇ ਸਾਧਨਾਂ ਤੋਂ, ਆਪਣੀ-ਕਮਾਈ ਅਤੇ ਕੰਮ ਕਰਨ ਦੇ ਸਾਧਨਾਂ ਤੋਂ ਵਾਂਝੀਆਂ ਕੀਤੀਆਂ ਹੋਈਆਂ ਸਨ, ਉਨ੍ਹਾਂ ਨੂੰ ਇਸ ਤਰ੍ਹਾਂ ਆਪਣੀ ਕਮਾਈ ਦਾ ਪੂਰਾ ਫ਼ਲ ਭੋਗਣ ਤੋਂ ਵੰਚਿਤ ਕੀਤਾ ਹੋਇਆ ਸੀ (ਉਨ੍ਹਾਂ ਨੂੰ ਕੰਮੀ ਕਿਹਾ ਜਾਂਦਾ ਸੀ) ਇਸ ਦਾ ਜ਼ਿਕਰ ਨਹੀਂ ਸੀ ਆਉਂਦਾ।

ਦੇਸ਼ ਦੇ ਆਦਿਵਾਸੀ, ਜਿਨ੍ਹਾਂ ਦੀ ਗਿਣਤੀ ਬਹੁਤ ਵੱਡੀ ਹੈ। ਜੋ ਦੇਸ਼ ਦੇ ਵੱਡੇ ਹਿੱਸੇ ਵਿਚ ਫੈਲੇ ਹੋਏ ਹਨ। ਅੱਤ ਦੀ ਗ਼ਰੀਬੀ ਦੀ ਹਾਲਤ ਵਿਚ ਸਮਾਜੀ-ਵਿਕਾਸ ਦੀ ਮੁੱਢਲੀ ਤਹਿ (ਸਤਹ) ਉੱਤੇ ਬੈਠੇ ਹਨ। ਇਨ੍ਹਾਂ ਦੀ ਸਥਿਤੀ ਦੇ ਸ਼ੋਸ਼ਣ ਦਾ ਜ਼ਿਕਰ ਕਦੇ ਵੀ ਨਹੀਂ ਆਇਆ। ਇਹ ਸਟੱਡੀ ਸਰਕਲਾਂ ਦੀ ਬਹੁਤ ਵੱਡੀ ਘਾਟ ਰਹੀ। ਇਸ ਤਰ੍ਹਾਂ ਦੇਸ਼ ਦੀ ਵੱਡੀ ਮਿਹਨਤਕਸ਼ ਵਸੋਂ ਦੀ ਆਰਥਿਕ ਤੇ ਸਮਾਜਿਕ ਸਥਿਤੀ ਬਾਰੇ ਸਾਨੂੰ ਗਿਆਨ ਹੀ ਨਹੀਂ ਮਿਲ ਸਕਿਆ। ਖੱਬੀ ਸੋਚ ਦੀਆਂ ਅਖ਼ਬਾਰਾਂ ਵਿਚ ਵੀ ਨਾ ਮੈਂ ਕੋਈ ਲੇਖ ਇਸ ਵਿਸ਼ੇ 'ਤੇ ਪੜ੍ਹਿਆ ਅਤੇ ਨਾ ਹੀ ਕੋਈ ਕਿਤਾਬ ਮੈਨੂੰ ਇਸ ਵਿਸ਼ੇ ਉੱਤੇ ਪੜ੍ਹਨ ਨੂੰ ਹੀ ਮਿਲੀ। ਸਮਾਜ ਦੇ ਇਸ ਦੱਬੇ-ਕੁਚਲੇ ਵਰਗ ਨਾਲ, ਜੋ ਵਿਤਕਰਾ ਹੁੰਦਾ ਸੀ। ਉਹ ਮੈਨੂੰ ਹਰ ਵੇਲੇ ਮਹਿਸੂਸ ਹੁੰਦਾ ਰਹਿੰਦਾ ਸੀ।

ਸਟੱਡੀ ਸਰਕਲਾਂ ਵਿਚ ਕਾਮਰੇਡ ਬੂਝਾ ਸਿੰਘ ਨੇ ਸਾਨੂੰ ਗੁਰੀਲਾ-ਲੜਾਈ ਦੇ ਕੁਝ ਦਾਅ-ਪੇਚ ਵੀ ਸਿਖਾਏ।

ਮਾਸਕੋ ਤੋਂ ਪੜ੍ਹਾਈ ਕਰਕੇ ਆਏ ਸਾਥੀ

ਕਾ. ਬੂਝਾ ਸਿੰਘ, ਕਾ. ਤੇਜਾ ਸਿੰਘ ਸੁਤੰਤਰ, ਕਾ. ਭਗਤ ਸਿੰਘ ਬਿਲਗਾ, ਕਾ. ਅੱਛਰ ਸਿੰਘ ਛੀਨਾ, ਕਾ. ਵਾਸਦੇਵ ਸਿੰਘ, ਕਾ. ਚੰਨਣ ਸਿੰਘ ਸ਼ਾਹੀ ਕੈਦੀ ਅਤੇ ਹੋਰ ਬਹੁਤ ਸਾਰੇ ਸਾਥੀ ਸੋਵੀਅਤ ਰੂਸ ਵਿਚ 'ਥਰਡ ਇੰਟਰਨੈਸ਼ਨਲ' (Communist International) ਵੱਲੋਂ ਮਿਹਨਤਕਸ਼ ਲੋਕਾਂ ਦੀ ਮਾਰਕਸਵਾਦ ਦੀ ਪੜ੍ਹਾਈ ਲਈ ਚਲਾਈ ਜਾ ਰਹੀ ਯੂਨੀਵਰਸਿਟੀ (University-Toilers of The East) ਤੋਂ ਮਾਰਕਸਿਜ਼ਮ ਦੀ ਪੜ੍ਹਾਈ ਕਰਕੇ ਆਏ ਸਨ ਅਤੇ ਇਹ ਸਾਰੀ ਸੂਝ ਲੈ ਕੇ ਆਏ ਸਨ। ਗ਼ੁਲਾਮ ਦੇਸ਼ਾਂ ਦੇ ਲੋਕਾਂ ਨੂੰ ਸਾਮਰਾਜੀ ਤਾਕਤਾਂ ਤੋਂ ਆਪਣੀ ਆਜ਼ਾਦੀ ਲਈ ਲੜਾਈ ਕਰਨੀ ਕਿਉਂ ਜ਼ਰੂਰੀ ਹੈ? ਸਾਮਰਾਜੀ ਹਕੂਮਤ ਦੀ ਗ਼ੁਲਾਮੀ ਤੋਂ ਛੁਟਕਾਰਾ ਪਾਉਣਾ ਕਿਉਂ ਜ਼ਰੂਰੀ ਹੈ ਅਤੇ ਇਹ ਕਿਸ ਤਰ੍ਹਾਂ ਪਾਇਆ ਜਾਵੇਗਾ। ਉਹ ਸਾਰੇ ਦੇਸ਼ ਸਾਮਰਾਜ ਤੋਂ ਆਜ਼ਾਦੀ ਹਾਸਿਲ ਕਰਕੇ ਹੀ ਆਪਣਾ ਆਰਥਿਕ ਅਤੇ ਸਮਾਜਿਕ ਵਿਕਾਸ ਕਰ ਸਕਦੇ ਹਨ।

ਉਹ ਸਾਥੀ ਜਿਹੜੇ ਰੂਸ ਤੋਂ ਮਾਰਕਸਿਜ਼ਮ ਦੀ ਪੜ੍ਹਾਈ ਕਰਕੇ ਆਏ ਸਨ, ਉਹ ਭਾਰਤ ਵਿਚ ਆ ਕੇ ਸੀ. ਪੀ. ਆਈ. ਦੇ ਮੈਂਬਰ ਬਣ ਕੇ ਕੰਮ ਕਰਨਾ ਚਾਹੁੰਦੇ ਸਨ। ਉਨ੍ਹਾਂ ਦੇ ਦੱਸੇ ਮੁਤਾਬਿਕ 'ਕਮਿਊਨਿਸਟ-ਇੰਟਰਨੈਸ਼ਨਲ' ਦੀ ਉਨ੍ਹਾਂ ਨੂੰ ਇਹੋ ਸਲਾਹ ਸੀ, ਕਿਉਂਕਿ ਉਹ ਪੰਜਾਬੀ ਕਿਸਾਨੀ ਵਿਚੋਂ ਗਏ ਪ੍ਰਵਾਸੀ ਮਜ਼ਦੂਰ ਸਨ। ਉਹ ਬਾਹਰਲੇ ਦੇਸ਼ਾਂ ਵਿਚ ਮਜ਼ਦੂਰੀ ਕਰਦੇ ਹੋਏ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਸਨ। ਇਸ ਲਈ ਦੇਸ਼ ਵਿਚ ਵਾਪਸ ਆ ਕੇ ਉਨ੍ਹਾਂ ਦੇ ਸਿਆਸੀ ਕੰਮ ਦਾ ਕਾਰਜ-ਖੇਤਰ ਪੰਜਾਬ ਵਿਚ ਹੀ ਬਿਹਤਰ ਹੋ ਸਕਦਾ ਸੀ। ਸੀ. ਪੀ. ਆਈ. ਦੇ ਪੰਜਾਬ ਯੂਨਿਟ ਅਤੇ ਮਾਸਕੋ ਤੋਂ ਆਏ ਹੋਏ ਸਾਥੀਆਂ ਦਾ ਆਪਸ ਵਿਚ ਇਤਬਾਰ ਨਾ ਵਧ ਸਕਿਆ। ਉਹ ਇਕ ਕਮਿਊਨਿਸਟ ਪਾਰਟੀ ਵਿਚ ਇਕੱਠੇ ਹੋ ਕੇ ਨਾ ਚੱਲ ਸਕੇ।

ਦੇਸ਼-ਭਗਤ ਪਰਿਵਾਰ ਸਹਾਇਕ ਕਮੇਟੀ

ਪੰਜਾਬ ਵਿੱਚ 1914-15 ਵਿੱਚ ਗ਼ਦਰ ਪਾਰਟੀ ਦੇ ਮੈਂਬਰ ਦੇਸ਼ ਦੀ ਆਜ਼ਾਦੀ ਦੀ ਲੜਾਈ ਹਥਿਆਰਬੰਦ ਢੰਗ ਨਾਲ ਲੜ ਕੇ ਆਜ਼ਾਦੀ ਹਾਸਿਲ ਕਰਨ ਲਈ ਆਏ ਸਨ। ਪਰ ਜਨਤਕ ਆਧਾਰ ਨਾ ਹੋਣ ਕਰਕੇ ਬਹੁਤ ਜਲਦੀ ਹੀ ਫੜੇ ਗਏ। ਸਾਮਰਾਜੀ ਸਰਕਾਰ ਨੇ ਬਹੁਤ ਸਾਰੇ ਗੋਲੀਆਂ ਨਾਲ ਉਡਾ ਦਿੱਤੇ, ਬਹੁਤੇ ਫ਼ਾਂਸੀਆਂ ਉੱਤੇ ਚੜ੍ਹਾ ਦਿੱਤੇ ਅਤੇ ਕਈਆਂ ਨੂੰ ਲੰਮੀਆਂ-ਸਜ਼ਾਵਾਂ ਦੇ ਕੇ ਕਾਲੇ ਪਾਣੀ ਦੀ ਜੇਲ੍ਹ ਅਤੇ ਦੂਜੀਆਂ ਜੇਲ੍ਹਾਂ ਵਿੱਚ ਭੇਜ ਦਿੱਤਾ। ਇਕ ਵੱਡੀ ਗਿਣਤੀ ਨੂੰ ਆਪਣੇ-ਆਪਣੇ ਪਿੰਡਾਂ ਵਿੱਚ ਨਜ਼ਰਬੰਦ ਕਰ ਦਿੱਤਾ।

ਜੋ ਗ਼ਦਰੀ ਜੇਲ੍ਹਾਂ ਅਤੇ ਜੂਹ-ਬੰਦੀਆਂ ਤੋਂ ਪਹਿਲਾਂ ਰਿਹਾ ਹੋ ਗਏ। ਉਹਨਾਂ ਨੇ ਜੇਲ੍ਹ ਤੋਂ ਰਿਹਾ ਹੋ ਕੇ ਅਤੇ ਜੂਹ-ਬੰਦੀਆਂ ਤੋਂ ਮੁਕਤ ਹੋ ਕੇ ਆਪਣੀ ਇੱਕ ਸਮਾਜਿਕ ਤੇ ਰਾਜਨੀਤਿਕ (Socio-Political) ਸੰਸਥਾ 'ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ' ਬਾਬਾ ਵਸਾਖਾ ਸਿੰਘ ਦੀ ਪ੍ਰਧਾਨਗੀ ਥੱਲੇ ਬਣਾਈ। ਇਸ ਦਾ ਉਦੇਸ਼ ਜੇਲ੍ਹਾਂ ਵਿੱਚ ਕੈਦਾਂ ਕੱਟ ਰਹੇ ਸਿਆਸੀ-ਕੈਦੀਆਂ ਦੇ ਪਰਿਵਾਰਾਂ ਦੀ ਸੰਭਵ ਸਹਾਇਤਾ ਅਤੇ ਉਹਨਾਂ ਉੱਤੇ ਚੱਲ ਰਹੇ ਮੁਕੱਦਮਿਆਂ ਦੀ ਪੈਰਵੀ ਕਰਨਾ ਸੀ, ਕਿਉਂਕਿ ਉਹ ਆਜ਼ਾਦੀ ਲਈ ਲੜੇ ਜਾ ਰਹੇ ਘੋਲ ਵਿੱਚ ਸ਼ਾਮਿਲ ਹੋ ਕੇ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਰਹਿੰਦੇ ਸਨ। ਦੂਸਰਾ ਇਹ ਰਾਜਨੀਤਿਕ ਤੌਰ ਤੇ ਲੋਕਾਂ ਨੂੰ ਸੂਝਵਾਨ ਬਣਾਉਣ ਲਈ 'ਕਿਰਤੀ ਅਖ਼ਬਾਰ' ਦਾ ਸੰਚਾਲਨ ਕਰਦੀ ਸੀ। ਇਨ੍ਹਾਂ ਨੂੰ ਲੋਕ 'ਗ਼ਦਰੀ ਬਾਬੇ' ਕਹਿੰਦੇ ਸਨ। ਇਹਨਾਂ ਦੇ ਪ੍ਰਬੰਧ ਥੱਲੇ ਭਾਈ ਸੰਤੋਖ ਸਿੰਘ ਨੇ 'ਕਿਰਤੀ' ਅਖ਼ਬਾਰ ਪ੍ਰਕਾਸ਼ਿਤ ਕੀਤਾ ਸੀ। ਇਸ ਲਈ ਲੋਕ ਇਹਨਾਂ ਨੂੰ 'ਕਿਰਤੀ' ਵੀ ਕਹਿੰਦੇ ਸਨ। ਮਾਸਕੋ ਤੋਂ ਮਾਰਕਸਿਜ਼ਮ ਦੀ ਸੋਚ ਲੈ ਕੇ ਆਏ ਸਾਥੀ ਵੀ ਗ਼ਦਰ ਪਾਰਟੀ ਦੀ ਦੂਸਰੀ ਪੀੜ੍ਹੀ ਦੇ ਸਨ। ਉਹਨਾਂ ਦਾ ਪਹਿਲਾਂ ਹੀ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਨਾਲ ਸੰਪਰਕ ਸੀ। ਇਸ ਲਈ ਉਹ ਇਸ ਨਾਲ ਮਿਲ ਕੇ ਕਿਸਾਨੀ ਵਿੱਚ ਰਾਜਨੀਤਿਕ ਕੰਮ ਕਰਨ ਲੱਗੇ। ਉਹਨਾਂ ਨੇ ਆਪਣਾ ਜਨਤਕ ਆਧਾਰ ਜਲਦੀ ਹੀ ਬਣਾ ਲਿਆ। ਇਸ ਕਰਕੇ ਕੇਂਦਰੀ ਪੰਜਾਬ ਵਿੱਚ ਜਲੰਧਰ, ਹੁਸ਼ਿਆਰਪੁਰ, ਕਪੂਰਥਲਾ, ਅੰਮ੍ਰਿਤਸਰ, ਲਾਹੌਰ, ਗੁਰਦਾਸਪੁਰ, ਲੁਧਿਆਣਾ, ਫ਼ਿਰੋਜ਼ਪੁਰ ਦੀ ਕਿਸਾਨੀ ਵਿੱਚ ਉਹ ਕਾਫ਼ੀ ਰਸੂਖ਼ ਰੱਖਦੇ ਸਨ।

ਨੋਟ :- ਲੋਕ ਇਹਨਾਂ ਨੂੰ ਬਾਬੇ ਇਸ ਕਰਕੇ ਕਹਿਣ ਲੱਗ ਪਏ ਕਿਉਂਕਿ ਇਹਨਾਂ ਨੇ ਲੰਮੀਆਂ ਜ਼ਿੰਦਗੀਆਂ ਤਸੀਹੇ ਝੱਲੇ ਤੇ ਡੋਲੇ ਨਹੀਂ ਸਨ। ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਕਰਦੇ ਰਹੇ ਸਨ। ਉਰਦੂ ਦੇ ਸ਼ਬਦ 'ਬਾਬਾ-ਏ-ਕੌਮ' ਸਨਮਾਨ (ਇੱਜ਼ਤ) ਦਾ ਪ੍ਰਤੀਕ ਸ਼ਬਦ ਹੈ।

ਕਿਰਤੀ ਪਾਰਟੀ ਦੀਆਂ ਸਰਗਰਮੀਆਂ

ਮਾਸਕੋ ਤੋਂ ਆਏ ਸਾਥੀ ਮਾਰਕਸਵਾਦੀ ਵਿਚਾਰਧਾਰਾ ਰੱਖਦੇ ਸਨ। ਪਰ, ਸੀ.ਪੀ.ਆਈ. ਵੱਲੋਂ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਜਾਂਦਾ ਰਿਹਾ। ਮਜ਼ਬੂਰ ਹੋ ਕੇ ਉਨ੍ਹਾਂ ਨੂੰ ਆਪਣੀ ਵੱਖਰੀ 'ਕਮਿਊਨਿਸਟ-ਪਾਰਟੀ' ਦਾ ਗਠਨ ਕਰਨਾ ਪਿਆ। ਗ਼ਦਰੀ ਬਾਬੇ ਵੱਡੀ ਤਾਦਾਦ (ਗਿਣਤੀ) ਵਿੱਚ ਮਾਸਕੋ ਵਾਲੇ ਸਾਥੀਆਂ ਨਾਲ ਜੁੜ ਕੇ ਪੰਜਾਬ ਦੀ ਕਿਸਾਨੀ ਵਿੱਚ ਕੰਮ ਕਰਦੇ ਸਨ। ਇਸ ਲਈ ਲੋਕ ਉਨ੍ਹਾਂ ਨੂੰ 'ਕਿਰਤੀ-ਪਾਰਟੀ' ਕਹਿਣ ਲੱਗ ਪਏ। ਜਿਸ ਦਾ ਖਾਸਾ ਮਾਰਕਸਵਾਦੀ ਵਿਚਾਰਧਾਰਾ ਦੇ ਅਮਲ ਦਾ ਸੀ।

1936 ਵਿੱਚ ਸਾਰੇ ਦੇਸ਼ ਦੇ 'ਕਿਸਾਨ-ਅੰਦੋਲਨ' ਨੂੰ ਇੱਕਜੁੱਟ ਕਰਕੇ ਬਾਬਾ ਸੋਹਣ ਸਿੰਘ ਭਕਨਾ ਦੀ ਪ੍ਰਧਾਨਗੀ ਅਤੇ ਬਿਹਾਰ ਤੋਂ ਸਵਾਮੀ ਸਹਿਜਾਨੰਦ ਦੀ ਸੈਕਟਰੀਸ਼ਿਪ ਹੇਠ 'ਆਲ ਇੰਡੀਆ ਕਿਸਾਨ ਸਭਾ' ਦਾ ਗਠਨ ਕੀਤਾ ਗਿਆ। ਪੰਜਾਬ ਵਿੱਚ ਗ਼ਦਰੀ ਬਾਬਾ ਜਵਾਲਾ ਸਿੰਘ ਦੀ ਅਣਥੱਕ ਮਿਹਨਤ ਨਾਲ 'ਕਿਸਾਨ-ਕਮੇਟੀ' ਦਾ ਗਠਨ ਕੀਤਾ ਗਿਆ। ਕੇਂਦਰੀ ਪੰਜਾਬ ਦੇ 'ਕਿਸਾਨ-ਅੰਦੋਲਨ' ਦੇ ਨਾਲ-ਨਾਲ 'ਨੀਲੀਬਾਰ ਦੀ ਮੁਜ਼ਾਰਾ-ਬੈਲਟ' ਵਿੱਚ ਵੀ ਮੁਜ਼ਾਰਾ-ਅੰਦੋਲਨ ਲਾਮਬੰਦ ਕੀਤਾ ਗਿਆ।

ਕਿਰਤੀ ਸਾਥੀ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਪੂਰੀ ਤਰ੍ਹਾਂ ਸ਼ਾਮਿਲ ਸਨ। ਸਾਰੇ ਨੈਸ਼ਨਲ ਕਾਂਗਰਸ ਦੇ ਮੈਂਬਰ ਬਣੇ ਹੋਏ ਸਨ। ਕਾਮਰੇਡ ਭਗਤ ਸਿੰਘ ਬਿਲਗਾ 1938 ਵਿੱਚ ਜ਼ਿਲ੍ਹਾ ਜਲੰਧਰ ਕਾਂਗਰਸ-ਕਮੇਟੀ ਦੇ ਜਨਰਲ ਸਕੱਤਰ ਸਨ। ਪੰਡਿਤ ਮੂਲ ਰਾਜ ('ਗਾਂਧੀਵਾਦੀ') ਪ੍ਰਧਾਨ ਸਨ। ਇਨ੍ਹਾਂ ਨੇ ਜ਼ਿਲ੍ਹੇ ਜਲੰਧਰ ਵਿੱਚ ਕਾਂਗਰਸ ਦਾ ਪ੍ਰਚਾਰ ਕਰਕੇ ਕੰਮ ਦਾ ਬਹੁਤ ਫੈਲਾਅ ਕੀਤਾ।

ਕਿਰਤੀ-ਪਾਰਟੀ ਤੇ ਕਾਂਗਰਸ ਸੋਸ਼ਲਿਸਟ ਪਾਰਟੀ ਆਜ਼ਾਦੀ ਦੇ ਘੋਲ ਵਿੱਚ ਕਾਫ਼ੀ ਸਹਿਯੋਗ ਨਾਲ ਚੱਲਦੇ ਸਨ। ਕਾਂਗਰਸ ਸੋਸ਼ਲਿਸਟ-ਪਾਰਟੀ ਦਾ ਗਠਨ 1936 ਵਿੱਚ ਹੋਇਆ ਸੀ। ਇਸ ਵਿੱਚ ਪੰਜਾਬ ਦੀ 'ਨੌਜਵਾਨ ਭਾਰਤ ਸਭਾ' ਦੇ ਸਾਥੀ ਕਾਫ਼ੀ ਵੱਡੀ ਤਾਦਾਦ ਵਿੱਚ ਸ਼ਾਮਿਲ ਹੋਏ ਸਨ। ਇਨ੍ਹਾਂ ਦਾ ਕਾਰਜ ਖੇਤਰ ਸ਼ਹਿਰਾਂ ਤੱਕ ਹੀ ਸੀਮਿਤ ਸੀ।

ਕਿਰਤੀ ਪਾਰਟੀ ਕਮਿਊਨਿਸਟ ਵਿਚਾਰਧਾਰਾ ਦੀ ਸੀ। ਇਸ ਦਾ ਜਥੇਬੰਦਕ-ਤੰਤਰ ਖੁਫ਼ੀਆ ਸੀ। ਇਸ ਦਾ ਕਾਰਜ-ਖੇਤਰ ਉਸ ਵੇਲੇ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ

ਲਾਹੌਰ, ਅੰਮ੍ਰਿਤਸਰ, ਗੁਰਦਾਸਪੁਰ, ਸ਼ੇਖ਼ੂਪੁਰ, ਲਾਇਲਪੁਰ, ਹੁਸ਼ਿਆਰਪੁਰ, ਰਿਆਸਤ-ਕਪੂਰਥਲਾ, ਜਲੰਧਰ, ਫਿਰੋਜ਼ਪੁਰ, ਰਿਆਸਤ-ਪਟਿਆਲਾ ਦੀ ਗ਼ਰੀਬ ਤੇ ਦਰਮਿਆਨੀ ਕਿਸਾਨੀ ਦੇ ਵਿੱਚ, ਜੋ ਕਿ ਸ਼ਾਹੂਕਾਰਾਂ ਦੇ ਕਰਜੇ ਥੱਲੇ ਅਤੇ ਜਿਣਸ ਦੇ ਮੰਦੇ ਭਾਅ ਅਤੇ ਸਿੰਚਾਈ ਦੀ ਘਾਟ ਕਰਕੇ ਬਹੁਤ ਹੀ ਗੁਰਬਤ ਦੀ ਜ਼ਿੰਦਗੀ ਜੀਅ ਰਹੀ ਸੀ। ਕਿਸਾਨ-ਸਭਾ ਅਤੇ ਕਿਰਤੀ ਪਾਰਟੀ ਨੇ ਇਨ੍ਹਾਂ ਇਲਾਕਿਆਂ ਵਿੱਚ ਕਿਸਾਨਾਂ ਦੀਆਂ ਮੰਗਾਂ ਨੂੰ ਲੈ ਕੇ ਕਾਫ਼ੀ ਘੋਲ ਲੜੇ ਤੇ ਜੇਲ੍ਹਾਂ ਕੱਟੀਆਂ ਸਨ। ਇਸ ਤੋਂ ਇਲਾਵਾ ਪੰਜਾਬ ਦੀਆਂ ਰਿਆਸਤਾਂ-ਪਟਿਆਲਾ, ਨਾਭਾ, ਕਪੂਰਥਲਾ, ਕਲਸੀਆਂ, ਜੀਂਦ, ਮਲੇਰਕੋਟਲਾ, ਫ਼ਰੀਦਕੋਟ ਦੇ ਰਾਜਿਆਂ ਦੀ ਲੁੱਟ ਦੇ ਖਿਲਾਫ਼ ਘੋਲ ਲੜੇ ਸਨ। ਕਾ: ਜਗੀਰ ਸਿੰਘ ਜੋਗਾ, ਬਾਬਾ ਕਰਮ ਸਿੰਘ ਧੂਤ, ਕਾ : ਨੈਨਾ ਸਿੰਘ ਧੂਤ, ਮਾਸਟਰ ਹਰੀ ਸਿੰਘ ਧੂਤ ਅਤੇ ਹੋਰ ਕਿਰਤੀ ਸਾਥੀ ਮੁੱਖ ਲੀਡਰਾਂ ਵਿੱਚੋਂ ਸਨ।

ਕਿਰਤੀ-ਪਾਰਟੀ ਦਾ ਕੰਮ 'ਕਿਸਾਨ-ਅੰਦੋਲਨ' ਦੇ ਨਾਲ-ਨਾਲ ਉੱਤਰੀ ਭਾਰਤ ਦੀ ਰੇਲਵੇ ਦੀ 'ਬਾਗਵਾਨਪੁਰਾ' (ਲਾਹੌਰ) ਦੀ ਵੱਡੀ ਵਰਕਸ਼ਾਪ, ਜਿਸ ਦੀ ਮਜ਼ਦੂਰ ਯੂਨੀਅਨ ਦੇ ਲੀਡਰ 'ਮਿਰਜ਼ਾ-ਇਬਰਾਹੀਮ' ਅਤੇ ਬਾਬਾ ਕਰਤਾਰ ਕਿਰਤੀ ਪਾਰਟੀ ਦੇ ਵਰਕਰ ਸਨ। ਜਗਾਧਰੀ ਅਬਦੁਲਾਪੁਰ (ਹੁਣ ਇਸ ਦਾ ਨਾਮ ਯਮੁਨਾ ਨਗਰ ਹੈ) ਦੀ ਰੇਲਵੇ ਵਰਕਸ਼ਾਪ ਦਾ ਲੀਡਰ 'ਨਾਥੀ ਰਾਮ' ਕਿਰਤੀ ਪਾਰਟੀ ਦਾ ਮੈਂਬਰ ਸੀ। ਪੰਜਾਬ ਵਿੱਚ ਉਦਯੋਗ ਘੱਟ ਹੋਣ ਕਰਕੇ ਸਨਅਤੀ ਮਜ਼ਦੂਰਾਂ ਦੇ ਕੇਂਦਰ ਘੱਟ ਸਨ, ਇਸ ਲਈ ਮਜ਼ਦੂਰਾਂ ਵਿੱਚ ਕਮਿਊਨਿਸਟ ਪਾਰਟੀਆਂ ਦਾ ਕੰਮ ਵੀ ਘੱਟ ਸੀ।

ਕਿਰਤੀ ਪਾਰਟੀ ਦੇ ਮੁੱਖ ਲੀਡਰ ਬਾਬਾ ਗੁਰਮੁੱਖ ਸਿੰਘ ਲਲਤੋਂ, ਬਾਬਾ ਜਵਾਲਾ ਸਿੰਘ ਠੱਠੀਆਂ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਕਰਮ ਸਿੰਘ ਚੀਮਾਂ ਖੁਰਦ, ਬਾਬਾ ਭਾਗ ਸਿੰਘ ਕੈਨੇਡੀਅਨ, ਬਾਬਾ ਰੂੜ ਸਿੰਘ ਫਿਰੋਜ਼ਪੁਰ, ਕਾਮਰੇਡ ਰਾਮ ਕ੍ਰਿਸ਼ਨ ਬੀ.ਏ. ਨੈਸ਼ਨਲ, ਕਾਮਰੇਡ ਤੇਜਾ ਸਿੰਘ ਸੁਤੰਤਰ, ਬਾਬਾ ਵਸਾਖਾ ਸਿੰਘ, ਬਾਬਾ ਕੇਸਰ ਸਿੰਘ, ਬਾਬਾ ਸ਼ੇਰ ਸਿੰਘ ਵੇਈਂ-ਪੂੰਈ, ਬਾਬਾ ਈਸ਼ਰ ਸਿੰਘ ਮਰ੍ਹਾਣਾਂ, ਬਾਬਾ ਭਗਵਾਨ ਸਿੰਘ ਦੁਸਾਂਝ ਕਲਾਂ, ਬਾਬਾ ਹਰਨਾਮ ਸਿੰਘ ਕਸੇਲ, ਬਾਬਾ ਕੇਸਰ ਸਿੰਘ ਅੰਮ੍ਰਿਤਸਰ, ਕਾਮਰੇਡ ਅੱਛਰ ਸਿੰਘ ਛੀਨਾ, ਕਾਮਰੇਡ ਭਗਤ ਸਿੰਘ ਬਿਲਗਾ, ਕਾਮਰੇਡ ਰਾਮ ਸਿੰਘ ਦੱਤ, ਕਾਮਰੇਡ ਬੂਝਾ ਸਿੰਘ ਚੱਕ ਮਾਈਦਾਸ, ਕਾਮਰੇਡ ਨੈਣਾ ਸਿੰਘ ਧੂਤ, ਕਾਮਰੇਡ ਮੋਹਨ, ਕਾਮਰੇਡ ਕਰਤਾਰ ਸਿੰਘ, ਲਾਲ 'ਜਰਨਲਿਸਟ' ਲਾਹੌਰ, ਡਾਕਟਰ ਭਾਗ ਸਿੰਘ, ਕਾ: ਸੰਤਾ ਸਿੰਘ ਗੰਡੀਵਿੰਡ, ਕਾਮਰੇਡ ਧੰਨਵੰਤਰੀ, ਕਾਮਰੇਡ ਵਾਸਦੇਵ ਸਿੰਘ ਤੇ ਕਾਮਰੇਡ ਚੰਨਣ ਸਿੰਘ ਸ਼ਾਹੀ ਕੈਦੀ ਆਦਿ ਸਨ। ਗ਼ਦਰੀ ਬਾਬੇ ਬੜੇ ਪ੍ਰਭਾਵਸ਼ਾਲੀ ਸਨ, 'ਕਿਰਤੀ ਪਾਰਟੀ' ਦੇ ਕੰਮ ਨੂੰ ਫੈਲਾਉਣ ਵਿੱਚ ਉਨ੍ਹਾਂ ਦਾ ਬਹੁਤ ਵੱਡਾ ਯੋਗਦਾਨ ਸੀ।

ਹੇਠ ਲਿਖੇ ਜ਼ਿਲ੍ਹਿਆਂ ਵਿੱਚ ਕਿਰਤੀ ਪਾਰਟੀ ਦੇ ਵਰਕਰ ਕਾਫ਼ੀ ਸਨ, ਜਿਵੇਂ ਜ਼ਿਲ੍ਹਾ ਜਲੰਧਰ :- ਕਾ. ਸਾਧੂ ਸਿੰਘ ਬੜਾ ਪਿੰਡ, ਕਾ. ਨਿਰੰਜਨ ਸਿੰਘ, ਪਾਖਰ ਸਿੰਘ ਅਤੇ ਕਾ. ਹਰੀ ਸਿੰਘ ਬੜਾ ਪਿੰਡ ਦੇ ਹੀ ਸਨ। ਕਾ. ਬਿੱਕਰ ਸਿੰਘ ਧੁਲੇਤਾ, ਕਾ. ਹਰਬੰਸ

ਸਿੰਘ ਕਰਨਾਣਾ, ਕਾ. ਗੁਰਬਖਸ਼ ਸਿੰਘ ਅੱਟਾ, ਕਾ. ਮਦਨ ਲਾਲ ਜਲੰਧਰ ਸ਼ਹਿਰ, ਕਾ. ਇੰਦਰ ਸਿੰਘ ਕਿਰਤੀ ਬੰਗਾ (ਜਲੰਧਰ ਹੁਣ ਨਵਾਂਸ਼ਹਿਰ), ਕਾ. ਸ਼ਿਵ ਸਿੰਘ ਬੜਾ ਪਿੰਡ, ਕਾ. ਜਵਾਲਾ ਸਿੰਘ ਬੜਾ ਪਿੰਡ, ਕਾ. ਜਗਜੀਤ ਸਿੰਘ ਜੱਗੀ ਜੰਡਿਆਲਾ, ਕਾ. ਸੱਤਪਾਲ ਜਲੰਧਰ, ਕਾ. ਰਾਮ ਜੀ ਦਾਸ ਜਲੰਧਰ, ਕਾ. ਚੈਨ ਸਿੰਘ ਚੈਨ, ਕਾ. ਗੁਰਚਰਨ ਸਿੰਘ ਰੰਧਾਵਾ, ਕਾ. ਬੇਅੰਤ ਸਿੰਘ ਕੰਗ ਕਲਾਂ, ਕਾ. ਲਾਹੌਰੀ ਰਾਮ ਪ੍ਰਦੇਸੀ, ਕਾ. ਕਰਮ ਸਿੰਘ ਸਫ਼ਰੀ ਚੀਮਾਂ ਕਲਾਂ, ਕਾ. ਉਜਾਗਰ ਸਿੰਘ ਬਿਲਗਾ, ਬਾਬਾ ਕਰਮ ਸਿੰਘ ਬਿਲਗਾ, ਕਾ. ਰਜਿੰਦਰ ਸਿੰਘ ਸਰੀਂਹ, ਕਾ. ਮਹਿੰਗਾ ਸਿੰਘ ਖ਼ਾਨਾਖ਼ਾਨਾ, ਕਾ. ਮਹਿੰਗਾ ਸਿੰਘ ਢੰਡਾ ਜਲੰਧਰ, ਕਾ. ਅਜੀਤ ਸਿੰਘ ਗੜ੍ਹਪਧਾਣਾ, ਕਾ. ਕਿਸ਼ਨ ਸਿੰਘ ਚੀਮਾਂ ਖੁਰਦ, ਕਾ. ਭੋਲਾ ਸਿੰਘ ਚੀਮਾਂ ਕਲਾਂ, ਭਾਈ ਸ਼ੇਰ ਸਿੰਘ ਜੰਡਿਆਲਾ ਕਾ. ਰਣਜੀਤ ਸਿੰਘ ਕੰਗਣੀਵਾਲ, ਕਾ. ਜੀਵਨ ਸਿੰਘ ਦੁੱਖੀ ਸ਼ੰਕਰ, ਕਾ. ਕਰਮ ਸਿੰਘ ਕਿਰਤੀ ਚੱਕ-ਕਲਾਂ, ਕਾ. ਕਰਤਾਰ ਸਿੰਘ ਸਿੰਘ ਮਾਹਿਲ-ਗਹਿਲਾਂ, ਤਾਇਆ ਚਿੰਤਾ ਮਾਹਿਲ-ਗਹਿਲਾਂ, ਕਾ. ਵਤਨ ਸਿੰਘ ਮਾਹਿਲ-ਗਹਿਲਾਂ, ਕਾ. ਹੁਕਮ ਸਿੰਘ ਘੱਕੋਵਾਲ, ਕਾ. ਹਰਬੰਸ ਸਿੰਘ ਬਡਾਲਾ, ਕਾ. ਕਰਤਾਰ ਸਿੰਘ ਮਾਹਲ-ਗਹਿਲਾ, ਕਾ. ਬਲਦੇਵ ਬੇਦੀ ਬੰਗਾ, ਕਾ. ਵਾਸਦੇਵ ਬੰਗਾ, ਕਾ. ਕਰਤਾਰ ਸਿੰਘ ਬੱਬਰ ਡੁਮੇਲੀ, ਕਾ. ਅਜੀਤ ਸਿੰਘ ਮਾਣਿਕਪੁਰੀ, ਕਾ. ਜਵਾਲਾ ਸਿੰਘ ਸਾਦਿਕਪੁਰ, ਕਾ. ਚਮਨ ਲਾਲ ਫਿਲੌਰ, ਕਾ. ਪ੍ਰੀਤਮ ਸਿੰਘ ਖ਼ਾਨਖ਼ਾਨਾ, ਕਾ. ਨਸੀਬ ਸਿੰਘ ਛੋਕਰਾਂ, ਕਾ. ਵਿਸ਼ਣੂ ਦੱਤ ਖਟਕੜ ਕਲਾਂ, ਕਾ. ਗੰਗਾ ਸਿੰਘ ਮਲਸੀਆਂ ਨਕੋਦਰ, ਡਾ. ਗੁਰਬਚਨ ਸਿੰਘ ਦੁਸਾਂਝ ਖੁਰਦ, ਬਾਬਾ ਵੀਰ ਸਿੰਘ ਪੁਆਦੜਾ, ਕਾ. ਬੰਤਾ ਸਿੰਘ ਫਰਵਾਲਾ, ਕਾ. ਲਸ਼ਮਣ ਸਿੰਘ ਜੰਡਿਆਲਾ, ਬਾਬਾ ਲਾਲ ਸਿੰਘ ਜੰਡਿਆਲਾ, ਕਾ. ਜੋਗਿੰਦਰ ਸਿੰਘ ਜੰਡਿਆਲਾ, ਕਾ. ਪਾਖਰ ਸਿੰਘ ਮਹੇੜੂ, ਕਾ. ਹਰਬੰਸ ਸਿੰਘ ਮਹੇੜੂ, ਕਾ. ਬਚਨ ਸਿੰਘ ਮਹਿਤਪੁਰ, ਡਾ: ਲੇਖ ਰਾਜ ਗੁਰਾਇਆ, ਕਾ. ਚੈਨ ਸਿੰਘ ਰੁੜਕਾ ਕਲਾਂ, ਕਾ. ਸੁੱਚਾ ਸਿੰਘ ਰਾਮੇਵਾਲ, ਕਾ. ਦੇਵਾ ਸਿੰਘ ਉਪਲ ਜਗੀਰ, ਗਿਆਨੀ ਕਰਤਾਰ ਸਿੰਘ ਸ਼ੰਕਰ, ਕਾ. ਜਸਵੰਤ ਸਿੰਘ ਸ਼ੰਕਰ, ਕਾ. ਲੱਖਾ ਸਿੰਘ ਚੱਕ ਮਾਈਦਾਸ, ਕਾ. ਸਤਿਆਨੰਦ ਟੰਡਨ ਨਕੋਦਰ, ਕਾ. ਵੇਦ ਪ੍ਰਕਾਸ਼ ਅਲਾਵਲਪੁਰ, ਗਿਆਨੀ ਮਹਿੰਦਰ ਸਿੰਘ ਅਤੇ ਲੇਖਕ।

ਜ਼ਿਲ੍ਹਾ ਹੁਸ਼ਿਆਰਪੁਰ ਦੇ ਜਥੇਦਾਰ ਵਤਨ ਸਿੰਘ, ਕਾ. ਭਾਗ ਸਿੰਘ ਸੱਜਣ, ਕਾ. ਰਾਵਲ ਸਿੰਘ ਧੂਤ, ਕਾ. ਦਸੌਂਧਾ ਸਿੰਘ ਢਾਡਾ, ਗਿਆਨੀ ਮੇਹਰ ਸਿੰਘ ਲੰਗੇਰੀ, ਕਾ. ਦਇਆ ਸਿੰਘ ਲੰਗੇਰੀ, ਕਾ. ਪਰਸ ਰਾਮ ਕਾਂਗੜਾ, ਕਾ. ਮੂਲਾ ਸਿੰਘ ਜਰਨੈਲ, ਕਾ. ਠਾਕੁਰ ਹਜ਼ਾਰਾ ਸਿੰਘ, ਕਾ. ਉਜਾਗਰ ਸਿੰਘ ਪਨਿਆਲੀਆਂ, ਬੱਬਰ ਸੁੰਦਰ ਸਿੰਘ, ਕਾ. ਗੁਰਦਿੱਤ ਸਿੰਘ, ਅਰਜਨ ਸਿੰਘ ਸੱਚ ਆਦਿ।

ਜ਼ਿਲ੍ਹਾ ਅੰਮ੍ਰਿਤਸਰ ਤੋਂ ਕਾ. ਰਾਮ ਸਿੰਘ ਘਾਲਾਮਾਲਾ, ਕਾ. ਈਸਰ ਸਿੰਘ ਖਾਰਾ, ਕਾ. ਰਾਮ ਸਿੰਘ ਮਜੀਠਾ, ਕਾ. ਗੁਰਚਰਨ ਸਿੰਘ ਸਹਿਸਰਾ, ਕਾ. ਦਲੀਪ ਸਿੰਘ ਜੌਹਲ, ਗਿਆਨੀ ਸੰਤਾ ਸਿੰਘ, ਕਾ. ਮਹਿੰਦਰ ਸਿੰਘ ਨੌਸ਼ਹਿਰਾ, ਕਾ. ਜੋਗਿੰਦਰ ਸਿੰਘ ਛੀਨਾ,

ਕਾ. ਗਹਿਲ ਸਿੰਘ ਛੱਜਲਵੱਡੀ ਅਤੇ ਕਾ. ਮੱਖਣ ਸਿੰਘ ਤਰਸਿੱਕਾ, ਕਾ: ਬ੍ਰਹਮ ਦੱਤ ਨੌਸ਼ਹਿਰਾ ਪੰਨੂਆਂ ਆਦਿ।

ਜ਼ਿਲ੍ਹਾ ਗੁਰਦਾਸਪੁਰ ਦੇ ਕਾ. ਚੰਨਣ ਸਿੰਘ ਤੁਗਲਵਾਲਾ, ਗਿਆਨੀ ਹਰੀ ਸਿੰਘ ਕਾਲੂਵਾਲ, ਕਾ. ਹਰਨਾਮ ਸਿੰਘ ਨਾਨੂੰ ਨੰਗਲ, ਕਾ. ਧਰਮਵੀਰ ਵੈਦ, ਕਾ. ਦਰਸ਼ਨ ਸਿੰਘ ਦਕੋਆ, ਕਾ. ਸ਼ਿਵ ਕੁਮਾਰ ਸ਼ਾਰਦਾ, ਕਾ. ਉੱਤਮ ਸਿੰਘ ਰਾਮਪੁਰਾ, ਕਾ. ਗੁਰਚਰਨ ਸਿੰਘ ਲਾਧੂਪੁਰ, ਕਾ. ਫ਼ਜਲ ਮੁਹੰਮਦ ਸ਼ੱਕਰਗੜ੍ਹ, ਜੱਥੇਦਾਰ ਖੜਕ ਸਿੰਘ ਪਿੰਡ ਅਨੂਪ ਸ਼ਹਿਰ, ਕਾ. ਹਰੀ ਮਹਿਤਾ, ਕਾ. ਦੇਵਿੰਦਰ ਮਹਿਤਾ, ਕਾ.. ਕਸਤੂਰੀ ਲਾਲ ਡਾਕਟਰ, ਬਾਬਾ ਈਸ਼ਰ ਸਿੰਘ ਸ੍ਰੀ ਹਰਗੋਬਿੰਦਪੁਰ, ਗੁਰਨਾਮ ਸਿੰਘ ਤੁਗਿਆਨੀ, ਕਾ. ਖਰੈਤੀ ਲਾਲ ਸਰੀਨ, ਕਾ. ਕਿਸ਼ੋਰੀ ਲਾਲ ਬਟਾਲਾ, ਕਾ. ਛੱਜੂ ਰਾਮ ਸ਼ੱਕਰਗੜ੍ਹ, ਕਾ. ਪਿਆਰਾ ਸਿੰਘ ਅਗਨੀ, ਕਾ. ਛੱਜੂ ਮੱਲ ਵੈਦ, ਕਾ. ਰਾਮ ਸਿੰਘ ਦੱਤ ਆਦਿ ਕਿਰਤੀ ਪਾਰਟੀ ਦੇ ਵਰਕਰ ਸਨ।

ਜ਼ਿਲ੍ਹਾ ਲਾਹੌਰ ਦੇ ਕਾ. ਦੇਵਦੱਤ ਅਟੱਲ ਲਾਹੌਰ, ਕਾ. ਮੋਹਣ ਲਾਲ 'ਜਰਨਲਿਸਟ', ਕਾ: ਵਧਾਵਾ ਰਾਮ ਮਿੰਟਗੁਮਰੀ, ਕਾ. ਗੁਰਬਚਨ ਸਿੰਘ ਮਿੰਟਗੁਮਰੀ, ਕਾ. ਹਜ਼ਾਰਾ ਰਾਮ, ਕਾ. ਸੰਤਾ ਸਿੰਘ ਵੈਦ, ਕਾ. ਜਗਜੀਤ ਸਿੰਘ ਲਾਇਲਪੁਰੀ, ਜਥੇਦਾਰ ਤੇਜਾ ਸਿੰਘ ਚੂਹੜਕਾਣਾ, ਕਾ. ਮੁਹੱਬਤ ਸਿੰਘ ਸ਼ੇਖੂਪੁਰੀ,

ਜ਼ਿਲ੍ਹਾ ਫ਼ਿਰੋਜ਼ਪੁਰ ਤੋਂ ਕਾ. ਬਚਨ ਸਿੰਘ ਤਖਾਣਵੱਧ, ਕਾ. ਹਰਨਾਮ ਸਿੰਘ ਚਮਕ, ਕਾ. ਬਚਨ ਸਿੰਘ ਘੋਲੀਆ, ਕਾ. ਰਤਨ ਸਿੰਘ ਘੋਲੀਆ, ਕਾ. ਸੁਰੈਣ ਸਿੰਘ ਘਾਲੀ, ਕਾ. ਕੇਹਰ ਸਿੰਘ ਮਾਹਲਾ, ਕਾ. ਦੇਵਾ ਸਿੰਘ ਮਾਹਲਾ ਅਤੇ ਕਾ. ਕਰਤਾਰ ਸਿੰਘ ਬੜੂੰਦੀ।

ਜ਼ਿਲ੍ਹਾ ਪਟਿਆਲਾ ਤੋਂ ਕਾ. ਜਗੀਰ ਸਿੰਘ ਜੋਗਾ, ਕਾ. ਰਾਹੀ ਪਟਿਆਲਾ, ਕਾ. ਧਰਮ ਸਿੰਘ ਫੱਕਰ, ਗਿਆਨੀ ਬਚਨ ਸਿੰਘ ਪਟਿਆਲਾ, ਕਾ. ਦੁੱਲਾ ਸਿੰਘ ਜਲਾਲਦੀਵਾਲ। ਜ਼ਿਲ੍ਹਾ ਅੰਬਾਲੇ ਤੋਂ ਕਾ. ਗੁਰਮੁਖ ਸਿੰਘ ਅੰਬਾਲਵੀ ਅਤੇ ਕਾ. ਗੁਲਜ਼ਾਰਾ ਸਿੰਘ ਆਦਿ ਦੀ ਅਗਵਾਈ ਵਿਚ ਪੰਜਾਬ ਦੀਆਂ ਰਿਆਸਤਾਂ ਵਿਚ ਜ਼ਮੀਨੀ ਤੇ ਰਾਜਨੀਤਕ ਸੰਘਰਸ਼ ਚੱਲ ਰਿਹਾ ਸੀ।

ਨੋਟ :- 'ਕਿਰਤੀ ਪਾਰਟੀ' ਦੇ ਸਰਗਰਮ ਵਰਕਰ ਹੋਰ ਬਹੁਤ ਸਨ, ਜਿਨ੍ਹਾਂ ਦੇ ਨਾਮ ਮੈਨੂੰ ਯਾਦ ਨਹੀਂ ਹਨ। ਇਸ ਤੋਂ ਇਲਾਵਾ ਪਿੰਡਾਂ ਵਿੱਚ ਕਿਰਤੀ-ਪਾਰਟੀ ਦੇ ਸਥਾਨਕ ਕਾਰਜ ਕਰਤਾ ਵੀ ਬਹੁਤ ਸਨ, ਜਿਨ੍ਹਾਂ ਦਾ ਆਪਣੇ ਲੋਕਾਂ ਵਿੱਚ ਬਹੁਤ ਰਸੂਖ ਸੀ। ਕਿਰਤੀ ਪਾਰਟੀ ਦੀ ਲੀਡਰਸ਼ਿਪ ਵੱਲੋਂ ਕੰਮ ਕਰਨ ਦਾ ਖੇਤਰ ਮੱਧ ਪੰਜਾਬ ਮੁੱਖ ਤੌਰ 'ਤੇ ਕਿਸਾਨੀ ਮਸਲੇ ਉੱਤੇ ਉਨ੍ਹਾਂ ਕਿਸਾਨਾਂ ਦੀਆਂ ਆਰਥਿਕ ਤੇ ਰਾਜਨੀਤਿਕ ਸਮੱਸਿਆਵਾਂ ਉੱਤੇ ਹੀ ਕੇਂਦਰਤ ਹੁੰਦਾ ਸੀ। ਆਮ ਲੋਕਾਂ ਦੇ ਵੱਡੇ-ਵੱਡੇ ਇਕੱਠ ਕੀਤੇ ਜਾਂਦੇ ਅਤੇ ਕਿਸਾਨਾਂ ਨੂੰ ਆਪਣੇ ਆਰਥਿਕ ਤੇ ਰਾਜਨੀਤਿਕ ਹਿੱਤਾਂ ਲਈ ਜਾਗ੍ਰਿਤ ਕੀਤਾ ਜਾਂਦਾ। ਕੇਂਦਰੀ ਪੰਜਾਬ ਵਿਚ ਇਸ ਕੰਮ ਨੂੰ ਕਾਫ਼ੀ ਕਾਮਯਾਬੀ ਮਿਲੀ।

1938 ਦਾ ਬਾਬਾ ਜਵਾਲਾ ਸਿੰਘ ਦੀ ਅਗਵਾਈ ਵਿਚ ਨੀਲੀਬਾਰ ਦਾ 'ਮੁਜ਼ਾਰਾ-ਸੰਘਰਸ਼' ਲੜਿਆ ਗਿਆ। ਪਟਿਆਲਾ ਰਿਆਸਤ 'ਚ ਕਾਮਰੇਡ ਜਗੀਰ ਸਿੰਘ ਜੋਗਾ, ਧਰਮ ਸਿੰਘ ਫੱਕਰ, ਕਾਮਰੇਡ ਰਾਹੀ, ਕਾ. ਬਚਨ ਸਿੰਘ ਅਤੇ ਕਪੂਰਥਲਾ ਰਿਆਸਤ ਦੇ ਬਾਬਾ ਕਰਮ ਸਿੰਘ ਧੂਤ, ਮਾਸਟਰ ਹਰੀ ਸਿੰਘ ਧੂਤ ਬਾਬਾ ਹਰਨਾਮ ਸਿੰਘ ਕਾਲਾ ਸੰਘਾ ਆਦਿ ਦੀ ਅਗਵਾਈ ਵਿਚ ਪੰਜਾਬ ਦੀਆਂ ਦੇਸੀ ਰਿਆਸਤਾਂ ਵਿਚ ਰਾਜਨੀਤਿਕ ਅਤੇ ਮੁਜ਼ਾਰਿਆਂ ਦੇ ਜ਼ਮੀਨੀ-ਘੋਲ ਲੜੇ ਗਏ। ਇਹ ਜੱਦੋ-ਜਹਿਦਾਂ ਕੁਝ ਮਿਸਾਲ ਵਜੋਂ ਹਨ।

ਕਿਰਤੀ ਪਾਰਟੀ ਦੇ ਮੈਂਬਰ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿਚ ਕਾਂਗਰਸ ਵਿਚ ਸ਼ਾਮਿਲ ਹੋ ਚੁੱਕੇ ਸਨ। ਕਿਰਤੀ ਪਾਰਟੀ ਹੁਸ਼ਿਆਰਪੁਰ, ਗੁਰਦਾਸਪੁਰ, ਲਾਹੌਰ, ਅੰਮ੍ਰਿਤਸਰ, ਜਲੰਧਰ, ਕਪੂਰਥਲਾ, ਫ਼ਿਰੋਜ਼ਪੁਰ ਅਤੇ ਪਟਿਆਲਾ ਵਿਚ ਆਪਣਾ ਕਾਫ਼ੀ ਪ੍ਰਭਾਵ ਰੱਖਦੀ ਸੀ।

ਕਿਰਤੀ ਪਾਰਟੀ ਦੇ ਆਮ ਵਰਕਰ ਬਹੁਤ ਸੰਜੀਦਾ ਤੇ ਸਾਦੇ ਸੁਭਾਅ ਵਾਲੇ ਵਰਕਰ ਸਨ। ਜ਼ਿਆਦਾਤਰ ਮੈਂਬਰ ਦੱਸਵੀਂ ਦੀ ਪੜ੍ਹਾਈ ਤੋਂ ਅੱਗੇ ਉੱਚ ਵਿਦਿਆ ਹਾਸਲ ਨਹੀਂ ਸਨ ਕਰ ਸਕੇ। ਇਸ ਲਈ ਉਨ੍ਹਾਂ ਦਾ ਬੌਧਿਕ ਪੱਧਰ ਜ਼ਿਆਦਾ ਗਹਿਰਾ ਨਹੀਂ ਸੀ, ਕਿਉਂਕਿ ਸੋਸ਼ਲਿਸਟ ਵਿਚਾਰਾਂ ਦੇ ਲਿਟਰੇਚਰ ਦੀ ਬਹੁਤ ਘਾਟ ਸੀ। ਆਜ਼ਾਦੀ ਦੀ ਲੜਾਈ ਵਿੱਚ ਕੰਮ ਦੀ ਲਗਨ, ਇਮਾਨਦਾਰੀ, ਦ੍ਰਿੜਤਾ ਅਤੇ ਕੁਰਬਾਨੀ ਨੇ ਉਨ੍ਹਾਂ ਨੂੰ ਸਿਆਣੇ ਬਣਾ ਦਿੱਤਾ ਸੀ। ਲੋਕ ਉਨ੍ਹਾਂ ਉੱਤੇ ਇਤਬਾਰ ਕਰਦੇ ਸਨ ਅਤੇ ਉਨ੍ਹਾਂ ਦੀ ਕੁਰਬਾਨੀ ਤੇ ਇਮਾਨਦਾਰੀ ਦੇ ਕਾਰਨ ਲੋਕ ਉਨ੍ਹਾਂ ਦੀ ਇੱਜ਼ਤ ਵੀ ਬਹੁਤ ਕਰਦੇ ਸਨ।

ਪੰਜਾਬ ਵਿੱਚ ਦੋ ਕਮਿਊਨਿਸਟ ਪਾਰਟੀਆਂ ਫੰਕਸ਼ਨ ਕਰਦੀਆਂ ਸਨ। ਇਕ 'ਕਿਰਤੀ ਪਾਰਟੀ' ਅਤੇ ਦੂਸਰੀ 'ਕਮਿਊਨਿਸਟ ਪਾਰਟੀ ਆਫ ਇੰਡੀਆ' ਦੇ ਪੰਜਾਬ ਦਾ ਯੂਨਿਟ ਜਿਸ ਨੂੰ ਜੋਸ਼ ਗਰੁੱਪ ਕਿਹਾ ਜਾਂਦਾ ਸੀ, ਜਿਸ ਦੇ ਲੀਡਰ ਕਾਮਰੇਡ ਸੋਹਣ ਸਿੰਘ ਜੋਸ਼, ਕਾ. ਕਰਮ ਸਿੰਘ ਮਾਨ, ਕਾ. ਫਜਲ ਇਲਾਹੀ ਕੁਰਬਾਨ, ਕਾ. ਫਿਰੋਜ਼ਦੀਨ ਮਨਸੂਰ, ਕਾ. ਇਕਬਾਲ ਸਿੰਘ ਹੁੰਦਲ, ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਬੰਡਾਲਾ, ਕਾ. ਟਹਿਲ ਸਿੰਘ ਭੰਗਾਲੀ (ਲਾਹੌਰ) ਆਦਿ ਸਨ।

ਨੋਟ : (ਭਾਈ ਸੰਤੋਖ ਸਿੰਘ ਦੇ ਗੁਜਰਨ ਤੋਂ ਬਾਅਦ 'ਕਿਰਤੀ ਅਖਬਾਰ' ਦਾ ਐਡੀਟਰ ਕਾ. ਸੋਹਣ ਸਿੰਘ ਜੋਸ਼ ਸੀ, ਉਹ ਮਜ਼ਦੂਰ ਕਿਸਾਨ ਲਹਿਰ ਨਾਲ ਜੁੜਿਆ ਹੋਇਆ ਸੀ। 1929 ਵਿੱਚ ਦੇਸ਼ ਦੇ ਕੁਝ ਉੱਘੇ ਕਮਿਊਨਿਸਟ ਲੀਡਰ ਗ੍ਰਿਫਤਾਰ ਕਰ ਲਏ ਗਏ। ਉਨ੍ਹਾਂ ਵਿੱਚ ਪੰਜਾਬ ਤੋਂ ਕਾ. ਸੋਹਣ ਸਿੰਘ ਜੋਸ਼ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਸੀ। ਉਨ੍ਹਾਂ ਉੱਤੇ ਮਸ਼ਹੂਰ ਮੁਕੱਦਮਾ 'ਮੇਰਠ ਸਾਜਿਸ਼ ਕੇਸ' ਚਲਾਇਆ ਗਿਆ। ਉਨ੍ਹਾਂ ਉੱਤੇ ਕਮਿਊਨਿਸਟ ਹੋਣ ਦਾ ਦੋਸ਼ ਲਗਾ ਕੇ ਸਜ਼ਾਵਾਂ ਦਿੱਤੀਆਂ ਗਈਆਂ।

1934 ਵਿਚ ਰਿਹਾਅ ਹੋਣ ਤੋਂ ਉਪਰੰਤ ਉਨ੍ਹਾਂ ਨੇ 'ਕਮਿਊਨਿਸਟ ਪਾਰਟੀ ਆਫ

ਇੰਡੀਆ' ਦਾ ਬਕਾਇਦਾ ਗਠਨ ਕੀਤਾ। (ਉਸ ਗਰੁੱਪ ਵਿਚ ਪੰਜਾਬ ਦਾ ਕਮਿਊਨਿਸਟ ਲੀਡਰ ਕਾ. ਸੋਹਣ ਸਿੰਘ ਜੋਸ਼ ਵੀ ਸ਼ਾਮਲ ਸੀ) ਜੋਸ਼ ਗਰੁੱਪ ਦੇ ਮੈਂਬਰ ਕਾਂਗਰਸ ਦੇ ਮੈਂਬਰ ਸਨ ਅਤੇ ਆਜ਼ਾਦੀ ਦੀ ਲਹਿਰ ਵਿੱਚ ਪੂਰੀ ਤਰ੍ਹਾਂ ਸ਼ਾਮਲ ਸਨ।

ਪੰਜਾਬ ਦੀ ਕਾਂਗਰਸ ਕਮੇਟੀ ਵਿਚ 'ਜੋਸ਼-ਗਰੁੱਪ', ਗੋਪੀ ਚੰਦ ਭਾਰਗਵ ਗਰੁੱਪ ਦਾ ਸਾਥ ਦਿੰਦਾ ਸੀ ਜੋ ਕਿ ਆਲ ਇੰਡੀਆ ਤੌਰ ਤੇ ਸਰਦਾਰ ਵਲੱਭ ਭਾਈ ਪਟੇਲ ਦੇ ਗਰੁੱਪ ਨਾਲ ਚੱਲਦਾ ਸੀ। ਜਿਸ ਨੂੰ ਕਿ ਮਹਾਤਮਾ ਗਾਂਧੀ ਦੀ ਸਰਪ੍ਰਸਤੀ ਹਾਸਲ ਸੀ। 'ਕਿਰਤੀ ਗਰੁੱਪ' ਦੇ ਮੈਂਬਰ ਵੀ ਕਾਂਗਰਸ ਦੇ ਮੈਂਬਰ ਸਨ।

'ਕਿਰਤੀ ਗਰੁੱਪ' ਤੇ ਸੋਸ਼ਲਿਸਟ ਗਰੁੱਪ ਕਾਂਗਰਸੀ ਸਿਆਸਤ ਵਿਚ ਪੰਜਾਬ ਕਾਂਗਰਸ ਦੇ ਡਾ. ਸੱਤਪਾਲ ਧੜੇ ਦੇ ਨਾਲ ਚੱਲਦਾ ਸੀ, ਜਿਹੜਾ ਆਲ-ਇੰਡੀਆ ਤੌਰ 'ਤੇ ਸੁਭਾਸ਼ ਚੰਦ ਬੋਸ ਦੇ ਧੜੇ ਨਾਲ ਚੱਲਦਾ ਸੀ।

ਸਟੱਡੀ ਸਰਕਲਾਂ 'ਚ ਗਹਿਰਾਈ ਦੀ ਘਾਟ

ਸਾਡੇ (ਕਮਿਊਨਿਸਟਾਂ ਦੇ) ਸਟੱਡੀ ਸਰਕਲਾਂ ਵਿੱਚ ਪੜ੍ਹਾਈ ਬਹੁਤ ਵਿਆਪਕ ਗਿਆਨ ਦੇਣ ਵਾਲੀ ਨਹੀਂ ਸੀ। ਇਹ ਘਾਟ ਪਾਰਟੀ ਵਰਕਰਾਂ ਨੂੰ (ਜਨਤਾ ਨੂੰ ਜਾਗ੍ਰਿਤ ਕਰਦਿਆਂ) ਜਥੇਬੰਦ ਕਰਦਿਆਂ ਮਹਿਸੂਸ ਹੁੰਦੀ ਸੀ। ਅਸੀਂ ਪਾਰਟੀ ਦੇ ROUTINE (ਰੁਟੀਨ) ਕੰਮਾਂ ਵਿੱਚ ਹੀ ਵਿਅਸਤ ਰਹਿੰਦੇ। ਕਿਸਾਨ ਕਮੇਟੀ ਲਈ ਮੈਂਬਰਸ਼ਿਪ ਦੀ ਭਰਤੀ, ਕਾਂਗਰਸ ਕਮੇਟੀ ਦੇ ਮੈਂਬਰਾਂ ਦੀ ਭਰਤੀ, ਯੂਨਿਟਾਂ ਦੀਆਂ ਮੀਟਿੰਗਾਂ, ਜ਼ਿਲ੍ਹਾ ਕਮੇਟੀ ਦੇ ਯੂਨਿਟਾਂ ਦੀਆਂ ਮੀਟਿੰਗਾਂ, ਸੂਬਾ ਕਮੇਟੀ ਦੀਆਂ ਮੀਟਿੰਗਾਂ, ਰਾਜਨੀਤਕ ਤੇ ਆਰਥਿਕ ਮੰਗਾਂ ਲਈ ਪਬਲਿਕ ਕਾਨਫਰੰਸਾਂ ਕਰਨ ਅਤੇ ਉਨ੍ਹਾਂ ਲਈ ਉਗਰਾਹੀ ਕਰਨ ਤਕ ਹੀ ਮਹਿਦੂਦ ਰਹਿੰਦੇ ਸੀ। ਆਪਣੇ ਦੇਸ਼ ਦੀ ਮਿਹਨਤਕਸ਼ ਜਨਤਾ ਖਾਸ ਤੌਰ ਉੱਤੇ ਪੇਂਡੂ ਗ਼ਰੀਬ ਅਤੇ ਦਲਿਤ ਵਰਗ ਦੇ ਆਰਥਿਕ ਅਤੇ ਰਾਜਨੀਤਕ ਮਸਲੇ ਸਮਝਣ ਦਾ ਮੌਕਾ ਹੀ ਨਹੀਂ ਸੀ ਮਿਲਦਾ। ਪ੍ਰਾਂਤ ਦੀ ਸਾਰੀ ਲੀਡਰਸ਼ਿਪ ਨੂੰ ਇਸ ਸੋਚ ਉੱਤੇ ਵਿਚਾਰ-ਚਰਚਾ (DISCUSSION) ਕਰਦਿਆਂ ਜਾਂ ਚਿੰਤਾ ਕਰਦਿਆਂ ਕਦੇ ਨਹੀਂ ਦੇਖਿਆ ਜਾਂ ਸੁਣਿਆ ਤੇ ਨਾ ਹੀ ਸਮਾਜਿਕ ਸਮੱਸਿਆਵਾਂ ਖਾਸ ਤੌਰ ਤੇ ਔਰਤਾਂ ਦੀ ਸਥਿਤੀ ਅਤੇ ਔਰਤਾਂ ਦੀਆਂ ਸਮੱਸਿਆਵਾਂ ਉੱਪਰ ਜਾਂ ਸਮਾਜ ਵਿੱਚ ਔਰਤਾਂ ਦੀ ਦਸ਼ਾ ਅਤੇ ਦਿਸ਼ਾ ਦੀ ਬਾਬਤ ਡਿਸਕਸ਼ਨ (ਚਰਚਾ) ਹੀ ਸੁਣੀ। ਮੈਂ ਆਮ ਪਾਰਟੀ ਵਰਕਰਾਂ ਵਿੱਚ ਰਾਜਨੀਤਿਕ ਤੇ ਸਾਹਿਤ (LITERATURE) ਪੜ੍ਹਨ ਦੀ ਰੁਚੀ ਨਹੀਂ ਸੀ ਦੇਖੀ। ਇਸ ਲਈ ਪਾਰਟੀ ਦੇ ਵਰਕਰ ਪਾਰਟੀ ਦੀ ਪੋਲੀਟਿਕਲ ਲਾਈਨ ਬਣਾਉਣ ਵਿਚ ਕੋਈ ਆਪਣਾ ਅਹਿਮ ਰੋਲ ਨਿਭਾਉਣ ਦੇ ਯੋਗ ਨਹੀਂ ਬਣ ਸਕੇ। ਉਹ ਅਕਸਰ ਲੀਡਰਸ਼ਿਪ ਦੀਆਂ ਹਦਾਇਤਾਂ ਉੱਪਰ ਹੀ ਚੱਲਦੇ ਰਹਿੰਦੇ।

ਉਸ ਸਮੇਂ ਤੱਕ ਮੈਂ ਮਾਰਕਸਵਾਦ ਦਾ ਗਿਆਨ ਅੱਛੀ ਤਰ੍ਹਾਂ ਹਾਸਲ ਨਹੀਂ ਸੀ ਕਰ ਸਕਿਆ। ਪਾਰਟੀ ਦੇ ਦੂਸਰੇ ਸਾਥੀਆਂ ਦਾ ਬੌਧਿਕ ਪੱਧਰ ਮੇਰੇ ਵਰਗਾ ਹੀ ਸੀ। ਉਸ ਵੇਲੇ ਮਾਰਕਸਵਾਦੀ ਵਿਚਾਰਧਾਰਾ ਦੀਆਂ ਕਿਤਾਬਾਂ ਹੀ ਘੱਟ ਮਿਲਦੀਆਂ ਸਨ। ਸਟੱਡੀ ਸਰਕਲਾਂ ਵਿਚ ਅਕਸਰ ਜਮਾਤੀ ਘੋਲ ਬਾਰੇ ਹੀ ਸਮਝਾਇਆ ਜਾਂਦਾ, ਉਹ ਵੀ ਬਹੁਤ ਘੱਟ ਹੁੰਦਾ। ਸਾਰੇ ਸਰਗਰਮ ਸਾਥੀਆਂ ਦੀ ਸੂਝ ਦੀ ਪੱਧਰ ਵੀ ਇਸੇ ਤਰ੍ਹਾਂ ਦੀ ਸੀ।

ਸੋਵੀਅਤ ਰੂਸ ਵਿਚ ਕਮਿਊਨਿਸਟ (ਬਾਲਸ਼ਵਿਕ) ਦੀ ਰਹਿਨੁਮਾਈ ਥੱਲੇ ਅਕਤੂਬਰ 1917 ਦਾ ਇਨਕਲਾਬ ਕਾਮਯਾਬ ਹੋਇਆ ਅਤੇ ਉੱਥੇ ਸੋਸ਼ਲਿਜ਼ਮ ਦੀ

ਉਸਾਰੀ ਕਾਮਯਾਬੀ ਨਾਲ ਹੋਈ। ਇਸ ਦੇ ਪ੍ਰਭਾਵ ਨੇ ਗੁਲਾਮ ਦੇਸ਼ਾਂ ਦੇ ਅਜ਼ਾਦੀ ਦੇ ਘੋਲਾਂ ਨੂੰ ਉਤਸ਼ਾਹ ਤੇ ਤਾਕਤ ਦਿੱਤੀ। 'ਕਿਰਤੀ ਪਾਰਟੀ' (ਗ਼ਦਰ ਪਾਰਟੀ-ਦੂਜਾ ਦੌਰ) ਦੇ ਜਿਹੜੇ ਵਰਕਰ ਰੂਸ ਤੋਂ ਮਾਰਕਸਵਾਦੀ ਸਿੱਖਿਆ ਹਾਸਲ ਕਰਕੇ, ਸੋਸ਼ਲਿਜ਼ਮ ਦੀ ਉਸਾਰੀ ਦਾ ਪ੍ਰਭਾਵ ਲੈ ਕੇ ਅਤੇ ਉਸ ਸਿਸਟਮ ਨੂੰ ਅੱਖੀਂ ਦੇਖ ਕੇ ਦੇਸ਼ ਪਰਤੇ ਸਨ, ਉਹ ਮਾਰਕਸਵਾਦੀ ਵਿਚਾਰਧਾਰਾ ਉੱਤੇ ਸਾਰੀ ਉਮਰ ਅਡਿੱਗ ਰਹੇ। ਉਨ੍ਹਾਂ ਦੇ ਸਿਰੜ ਦਾ ਇਹ ਪ੍ਰਭਾਵ ਸਾਰੇ ਕਿਰਤੀ ਵਰਕਰਾਂ ਉੱਪਰ ਬਹੁਤ ਪਿਆ ਸੀ ਅਤੇ ਦੇਸ਼ ਦੀ ਅਜ਼ਾਦੀ ਦੀ ਲੜਾਈ ਤੇ ਸੋਸ਼ਲਿਜ਼ਮ ਦੀ ਪ੍ਰਾਪਤੀ ਨੂੰ ਹਾਸਲ ਕਰਨ ਲਈ ਉਤਸ਼ਾਹ ਤੇ ਯਕੀਨ ਭਰਦਾ ਸੀ। ਕਿਰਤੀ ਵਰਕਰ ਪੂਰੀ ਤਰ੍ਹਾਂ ਇਸ ਘੋਲ ਵਿਚ ਸਰਗਰਮ ਰਹਿੰਦੇ। ਇਸ ਲਗਨ ਨੇ ਉਨ੍ਹਾਂ ਨੂੰ ਇਕਜੁਟ ਕਰੀ ਰੱਖਿਆ। ਬਕਾਇਦਾ ਪਰਖ ਕੇ ਤੇ ਸੂਝ ਦੇ ਕੇ ਪਾਰਟੀ ਮੈਂਬਰ ਲਏ ਜਾਂਦੇ, ਪਾਰਟੀ ਸੈੱਲ ਬਣਾਏ ਜਾਂਦੇ, ਤਹਿਸੀਲ ਕਮੇਟੀਆਂ ਬਣਾਈਆਂ ਜਾਂਦੀਆਂ, ਫਿਰ ਜ਼ਿਲ੍ਹਾ ਕਮੇਟੀਆਂ ਬਣਾਈਆਂ ਜਾਂਦੀਆਂ ਫਿਰ ਸੂਬਾ ਕਮੇਟੀ ਬਣਾਈ ਜਾਂਦੀ ਤੇ ਪਾਰਟੀ ਦੀ ਸੈਂਟਰਲ ਕਮੇਟੀ ਦਾ ਗਠਨ ਕੀਤਾ ਜਾਂਦਾ।

ਭਾਵੇਂ ਕਿਸਾਨ ਅੰਦੋਲਨ ਪੰਜਾਬ ਦੇ ਕੇਂਦਰੀ ਜ਼ਿਲ੍ਹਿਆਂ ਤੱਕ ਹੀ ਸੀਮਿਤ ਸੀ ਪਰ ਕਿਰਤੀ ਪਾਰਟੀ ਦੇ ਵਰਕਰ ਇਸ ਨੂੰ ਸੰਗਠਤ ਤੌਰ ਤੇ ਚਲਾ ਰਹੇ ਸਨ। ਅੰਮ੍ਰਿਤਸਰ ਜ਼ਿਲ੍ਹੇ ਦੀ ਕਿਸਾਨ ਕਮੇਟੀ ਦਾ ਫੈਲਾਓ ਸਾਰਿਆਂ ਤੋਂ ਜ਼ਿਆਦਾ ਸੀ। ਸਾਰੇ ਪੰਜਾਬ ਵਿੱਚ ਕਿਸਾਨ ਅੰਦੋਲਨ ਦੀ ਸਭ ਤੋਂ ਵੱਡੀ ਘਾਟ ਇਹ ਸੀ ਕਿ ਮੁਸਲਿਮ ਕਿਸਾਨੀ ਨੂੰ ਇਸ ਅੰਦੋਲਨ ਦਾ ਹਿੱਸਾ ਨਹੀਂ ਬਣਾ ਸਕੇ ਅਤੇ ਨਾ ਹੀ ਕਿਰਤੀ ਪਾਰਟੀ ਪੇਂਡੂ ਮਜ਼ਦੂਰਾਂ ਨੂੰ ਅੰਦੋਲਨ ਨਾਲ ਜੋੜ ਸਕੀ ਅਤੇ ਨਾ ਹੀ ਉਨ੍ਹਾਂ ਨੂੰ ਜਾਗਰਿਤ ਹੀ ਕਰ ਸਕੀ।

ਸਤੰਬਰ 1939 ਵਿੱਚ ਸੰਸਾਰ ਦੇ ਗੁਲਾਮ ਦੇਸ਼ਾਂ ਦੀ ਮੁੜ ਵੰਡ ਕਰਨ ਲਈ ਦੂਜੀ ਸੰਸਾਰ ਜੰਗ ਛਿੜ ਚੁੱਕੀ ਸੀ। ਇਕ ਪਾਸੇ ਫਰਾਂਸ, ਅਮਰੀਕਾ, ਇੰਗਲੈਂਡ ਆਦਿ ਸਨ, ਦੂਜੇ ਪਾਸੇ ਜਰਮਨ, ਇਟਲੀ ਤੇ ਉਹਦੇ ਜੋਟੀਦਾਰ ਸਨ। ਅੰਗਰੇਜ਼ ਸਰਕਾਰ ਨੇ ਹਿੰਦੁਸਤਾਨ ਵਿੱਚ 'ਡੀਫੈਂਸ ਆਫ਼ ਇੰਡੀਆ ਰੂਲ ਦਾ ਕਾਨੂੰਨ' (DEFENCE OF INDIA RULE ACT) ਲਗਾ ਦਿੱਤਾ, ਇਸ ਦੇ ਮਾਤਹਿਤ (ਅਧੀਨ) ਸਰਕਾਰ ਕਿਸੇ ਵੀ ਵਿਅਕਤੀ ਨੂੰ ਬਿਨਾਂ ਮੁਕੱਦਮਾ ਚਲਾਏ ਗ੍ਰਿਫਤਾਰ ਕਰਕੇ ਜੇਲ੍ਹ ਵਿੱਚ ਨਜ਼ਰਬੰਦ ਕਰ ਸਕਦੀ ਸੀ।

ਜੂਨ 1940 ਵਿੱਚ ਸਾਰੇ ਪ੍ਰਦੇਸਾਂ ਦੇ ਇਨਕਲਾਬੀ ਤੇ ਸੋਸ਼ਲਿਸਟ ਵਿਚਾਰਾਂ ਦੇ ਲੋਕ ਗ੍ਰਿਫਤਾਰ ਕਰਕੇ ਜੇਲ੍ਹਾਂ ਵਿੱਚ ਨਜ਼ਰਬੰਦ ਕਰ ਦਿੱਤੇ ਗਏ। ਪੰਜਾਬ ਦੇ ਗ੍ਰਿਫਤਾਰ ਕੀਤੇ ਗਏ ਦੇਸ਼ ਭਗਤਾਂ ਵਿੱਚੋਂ ਜ਼ਿਆਦਾ ਤਾਦਾਦ (ਗਿਣਤੀ) ਕਿਰਤੀ ਵਰਕਰਾਂ ਦੀ ਸੀ। ਸਾਰੇ ਸਰਗਰਮ ਤੇ ਰਸੂਖ ਵਾਲੇ ਗ਼ਦਰੀ ਬਾਬੇ ਮਾਸਕੋ ਤੋਂ ਮਾਰਕਸਵਾਦ ਦੀ ਪੜ੍ਹਾਈ ਕਰਕੇ ਆਏ। ਕਿਰਤੀ ਵਰਕਰ ਤੇ ਕਈ ਹੋਰ ਵਰਕਰ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ, ਪੰਜਾਬ ਯੂਨਿਟ ਦੇ ਲੀਡਰ ਤੇ ਕੁਝ ਸਰਗਰਮ ਵਰਕਰ, ਕਾਂਗਰਸ ਸੋਸ਼ਲਿਸਟ ਪਾਰਟੀ ਦੇ ਮੈਂਬਰ ਅਤੇ ਕੁਝ ਹੋਰ ਇਨਕਲਾਬੀ ਦੇਸ਼ ਭਗਤ ਗ੍ਰਿਫਤਾਰ ਕਰਕੇ

ਨਜ਼ਰਬੰਦ ਕਰ ਦਿੱਤੇ ਗਏ। ਕੁਝ ਸਮੇਂ ਬਾਅਦ ਇਨ੍ਹਾਂ ਨਜ਼ਰਬੰਦਾਂ ਨੂੰ 'ਦਿਓਲੀ ਕੈਂਪ ਜੇਲ੍ਹ' (DEOLI-CAMP JAIL) ਰਾਜਸਥਾਨ (ਸੀ.ਆਰ.ਪੀ. ਦੇ ਅਧੀਨ C.R.P. CROWN-REPRESENTATIVE POLICE) ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਦੇਸ਼ ਦੇ ਬਾਕੀ ਪ੍ਰਾਂਤਾਂ ਵਿੱਚੋਂ ਖੱਬੀ ਵਿਚਾਰਧਾਰਾ ਦੇ ਲੀਡਰਾਂ ਤੇ ਵਰਕਰਾਂ ਨੂੰ ਵੀ ਗ੍ਰਿਫਤਾਰ ਕਰਕੇ 'ਦਿਓਲੀ-ਕੈਂਪ ਜੇਲ੍ਹ' ਵਿੱਚ ਨਜ਼ਰਬੰਦ ਕਰ ਦਿੱਤਾ ਗਿਆ।

ਜੂਨ 1940 ਦੇ ਸਾਥੀਆਂ ਦੀਆਂ ਗ੍ਰਿਫਤਾਰੀਆਂ ਤੋਂ ਬਾਅਦ ਜ਼ਿਲ੍ਹਾ ਕਮੇਟੀ ਨੇ ਮੇਰੀ ਡਿਊਟੀ ਜ਼ਿਲ੍ਹਾ ਜਲੰਧਰ ਦੇ 'ਕਿਸਾਨ ਕਮੇਟੀ ਦਫ਼ਤਰ' ਵਿੱਚ ਜ਼ਿਲ੍ਹੇ ਦੇ ਕਿਸਾਨ ਕਮੇਟੀ ਦੇ ਕੰਮ ਨੂੰ ਜਥੇਬੰਦ ਕਰਨ ਲਈ ਲਾ ਦਿੱਤੀ ਸੀ। ਮੇਰੇ ਨਾਲ ਬਾਬਾ ਨੱਥਾ ਸਿੰਘ (ਜੋ ਕਿ ਤਹਿਸੀਲ ਨਕੋਦਰ ਦਾ ਰਹਿਣ ਵਾਲਾ ਸੀ) ਦੀ ਵੀ ਡਿਊਟੀ ਦਫਤਰ ਵਿਚ ਲਾਈ ਗਈ ਸੀ। ਕਿਸਾਨ ਕਮੇਟੀ ਦੀ ਮਾਲੀ ਹਾਲਤ ਬਹੁਤ ਕਮਜ਼ੋਰ ਸੀ। ਬਾਬਾ ਨੱਥਾ ਸਿੰਘ (ਲਾਲ ਝੰਡੇ ਵਾਲਾ) ਪਿੰਡਾਂ ਵਿੱਚੋਂ ਦਾਣੇ ਮੰਗ ਲਿਆਉਂਦਾ ਅਤੇ ਬਾਲਣ ਵਾਸਤੇ ਦਰੱਖਤਾਂ ਦੀਆਂ ਲੱਕੜਾਂ (ਛਿਟੀਆਂ) ਇਕੱਠੀਆਂ ਕਰ ਲਿਆਉਂਦਾ। ਅਸੀਂ ਇਕੱਠੇ ਕੀਤੇ ਦਾਣਿਆਂ ਵਿੱਚੋਂ ਛੋਲੇ ਅਲੱਗ ਕਰਕੇ ਸਬਜ਼ੀ ਬਣਾ ਲੈਂਦੇ ਤੇ ਕਣਕ ਦਾ ਆਟਾ ਪਿਸਵਾ ਲੈਂਦੇ। ਦਫ਼ਤਰ ਵਿੱਚ ਆਏ-ਗਏ ਸਾਥੀਆਂ ਨੂੰ ਵੀ ਰੋਟੀ ਖਿਲਾ ਦਿੰਦੇ। ਕਈ ਵਾਰ ਕਿਰਤੀ ਪਾਰਟੀ ਦਾ ਖੁਫ਼ੀਆ ਪੇਪਰ 'ਲਾਲ ਝੰਡਾ' ਕਈ ਕੇਂਦਰਾਂ ਵਿੱਚ ਪਹੁੰਚਾਉਣ ਦੀ ਡਿਊਟੀ ਵੀ ਲਗਦੀ।

ਮੇਰੇ ਪੇਟ ਦੀਆਂ ਅੰਤੜੀਆਂ ਬਚਪਨ ਤੋਂ ਹੀ ਕਮਜ਼ੋਰ ਸਨ। ਸੋ, ਸਖ਼ਤ ਕੰਮ ਜਾਂ ਜ਼ਿਆਦਾ ਸਫ਼ਰ ਕਰਕੇ ਬੁਖਾਰ ਹੋ ਜਾਂਦਾ ਸੀ। ਕਈ ਵਾਰੀ ਬਾਈਸਾਈਕਲ ਉੱਤੇ ਲੰਬੀਆਂ-ਲੰਬੀਆਂ ਦੂਰੀਆਂ ਦਾ ਸਫ਼ਰ ਕਰਕੇ ਵੀ ਬੁਖਾਰ ਹੋ ਜਾਂਦਾ। ਇੱਥੇ ਵੀ ਬੇਵਕਤੀ ਰੋਟੀ ਤੇ ਕੰਮ ਜ਼ਿਆਦਾ ਹੋਣ ਕਰਕੇ ਮੈਨੂੰ ਅਕਤੂਬਰ 1940 ਵਿੱਚ 'ਟਾਈਫਾਇਡ' ਬੁਖਾਰ ਹੋ ਗਿਆ ਅਤੇ ਫਿਰ 'ਰੀਲੈਪਸ' (Relapse to become worse again after an improvement in health) ਹੋਣ ਕਰਕੇ ਮੈਨੂੰ ਕਮਜ਼ੋਰੀ ਬਹੁਤ ਹੋ ਗਈ. ਸਰਦੀ ਦਾ ਮੌਸਮ ਆਉਣ ਕਰਕੇ ਮੈਂ ਠੰਡ ਨਾ ਝੱਲ ਸਕਿਆ, ਇਸ ਲਈ ਮੈਂ ਆਪਣੇ ਵੱਡੇ ਭਰਾ ਸ੍ਰੀ ਵੇਦ ਪ੍ਰਕਾਸ਼ ਅਤੇ ਜਗਦੀਸ਼ ਚੰਦਰ ਕੋਲ ਕਲਕੱਤੇ ਚਲਾ ਗਿਆ ਕਲਕੱਤੇ ਸਰਦੀ ਵੀ ਘੱਟ ਪੈਂਦੀ ਸੀ।

ਟਾਟਾ ਨਗਰ ਮਜ਼ਦੂਰ ਕੇਂਦਰ ਵਿੱਚ ਡਿਊਟੀ ਅਤੇ ਗ੍ਰਿਫ਼ਤਾਰੀ

ਕਿਰਤੀ ਪਾਰਟੀ ਪੰਜਾਬ ਤੋਂ ਬਾਹਰ ਮਜ਼ਦੂਰ ਕੇਂਦਰਾਂ ਵਿੱਚ ਵੀ ਫੈਲਾਅ ਕਰਨ ਦੀ ਕੋਸ਼ਿਸ਼ ਕਰਦੀ ਰਹਿੰਦੀ। 1938 ਵਿੱਚ ਟਾਟਾ ਨਗਰ ਦੇ ਮਜ਼ਦੂਰ ਕੇਂਦਰ ਨੂੰ ਇਸ ਮਕਸਦ ਲਈ ਚੁਣਿਆ ਗਿਆ, ਕਿਉਂਕਿ ਉੱਥੇ ਪਾਰਟੀ ਦੇ ਕੁਝ ਸੰਪਰਕ ਸਨ। ਕਾਮਰੇਡ ਹਜ਼ਾਰਾ ਸਿੰਘ (ਊਟੀ ਬੈਂਕ ਡਕੈਤੀ ਕੇਸ) ਬੈਂਕ ਡਕੈਤੀ ਕੇਸ ਵਿਚ ਸਜ਼ਾ ਕੱਟ ਕੇ ਆਇਆ ਸੀ, ਉਹ ਬੜਾ ਹੀ ਸੰਜੀਦਾ (ਅੱਛਾ ਤੇ ਇਮਾਨਦਾਰ ਆਪਣੇ ਕੰਮ ਨੂੰ ਪ੍ਰਣਾਇਆ ਹੋਇਆ) ਪਾਰਟੀ ਵਰਕਰ ਸੀ। ਮਜ਼ਦੂਰਾਂ ਨੂੰ ਜੱਥੇਬੰਦ ਕਰਨ ਤੇ ਕਿਰਤੀ ਪਾਰਟੀ ਦਾ ਯੂਨਿਟ ਗਠਿਤ ਕਰਨ ਵਿੱਚ ਕਾਮਯਾਬ ਹੋਇਆ। ਮੈਂ ਕਾਮਰੇਡ ਹਜ਼ਾਰਾ ਸਿੰਘ ਨੂੰ ਕਲਕੱਤੇ ਰਹਿੰਦੇ ਹੋਏ 'ਮੋਟਰ ਟਰਾਂਸਪੋਰਟ ਵਰਕਰ- ਯੂਨੀਅਨ' ਦੇ ਦਫ਼ਤਰ ਵਿੱਚ ਮਿਲਿਆ ਸੀ ਅਤੇ ਮੈਂ ਅੱਛਾ ਪ੍ਰਭਾਵ ਲਿਆ ਸੀ। 1938 ਵਿੱਚ ਹੀ ਟਾਟਾ ਨਗਰ ਦੀ ਇੰਦਰ ਸਿੰਘ ਤੇ ਬਲਦੇਵ ਸਿੰਘ ਦੀ ਤਾਰ ਕੰਪਨੀ ਦੇ ਟਰੱਕ ਨੇ (ਕਾਮਰੇਡ ਹਜ਼ਾਰਾ ਸਿੰਘ ਨੂੰ ਮਜ਼ਦੂਰਾਂ ਦੀ ਹੜਤਾਲ ਸਮੇਂ) ਥੱਲੇ ਲੈ ਕੇ ਕੁਚਲ ਦਿੱਤਾ ਸੀ। (ਯਾਦ ਰਹੇ ਕਿ ਅਜ਼ਾਦ ਭਾਰਤ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਦੀ ਕੈਬਨਿਟ ਵਿੱਚ, ਇਹ ਹੀ ਸਰਦਾਰ ਬਲਦੇਵ ਸਿੰਘ ਦੇਸ਼ ਦਾ ਡੀਫੈਂਸ-ਮਨਿਸਟਰ ਵੀ ਰਿਹਾ)।

ਕਿਰਤੀ ਪਾਰਟੀ ਦੀ ਕੇਂਦਰੀ ਕਮੇਟੀ ਨੇ 1940 ਵਿੱਚ ਕਾਮਰੇਡ ਦਯਾ ਸਿੰਘ ਸੰਧਵਾਂ ਦੀ ਡਿਊਟੀ ਟਾਟਾ ਨਗਰ ਦੇ ਮਜ਼ਦੂਰ ਕੇਂਦਰ ਵਿੱਚ ਲਾਈ। ਉੱਥੇ ਪੁਲਿਸ ਨੇ ਇਸ ਨੂੰ ਜਲਦੀ ਗ੍ਰਿਫਤਾਰ ਕਰ ਲਿਆ ਸੀ, ਉਸ ਤੋਂ ਬਾਅਦ ਨੈਣਾ ਸਿੰਘ ਧੂਤ ਦੀ ਉੱਥੇ ਮਜ਼ਦੂਰਾਂ ਨੂੰ ਜੱਥੇਬੰਦ ਕਰਨ ਦੀ ਡਿਊਟੀ ਲਾਈ ਪਰ ਉਸ ਦੀ ਵੀ ਥੋੜੀ ਦੇਰ ਬਾਅਦ ਗ੍ਰਿਫਤਾਰੀ ਹੋ ਗਈ ਸੀ। ਕੁਝ ਸਮੇਂ ਬਾਅਦ ਕਾਮਰੇਡ ਬੂਝਾ ਸਿੰਘ ਇਸ ਮਕਸਦ ਨੂੰ ਪੂਰਾ ਕਰਨ ਲਈ ਉੱਥੇ ਗਏ, ਪਰ ਉਹ ਵੀ ਜਲਦੀ ਹੀ ਗ੍ਰਿਫਤਾਰ ਕਰ ਲਏ ਗਏ ਸੀ।

ਫਰਵਰੀ 1941 ਵਿਚ ਕਾਮਰੇਡ ਗੁਰਚਰਨ ਸਿੰਘ ਰੰਧਾਵਾ ਵੀ ਮੇਰੇ ਕੋਲ ਕਲਕੱਤੇ ਆ ਗਿਆ। ਉਹ ਵੀ ਟਾਈਫਾਇਡ ਬੁਖਾਰ ਨਾਲ ਬਹੁਤ ਕਮਜ਼ੋਰ ਹੋ ਚੁੱਕਾ ਸੀ। ਕੇਂਦਰੀ ਕਮੇਟੀ (ਕਿਰਤੀ ਪਾਰਟੀ ਦੀ) ਵੱਲੋਂ ਸਾਡੀ ਦੋਹਾਂ ਦੀ ਡਿਊਟੀ ਟਾਟਾ ਨਗਰ ਦੇ ਮਜ਼ਦੂਰ ਕੇਂਦਰ ਵਿਚ ਲਾਈ ਗਈ ਸੀ।

ਫਰਵਰੀ ਦੇ ਅਖੀਰ ਵਿੱਚ ਅਸੀਂ ਟਾਟਾ ਨਗਰ ਚਲੇ ਗਏ। ਉੱਥੇ ਜਾ ਕੇ ਸ਼ਹਿਰ ਦੀ 'ਯੋਗੋਸਲਾਈ ਬਸਤੀ' ਵਿੱਚ ਇਕ ਛੱਪਰ (ਖਪਰੈਲ) ਵਾਲੀ ਖੋਲੀ ਕਿਰਾਏ ਉੱਤੇ ਲੈ

ਲਈ। ਕੇਂਦਰੀ ਕਮੇਟੀ ਵੱਲੋਂ ਉੱਥੋਂ ਦੇ ਸਾਥੀਆਂ ਦੇ ਜੋ ਸੰਪਰਕ ਮਿਲੇ ਸਨ, ਉਨ੍ਹਾਂ ਦੇ ਸਹਿਯੋਗ ਨਾਲ ਪਾਰਟੀ ਯੂਨਿਟ ਗਠਿਤ ਕਰਨ ਦੀ ਕੋਸ਼ਿਸ਼ ਕੀਤੀ। ਯੂਨਿਟ ਦੀ ਮੀਟਿੰਗ ਦੀ ਤਾਰੀਖ ਵੀ ਤੈਅ ਕੀਤੀ ਗਈ ਸੀ। ਮੀਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਹੀ ਸਾਨੂੰ ਦੋਹਾਂ (ਮੈਨੂੰ ਤੇ ਕਾਮਰੇਡ ਗੁਰਚਰਨ ਸਿੰਘ ਰੰਧਾਵਾ) ਨੂੰ ਗ੍ਰਿਫਤਾਰ ਕਰ ਲਿਆ ਗਿਆ। ਦੋਨਾਂ ਨੂੰ ਅਲੱਗ-ਅਲੱਗ ਥਾਣਿਆਂ ਵਿੱਚ ਰੱਖਿਆ ਗਿਆ।

ਸੀ.ਆਈ.ਡੀ. (C.I.D.) ਦੇ ਉੱਚੇ ਅਧਿਕਾਰੀ ਨੇ ਇੰਟੈਰੋਗੇਟ (ਪੁੱਛ-ਗਿੱਛ) ਕੀਤਾ। ਰਾਤ ਹਵਾਲਾਤ ਵਿੱਚ ਰੱਖ ਕੇ ਦੂਸਰੇ ਦਿਨ ਕਾਨੂੰਨ ਦੀ ਸਧਾਰਨ ਦਫਾ ਲਾ ਕੇ ਟਾਟਾ ਨਗਰ ਸਬ-ਜੇਲ੍ਹ ਭੇਜ ਦਿੱਤਾ। ਜੇਲ੍ਹ ਲੈ ਕੇ ਜਾਂਦਿਆਂ ਰਸਤੇ ਵਿੱਚ ਇੱਕ ਪੱਤਰ-ਪ੍ਰੇਰਕ ਮਿਲਿਆ, ਉਸ ਨੇ ਸਾਡੀ ਗ੍ਰਿਫਤਾਰੀ ਦੀ ਖ਼ਬਰ ਸਾਰੀਆਂ ਅਖ਼ਬਾਰਾਂ ਨੂੰ ਭੇਜ ਦਿੱਤੀ। ਜਿਸ ਜੇਲ੍ਹ ਵਿੱਚ ਸਾਨੂੰ ਭੇਜਿਆ, ਉਹ ਛੋਟੀ ਜੇਲ੍ਹ ਸੀ। ਉਹ ਟਾਟਾ ਨਗਰ ਦੇ ਸਬ-ਡਵੀਜਨਲ ਅਫ਼ਸਰ (ਤਹਿਸੀਲਦਾਰ) ਦੇ ਅਧੀਨ ਸੀ। ਰੋਜ਼ਮਰਾ ਦੀ ਦੇਖ-ਰੇਖ (ਪ੍ਰਬੰਧ) ਜੇਲ੍ਹ ਦਾ ਦਰੋਗਾ ਅਤੇ ਹੈੱਡ ਵਾਰਡਨ ਕਰਦੇ ਸਨ। ਜੇਲ੍ਹ ਵਿੱਚ ਤਿੰਨ ਲੰਮੀਆਂ ਬੈਰਕਾਂ ਸਨ। ਇਨ੍ਹਾਂ ਵਿੱਚ ਆਮ ਅੰਡਰ-ਟਰਾਇਲ ਰੱਖੇ ਜਾਂਦੇ ਸਨ। ਪੰਜ-ਛੇ ਸੈੱਲ ਸਨ, ਜਿਨ੍ਹਾਂ ਵਿੱਚ ਪੋਲੀਟੀਕਲ ਤੇ ਹੋਰ ਖਾਸ ਅੰਡਰ-ਟਰਾਇਲ (ਜਿਨ੍ਹਾਂ ਉੱਤੇ ਮੁਕੱਦਮਾ ਚੱਲ ਰਿਹਾ ਹੋਵੇ ਪਰ ਸਜ਼ਾ ਨਾ ਹੋਈ ਹੋਵੇ) ਰੱਖੇ ਜਾਂਦੇ ਸਨ। ਦੋ ਕੋਠੜੀਆਂ ਏ ਅਤੇ ਬੀ ਕਲਾਸ ਦੇ ਅੰਡਰ ਟਰਾਇਲ ਲਈ ਵੀ ਸਨ। ਉੱਥੇ ਸਾਡੇ ਹੁੰਦਿਆਂ ਅੰਡਰ-ਟਰਾਇਲ ਦੀ ਗਿਣਤੀ 150 ਸੀ। ਉਨ੍ਹਾਂ ਵਿੱਚੋਂ ਅੱਸੀ (80) ਆਦਿਵਾਸੀ ਸਨ। ਉਹ ਇਲਾਕਾ 'ਝਾਰਖੰਡ' ਆਦਿਵਾਸੀ ਵਸੋਂ ਦਾ ਸੀ। ਉਨ੍ਹਾਂ ਆਦਿਵਾਸੀਆਂ ਵਿੱਚੋਂ ਬਹੁਤੀ ਗਿਣਤੀ ਜੰਗਲ ਵਿੱਚੋਂ ਆਪਣੀ ਜ਼ਰੂਰਤ ਦੀ ਛੋਟੀ-ਮੋਟੀ ਵਸਤੂ ਚੋਰੀ ਕਰਨ ਦੇ ਦੋਸ਼ ਵਿੱਚ ਸੀ। ਬਹੁਤੇ ਤਾਂ ਕਈ ਸਾਲਾਂ ਤੋਂ ਹੀ ਉੱਥੇ ਬੰਦ ਕੀਤੇ ਹੋਏ ਸਨ। ਉਨ੍ਹਾਂ ਦੇ ਫੈਸਲੇ ਜਲਦੀ ਨਹੀਂ ਸੀ ਨਿਪਟਾਏ ਜਾਂਦੇ। ਉਨ੍ਹਾਂ ਵਿੱਚੋਂ ਚਾਰ-ਪੰਜ ਤਾਂ ਇਸ ਤਰ੍ਹਾਂ ਦੇ ਆਦਮੀ ਸਨ, ਜਿਹੜੇ ਡਾਇਨ ਨੂੰ ਮਾਰ ਕੇ ਆਏ ਸਨ। ਉਹ ਏਨੇ ਅਣਜਾਨ ਸਨ ਕਿ ਓਝਾ ਦੇ (ਭੂਤ ਕੱਢਣ ਵਾਲੇ ਝਾੜ-ਫੂਕ ਕਰਨ ਵਾਲੇ) ਦੇ ਕਹਿਣ ਤੇ ਕਿਸੇ ਗ਼ਰੀਬ ਆਦਿਵਾਸੀ, ਸਾਧਾਰਨ ਔਰਤ ਨੂੰ ਡਾਇਨ ਥਾਪ ਦਿੰਦੇ ਸਨ, ਜਿੱਥੇ ਬਿਮਾਰੀ (ਮਲੇਰੀਆ ਤੇ ਪਲੇਗ ਆਦਿ) ਨਾਲ ਜ਼ਿਆਦਾ ਮੌਤਾਂ ਹੋ ਜਾਣ ਤਾਂ ਸਾਧਾਰਨ ਔਰਤ ਨੂੰ ਹੀ ਬਿਮਾਰੀ ਦੀ ਦੋਸ਼ੀ ਮੰਨ ਲੈਂਦੇ ਅਤੇ ਉਸਨੂੰ ਪਿੰਡੋਂ ਕੱਢ ਦਿੰਦੇ ਜਾਂ ਮਾਰ ਦਿੰਦੇ। ਜੇਲ੍ਹ ਵਿੱਚ ਤਿੰਨ ਗਰੁੱਪ ਪੰਜਾਬੀਆਂ ਦੇ ਸਨ, ਜੋ ਆਪਸ ਵਿੱਚ ਲੜਾਈਆਂ ਕਰਕੇ ਜਾਂ ਕਤਲ ਕਰਕੇ ਆਏ ਕੈਦੀ ਦੋਸ਼ੀ ਸਨ। ਛੇ ਕੈਦੀ ਜੇਬ ਕਤਰੇ ਸਨ। ਇੱਕ ਬੈਂਕ ਵਿੱਚ ਹੇਰਾਫੇਰੀ ਕਰਨ ਦੇ ਦੋਸ਼ ਹੇਠ ਕੈਦ ਸੀ। ਦੋ ਬੰਗਾਲੀ ਅਤੇ ਦੋ ਅਸੀਂ ਪੰਜਾਬੀ ਪੋਲੀਟੀਕਲ ਮਲਾਜ਼ਮ (ਦੋਸ਼ੀ) ਸਾਂ। ਸਾਨੂੰ ਜਿਹੜੀ ਰੋਟੀ ਦਿੱਤੀ ਜਾਂਦੀ, ਉਹ ਬਹੁਤ ਹੀ ਘਟੀਆ ਹੁੰਦੀ ਸੀ। ਆਟੇ ਵਿੱਚ ਰੇਤ ਮਿਲੀ ਹੁੰਦੀ ਤੇ ਸਬਜ਼ੀ ਮੋਟੇ-ਮੋਟੇ ਡੰਡਲਾਂ (ਜਿਵੇਂ ਪਸ਼ੂਆਂ ਦਾ ਚਾਰਾ ਹੱਥ ਦੇ ਗੰਡਾਸੇ ਨਾਲ ਕੱਟਿਆ ਹੋਵੇ) ਦੀ ਉਬਾਲ ਕੇ ਦਿੱਤੀ ਜਾਂਦੀ। ਤੇਲ ਦਾ ਤੜਕਾ (ਉਹ ਵੀ ਬੋ ਵਾਲਾ ਨਿਕੰਮਾ) ਲਗਾਇਆ ਜਾਂਦਾ। ਸਵੇਰੇ ਨਾਸ਼ਤੇ ਵਿੱਚ, ਬਿਨਾਂ ਛਿਲਕਾ ਉਤਾਰੇ

ਮੋਟੀ ਚੌਲਾਂ ਦੀ ਮਾਂਡੀ (ਪਿੱਛ) ਦਿੱਤੀ ਜਾਂਦੀ। ਇਹ ਖ਼ਰਾਬ ਖਾਣੇ ਦੇ ਵਿਰੁੱਧ ਸਾਰੇ ਅੰਡਰ-ਟਰਾਇਲ ਵਿੱਚ ਗੁੱਸਾ ਸੀ। ਇਸ ਦੇ ਖ਼ਿਲਾਫ਼ ਜਦ ਵੀ ਜੇਲ੍ਹ ਦੇ ਦਰੋਗੇ ਕੋਲ ਅਸੀਂ ਇਤਰਾਜ਼ ਕਰਦੇ ਤਾਂ ਉਹ ਜਵਾਬ ਦਿੰਦਾ, (ਰੋਹਬ ਨਾਲ ਕਹਿੰਦਾ) "ਐਸਾ ਸ਼ੁੱਧ ਸਾਗ ਹੀ ਮਿਲੇਗਾ।" ਇਸ ਵਰਤਾਓ ਦਾ ਅਸੀਂ ਸਾਰਿਆਂ ਨੇ ਵਿਰੋਧ ਕੀਤਾ। ਇੱਕ ਦਿਨ ਸ਼ਾਮ ਨੂੰ ਜੇਲ੍ਹ ਦੇ ਹੈੱਡ-ਵਾਰਡਨ ਨੇ ਸਾਰਿਆਂ ਨੂੰ ਸਮੇਂ ਤੋਂ ਪਹਿਲਾਂ ਹੀ ਬੰਦ ਕਰਕੇ ਤਾਲੇ ਲਾ ਦਿੱਤੇ। ਤਿੰਨ ਜਣਿਆਂ ਨੂੰ ਬਾਹਰ ਕੱਢ ਲਿਆ ਤੇ ਪੰਜ-ਛੇ ਵਾਰਡਨਾਂ ਨੇ ਮਿਲ ਕੇ ਉਨ੍ਹਾਂ ਨੂੰ ਡੰਡਿਆਂ ਨਾਲ ਕੁੱਟਿਆ ਤੇ ਫਿਰ ਜੁਦੇ-ਜੁਦੇ ਸੈੱਲਾਂ ਵਿੱਚ ਬੰਦ ਕਰ ਦਿੱਤਾ। ਸਾਡੀ ਪ੍ਰੇਰਣਾ 'ਤੇ ਅੰਡਰ-ਟਰਾਇਲਜ਼ ਨੇ ਦੂਸਰੇ ਦਿਨ ਸਵੇਰ ਤੋਂ ਹੀ ਜੇਲ੍ਹ ਦੀ ਨਿਕੰਮੀ ਰੋਟੀ ਖਾਣ ਤੋਂ ਇਨਕਾਰ ਕਰ ਦਿੱਤਾ। ਕੈਦੀਆਂ ਨੂੰ ਕਤਾਰ (ਲਾਈਨ) ਵਿੱਚ ਖੜ੍ਹੇ ਕਰਕੇ ਅੱਗੇ ਖਾਣੇ ਦੀਆਂ ਥਾਲੀਆਂ ਪਰੋਸੀਆਂ ਗਈਆਂ, ਪਰ ਕਿਸੇ ਨੇ ਵੀ ਖਾਣਾ ਨਹੀਂ ਖਾਧਾ। ਇਸ ਦੀ ਖ਼ਬਰ ਮਿਲਣ ਉੱਤੇ ਸਬ ਜੇਲ੍ਹ ਦਾ ਇੰਚਾਰਜ ਐਸ.ਡੀ.ਓ. ਜੋ ਕਿ ਅੰਗਰੇਜ਼ ਸੀ, ਉੱਥੇ ਆਇਆ। ਉਸ ਨੇ ਗੁਰਚਰਨ ਸਿੰਘ ਰੰਧਾਵਾ ਤੇ ਮੈਨੂੰ ਜੇਲ੍ਹ ਦੀ ਡਿਓੜੀ ਵਿੱਚ ਬੁਲਾ ਕੇ ਡਰਾ-ਧਮਕਾ ਕੇ ਕਿਹਾ, "ਮੈਂ ਤੁਹਾਨੂੰ ਸਾਲ ਦੀ ਕੈਦ ਕਰ ਦੇਵਾਂਗਾ।"

ਅਸੀਂ ਉਸ ਨੂੰ ਜਵਾਬ ਦਿੱਤਾ, "ਅਸੀਂ ਤਾਂ ਡਿਫੈਂਸ-ਆਫ਼-ਇੰਡੀਆ ਰੂਲਜ਼ ਹੇਠ ਫੜ੍ਹੇ ਗਏ ਬੇਮਿਆਦੀ ਕੈਦੀ ਹਾਂ।" ਇਸ ਸਾਰੀ ਸਥਿਤੀ ਨੂੰ ਭਾਂਪ ਕੇ ਖਾਣੇ ਦਾ ਪ੍ਰਬੰਧ ਠੀਕ ਕਰਾਉਣ ਦਾ ਸਾਨੂੰ ਯਕੀਨ ਦੁਆਇਆ। ਇਸ ਤੋਂ ਬਾਅਦ ਜੇਲ੍ਹ ਵਿੱਚ ਖਾਣੇ ਦਾ ਪ੍ਰਬੰਧ ਸਾਡੀ ਦੇਖ-ਰੇਖ ਵਿੱਚ ਕਰ ਦਿੱਤਾ ਗਿਆ। ਰਾਸ਼ਨ ਵੀ ਅੱਛਾ ਤੇ ਸਾਫ਼-ਸੁਥਰਾ ਮਿਲਣ ਲੱਗ ਪਿਆ। ਜਿਸ ਹੈੱਡ-ਵਾਰਡਨ ਨੇ ਕੈਦੀਆਂ ਨੂੰ ਕੁਟਵਾਇਆ ਸੀ, ਉਸ ਨੂੰ ਜੇਲ੍ਹ ਦੇ ਅੰਦਰ ਜਾਣ ਦੀ ਮਨਾਹੀ ਕਰ ਦਿੱਤੀ।

ਜੂਨ 1941 ਦੇ ਮਹੀਨੇ ਹੀ ਚਾਰ-ਪੰਜ ਮਜ਼ਦੂਰ ਯੂਨੀਅਨਾਂ ਦੇ ਕਾਂਗਰਸੀ ਲੀਡਰ, ਜਿਨ੍ਹਾਂ ਦੀ ਮਾਲੀ ਹਾਲਤ ਚੰਗੀ ਜਾਪਦੀ ਸੀ, ਮਹਾਤਮਾ ਗਾਂਧੀ ਦੀ ਨਿਗਰਾਨੀ ਵਿੱਚ ਆਲ ਇੰਡੀਆ ਨੈਸ਼ਨਲ ਕਾਂਗਰਸ ਦੇ ਚੱਲ ਰਹੇ ਇਨਫ਼ਰਾਦੀ (ਇਕੱਲੇ-ਇਕੱਲੇ ਬੰਦੇ ਦਾ) ਸੱਤਿਆਗ੍ਰਹਿ ਦੀ ਮੂਵਮੈਂਟ ਕਰਕੇ ਜੇਲ੍ਹ ਵਿੱਚ ਆਏ। ਦੇਸ਼ ਭਰ ਦੇ ਉਸ ਸੱਤਿਆਗ੍ਰਹਿ ਵਿੱਚ ਸਾਰੇ ਦੇਸ਼ ਦੇ ਸੱਤਿਆਗ੍ਰਹਿਆਂ ਦੀਆਂ ਲਿਸਟਾਂ ਦੀ ਮਨਜ਼ੂਰੀ ਮਹਾਤਮਾ ਗਾਂਧੀ ਹੀ ਪੜਤਾਲ ਕਰਕੇ ਦਿੰਦਾ ਸੀ। ਇਹ ਚਾਰੇ ਸੱਤਿਆਗ੍ਰਹੀ ਬੀ ਕਲਾਸ ਦੇ ਮਹਿਮਾਨ ਸਨ। ਇਸ ਤੋਂ ਮੈਨੂੰ ਮਹਿਸੂਸ ਹੋਇਆ ਸੀ ਕਿ ਕਾਂਗਰਸ ਵਿੱਚ ਅੰਗਰੇਜ਼ੀ ਸਰਕਾਰ ਦੇ ਵਿਰੁੱਧ ਘੋਲ ਕਰਨ ਦੇ ਫੈਸਲੇ ਮਹਾਤਮਾ ਗਾਂਧੀ ਦੀ ਆਗਿਆ ਤੋਂ ਬਗੈਰ ਨਹੀਂ ਹੁੰਦੇ :-

ਇਸ ਸਬੰਧ 'ਚ 1939 ਵਿੱਚ ਏ.ਆਈ.ਸੀ. ਸੀ. ਦੇ ਇਜਲਾਸ ਵਿੱਚ, ਜੋ ਕਲਕੱਤੇ ਹੋਇਆ ਸੀ, ਉਸ ਦਾ ਮੇਰੇ ਉੱਤੇ ਇਹ ਅਸਰ ਹੋਇਆ ਸੀ ਕਿ ਕਾਂਗਰਸ ਵਿੱਚ ਜਮਹੂਰੀ ਤੌਰ 'ਤੇ ਫੈਸਲੇ ਨਹੀਂ ਹੁੰਦੇ। ਉਹ ਮੈਂ ਬਿਆਨ ਕਰਦਾ ਹਾਂ:-

"ਇਸ ਇਜ਼ਲਾਸ ਦਾ ਪੰਡਾਲ ਧਰਮਤੱਲਾ ਬਾਜ਼ਾਰ ਤੋਂ ਕਾਲਜ ਸਟਰੀਟ ਨੂੰ

ਜਾਂਦਿਆਂ ਨੁੱਕਰ ਉੱਤੇ ਇੱਕ ਵੱਡੀ ਪਾਰਕ ਵਿਚ ਸੀ। ਜਿਸ ਦਾ ਨਾਮ 'ਵਾਲਿੰਗਟਨ-ਸੁਕੇਅਰ' ਸੀ। ਜਿਸ ਵਿੱਚ ਬਾਂਸਾਂ ਦਾ ਬਹੁਤ ਵੱਡਾ ਪੰਡਾਲ ਬਣਾਇਆ ਗਿਆ ਸੀ। ਏ.ਆਈ.ਸੀ.ਸੀ. ਦੀ ਮੀਟਿੰਗ ਉੱਥੇ ਹੋਈ। ਤਿੰਨ-ਚਾਰ ਲਾਊਡ-ਸਪੀਕਰ ਪੰਡਾਲ ਤੋਂ ਬਾਹਰ ਨੂੰ ਲਗਾਏ ਗਏ ਸਨ। ਜਿਸ ਕਰਕੇ ਇਜਲਾਸ ਦੀ ਸਾਰੀ ਕਾਰਵਾਈ ਪੰਡਾਲ ਤੋਂ ਬਾਹਰ ਪਾਰਕ ਵਿੱਚ ਬੈਠਿਆਂ ਨੂੰ ਪੂਰੀ ਤਰ੍ਹਾਂ ਸੁਣਦੀ ਸੀ। ਆਲ-ਇੰਡੀਆ ਕਾਂਗਰਸ ਦਾ ਪ੍ਰਧਾਨ ਹਰ ਸਾਲ ਚੁਣਿਆ ਜਾਂਦਾ ਸੀ। ਉਸ ਤੋਂ ਬਾਅਦ ਪ੍ਰਧਾਨ ਏ.ਆਈ.ਸੀ.ਸੀ. ਦੇ ਇਜਲਾਸ ਵਿੱਚ ਆਪਣੀ ਵਰਕਿੰਗ ਕਮੇਟੀ ਨੂੰ ਚੁਣਦਾ ਸੀ। ਇਸ ਵਾਰ ਸੁਭਾਸ਼ ਚੰਦਰ ਬੋਸ, ਸਰਦਾਰ ਵਲਭ ਭਾਈ ਪਟੇਲ ਦੇ ਧੜੇ ਦੇ ਉਮੀਦਵਾਰ "ਪੱਟਾਭੀ ਸੀਤਾ ਰਮੱਈਆ" (ਆਂਧਰਾ) ਨੂੰ ਹਰਾ ਕੇ ਕਾਂਗਰਸ ਦੇ ਪ੍ਰਧਾਨ ਬਣੇ ਸਨ। ਇਸ ਹਾਰ ਨੂੰ ਮਹਾਤਮਾ ਗਾਂਧੀ ਨੇ ਆਪਣੇ ਅਖ਼ਬਾਰ ਵਿੱਚ ਆਪਣੀ ਹਾਰ ਮੰਨਿਆ ਸੀ। ਏ.ਆਈ.ਸੀ.ਸੀ. ਵਿੱਚ ਹੋ ਰਹੀਆਂ ਸਾਰੇ ਡੈਲੀਗੇਟਾਂ ਦੀਆਂ ਤਕਰੀਰਾਂ ਬਾਹਰ ਪਾਰਕ ਵਿੱਚ ਬੈਠਿਆਂ ਹੋਇਆਂ ਚੰਗੀ ਤਰ੍ਹਾਂ ਸੁਣਦੀਆਂ ਸਨ। ਉਥੇ ਮੈਂ ਆਪਣੀ ਰੋਟੀ ਸਵੇਰੇ ਹੀ ਨਾਲ ਲੈ ਜਾਂਦਾ ਸਾਂ। ਪਾਰਕ ਵਿੱਚ ਸਵੇਰ ਤੋਂ ਸ਼ਾਮ ਤੱਕ ਬੈਠਾ ਹੋਇਆ ਸਾਰੀਆਂ ਤਕਰੀਰਾਂ ਸੁਣਦਾ ਰਹਿੰਦਾ ਸਾਂ। ਸੁਭਾਸ਼ ਚੰਦਰ ਬੋਸ ਇੱਕ ਮਿਲੀ-ਜੁਲੀ (HOMOGENIOUS) ਵਰਕਿੰਗ ਕਮੇਟੀ ਬਣਾਉਣੀ ਚਾਹੁੰਦਾ ਸੀ। ਜਿਸ ਵਿੱਚ ਆਜ਼ਾਦੀ ਲਈ ਜੱਦੋਜਹਿਦ ਕਰਨ ਵਾਲੇ ਸਾਰੇ ਲੀਡਰਾਂ ਦੀ ਨੁਮਾਇੰਦਗੀ ਹੋਵੇ ਪਰ ਮਹਾਤਮਾ ਗਾਂਧੀ ਇਸ ਸਟੈਂਡ ਉੱਤੇ ਬਜ਼ਿੱਦ (ਅੜਿਆ ਹੋਇਆ) ਸੀ ਕਿ, "ਵਰਕਿੰਗ ਕਮੇਟੀ ਇੱਕ ਮੱਤ ਵਾਲਿਆਂ (Hetrogenious) ਸਰਦਾਰ ਵੱਲਭ ਭਾਈ ਪਟੇਲ ਦੇ ਧੜੇ ਦੀ ਹੀ ਹੋਵੇ। ਜਿਸਨੂੰ ਕਿ ਉਹੀ (ਮਹਾਤਮਾ ਗਾਂਧੀ) ਚੁਣੇ। ਨਹੀਂ ਤਾਂ ਸਰਦਾਰ ਵੱਲਭ ਭਾਈ ਪਟੇਲ ਦੇ ਧੜੇ (ਗਰੁੱਪ) ਦੇ ਲੀਡਰ ਉਸ (ਸੁਭਾਸ਼ ਚੰਦਰ ਬੋਸ) ਵਾਲੀ ਵਰਕਿੰਗ ਕਮੇਟੀ ਦੇ ਮੈਂਬਰ ਨਹੀਂ ਬਣਨਗੇ।" ਇਸ ਲਈ ਸੁਭਾਸ਼ ਚੰਦਰ ਬੋਸ ਆਪਣੀ ਮਰਜ਼ੀ ਦੀ ਵਰਕਿੰਗ ਕਮੇਟੀ ਨਹੀਂ ਸੀ ਚੁਣ ਸਕਿਆ। ਉਸ ਨੂੰ (ਸੁਭਾਸ਼ ਚੰਦਰ ਬੋਸ) ਮਜ਼ਬੂਰ ਹੋ ਕੇ ਕਾਂਗਰਸ ਦੀ ਪ੍ਰੈਜ਼ੀਡੈਂਟਸ਼ਿਪ ਤੋਂ ਹੀ ਅਸਤੀਫ਼ਾ ਦੇਣਾ ਪਿਆ। ਇਸ ਸਾਰੇ ਘਟਨਾਕ੍ਰਮ ਦਾ ਮੇਰੇ ਮਨ ਉੱਤੇ ਅੱਛਾ ਪ੍ਰਭਾਵ ਨਹੀਂ ਸੀ ਪਿਆ।

ਜੁਲਾਈ 1941 ਵਿੱਚ ਸਾਨੂੰ ਸਰਕਾਰ ਵੱਲੋਂ ਨੋਟਿਸ ਮਿਲਿਆ ਕਿ, "ਤੁਸੀਂ (ਮੈਂ ਤੇ ਗੁਰਚਰਨ ਸਿੰਘ ਰੰਧਾਵਾ) ਡੀ.ਆਈ.ਆਰ.ਅਧੀਨ ਗ੍ਰਿਫ਼ਤਾਰ ਕੀਤੇ ਗਏ ਹੋ, ਨਾਲ ਹੀ ਬਿਹਾਰ ਸਰਕਾਰ ਦਾ ਪੰਜ ਸਾਲ ਲਈ (EXTERNMENT ORDER) (ਬਿਹਾਰ ਵਿੱਚ ਨਾ ਵੜਨ ਦਾ) ਨੋਟਿਸ ਵੀ ਮਿਲਿਆ ਅਤੇ ਸਾਨੂੰ ਪੁਲਿਸ ਦੀ ਹਿਰਾਸਤ ਵਿੱਚ ਟਾਟਾ ਨਗਰ ਤੋਂ ਲਾਹੌਰ ਦੇ ਸਿਵਿਲ ਲਾਇਨ ਦੇ ਪੁਲਿਸ ਸਟੇਸ਼ਨ ਭੇਜ ਦਿੱਤਾ। ਉਥੇ ਸਾਨੂੰ ਬੰਦ ਕਰ ਦਿੱਤਾ ਗਿਆ। 10 ਜੁਲਾਈ ਨੂੰ ਲਾਹੌਰ ਦੇ ਸਿਵਿਲ ਲਾਈਨ ਦੇ ਪੁਲਿਸ ਸਟੇਸ਼ਨ ਵਿੱਚ ਅੰਗਰੇਜ਼ ਸੁਪਰਡੈਂਟ ਨੇ ਇੰਟੈਰੋਗੇਟ ਕਰਕੇ ਸਾਨੂੰ ਉਸੇ ਰਾਤ ਮਿੰਟਗੁਮਰੀ ਸੈਂਟਰਲ ਜੇਲ੍ਹ ਵਿੱਚ ਭੇਜ ਦਿੱਤਾ। ਉਥੇ ਕੁਝ ਕਮਿਊਨਿਸਟ ਸਾਥੀ ਗ੍ਰਿਫ਼ਤਾਰ ਕਰਕੇ ਲਿਆਂਦੇ ਹੋਏ ਸਨ। ਉਹਨਾਂ ਵਿੱਚ ਕਾ. ਉਜਾਗਰ ਸਿੰਘ ਬਿਲਗਾ, ਕਾ. ਫ਼ਜ਼ਲ

ਇਲਾਹੀ ਕੁਰਬਾਨ, ਦਸੌਂਧਾ ਸਿੰਘ ਢਾਡਾ, ਕਾ. ਹਰਕਿਸ਼ਨ ਸਿੰਘ ਸੁਰਜੀਤ, ਕਾ. ਰਾਮ ਸਿੰਘ ਮਜੀਠਾ, ਕਾ. ਚੰਨਣ ਸਿੰਘ ਤੁਗਲਵਾਲਾ, ਕਾ. ਯੋਗਰਾਜ, ਕਾ. ਚੰਨਣ ਸਿੰਘ ਧੂਤ, ਕਾ. ਦੇਵਦੱਤ ਅਟੱਲ ਆਦਿ ਮੌਜੂਦ ਸਨ।

ਦਿਓਲੀ ਕੈਂਪ ਜੇਲ੍ਹ: 19 ਜੁਲਾਈ 1941 ਨੂੰ 14 ਸਾਥੀਆਂ ਨੂੰ ਮਿੰਟਗੁਮਰੀ ਜੇਲ੍ਹ ਤੋਂ ਰਾਜਸਥਾਨ ਦੀ ਦਿਓਲੀ ਕੈਂਪ ਜੇਲ੍ਹ ਵਿੱਚ ਭੇਜ ਦਿੱਤਾ। ਇਹ ਮੈਂ ਤੁਹਾਡੀ ਜਾਣਕਾਰੀ ਲਈ ਮੁਲਤਾਨ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਮੁਲਤਾਨ ਚਾਰ ਚੀਜ਼ਾਂ ਲਈ ਮਸ਼ਹੂਰ ਹੈ : "ਚਾਰ ਚੀਜ਼ ਤੋਹਫਾ-ਏ-ਮੁਲਤਾਨ ਗ਼ਸਰਾ, ਗਰਮ, ਗਦਾ-ਓ-ਗੋਰਸਤਾਨ" (ਮੁਲਤਾਨ ਵਿਚ ਰੇਤਾ ਹੈ, ਗਰਮੀ ਬਹੁਤ ਹੈ, ਮੰਗਤੇ ਬਹੁਤ ਹਨ ਅਤੇ ਗੋਰਿਆਂ ਦੀਆਂ ਕਬਰਾਂ ਬਹੁਤ ਹਨ) ਇਹ ਕੈਂਪ-ਜੇਲ੍ਹ ਸੀ.ਆਰ.ਪੀ. (Crown Represenative police) ਦੇ ਪ੍ਰਬੰਧ ਹੇਠ ਸੀ। ਸਾਡੇ ਬੈਚ ਵਿੱਚ 14 ਸਾਥੀ ਸਨ। ਸਾਨੂੰ ਤਿੰਨ ਨੰਬਰ ਦੇ ਕੈਂਪ ਦੀ ਇੱਕ ਬੈਰਕ ਵਿੱਚ ਰੱਖਿਆ ਗਿਆ। ਉਥੇ ਚਾਰ ਵੱਡੇ ਕਮਰੇ ਸਨ, ਜਿਹਨਾਂ ਵਿੱਚ ਕੁਝ ਯੂ.ਪੀ. ਤੋਂ ਲਿਆਂਦੇ ਹੋਏ ਸਾਥੀ ਅਤੇ ਪੰਜਾਬ ਤੋਂ ਹੋਰ ਲਿਆਂਦੇ ਹੋਏ ਸਾਥੀ ਵੀ ਰੱਖੇ ਗਏ। ਸਾਡੇ ਕਮਰੇ ਵਿਚ ਪਹਿਲੇ ਬੈਚ ਦੇ 14 ਸਾਥੀ ਸਨ। ਇਹਨਾਂ 'ਚ ਕਾ. ਗੁਰਚਰਨ ਸਿੰਘ ਰੰਧਾਵਾ, ਕਾ. ਹਰਕਿਸ਼ਨ ਸਿੰਘ ਸੁਰਜੀਤ, ਕਾ. ਯੋਗਰਾਜ, ਕਾ. ਰਾਮ ਸਿੰਘ ਮਜੀਠਾ, ਕਾ. ਦਰਸ਼ਨ ਸਿੰਘ ਬਾਬਾ ਬਕਾਲਾ, ਕਾ. ਕਰਤਾਰ ਸਿੰਘ ਬੱਬਰ ਡੁਮੇਲੀ (ਛੋਟਾ), ਕਾ. ਬਖਸ਼ੀਸ਼ ਸਿੰਘ ਕੋਠਾਰ (ਜਲੰਧਰ) ਕਾ. ਪਰਸ ਰਾਮ ਲਾਹੌਰ, ਮੁਨਸ਼ੀ ਅਹਿਮਦੀਨ, ਕਾ. ਇੰਦਰ ਸਿੰਘ ਅੰਮ੍ਰਿਤਸਰ, ਕਾ. ਬਖਸ਼ੀ ਲਾਹੌਰ, ਟਿੱਕਾ ਅਮਰਜੀਤ ਹੁਸ਼ਿਆਰਪੁਰ ਅਤੇ ਲੇਖਕ ਸੀ। ਇਸ ਕੈਂਪ ਦੇ ਦੂਸਰੇ ਕਮਰਿਆਂ ਵਿੱਚ ਕਾ. ਮੂਲਾ ਸਿੰਘ, ਜਰਨੈਲ (ਹੁਸ਼ਿਆਰਪੁਰ), ਕਾ. ਦਇਆ ਸਿੰਘ ਲੰਗੇਰੀ (ਹੁਸ਼ਿਆਰਪੁਰ), ਕਾ. ਸਾਧੂ ਸਿੰਘ ਬੜਾ ਪਿੰਡ (ਜਲੰਧਰ), ਬਾਬਾ ਦਲੀਪ ਸਿੰਘ ਫ਼ਾਲ੍ਹਾ (ਹੁਸ਼ਿਆਰਪੁਰ), ਯੂ.ਪੀ. ਤੋਂ ਕਾ. ਅਰਜਨ ਅਰੋੜਾ, ਕਾਨਪੁਰ ਤੋਂ ਫ਼ਜ਼ਲ ਅਹਿਮਦ, ਸੰਤੋਸ਼ ਕੁਮਾਰ ਆਦਿ ਬਹੁਤੇ ਸਾਥੀ ਕਮਿਊਨਿਸਟ ਸਨ। ਮੁਨਸ਼ੀ ਅਹਿਮਦ ਦੀਨ ਤੇ ਤਿੰਨ-ਚਾਰ ਹੋਰ ਸਾਥੀ ਕਾਂਗਰਸ-ਸੋਸ਼ਲਸਿਟ-ਪਾਰਟੀ ਨਾਲ ਸੰਬੰਧ ਰੱਖਦੇ ਸਨ।

ਕੈਂਪ ਜੇਲ੍ਹ ਵਿੱਚ ਰਸੋਈ ਘਰ, ਗੁਸਲਖ਼ਾਨਾ, ਇੱਕ ਛੋਟੀ ਡਿਸਪੈਂਸਰੀ ਵੀ ਸੀ। ਕੈਂਪ ਕਾਫ਼ੀ ਖੁੱਲ੍ਹਾ ਸੀ। ਕਮਰਿਆਂ ਵਿੱਚ ਹੱਥ ਨਾਲ ਖਿੱਚਣ ਵਾਲੇ ਪੱਖੇ ਲਟਕ ਰਹੇ ਸਨ। ਪਹਿਨਣ ਵਾਲੇ ਕੱਪੜੇ (ਕਮੀਜ਼-ਪਜਾਮੇ), ਖੇਲਾਂ ਦਾ ਸਮਾਨ, ਛੇਤੀ ਹੀ ਮੁਹੱਈਆ (ਸਪਲਾਈ) ਕਰ ਦਿੱਤੇ ਗਏ। ਨਜ਼ਰਬੰਦਾਂ ਨੂੰ ਦੋ ਦਰਜਿਆਂ 'ਏ ਤੇ ਬੀ ਕਲਾਸ' ਵਿੱਚ ਵੰਡਿਆ ਹੋਇਆ ਸੀ। ਇਹ ਵੰਡ ਪੜ੍ਹਾਈ ਅਤੇ ਸੋਸ਼ਲ-ਸਟੇਟਸ ਦੇ ਮੁਤਾਬਿਕ ਕੀਤੀ ਗਈ ਜਾਪਦੀ ਸੀ। 'ਏ' ਕਲਾਸ ਦੇ ਨਜ਼ਰਬੰਦਾਂ ਨੂੰ ਇੱਕ ਨੰ: ਦੇ ਕੈਂਪ ਵਿੱਚ ਰੱਖਿਆ ਗਿਆ ਸੀ। ਉਹਨਾਂ ਨੂੰ ਖੁਰਾਕ ਲਈ ਬਾਰਾਂ ਆਨੇ ਰੋਜ਼ਾਨਾ ਮਿਲਦੇ ਸਨ। 'ਦੋ' ਅਤੇ 'ਤਿੰਨ ਨੰ: ਦੇ ਕੈਂਪ ਵਿੱਚ 'ਬੀ' ਕਲਾਸ ਦੇ ਨਜ਼ਰਬੰਦ ਰੱਖੇ ਗਏ ਸਨ। ਉਹਨਾਂ ਨੂੰ ਖੁਰਾਕ ਲਈ ਰੋਜ਼ਾਨਾ ਨੌਂ ਆਨੇ ਪ੍ਰਤੀ ਵਿਅਕਤੀ ਮਿਲਦੇ ਸਨ। ਖਾਣੇ ਦਾ ਪ੍ਰਬੰਧ ਨਜ਼ਰਬੰਦਾਂ ਦੀ ਕਮੇਟੀ ਨੇ ਖੁਦ ਕਰਨਾ ਹੁੰਦਾ ਸੀ। ਖਾਣਾ ਬਣਾਉਣ ਲਈ ਸਾਡੇ ਤਿੰਨ ਨੰ: ਦੇ ਕੈਂਪ

ਨੂੰ ਚਾਰ ਰਸੋਈਏ ਦਿੱਤੇ ਹੋਏ ਸਨ। ਸਾਥੀਆਂ ਵਲੋਂ ਖਾਣੇ ਨੂੰ ਤਿਆਰ ਕਰਾਉਣ ਦੀ ਡਿਊਟੀ ਪਹਿਲੇ ਮਹੀਨੇ ਮੇਰੀ ਅਤੇ ਦਰਸ਼ਨ ਸਿੰਘ ਬਾਬਾ ਬਕਾਲਾ ਦੀ ਲਾਈ ਗਈ। (ਕਾ. ਦਰਸ਼ਨ ਸਿੰਘ ਪੇਸ਼ੇ ਤੋਂ ਹਲਵਾਈ ਸੀ।) ਜੇਲ੍ਹ ਵਲੋਂ ਠੇਕੇਦਾਰ (ਰਾਸ਼ਨ ਸਪਲਾਈ ਕਰਨ ਵਾਲਾ) ਆਉਂਦਾ ਤੇ ਉਹ ਰਾਸ਼ਨ ਦੇ ਰੇਟ ਛੱਪਵਾ ਕੇ ਦੇ ਜਾਂਦਾ, ਅਸੀਂ ਉਸ ਤੋਂ ਪਹਿਲਾਂ ਪੈਸਿਆਂ ਦੇ ਹਿਸਾਬ ਅਨੁਸਾਰ ਰਾਸ਼ਨ ਮੰਗਵਾ ਲੈਂਦੇ। ਪਹਿਲੇ ਮਹੀਨੇ ਹੀ ਖਾਣੇ ਦਾ ਪ੍ਰਬੰਧ ਸਾਰੇ ਸਾਥੀਆਂ ਦੀ ਤਸੱਲੀ ਮੁਤਾਬਿਕ ਹੋ ਗਿਆ। ਇਸ ਤਰ੍ਹਾਂ ਬਾਕੀ ਦੇ ਮਹੀਨੇ ਖਾਣੇ ਦਾ ਪ੍ਰਬੰਧ ਕਰਨ ਵਾਲੇ ਸਾਥੀ ਵੀ ਵਾਰੀ ਆਉਣ ਵਾਲੇ ਮਹੀਨਿਆਂ ਵਿੱਚ ਪੂਰਾ ਧਿਆਨ ਦੇ ਕੇ ਪ੍ਰਬੰਧ ਕਰਦੇ ਰਹੇ।

ਇਸ ਕੈਂਪ ਜੇਲ੍ਹ ਵਿੱਚ ਇਨਡੋਰ ਗੇਮਜ਼ (ਚਾਰਦੀਵਾਰੀ ਅੰਦਰ ਖੇਡਾਂ) :- "ਤਾਸ਼, ਸ਼ਤਰੰਜ਼, ਚੌਪਟ, ਲੁੱਡੋ, ਕੈਰਮ, ਸਨੇਕਸ ਐਂਡ ਲੈਡਰਜ਼ (ਸੱਪ ਤੇ ਪੌੜੀਆਂ) ਅਤੇ ਟੇਬਲ-ਟੈਨਿਸ ਆਦਿ" ਅਤੇ ਆਊਟਡੋਰ ਗੇਮਜ਼ (ਬਾਹਰ ਖੇਡਣ ਵਾਲੀਆਂ ਖੇਡਾਂ) ਵਾਲੀਵਾਲ, ਫੁੱਟਬਾਲ, ਰਿੰਗਟੈਨਰਜ਼ ਅਤੇ ਬੈਡਮਿੰਟਨ (ਚਿੜੀ ਛਿੱਕਾ) ਆਦਿ। ਖੇਡਾਂ ਦਾ ਇੰਚਾਰਜ ਸਾਥੀਆਂ ਨੇ ਮੈਨੂੰ ਚੁਣਿਆ।

ਦੋ ਨੰ: ਕੈਂਪ ਵੀ ਬੀ. ਕਲਾਸ ਦੇ ਨਜ਼ਰਬੰਦਾਂ ਦਾ ਹੀ ਸੀ। ਇਸ ਕੈਂਪ ਵਿੱਚ ਪੰਜਾਬ ਤੋਂ ਗ੍ਰਿਫਤਾਰ ਕੀਤੇ ਗਏ ਸਾਥੀ ਬਾਬਾ ਵਸਾਖਾ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਬਾਬਾ ਕੇਸਰ ਸਿੰਘ, ਬਾਬਾ ਸ਼ੇਰ ਸਿੰਘ ਵੇਈਂਪੂਈਂ ਅੰਮ੍ਰਿਤਸਰ, ਬਾਬਾ ਹਰਨਾਮ ਸਿੰਘ ਕਸੇਲ, ਭਾਈ ਪਿਆਰਾ ਸਿੰਘ ਲੰਗੇਰੀ, ਕਾ: ਨੈਨਾ ਸਿੰਘ ਧੂਤ ਕਲਾਂ ਹੁਸ਼ਿਆਰਪੁਰ, ਗਿਆਨੀ ਮੇਹਰ ਸਿੰਘ, ਬਾਬਾ ਰੂੜ ਸਿੰਘ (ਫਿਰੋਜ਼ਪੁਰ), ਕਾ. ਬਚਨ ਸਿੰਘ ਮਹਿਤਪੁਰ (ਜਲੰਧਰ) ਬਾਬਾ ਕਰਮ ਸਿੰਘ ਚੀਮਾ ਖੁਰਦ (ਜਲੰਧਰ), ਬਾਬਾ ਭਾਗ ਸਿੰਘ ਕਨੇਡੀਅਨ (ਉਪਲ-ਭੂਪਾ) ਜਲੰਧਰ, ਬਾਬਾ ਭਗਵਾਨ ਸਿੰਘ ਦੁਸਾਂਝ (ਜਲੰਧਰ) ਆਦਿ ਸਨ। ਬਾਬਾ ਸੰਤਾ ਸਿੰਘ ਗੰਡੀਵਿੰਡ (ਅੰਮ੍ਰਿਤਸਰ), ਕਾ. ਰਾਮ ਸਿੰਘ ਦੱਤ (ਗੁਰਦਾਸਪੁਰ) ਕਾ. ਬੂਝਾ ਸਿੰਘ ਚੱਕ ਮਾਈਦਾਸ (ਜਲੰਧਰ), ਬਾਬਾ ਗੁਰਦਿੱਤ ਸਿੰਘ (ਹੁਸ਼ਿਆਰਪੁਰ) ਬੱਬਰ ਹਜ਼ਾਰਾ ਸਿੰਘ (ਜਲੰਧਰ), ਉਜਾਗਰ ਸਿੰਘ ਪਨਿਆਲੀਆਂ (ਹੁਸ਼ਿਆਰਪੁਰ), ਜੁਗਿੰਦਰ ਸਿੰਘ ਛੀਨਾ (ਅੰਮ੍ਰਿਤਸਰ), ਕਾ. ਰਾਮ ਕ੍ਰਿਸ਼ਨ ਭੜੋਲੀਆਂ (ਹੁਸ਼ਿਆਰਪੁਰ), ਕਾ. ਮੋਤਾ ਸਿੰਘ ਬਹਿਬਲਪੁਰ (ਹੁਸ਼ਿਆਰਪੁਰ), ਕਾ. ਰਾਜਾ ਸਿੰਘ (ਹੁਸ਼ਿਆਰਪੁਰ), ਕਾ. ਮੁਬਾਰਕ ਸਾਗਰ (ਗੁਰਦਾਸਪੁਰ), ਕਾ. ਮੋਹਣ ਲਾਲ ਜਰਨਲਿਸਟ (ਲਾਹੌਰ), ਕਾ. ਮੋਹਣ ਸਿੰਘ ਬਾਠ (ਅੰਮ੍ਰਿਤਸਰ), ਕਾ. ਛੱਜਾ ਸਿੰਘ (ਹੁਸ਼ਿਆਰਪੁਰ), ਕਾ. ਧੰਨਵੰਤਰੀ (ਲਾਹੌਰ), ਕਾ. ਉਜਾਗਰ ਸਿੰਘ (ਫਿਰੋਜ਼ਪੁਰ), ਕਾ. ਗੁਰਮੁਖ ਸਿੰਘ ਅੰਬਾਲਵੀ (ਅੰਬਾਲਾ), ਕਾ. ਗੁਲਜ਼ਾਰਾ ਸਿੰਘ ਕੰਡੇਕੱਢ (ਅੰਬਾਲਾ), ਕਾ. ਮਾਂਗੇ ਰਾਮ 'ਵਤਸ' ਪੰਜਾਬ, ਮਹਾਂ ਪੰਡਿਤ ਰਾਹੁਲ ਸੰਕਰਤਾਇਨ (ਬਿਹਾਰ), ਕਾ. ਟੀਕਾ ਰਾਮ ਸੁਖਨ ਲਾਹੌਰ, ਗ਼ਦਰੀ ਬਾਬਾ ਪਰਮਾ ਨੰਦ ਝਾਂਸੀ, ਕਾ. ਹੁਕਮਾਂ ਸਿੰਘ ਘੱਕੇਵਾਲ ਨਵਾਂਸ਼ਹਿਰ (ਜਲੰਧਰ), ਕਾ. ਨਸੀਬ ਚੰਦ ਨਵਾਂਸ਼ਹਿਰ, ਕਾ. ਜਵਾਲਾ ਪ੍ਰਸ਼ਾਦਿ ਬਿਲਗਾ (ਜਲੰਧਰ), ਕਾ. ਨੈਨਾ ਸਿੰਘ ਧੂੜ (ਕਪੂਰਥਲਾ), ਕਾ. ਕੇਹਰ ਸਿੰਘ ਮਾਲ੍ਹਾ (ਫਿਰੋਜ਼ਪੁਰ), ਠਾਕੁਰ ਗੋਬਿੰਦ ਸਿੰਘ

ਫ਼ਿਰੋਜ਼ਪੁਰ, ਪੂਰਨ ਚੰਦ ਰੁੜਕਾ (ਜਲੰਧਰ), ਕਾ. ਰਛਪਾਲ ਸਿੰਘ (ਲਾਹੌਰ), ਸੋਸ਼ਲਿਸਟ ਲੀਡਰ ਸੋਢੀ ਪਿੰਡੀ ਦਾਸ (ਲਾਹੌਰ)। ਇਹਨਾਂ ਤੋਂ ਇਲਾਵਾ ਪੰਜਾਬ ਤੋਂ ਗ੍ਰਿਫਤਾਰ ਕੀਤੇ ਹੋਏ ਸਾਥੀਆਂ ਦੀ ਤਾਦਾਦ ਹੋਰ ਵੀ ਸੀ। ਇਨ੍ਹਾਂ ਵਿੱਚ ਵੱਡੀ ਤਾਦਾਦ ਕਿਰਤੀ ਪਾਰਟੀ ਦੇ ਸਾਥੀਆਂ ਦੀ ਸੀ। ਕੁਝ ਇੱਕ ਦੂਸਰੇ ਪ੍ਰਾਂਤਾਂ ਦੇ ਸਾਥੀ ਵੀ ਸਨ। ਜਿਨ੍ਹਾਂ ਵਿੱਚ ਉੱਘੇ ਸਾਥੀ ਐਸ.ਵੀ. ਘਾਟੇ, ਕਾ. ਮਿਰਾਜਕਰ ਬੰਬਈ ਤੋਂ ਮਜ਼ਦੂਰ ਨੇਤਾ ਸਨ। ਦਿੱਲੀ ਤੋਂ ਕਾ. ਮਨੋਹਰ ਲਾਲ ਤੇ ਜਥੇਦਾਰ ਨਿਰੰਜਣ ਸਿੰਘ ਦਿੱਲੀ ਤੋਂ ਸਨ।

ਇਕ ਨੰ: ਦੇ ਕੈਂਪ ਜੇਲ੍ਹ ਵਿੱਚ ਕਮਿਊਨਿਸਟ ਪਾਰਟੀ ਦੇ ਲੀਡਰ ਕਾ. ਆਰ.ਡੀ. ਭਾਰਦਵਾਜ, ਕਾ. ਏ. ਕੇ. ਘੋਸ਼, ਕਾ. ਮੁਹੰਮਦ ਅਸ਼ਰਫ, ਕਾ. ਮਹਿਮੂਦ-ਅਲ-ਜ਼ਫਰ ਯੂ.ਪੀ. ਤੋਂ, ਪੰਜਾਬ ਤੋਂ ਕਾ. ਸੋਹਣ ਸਿੰਘ ਜੋਸ਼, ਕਾ. ਮਾਸਟਰ ਹਰੀ ਸਿੰਘ, ਡਾ. ਭਾਗ ਸਿੰਘ ਹੁਸ਼ਿਆਰਪੁਰ, ਜਸਵੰਤ ਸਿੰਘ ਕੈਰੋਂ, ਕਾ. ਬੀ.ਪੀ.ਐਲ. ਬੇਦੀ, ਕਾ. ਜੈਡ.ਏ. ਅਹਿਮਦ (ਯੂ.ਪੀ.), ਕਾ. ਰਮੇਸ ਚੰਦਰ ਸਿਨਹਾ (ਬਿਹਾਰ), ਪੰਜਾਬ ਤੋਂ ਮਾਸਟਰ ਕਾਬੁਲ ਸਿੰਘ ਐਮ.ਐਲ.ਏ. ਕੁਝ ਹੋਰ ਕਾਮਰੇਡ, ਬਾਬਾ ਹਰਜਾਪ ਸਿੰਘ ਐਮ.ਐਲ.ਏ., ਹੁਸ਼ਿਆਰਪੁਰ ਤੋਂ ਸਨ। ਇਸ ਤੋਂ ਇਲਾਵਾ ਸੋਸ਼ਸਿਲਸਟ ਲੀਡਰ ਸ੍ਰੀ ਜੈ ਪ੍ਰਕਾਸ਼ ਨਰਾਇਣ, ਮੋਹਣ ਲਾਲ ਗੌਤਮ, ਦਾਮੋਦਰ ਸਵਰੂਪ ਸੇਠ ਯੂ.ਪੀ. ਤੋਂ, ਕਾ. ਤਿਲਕ ਰਾਜ ਚੱਢਾ ਰਾਵਲਪਿੰਡੀ, ਸ਼ਹੀਦ ਭਗਤ ਸਿੰਘ ਦੇ ਭਰਾ ਕੁਲਬੀਰ ਸਿੰਘ ਤੇ ਕੁਲਤਾਰ ਸਿੰਘ ਖਟਕੜ ਕਲਾਂ (ਜਲੰਧਰ), ਮਾਸਟਰ ਮੋਤਾ ਸਿੰਘ ਪਿੰਡ ਪਤਾਰਾ ਜਲੰਧਰ, ਪੰਡਿਤ ਨਰੇਂਦਰ ਸ਼ਰਮਾ (ਕਵੀ) ਯੂ.ਪੀ. ਤੋਂ, ਤਿਵਾੜੀ ਬਾਪ-ਬੇਟੇ ਯੂ.ਪੀ., ਪੁਰਾਣੇ ਕ੍ਰਾਂਤੀਕਾਰੀ ਯੁਗੇਸ਼ ਚੈਟਰਜੀ ਬੰਗਾਲੀ ਸਨ ਪਰ ਪਿਛੋਂ ਯੂ.ਪੀ. ਵਿੱਚ ਹੀ ਰਹੇ, ਕਾ: ਸ਼ੌਕਤ ਉਸਮਾਨੀ ਯੂ.ਪੀ. ਤੋਂ ਤੇ ਹੋਰ ਬਹੁਤ ਸਾਰੇ ਸਾਥੀ।

ਬੰਬਈ ਤੋਂ ਕਮਿਊਨਿਸਟ ਪਾਰਟੀ ਆਫ ਇੰਡੀਆ ਦੇ ਵੱਡੇ ਨੇਤਾ ਐਸ.ਏ. ਡਾਂਗੇ, ਕਾ. ਬੀ.ਟੀ. ਰਣਦੀਵੇ, ਕਾ. ਐਸ.ਐਸ. ਬਾਟਲੀਵਾਲਾ ਅਤੇ ਕਾ. ਪਾਟਕਰ ਇਨ੍ਹਾਂ ਚੌਹਾਂ ਸਾਥੀਆਂ ਨੂੰ ਕਿਸੇ ਚੌਥੀ ਜਗ੍ਹਾ ਛੋਟੇ ਜਿਹੇ ਕੈਂਪ ਵਿੱਚ ਨਜ਼ਰਬੰਦ ਕੀਤਾ ਹੋਇਆ ਸੀ।

ਤਿੰਨਾਂ ਕੈਂਪਾਂ ਦੇ ਸਾਥੀਆਂ ਨੂੰ ਸਵੇਰੇ-ਸ਼ਾਮ ਡੇਢ-ਡੇਢ ਘੰਟੇ ਲਈ ਇਕ ਵੱਡੀ ਵਗਲੀ ਹੋਈ ਗਰਾਊਂਡ ਵਿੱਚ ਇਕੱਠੇ ਮਿਲਣ ਦਾ, ਵਾਲੀਵਾਲ ਤੇ ਫੁੱਟਬਾਲ ਖੇਡਣ ਦਾ ਸਮਾਂ ਮਿਲਦਾ ਸੀ। ਤਿੰਨਾਂ ਕੈਂਪਾਂ ਦੇ ਨਜ਼ਰਬੰਦਾਂ ਦੀ ਤਾਦਾਦ 250 ਦੇ ਕਰੀਬ ਸੀ। ਪੰਜਾਬ ਤੋਂ 150 ਤੋਂ ਉੱਪਰ ਸਾਥੀ ਨਜ਼ਰਬੰਦ ਸਨ ਜਿਨ੍ਹਾਂ ਵਿੱਚ ਵੱਡੀ ਤਾਦਾਦ ਕਿਰਤੀ ਪਾਰਟੀ ਦੇ ਸਾਥੀਆਂ ਦੀ ਸੀ।

'ਕਿਰਤੀ ਪਾਰਟੀ' ਦੀ ਸੀ.ਪੀ.ਆਈ. ਵਿੱਚ ਸ਼ਮੂਲੀਅਤ

ਜਦੋਂ ਅਸੀਂ ਦਿਓਲੀ ਕੈਂਪ ਜੇਲ੍ਹ ਵਿੱਚ ਪਹੁੰਚੇ ਤਾਂ ਉਸ ਤੋਂ ਦੂਸਰੇ ਦਿਨ ਸਵੇਰੇ ਕਿਰਤੀ ਪਾਰਟੀ ਦੇ ਲੀਡਰਾਂ ਕਾ. ਸੰਤਾ ਸਿੰਘ ਗੰਡੀਵਿੰਡ, ਕਾ. ਰਾਮ ਸਿੰਘ ਦੱਤ (ਗੁਰਦਾਸਪੁਰ), ਕਾ. ਬੂਝਾ ਸਿੰਘ ਚੱਕ ਮਾਈਦਾਸ, ਕਾ. ਨੈਣਾ ਸਿੰਘ ਧੂਤ ਨੇ ਸਾਨੂੰ ਦੱਸਿਆ ਕਿ ਸੀ.ਪੀ.ਆਈ. ਦੇ ਕੇਂਦਰੀ ਲੀਡਰਾਂ ਕਾ. ਆਰ.ਡੀ. ਭਾਰਦਵਾਜ ਤੇ ਅਜੈ ਕੁਮਾਰ ਘੋਸ਼ ਦੇ ਯਤਨਾ ਸਦਕਾ ਪੰਜਾਬ ਦੀ ਕਿਰਤੀ ਪਾਰਟੀ ਤੇ ਜੋਸ਼ ਗਰੁੱਪ ਵਿਚਕਾਰ ਆਪਸੀ ਮਤਭੇਦ ਦੂਰ ਕਰਵਾ ਕੇ ਸੁਲਾਹ ਹੋ ਗਈ ਹੈ। ਨਤੀਜੇ ਵਜੋਂ ਕਿਰਤੀ ਪਾਰਟੀ ਤੋੜ ਕੇ ਸੀ.ਪੀ. ਆਈ. ਵਿੱਚ (ਪੰਜਾਬ ਯੂਨਿਟ) ਸ਼ਾਮਲ ਹੋ ਜਾਵੇਗੀ। ਇਸ ਦੀ ਸੂਚਨਾ ਜੇਲ੍ਹ ਤੋਂ ਬਾਹਰ ਮੂਵਮੈਂਟ ਚਲਾ ਰਹੇ ਸਾਥੀਆਂ (ਕਿਰਤੀ ਪਾਰਟੀ ਦੀ ਸੈਂਟਰਲ ਕਮੇਟੀ) ਨੂੰ ਭੇਜ ਦਿੱਤੀ ਗਈ ਹੈ। ਕਿਰਤੀ ਪਾਰਟੀ ਦੀ ਸੈਂਟਰਲ ਕਮੇਟੀ ਨੇ ਕੈਂਬਲਪੁਰ ਜੇਲ੍ਹ ਵਿੱਚ ਨਜ਼ਰਬੰਦ ਮੁੱਖ ਲੀਡਰ ਕਾ. ਤੇਜਾ ਸਿੰਘ ਸੁਤੰਤਰ, ਕਾ. ਅੱਛਰ ਸਿੰਘ ਛੀਨਾ ਅਤੇ ਕਾਮਰੇਡ ਭਗਤ ਸਿੰਘ ਬਿਲਗਾ ਦੀ ਮਨਜ਼ੂਰੀ ਲੈ ਕੇ ਕਿਰਤੀ ਪਾਰਟੀ ਨੂੰ ਤੋੜ ਕੇ ਸੀ.ਪੀ. ਆਈ ਦੇ ਪੰਜਾਬ ਯੂਨਿਟ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕਰ ਲਿਆ ਹੈ। ਇਹ ਫੈਸਲਾ ਕਿਰਤੀ ਪਾਰਟੀ ਦੀ ਸੈਂਟਰਲ ਕਮੇਟੀ ਨੇ ਸਾਰੇ ਹੇਠਲੇ ਯੂਨਿਟਾਂ ਵਿੱਚ ਵਿਚਾਰ-ਵਟਾਂਦਰੇ ਤੋਂ ਬਾਅਦ ਲਿਆ ਸੀ। ਕਿਰਤੀ ਪਾਰਟੀ ਦੇ ਵਰਕਰਾਂ ਦੀ ਸੋਚ ਮਾਰਕਸਵਾਦੀ ਸੀ ਅਤੇ ਉਹ (THIRD INTERNATIONAL) ਦੇ ਅਸੂਲਾਂ ਨੂੰ ਲੈ ਕੇ ਚੱਲਦੇ ਸਨ। ਇਸ ਲਈ ਸਾਥੀਆਂ ਨੂੰ ਇਹ ਫ਼ੈਸਲਾ ਕਰਨ ਵਿੱਚ ਕੋਈ ਦਿੱਕਤ ਨਹੀਂ ਆਈ।

ਨੋਟ : (ਜਦ ਅਸੀਂ ਪੰਜਾਬ ਦੀ ਸਪੈਸ਼ਲ ਜੇਲ੍ਹ ਗੁਜ਼ਰਾਤ ਵਿੱਚ ਤਬਦੀਲ ਕਰ ਦਿੱਤੇ ਗਏ ਤਾਂ ਉੱਥੇ ਕਿਰਤੀ ਪਾਰਟੀ ਦੀ ਸੈਂਟਰਲ ਕਮੇਟੀ ਦੇ ਮੁੱਖ ਮੈਂਬਰ ਕਾ. ਹਰਬੰਸ ਸਿੰਘ ਕਰਨਾਣਾ, ਕਾ. ਚੈਨ ਸਿੰਘ ਚੈਨ ਗ੍ਰਿਫਤਾਰ ਕਰਕੇ ਲਿਆਂਦੇ ਗਏ ਤਾਂ ਉਨ੍ਹਾਂ ਨੇ ਸਾਨੂੰ ਦੱਸਿਆ ਕਿ ਅਸੀਂ ਬਾਹਰ ਪਾਰਟੀ ਤੋੜਨ ਦਾ ਰੈਜ਼ੂਲੇਸ਼ਨ ਪਾਸ ਕਰਕੇ ਸੀ.ਪੀ.ਆਈ. ਦੇ ਪੰਜਾਬ ਯੂਨਿਟ ਦੇ ਜ਼ਿੰਮੇਵਾਰ ਸਾਥੀਆਂ ਨੂੰ ਲੱਭਦੇ ਰਹੇ, ਪਰ ਸਾਨੂੰ ਇਕ-ਦੋ ਸਾਧਾਰਨ ਸਾਥੀ ਹੀ ਮਿਲੇ, ਕਿਉਂਕਿ ਉਨ੍ਹਾਂ ਦੇ ਜ਼ਿੰਮੇਵਾਰ ਸਾਥੀ ਗ੍ਰਿਫਤਾਰ ਹੋ ਚੁੱਕੇ ਸਨ।)

ਦਿਓਲੀ ਕੈਂਪ ਜੇਲ੍ਹ ਦੇ ਤਿੰਨਾਂ ਕੈਂਪਾਂ ਵਿੱਚ ਹੀ ਸਾਰੇ ਨਜ਼ਰਬੰਦਾਂ ਨੇ ਆਪਣੀਆਂ ਸਾਂਝੀਆਂ ਕਮੇਟੀਆਂ ਬਣਾਈਆਂ ਸਨ। ਤਿੰਨੇ ਕਮੇਟੀਆਂ ਇਕੱਠੀਆਂ ਹੋ ਕੇ ਕੈਂਪ-ਜੇਲ੍ਹ ਵਿਚਲੀਆਂ ਦਰਪੇਸ਼ ਮੁਸ਼ਕਿਲਾਂ ਨੂੰ ਡਿਸਕਸ ਕਰਦੀਆਂ ਅਤੇ ਜੇਲ੍ਹ ਅਧਿਕਾਰੀਆਂ ਅੱਗੇ ਰੱਖਦੀਆਂ। ਸੋ ਮੀਟਿੰਗਾਂ ਅਟੈਂਡ ਕਰਨ ਦਾ ਮੌਕਾ ਮੈਨੂੰ ਵੀ ਮਿਲਿਆ। ਮੈਂ ਉਸ ਵੇਲੇ ਤੱਕ

ਕੋਈ ਰਾਏ ਦੇਣ ਦੇ ਕਾਬਿਲ ਨਹੀਂ ਸੀ। ਪੁਰਾਣੇ ਸੀਨੀਅਰ ਸਾਥੀਆਂ ਦੀ ਡਿਸਕਸ਼ਨ ਤੋਂ ਕਾਫੀ ਸਮਝ ਆਈ।

ਅਸੀਂ ਜਦ ਦਿਓਲੀ ਕੈਂਪ ਜੇਲ੍ਹ ਵਿੱਚ ਲਿਆਂਦੇ ਗਏ ਤੇ ਉਸ ਵੇਲੇ ਸੀ.ਪੀ.ਆਈ. ਦੇ ਲੀਡਰਾਂ (ਆਰ.ਡੀ. ਭਾਰਦਵਾਜ, ਕਾ. ਅਜੈ ਕੁਮਾਰ ਘੋਸ਼ ਆਦਿ) ਤੇ ਕਾਂਗਰਸ-ਸੋਸ਼ਲਿਸਟ ਪਾਰਟੀ ਦੇ ਨੇਤਾ ਜੈ ਪ੍ਰਕਾਸ਼ ਨਰਾਇਣ ਦੀ ਇਕੱਠੇ ਹੋ ਕੇ ਆਜ਼ਾਦੀ ਦੀ ਲੜਾਈ ਵਿੱਚ ਮਿਲ ਕੇ ਚੱਲਣ ਦੀ ਗੱਲਬਾਤ ਚੱਲ ਰਹੀ ਸੀ।

ਜੂਨ 1941 ਵਿੱਚ ਫਾਸ਼ੀ ਜਰਮਨੀ ਨੇ ਸੋਵੀਅਤ ਰੂਸ ਉੱਤੇ ਹਮਲਾ ਕਰ ਦਿੱਤਾ ਸੀ। ਸੀ.ਪੀ.ਆਈ. ਫਾਸ਼ੀ (ਜਰਮਨ ਤੇ ਇਟਲੀ) ਤਾਕਤਾਂ ਨੂੰ ਮੁੱਖ ਦੁਸ਼ਮਣ ਸਮਝਣ ਲੱਗੀ ਅਤੇ ਅਮਰੀਕੀ ਅੰਗਰੇਜ਼ੀ ਤੇ ਫ਼ਰਾਂਸੀਸੀ ਸਾਮਰਾਜੀ ਤਾਕਤਾਂ ਨੂੰ ਦੋ ਦੋ-ਨੰਬਰ ਦਾ ਦੁਸ਼ਮਣ ਸਮਝਣ ਲੱਗੀ। ਦੇਸ਼ ਦੀ ਆਜ਼ਾਦੀ ਦੀ ਲੜਾਈ ਨੂੰ ਦੇਖਣ ਤੇ ਸਮਝਣ (ਅਮਲ ਕਰਨ) ਦੇ ਦੋਹਾਂ ਦੇ ਨਜ਼ਰੀਏ ਵਿਚ ਫ਼ਰਕ ਪੈ ਗਿਆ। ਆਪਸ ਵਿੱਚ ਦੀਆਂ ਦੂਰੀਆਂ ਵਧਣ ਲੱਗੀਆਂ।

ਜੈ ਪ੍ਰਕਾਸ਼ ਨਰਾਇਣ ਨੇ ਇਕ ਲੰਬੀ ਚਿੱਠੀ ਰਾਹੀਂ ਸੀ.ਪੀ.ਆਈ. ਦੀ ਪੁਲੀਟੀਕਲ ਲਾਈਨ ਨੂੰ ਗ਼ਲਤ ਦੱਸਿਆ ਅਤੇ ਮਹਾਤਮਾ ਗਾਂਧੀ ਦੇ ਇਨਫਰਾਦੀ ਸਤਿਆਗ੍ਰਹਿ (ਇਕੱਲੇ-ਇਕੱਲੇ) ਨੂੰ ਇਕ ਢੌਂਗ (FARCE) ਦੱਸਿਆ ਸੀ। ਜੈ ਪ੍ਰਕਾਸ਼ ਨਰਾਇਣ ਆਪਣੀ ਮੁਲਾਕਾਤ ਵੇਲੇ ਇਹ ਚਿੱਠੀ ਆਪਣੀ ਜੀਵਨ-ਸਾਥਣ ਨੂੰ ਫੜਾ ਰਿਹਾ ਸੀ ਤਾਂ ਸੀ.ਆਈ.ਡੀ. ਅਫ਼ਸਰ ਦੀ ਨਜ਼ਰ ਪੈ ਗਈ ਅਤੇ ਇਹ ਚਿੱਠੀ ਉਸ ਨੇ ਜੈ ਪ੍ਰਕਾਸ਼ ਨਰਾਇਣ ਤੋਂ ਖੋਹ ਲਈ। ਸਰਕਾਰ ਨੇ ਇਹ ਚਿੱਠੀ ਕਮਿਊਨਿਸਟਾਂ ਤੇ ਕਾਂਗਰਸ-ਸੋਸ਼ਲਿਸਟਾਂ ਦੀਆਂ ਦੂਰੀਆਂ ਵਧਾਉਣ ਲਈ ਪੂਰੀ ਦੀ ਪੂਰੀ ਚਿੱਠੀ ਰੋਜ਼ਾਨਾ ਪੇਪਰਾਂ ਵਿੱਚ ਛਪਵਾ ਦਿੱਤੀ। ਕੈਂਪ ਜੇਲ੍ਹ ਵਿੱਚ ਸਾਨੂੰ ਪੜ੍ਹਣ ਲਈ ਜਿਹੜੇ ਰੋਜ਼ਾਨਾ ਅਖ਼ਬਾਰ ਦਿੱਤੇ ਜਾਂਦੇ ਸਨ, ਉਹ ਹਮੇਸ਼ਾ ਸੈਂਸਰ ਕਰਕੇ ਹੀ ਦਿੱਤੇ ਜਾਂਦੇ ਸਨ ਪਰ ਇਹ ਚਿੱਠੀ ਸੈਂਸਰ ਨਹੀਂ ਕੀਤੀ, ਜਿਹੜੀ ਕਿ ਰੋਜ਼ਾਨਾ ਅਖ਼ਬਾਰਾਂ ਦੇ ਦੋ ਵੱਡਿਆਂ ਸਫ਼ਿਆਂ ਉੱਤੇ ਛਪੀ ਹੋਈ ਸੀ। ਦੋਹਾਂ ਪਾਰਟੀਆਂ ਦੀ ਪੋਲੀਟੀਕਲ ਸੋਚ ਦੇ ਫਰਕ ਦੇ ਕਾਰਨ ਇਸ ਚਿੱਠੀ ਨਾਲ ਆਪਸੀ ਦੂਰੀਆਂ ਵੱਧ ਗਈਆਂ। ਕੈਂਪ-ਜੇਲ੍ਹ ਦੀ ਸਾਂਝੀ ਕਮੇਟੀ ਇਕੱਠੀ ਨਹੀਂ ਰਹੀ। ਕਾਂਗਰਸ ਸੋਸ਼ਲਿਸਟ ਪਾਰਟੀ ਤੇ ਸੀ.ਪੀ.ਆਈ. ਦੋਹਾਂ ਹੀ ਪਾਰਟੀਆਂ ਨੇ ਆਪਣੀਆਂ ਅਲੱਗ-ਅਲੱਗ ਕਮੇਟੀਆਂ ਬਣਾ ਲਈਆਂ।

ਕਾਂਗਰਸ ਸੋਸ਼ਲਿਸ਼ਟ ਪਾਰਟੀ ਦੇ (ਪੰਜਾਬ ਦੇ) ਕੁਝ ਮੈਂਬਰ C.P.I. ਦੇ ਮੈਂਬਰ ਬਣ ਗਏ ਸੀ। (ਕਾ. ਮੁਬਾਰਕ ਸਾਗਰ, ਕਾ. ਟੀਕਾ ਰਾਮ ਸੁਖ਼ਨ ਲਾਹੌਰ, ਕਾ. ਰਾਮ ਕ੍ਰਿਸ਼ਨ ਭੜੋਲੀਆਂ, ਕਾ. ਬੀ.ਪੀ.ਐਲ. ਬੇਦੀ, ਕਾ. ਰਸ਼ਪਾਲ ਸਿੰਘ, ਕਾ. ਸੋਢੀ ਪਿੰਡੀ ਦਾਸ, ਕਾ. ਮਾਂਗੇ ਰਾਮ ਵਤਸ ਆਦਿ) ਸੀ.ਪੀ.ਆਈ. ਦੇ ਦੋ ਐਮ. ਐਲ. ਏ. ਮਾਸਟਰ ਕਾਬਲ ਸਿੰਘ ਅਤੇ ਕਾ. ਹਰਜਾਪ ਸਿੰਘ ਕਮਿਊਨਿਸਟ ਪਾਰਟੀ ਨੂੰ ਛੱਡ ਗਏ ਸਨ।

ਤਿੰਨ ਨੰ: ਕੈਂਪ ਜੇਲ੍ਹ :- ਤੀਸਰੇ ਕੈਂਪ ਜੇਲ੍ਹ ਵਿੱਚ ਕੋਈ ਕਮਿਊਨਿਸਟ ਟੀਚਰ ਨਹੀਂ ਸੀ। ਦੋ ਕਿਤਾਬਾਂ ਜਿਹੜੀਆਂ ਅਸੀਂ ਆਪਣੀਆਂ ਕਾਪੀਆਂ ਉੱਤੇ ਦੂਸਰੀਆਂ

ਕਾਪੀਆਂ ਤੋਂ ਉਤਾਰੀਆਂ ਸਨ ਉਹ David Guest ਤੇ Emile Burns ਦੀਆਂ ਮਾਰਕਸਵਾਦ ਬਾਰੇ ਸਨ। ਇਸ ਤੋਂ ਇਲਾਵਾ ਉੱਥੇ ਮੈਨੂੰ ਪੜ੍ਹਨ ਲਈ ਕੋਈ ਹੋਰ ਕਿਤਾਬ ਨਹੀਂ ਮਿਲੀ। ਇਸ ਤੋਂ ਇਲਾਵਾ ਮੇਰਾ ਬਾਕੀ ਦਾ ਸਮਾਂ ਫੁੱਲ ਤੇ ਸਬਜ਼ੀਆਂ ਲਾਉਣ ਤੇ ਉਨ੍ਹਾਂ ਦੀ ਗੁੱਡ-ਗੁਡਾਈ ਕਰਨ ਤੇ ਉਨ੍ਹਾਂ ਦੀ ਦੇਖ ਰੇਖ ਵਿੱਚ ਅਤੇ ਫਿਰ ਐਕਸਰਸਾਈਜ਼ ਕਰਨ ਵਿੱਚ ਨਿਕਲ ਜਾਂਦਾ। ਜੋ ਵੀ ਰੋਜ਼ਾਨਾ ਅਖ਼ਬਾਰ ਮਿਲਦੀ ਉਹ ਪੜ੍ਹ ਲੈਂਦਾ। ਬਹੁਤੇ ਪੰਜਾਬੀ ਨਜ਼ਰਬੰਦ ਵਧੀਆ ਮਾਸ-ਵਰਕਰ ਹੁੰਦੇ ਹੋਏ ਵੀ ਜ਼ਿਆਦਾ ਪੜ੍ਹਨ ਦੀ ਕੋਸ਼ਿਸ਼ ਨਹੀਂ ਸੀ ਕਰਦੇ।

ਦੋ ਨੰਬਰ ਕੈਂਪ ਜੇਲ੍ਹ :- ਇਸ ਕੈਂਪ ਵਿੱਚ ਪੰਡਿਤ ਰਾਹੁਲ ਸੰਕਰਤਾਇਨ ਅਤੇ ਇਕ ਦੋ ਹੋਰ ਬਹੁਤ ਅੱਛੇ ਬੁੱਧੀਜੀਵੀ ਸਨ, ਪਰ ਸਾਥੀਆਂ ਨੇ ਉਨ੍ਹਾਂ ਦੇ ਗਿਆਨ ਤੋਂ ਜ਼ਿਆਦਾ ਫ਼ਾਇਦਾ ਹਾਸਲ ਨਹੀਂ ਕੀਤਾ।

ਇਕ ਨੰਬਰ ਕੈਂਪ ਜੇਲ੍ਹ :- ਇਹ ਜ਼ਿਆਦਾ ਪੜ੍ਹੇ ਲਿਖੇ ਸਾਥੀਆਂ ਦਾ ਸੀ। ਪਰ ਉਹ ਮਾਸ ਵਰਕਰ ਨਹੀਂ ਸਨ। (ਨੋਟ :- ਤਿੰਨਾਂ ਹੀ ਜੇਲ੍ਹ ਕੈਂਪਾਂ ਦੇ ਕਮਿਊਨਿਸਟ ਮੈਂਬਰਾਂ ਦਾ ਇਕੱਠਾ ਸਟੱਡੀ ਸਰਕਲ ਕਦੇ ਨਹੀਂ ਲਾਇਆ ਗਿਆ)

ਸਾਰੇ ਨਜ਼ਰਬੰਦਾਂ ਵਿੱਚ ਇਹ ਖਵਾਹਿਸ਼ ਸੀ ਕਿ ਉਹ ਆਪਣੇ-ਆਪਣੇ ਪ੍ਰਾਂਤਾਂ ਵਿੱਚ ਤਬਦੀਲ ਕੀਤੇ ਜਾਣੇ ਚਾਹੀਦੇ ਹਨ, ਕਿਉਂਕਿ ਸਾਰੇ ਨਜ਼ਰਬੰਦ 'ਡੀਫੈਂਸ ਆਫ਼ ਇੰਡੀਆ ਐਕਟ' ਦੀ ਇਕੋ ਧਾਰਾ ਥੱਲੇ ਨਜ਼ਰਬੰਦ ਨੇ ਇਸ ਲਈ ਇਕੋ ਕਲਾਸ (ਦਰਜੇ) ਵਿੱਚ ਰੱਖੇ ਜਾਣੇ ਚਾਹੀਦੇ ਹਨ ਅਤੇ ਉਹ 'ਏ' ਕਲਾਸ ਹੀ ਹੋਵੇ।

ਆਪਣੀਆਂ ਮੰਗਾਂ ਮਨਾਉਣ ਲਈ ਨਜ਼ਰਬੰਦਾਂ ਨੇ ਅਕਤੂਬਰ 1941 ਵਿਚ ਭੁੱਖ-ਹੜਤਾਲ ਸ਼ੁਰੂ ਕਰ ਦਿੱਤੀ। ਇਸ ਦੀ ਹਿਮਾਇਤ ਵਿੱਚ ਜੇਲ੍ਹ ਤੋਂ ਬਾਹਰ ਲੋਕਾਂ ਦੀ ਹਮਦਰਦੀ ਲੈਣ ਲਈ 'ਐਜੀਟੇਸ਼ਨ' ਕਰਨੀ ਜ਼ਰੂਰੀ ਸੀ, ਇਹ ਐਜੀਟੇਸ਼ਨ ਪੰਜਾਬ ਵਿੱਚ ਹੀ ਜ਼ਿਆਦਾ ਹੋਈ, ਕਿਉਂਕਿ ਇੱਥੇ 'ਕਿਰਤੀ ਪਾਰਟੀ' ਦਾ ਜਨਤਾ ਵਿੱਚ ਕੰਮ ਜ਼ਿਆਦਾ ਸੀ ਅਤੇ ਪਾਰਟੀ ਬਕਾਇਦਾ ਫੰਕਸ਼ਨ ਕਰ ਰਹੀ ਸੀ। ਦੂਸਰੇ ਪ੍ਰਾਂਤਾਂ ਵਿੱਚ ਤਾਂ ਐਜੀਟੇਸ਼ਨ ਨਾਮਾਤਰ ਹੀ ਹੋਈ। ਨਜ਼ਰਬੰਦਾਂ ਦੀਆਂ ਮੰਗਾਂ ਨੂੰ ਲੈ ਕੇ ਮਸ਼ਹੂਰ ਮਜ਼ਦੂਰ ਲੀਡਰ ਐਨ.ਐਮ. ਜੋਸ਼ੀ ਨੇ (ਸਰਕਾਰ ਨਾਲ ਗੱਲ ਕਰਕੇ) ਯਕੀਨ ਦੁਆਇਆ ਕਿ 'ਸਰਕਾਰ ਨਜ਼ਰਬੰਦਾਂ ਦੀਆਂ ਮੰਗਾਂ ਉੱਤੇ ਹਮਦਰਦੀ ਨਾਲ ਗੌਰ ਕਰੇਗੀ।' ਇਸ ਲਈ 14 ਦਿਨ ਤੋਂ ਬਾਅਦ ਭੁੱਖ ਹੜਤਾਲ ਛੱਡ ਦਿੱਤੀ ਗਈ, ਪਰ ਕੁਝ ਨਜ਼ਰਬੰਦ ਜਿਵੇਂ ਮਾਸਟਰ ਮੋਤਾ ਸਿੰਘ, ਮਾਸਟਰ ਕਾਬਲ ਸਿੰਘ ਆਦਿ ਨੇ ਆਪਣੀ ਭੁੱਖ ਹੜਤਾਲ 30 ਦਿਨ ਤੱਕ ਜਾਰੀ ਰੱਖੀ ਕਿਉਂਕਿ ਉਨ੍ਹਾਂ ਦੀਆਂ ਕੁਝ ਮੰਗਾਂ ਜ਼ਿਆਦਾ ਸਨ।

ਭੁੱਖ ਹੜਤਾਲ ਛੱਡਣ ਤੋਂ ਇਕ ਹਫਤਾ ਬਾਅਦ ਮੈਂ ਬਹੁਤ ਬਿਮਾਰ ਹੋ ਗਿਆ ਅਤੇ ਸਖ਼ਤ ਬਿਮਾਰੀ ਕਰਕੇ ਮੈਨੂੰ ਹਸਪਤਾਲ ਭੇਜਿਆ ਗਿਆ। ਬਿਮਾਰੀ ਤੋਂ ਕੁਝ ਠੀਕ ਹੋਣ ਤੋਂ ਬਾਅਦ ਨਵੰਬਰ 1941 ਦੇ ਅਖੀਰ ਵਿੱਚ ਵਾਪਸ ਦੋ ਨੰਬਰ ਦੇ ਕੈਂਪ ਵਿਚ ਲਿਆਂਦਾ ਗਿਆ।

ਕਮਿਊਨਿਸਟ ਪਾਰਟੀ ਦੀ ਨਵੀਂ ਪੋਲਿਟੀਕਲ ਲਾਇਨ ਬਾਰੇ ਡਿਸਕਸ਼ਨ

ਦਸੰਬਰ 1941 ਦੇ ਪਹਿਲੇ ਹਫ਼ਤੇ ਤਿੰਨਾਂ ਕੈਂਪ ਜੇਲ੍ਹਾਂ ਦੇ ਕਮਿਊਨਿਸਟ ਪਾਰਟੀ ਦੇ ਕੁੱਲ ਮੈਂਬਰ ਇਕ ਵੱਡੀ ਮੀਟਿੰਗ ਵਿੱਚ ਇਕੱਠੇ ਹੋਏ। ਇਸ ਮੀਟਿੰਗ ਵਿੱਚ ਕਾਮਰੇਡ ਐਸ.ਏ. ਡਾਂਗੇ, ਬੀ.ਟੀ. ਰੰਧੀਵੇ, ਐੱਸ.ਐੱਸ. ਬਾਟਲੀਵਾਲਾ, ਕਾਮਰੇਡ ਪਾਟਕਰ (ਚਾਰੇ ਮਜ਼ਦੂਰ ਲੀਡਰ ਬੰਬਈ ਤੋਂ ਸਨ) ਨੂੰ ਵੀ ਸ਼ਾਮਲ ਹੋਣ ਦੀ ਜੇਲ੍ਹ ਸੁਪਰਡੈਂਟ ਵੱਲੋਂ ਇਜ਼ਾਜਤ ਦਿੱਤੀ ਗਈ। 'ਫਾਸ਼ੀ' ਜਰਮਨੀ ਵੱਲੋਂ ਸੋਵੀਅਤ ਰੂਸ ਉੱਤੇ ਹਮਲਾ ਕਰਨ ਕਾਰਨ ਸੋਵੀਅਤ ਰੂਸ ਦਾ ਇਤਿਹਾਦੀ ਤਾਕਤਾਂ (Allied Powers) ਇੰਗਲੈਂਡ, ਅਮਰੀਕਾ, ਫਰਾਂਸ ਆਦਿ ਨਾਲ ਮਿਲ ਕੇ ਦੂਸਰੀ ਸੰਸਾਰ ਜੰਗ ਵਿੱਚ ਲੜਨ ਦਾ ਫੈਸਲਾ ਲੈ ਲਿਆ ਸੀ। ਇਸ ਦਾ ਪ੍ਰਭਾਵ ਦੁਨੀਆ ਦੀਆਂ ਕਮਿਊਨਿਸਟ ਪਾਰਟੀਆਂ ਦੀ ਪੋਲਿਟੀਕਲ ਸੋਚ ਉੱਤੇ ਪਿਆ। ਇਸ ਹੋ ਰਹੀ ਮੀਟਿੰਗ ਨੂੰ ਕਾਮਰੇਡ ਬੀ.ਟੀ. ਰੰਧੀਵੇ ਅਤੇ ਐੱਸ.ਏ. ਡਾਂਗੇ ਨੇ ਸੰਬੋਧਨ ਕੀਤਾ। ਉਨ੍ਹਾਂ ਨੇ ਦੱਸਿਆ ਕਿ ਇਹ ਲੜਾਈ 'ਹੁਣ ਲੋਕਾਂ ਦੀ ਲੜਾਈ' (People's War) ਬਣ ਚੁੱਕੀ ਹੈ। ਕਮਿਊਨਿਸਟ ਸਾਥੀਆਂ ਦੀ ਮਾਨਸਿਕਤਾ ਕਵੀ ਤੇ ਸਾਹਿਤਕਾਰ ਨਰੇਂਦਰ ਸ਼ਰਮਾ ਦੇ ਸ਼ਬਦਾਂ ਵਿੱਚ ਇਸ ਤਰ੍ਹਾਂ ਸੀ :- (ਇਹ ਕਵਿਤਾ ਨਰੇਂਦਰ ਸ਼ਰਮਾ ਨੇ ਉੱਥੇ ਕੈਂਪ ਵਿੱਚ ਹੀ ਪੜ੍ਹੀ ਸੀ) :

"ਰੂਸ ਦੇਸ਼ ਦਾ ਲਾਲ ਸਿਪਾਹੀ,
ਨਵਯੁਗ ਦਾ ਹੈ ਹਰਕਾਰਾ।' *(Postman)*

ਸਾਡੀ ਵੀ ਇਹੀ ਧਾਰਨਾ (CONVICTION) ਬਣ ਗਈ ਕਿ ਫਾਸਿਸ਼ਟ ਤਾਕਤਾਂ ਸੋਵੀਅਤ ਰੂਸ ਦੇ ਸੋਸ਼ਲਿਜਮ ਦੇ ਕਿਲ੍ਹੇ ਨੂੰ ਖਤਮ ਕਰਨਾ ਚਾਹੁੰਦੀਆਂ ਸਨ। ਇਹ ਪੋਲਿਟੀਕਲ ਲਾਈਨ ਸੀ.ਪੀ.ਆਈ. ਦੀ ਸੈਂਟਰਲ ਕਮੇਟੀ (ਜੇਲ੍ਹ ਤੋਂ ਬਾਹਰ) ਵੱਲੋਂ ਆਈ ਸੀ। ਮੀਟਿੰਗ ਨੂੰ ਸੰਬੋਧਨ ਕਰਨ ਵਾਲੇ ਬੀ.ਟੀ. ਰੰਧੀਵੇ ਤੇ ਐੱਸ.ਏ ਡਾਂਗੇ ਦੀ ਵੀ ਇਹੀ ਰਾਏ ਸੀ। ਮੀਟਿੰਗ ਵਿੱਚ ਬੈਠੇ ਕੇਵਲ ਦੋ-ਤਿੰਨ ਸਾਥੀਆਂ ਨੇ ਹੀ ਇਸ ਲਾਈਨ ਬਾਰੇ ਕੁਝ ਸਵਾਲ ਕੀਤੇ।

ਨੋਟ :- ਗੁਜਰਾਤ ਜੇਲ੍ਹ ਵਿੱਚ ਹਰਬੰਸ ਸਿੰਘ ਕਰਨਾਣਾ ਅਤੇ ਕਾਮਰੇਡ ਚੈਨ ਸਿੰਘ ਚੈਨ ਨੇ ਸਾਨੂੰ ਦੱਸਿਆ ਕਿ ਕੈਂਬਲਪੁਰ ਜੇਲ੍ਹ ਵਿਚ ਨਜ਼ਰਬੰਦ ਸਾਥੀਆਂ ਕਾ. ਤੇਜਾ ਸਿੰਘ ਸੁਤੰਤਰ, ਕਾ. ਅੱਛਰ ਸਿੰਘ ਛੀਨਾ, ਕਾ. ਭਗਤ ਸਿੰਘ ਬਿਲਗਾ ਨੇ ਵੀ

'ਕਿਰਤੀ ਸੈਂਟਰਲ ਕਮੇਟੀ' (ਜੋ ਬਾਹਰ ਕੰਮ ਸੰਭਾਲ ਰਹੀ ਸੀ) ਨੂੰ ਆਪਣੀ ਰਾਏ ਭੇਜੀ ਕਿ ਫਾਸਿਜ਼ਮ ਦੇ ਵਿਰੁੱਧ ਲੜਾਈ ਹੁਣ ਮੁੱਖ ਲੜਾਈ ਬਣ ਗਈ ਸੀ। ਫਾਸਿਜ਼ਮ ਹੁਣ ਲੋਕਾਂ ਦਾ ਦੁਸ਼ਮਣ ਨੰਬਰ ਇੱਕ ਬਣ ਗਿਆ ਹੈ। ਹੁਣ ਪਾਰਟੀ ਨੂੰ ਆਪਣੀ ਪੋਲਿਟੀਕਲ ਲਾਈਨ ਇਨ੍ਹਾਂ ਹਾਲਾਤ ਦੇ ਮੱਦੇਨਜ਼ਰ (In-view of) ਰੱਖ ਕੇ ਬਣਾਉਣੀ ਚਾਹੀਦੀ ਹੈ।

ਸਾਰੇ 'ਕਮਿਊਨਿਸਟ ਪਾਰਟੀ ਆਫ਼ ਇੰਡੀਆ' ਅਤੇ ਕਿਰਤੀ ਪਾਰਟੀ ਦੇ ਸਾਥੀ ਕਮਿਊਨਿਸਟ ਇੰਟਰਨੈਸ਼ਨਲ (ਇਸ ਨੂੰ THIRD-INTERNATIONAL ਵੀ ਕਹਿੰਦੇ ਸਨ) ਦੇ ਵਫ਼ਾਦਾਰ ਸਨ। ਇਸ ਲਈ ਕਮਿਊਨਿਸਟ ਸਾਥੀਆਂ ਨੂੰ ਆਪਣੀ ਸੋਚ ਬਦਲਣ ਵਿਚ ਕੋਈ ਦਿੱਕਤ ਨਾ ਆਈ।

ਜਨਵਰੀ 1942 ਵਿੱਚ ਸਾਨੂੰ (ਪੰਜਾਬ ਦੇ ਨਜ਼ਰਬੰਦਾਂ ਨੂੰ) ਸਪੈਸ਼ਲ ਜੇਲ੍ਹ ਗੁਜਰਾਤ ਵਿੱਚ ਤਬਦੀਲ ਕਰ ਦਿੱਤਾ ਗਿਆ। ਸਾਡਾ ਨਜ਼ਰਬੰਦਾਂ ਦਾ ਬੈਚ 'ਲਾਹੌਰ ਰੇਲਵੇ ਸਟੇਸ਼ਨ' ਉੱਤੇ ਪਹੁੰਚਿਆ ਤਾਂ ਰੇਲਵੇ ਪਲੇਟਫਾਰਮ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਨਾਲ ਗੂੰਜ ਉੱਠਿਆ। ਪਲੇਟਫਾਰਮ ਉੱਤੇ ਕਈ ਜ਼ਿਲ੍ਹਿਆਂ ਤੋਂ ਆਏ ਕਮਿਊਨਿਸਟ ਸਾਥੀ ਮੌਜੂਦ ਸਨ। ਉਨ੍ਹਾਂ ਵਿੱਚ ਜਲੰਧਰ ਜ਼ਿਲ੍ਹੇ ਦੇ ਕਾਫੀ ਸਾਥੀ ਸਨ। ਸਾਨੂੰ ਮਿਲ ਕੇ ਉਹ ਕਹਿਣ ਲੱਗੇ ਕਿ ਅਸੀਂ ਤਾਂ ਤੁਹਾਡੀ ਮਾੜੀ ਸਿਹਤ (ਭੁੱਖ ਹੜਤਾਲ ਕਰਕੇ) ਦਾ ਬਹੁਤ ਪ੍ਰਚਾਰ ਕੀਤਾ ਹੋਇਆ ਹੈ, ਪਰ ਤੁਸੀਂ ਤਾਂ ਇਕ-ਇਕ ਸਾਥੀ ਗੱਡੀ ਦੀ ਪੂਰੀ-ਪੂਰੀ ਖਿੜਕੀ ਮੱਲੀ ਬੈਠੇ ਹੋ। ਸਾਨੂੰ ਵੀ ਬਾਹਰ ਖੜੇ ਸਾਥੀ ਜੋ ਮਿਲਣ ਆਏ ਸਨ ਬੜੇ ਹੀ ਕਮਜ਼ੋਰ ਲੱਗ ਰਹੇ ਸਨ।

ਗੁਜਰਾਤ ਜੇਲ੍ਹ ਵਿੱਚ ਸਾਰੇ ਨਜ਼ਰਬੰਦ ਸਾਥੀ 'ਏ' ਕਲਾਸ ਵਿੱਚ ਹੀ ਰੱਖੇ ਗਏ ਸਨ। ਜਿਸ ਵਿਚ ਖ਼ੁਰਾਕ ਕਾਫੀ ਪੌਸ਼ਟਿਕ ਸੀ। ਨਿੱਜੀ ਖਰਚ ਲਈ ਸਤਾਰਾਂ ਰੁ: ਮਹੀਨਾ ਮਿਲਦੇ ਸਨ। ਜੇਲ੍ਹ ਦੀਆਂ 7-8 ਬੈਰਕਾਂ ਇਕੱਲੇ-ਇਕੱਲੇ ਸੈੱਲ ਵਾਲੀਆਂ ਸਨ। ਦੋ ਵੱਡੀਆਂ ਬੈਰਕਾਂ ਵੱਡਿਆਂ-ਵੱਡਿਆਂ ਕਮਰਿਆਂ ਵਾਲੀਆਂ ਸਨ। ਹਰ ਬੈਰਕ ਨਾਲ ਰਸੋਈ ਘਰ ਤੇ ਗੁਸਲਖ਼ਾਨੇ ਸਨ। ਪਾਣੀ ਦਾ ਪ੍ਰਬੰਧ ਚੰਗਾ ਸੀ। ਖੇਡਣ ਲਈ ਵਾਲੀਬਾਲ ਦਾ ਮੈਦਾਨ ਸੀ। ਜੇਲ੍ਹ ਦੇ ਅੰਦਰ ਇਕ ਛੋਟੀ ਡਿਸਪੈਂਸਰੀ ਸੀ, ਜਿਸ ਦਾ ਇੰਚਾਰਜ (ਐਮ.ਬੀ.ਬੀ.ਐਸ.) ਡਾਕਟਰ ਸੀ।

ਰੋਜ਼ਾਨਾ ਅਖ਼ਬਾਰ (ਅੰਗਰੇਜ਼ੀ, ਉਰਦੂ) ਪੜ੍ਹਨ ਲਈ ਮਿਲ ਜਾਂਦੀਆਂ ਸਨ। ਬਹੁਤੇ ਸਾਥੀ ਘੱਟ ਪੜ੍ਹੇ ਲਿਖੇ ਸਨ। ਪਰ ਉਹ ਬਹੁਤ ਚੰਗੇ ਮਾਸ-ਵਰਕਰ ਸਨ ਅਤੇ ਮਾਰਕਸਵਾਦੀ-ਵਿਚਾਰਧਾਰਾ ਦੇ ਧਾਰਨੀ ਸਨ। ਕਮਿਊਨਿਸਟਾਂ ਦੀ ਇੱਕ ਚੁਣੀ ਹੋਈ ਕਮੇਟੀ ਨੇ (ਜੇਲ੍ਹ ਅੰਦਰ) ਇੱਕ ਸਾਥੀ ਦੀ ਡਿਊਟੀ ਲਗਾ ਰੱਖੀ ਸੀ ਕਿ ਉਹ ਸਾਰੀਆਂ ਅਖ਼ਬਾਰਾਂ ਵਿੱਚੋਂ ਮੁੱਖ-ਮੁੱਖ ਖ਼ਬਰਾਂ ਪੜ੍ਹ ਕੇ ਇਕ ਜਗ੍ਹਾ ਇਕੱਠੇ ਹੋਏ ਸਾਰੇ ਸਾਥੀਆਂ ਨੂੰ ਸੁਣਾਇਆ ਕਰੇ। ਇਸ ਡਿਊਟੀ ਨੂੰ ਮੁੱਖ ਤੌਰ ਤੇ ਕਾਮਰੇਡ ਮੱਖਣ ਸਿੰਘ 'ਘਰ ਝਾਖ਼' ਨਿਭਾਇਆ ਕਰਦਾ ਸੀ। ਕੁਝ ਸਾਥੀ ਹਿੰਦੀ, ਉਰਦੂ, ਅੰਗਰੇਜ਼ੀ ਪੜ੍ਹਨਾ ਚਾਹੁੰਦੇ ਸਨ।

ਉਨ੍ਹਾਂ ਵਿੱਚ ਜ਼ਿਆਦਾ ਸਾਥੀ (ਘੱਟ ਪੜ੍ਹੇ ਜਾਂ ਅਨਪੜ੍ਹ) ਜਲੰਧਰ ਤੇ ਹੁਸ਼ਿਆਰਪੁਰ (ਦੁਆਬੇ) ਦੇ ਸਨ। ਇਹ ਡਿਊਟੀ ਮੈਂ ਨਿਭਾਉਂਦਾ ਸੀ। ਪੜ੍ਹਨ ਲਈ ਇੱਥੇ ਵੀ ਬਹੁਤ ਘੱਟ ਕਿਤਾਬਾਂ ਮਿਲਦੀਆਂ ਸਨ। ਮੇਰੇ ਵੱਡੇ ਭਰਾ ਜਗਦੀਸ਼ ਚੰਦਰ ਨੇ ਮੈਨੂੰ ਪੜ੍ਹਨ ਦੇ ਲਈ ਚਾਰ ਕਿਤਾਬਾਂ ਭੇਜੀਆਂ।

ਉਹ ਸੰਸਾਰ ਦੀਆਂ ਇਕ ਹਜ਼ਾਰ ਲਘੂ-ਕਹਾਣੀਆਂ (Arabian Nights) ਨਾਲੋਂ ਵੱਖਰੇ ਢੰਗ ਦੀਆਂ ਸਨ। ਜੇਲ੍ਹ ਵਿੱਚ ਰਹਿੰਦੇ ਮੈਂ ਇਹ ਸਾਰੀਆਂ ਪੜ੍ਹੀਆਂ, ਦੋ ਕਿਤਾਬਾਂ ਮਾਕਸਵਾਦੀ ਸਿਧਾਂਤ ਦੀਆਂ ਵੀ ਪੜ੍ਹੀਆਂ ਸਨ। ਜੇਲ੍ਹ ਅੰਦਰ ਪਾਰਟੀ ਲੀਡਰਸ਼ਿਪ ਵੱਲੋਂ ਮਾਰਕਸਵਾਦੀ ਸਿਧਾਂਤ ਨੂੰ ਸਮਝਾਉਣ ਲਈ (ਸਟੱਡੀ ਸਰਕਲਾਂ ਰਾਹੀਂ) ਕੋਈ ਬਹੁਤੀ ਕੋਸ਼ਿਸ਼ ਨਹੀਂ ਸੀ ਕੀਤੀ ਗਈ। ਕੇਵਲ ਕਾਮਰੇਡ ਸੋਹਣ ਸਿੰਘ ਜੋਸ਼ ਨੇ ਹੀ ਮਾਰਕਸਿਜ਼ਮ ਤੇ ਟੈਰੋਰਿਜਮ (Marxism V/s Terrorism) ਉੱਤੇ ਅਧਾਰਤ ਸਟੱਡੀ ਸਰਕਲ ਦੇਣਾ ਸ਼ੁਰੂ ਕੀਤਾ। ਕਾਮਰੇਡ ਜੋਸ਼ ਨੇ ਦੱਸਿਆ ਕਿ ਮੇਰਾ ਇਹ ਲੈਕਚਰ ਤਿੰਨ-ਚਾਰ ਘੰਟਿਆਂ ਵਿੱਚ ਹੀ ਖਤਮ ਹੋ ਜਾਵੇਗਾ, ਪਰ ਇਸ ਵਿਸ਼ੇ ਉੱਤੇ ਉਨ੍ਹਾਂ ਨੂੰ ਹੋਰ ਕਿਤਾਬਾਂ ਮਿਲਦੀਆਂ ਰਹੀਆਂ ਅਤੇ ਇਹ ਲੈਕਚਰ ਰੋਜ਼ਾਨਾ ਦੋ-ਘੰਟੇ ਲਗਾਤਾਰ ਦੋ-ਮਹੀਨੇ ਤੱਕ ਚੱਲਦਾ ਰਿਹਾ। ਕਾਮਰੇਡ ਜੋਸ਼ ਦੀ ਜੂਨ 1942 ਵਿੱਚ ਰਿਹਾਈ ਹੋਣ ਕਰਕੇ ਇਹ ਲੈਕਚਰ ਅਧੂਰਾ ਹੀ ਰਹਿ ਗਿਆ। ਪਰ ਆਮ ਸਾਥੀ ਇਸ ਵਿਸ਼ੇ ਨੂੰ ਚੰਗੀ ਤਰ੍ਹਾਂ ਗ੍ਰਹਿਣ ਨਹੀਂ ਕਰ ਸਕੇ। ਪਾਰਟੀ ਦੇ ਕੁਝ ਬੁੱਧੀਜੀਵੀ ਸਾਥੀਆਂ ਕੋਲ ਮਾਰਕਸਵਾਦੀ ਅਤੇ ਰਾਜਨੀਤਿਕ ਕਿਤਾਬਾਂ ਆ ਜਾਂਦੀਆਂ ਸਨ, ਪਰ ਉਹ ਆਮ ਸਾਥੀਆਂ ਨੂੰ ਪੜ੍ਹਨ ਲਈ ਦੇਣ ਦੀ ਕੋਸ਼ਿਸ਼ ਨਹੀਂ ਸਨ ਕਰਦੇ। ਸੀਨੀਅਰ ਸਾਥੀਆਂ ਵੱਲੋਂ ਆਮ ਸਾਥੀਆਂ ਦਾ ਮਾਰਕਸਵਾਦ ਅਤੇ ਪੋਲਿਟੀਕਲ ਬੌਧਿਕ ਪੱਧਰ ਉੱਚਾ ਚੁੱਕਣ ਦੀ ਕੋਸ਼ਿਸ਼ ਨਹੀਂ ਸੀ ਕੀਤੀ ਜਾਂਦੀ, ਇਸੇ ਲਈ ਹੇਠਲੇ ਪੱਧਰ ਦੇ ਸਾਥੀ ਪੋਲਿਟੀਕਲ ਲਾਈਨ ਬਣਾਉਣ ਦੇ ਵਿੱਚ ਆਪਣਾ ਯੋਗਦਾਨ ਪਾਉਣ ਦੇ ਕਾਬਲ ਨਹੀਂ ਬਣ ਸਕੇ। ਉਹ ਪਾਰਟੀ ਦੀਆਂ ਉਪਰਲੀਆਂ ਕਮੇਟੀਆਂ ਤੋਂ ਆਉਣ ਵਾਲੀਆਂ ਹਦਾਇਤਾਂ ਉੱਪਰ ਹੀ ਚਲਦੇ ਰਹੇ।

1942 ਦੇ ਸ਼ੁਰੂ ਵਿੱਚ ਕਿਰਤੀ ਪਾਰਟੀ ਦੀ ਸੈਂਟਰਲ ਕਮੇਟੀ ਜੋ ਪੰਜਾਬ ਵਿਚ ਖੁਫ਼ੀਆ ਤੌਰ ਉੱਤੇ ਫੰਕਸ਼ਨ ਕਰ ਰਹੀ ਸੀ। ਉਸਦੇ ਜ਼ਿਆਦਾ ਮੈਂਬਰ ਗ੍ਰਿਫ਼ਤਾਰ ਹੋ ਗਏ। ਲਾਹੌਰ ਦੇ ਪੁਰਾਣੇ ਕਿਲ੍ਹੇ ਵਿੱਚ ਪੁਲੀਸ ਨੇ ਉਨ੍ਹਾਂ ਉੱਪਰ ਬਹੁਤ ਤਸ਼ੱਦਦ ਕੀਤਾ ਅਤੇ ਆਪਣਾ ਮਕਸਦ ਪੂਰਾ ਹੋਣ ਤੋਂ ਬਾਅਦ ਜੇਲ੍ਹ ਭੇਜ ਦਿੱਤੇ ਗਏ। ਇਨ੍ਹਾਂ ਵਿਚੋਂ ਕੁਝ ਸਾਥੀ ਕਾ. ਹਰਬੰਸ ਸਿੰਘ ਕਰਨਾਣਾ, ਕਾ. ਚੈਨ ਸਿੰਘ ਚੈਨ ਆਦਿ 1942 ਦੇ ਮਾਰਚ, ਅਪ੍ਰੈਲ ਵਿੱਚ ਸਪੈਸ਼ਲ ਜੇਲ੍ਹ ਗੁਜਰਾਤ ਭੇਜ ਦਿੱਤੇ। ਉੱਥੇ ਉਨ੍ਹਾਂ ਨੇ ਸਾਨੂੰ ਦੱਸਿਆ ਕਿ ਸੁਭਾਸ਼ ਚੰਦਰ ਬੋਸ ਨੂੰ ਸੋਵੀਅਤ ਰੂਸ ਭੇਜਣ ਦਾ ਉਪਰਾਲਾ ਕਿਰਤੀ ਪਾਰਟੀ ਨੇ ਕੀਤਾ। ਇਸ ਕੰਮ ਦੀ ਡਿਊਟੀ ਕਿਰਤੀ ਪਾਰਟੀ ਨੇ ਸਾਥੀ ਭਗਤ ਰਾਮ ਤਲਵਾੜ ਦੀ ਲਗਾਈ ਸੀ, ਪਰ ਸੁਭਾਸ਼ ਚੰਦਰ ਬੋਸ ਸੋਵੀਅਤ ਰੂਸ ਨਾ ਜਾ ਸਕਿਆ ਅਤੇ ਉਹ ਜਰਮਨ ਚਲਾ ਗਿਆ। ਸੁਭਾਸ਼ ਚੰਦਰ ਬੋਸ ਨੇ ਕੁਝ ਮਾਇਕ ਸਹਾਇਤਾ ਕਿਰਤੀ ਪਾਰਟੀ

ਨੂੰ ਭੇਜੀ। ਇਸ ਦਾ ਵੱਡਾ ਹਿੱਸਾ ਕਿਰਤੀ ਪਾਰਟੀ ਨੇ ਸੋਵੀਅਤ ਰੂਸ ਨੂੰ ਫਾਸਿਸਟ ਜਰਮਨੀ ਵਿਰੁੱਧ ਚੱਲ ਰਹੇ ਯੁੱਧ ਵਿੱਚ ਟੋਕਨ ਸਹਾਇਤਾ ਦੇ ਤੌਰ ਤੇ ਭੇਜਿਆ।

ਨੋਟ :- ਇਸ ਸਬੰਧ ਵਿੱਚ ਸੁਭਾਸ਼ ਚੰਦਰ ਬੋਸ ਨੇ ਦੇਸ਼ ਦੀ ਅਜ਼ਾਦੀ ਲਈ ਮਦਦ ਲੈਣ ਲਈ (ਕਿਰਤੀ ਪਾਰਟੀ ਕੋਲ) ਸੋਵੀਅਤ ਰੂਸ ਜਾਣ ਦੀ ਇੱਛਾ ਜ਼ਾਹਰ ਕੀਤੀ ਸੀ। ਕਿਰਤੀ ਪਾਰਟੀ ਨੇ ਸੁਭਾਸ਼ ਚੰਦਰ ਬੋਸ ਦੇ ਰੂਸ ਜਾਣ ਦਾ ਪ੍ਰਬੰਧ ਕਰਨ ਲਈ ਕਾਮਰੇਡ ਰਾਮ ਕ੍ਰਿਸ਼ਨ ਬੀ.ਏ. ਨੈਸ਼ਨਲ ਅਤੇ ਕਾਮਰੇਡ ਅੱਛਰ ਸਿੰਘ ਛੀਨਾ ਨੂੰ ਮਾਸਕੋ ਲਈ ਰਵਾਨਾ ਕੀਤਾ ਸੀ, ਕਿਉਂਕਿ ਉਹ ਖੁਫ਼ੀਆ ਤੌਰ 'ਤੇ ਜਾ ਰਹੇ ਸਨ, ਰਾਮ ਕ੍ਰਿਸ਼ਨ ਬੀ.ਏ. ਨੈਸ਼ਨਲ ਆਮੂ ਨਦੀ ਜੋ ਕਿ ਬਰਫ ਨਾਲ ਜੰਮੀ ਹੋਈ ਸੀ ਨੂੰ ਪਾਰ ਕਰਦਿਆਂ ਹੋਇਆ ਨਦੀ ਵਿਚ ਡੁੱਬ ਕੇ ਮਰ ਗਿਆ। ਸੋ ਉਸ ਵੇਲੇ ਉਹ ਪ੍ਰਬੰਧ ਸਿਰੇ ਨਾ ਚੜ੍ਹ ਸਕਿਆ।

ਗੁਜਰਾਤ ਜੇਲ੍ਹ ਤੋਂ ਰਿਹਾਈਆਂ

ਜੂਨ 1942 ਵਿੱਚ ਦੋਨਾਂ ਕਮਿਊਨਿਸਟ ਪਾਰਟੀਆਂ ਦੇ (ਜੋਸ਼ ਤੇ ਕਿਰਤੀ ਗਰੁੱਪ) ਚੋਟੀ ਦੇ ਲੀਡਰ ਕਾਮਰੇਡ ਸੋਹਣ ਸਿੰਘ ਜੋਸ਼, ਕਾਮਰੇਡ ਫ਼ਜ਼ਲ ਇਲਾਹੀ ਕੁਰਬਾਨ, ਕਾਮਰੇਡ ਕਰਮ ਸਿੰਘ ਮਾਨ, ਕਾ. ਫਿਰੋਜਦੀਨ ਮਨਸੂਰ, ਕਾ. ਇਕਬਾਲ ਸਿੰਘ ਹੁੰਦਲ, ਕਾ. ਤੇਜਾ ਸਿੰਘ ਸੁਤੰਤਰ, ਕਾ. ਅੱਛਰ ਸਿੰਘ ਛੀਨਾ, ਕਾ. ਭਗਤ ਸਿੰਘ ਬਿਲਗਾ ਨੂੰ ਰਿਹਾਅ ਕਰ ਦਿੱਤਾ ਗਿਆ। 'ਕਮਿਊਨਿਸਟ ਪਾਰਟੀ ਆਫ ਇੰਡੀਆ' ਦੀ ਸੈਂਟਰਲ ਕਮੇਟੀ ਨੇ ਇਨ੍ਹਾਂ ਅੱਠਾਂ ਸਾਥੀਆਂ ਦੀ ਹੀ ਪੰਜਾਬ ਦੀ ਸੂਬਾ ਪਾਰਟੀ ਕਮੇਟੀ ਬਣਾ ਦਿੱਤੀ।

ਗਰਮੀਆਂ ਆਉਣ ਉੱਤੇ ਮੈਂ ਬਿਮਾਰ ਹੋ ਗਿਆ ਅਤੇ ਹੌਲੀ-ਹੌਲੀ ਕਮਜ਼ੋਰੀ ਵਧਦੀ ਗਈ। ਡਾਕਟਰ ਦੀ ਨਿਗਰਾਨੀ ਵਿੱਚ ਦਵਾਈ ਤੇ ਖੁਰਾਕ ਦਾ ਪ੍ਰਬੰਧ ਕੀਤਾ ਗਿਆ। ਕਮਜ਼ੋਰੀ ਕਿਉਂ ਵੱਧ ਰਹੀ ਹੈ? ਇਸ ਦੀ ਤਸ਼ਖੀਸ਼ (Diagnos) ਨਾ ਹੋ ਸਕੀ ਕਿਉਂਕਿ ਗੁਜਰਾਤ ਵਿੱਚ ਐਕਸਰੇ ਦਾ ਕੋਈ ਪ੍ਰਬੰਧ ਨਹੀਂ ਸੀ। ਇਸ ਲਈ ਮੈਨੂੰ ਅਗਸਤ 1942 ਵਿਚ ਸੈਂਟਰਲ ਜੇਲ੍ਹ ਲਾਹੌਰ ਭੇਜ ਦਿੱਤਾ। ਕੁਝ ਦਿਨਾਂ ਤੋਂ ਬਾਅਦ ਲਾਹੌਰ ਦੇ ਮਿਓ ਹਸਪਤਾਲ (MAYO- HOSPITAL) ਵਿੱਚ ਐਕਸਰੇ ਕਰਵਾ ਕੇ ਵਾਪਸ ਜੇਲ੍ਹ ਭੇਜ ਦਿੱਤਾ। ਲਾਹੌਰ ਜੇਲ੍ਹ ਵਿਚ ਇਕ ਹਾਤੇ ਵਿੱਚ ਪੋਲਿਟੀਕਲ ਕੈਦੀ ਰੱਖੇ ਗਏ ਸਨ। ਏਥੇ ਨਾਲ ਹੀ ਇਕ ਛੋਟੇ ਹਿੱਸੇ ਵਿੱਚ 'ਲਾਹੌਰ ਸਾਜਿਸ਼ ਕੇਸ' ਦੇ ਸ਼ਹੀਦ ਭਗਤ ਸਿੰਘ ਦੇ ਸਾਥੀ ਪੰਡਿਤ ਕਿਸ਼ੋਰੀ ਲਾਲ, ਸਵਾਮੀ ਹੰਸ ਰਾਜ, ਕੁੰਦਨ ਲਾਲ, ਗੁਲਾਬ ਸਿੰਘ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਨ। ਉਜਾਗਰ ਸਿੰਘ ਬਿਲਗਾ, ਸ਼ੋਰਿਸ਼ ਕਸ਼ਮੀਰੀ ਤੇ ਅੱਠ-ਦੱਸ ਹੋਰ ਨਜ਼ਰਬੰਦ ਵੀ ਉੱਥੇ ਸਨ। ਸਾਰਿਆਂ ਦੇ ਖਾਣੇ ਦਾ ਪ੍ਰਬੰਧ ਇਕੱਠਾ ਸੀ।

ਇਕ ਮਹੀਨੇ ਬਾਅਦ ਮੈਨੂੰ ਵਾਪਸ ਸਪੈਸ਼ਲ-ਜੇਲ੍ਹ ਗੁਜਰਾਤ ਭੇਜ ਦਿੱਤਾ। 19 ਸਤੰਬਰ 1942 ਨੂੰ ਮੈਨੂੰ ਜੇਲ੍ਹ ਤੋਂ ਰਿਹਾਅ ਕਰਕੇ ਆਪਣੇ ਨਗਰ ਨੂਰਮਹਿਲ ਭੇਜ ਦਿੱਤਾ ਅਤੇ ਨਾਲ ਹੀ ਜੂਹਬੰਦੀ (ਆਪਣੇ ਹੀ ਨਗਰ ਜਾਂ ਪਿੰਡ ਦੀ ਜ਼ਮੀਨੀ ਹੱਦ ਤੋਂ ਬਾਹਰ ਨਾ ਜਾ ਸਕਣ) ਦੀ ਪਾਬੰਦੀ ਦਾ ਨੋਟਿਸ ਵੀ ਦੇ ਦਿੱਤਾ। 6 ਮਾਰਚ 1943 ਵਿੱਚ ਸਪੈਸ਼ਲ ਜੇਲ੍ਹ ਗੁਜਰਾਤ ਤੋਂ ਕਮਿਊਨਿਸਟ ਨਜ਼ਰਬੰਦਾਂ ਦੀਆਂ ਹੋਰ ਜ਼ਿਆਦਾ ਰਿਹਾਈਆਂ ਕਰ ਦਿੱਤੀਆਂ ਗਈਆਂ।

9 ਅਗਸਤ 1942 ਨੂੰ ਬੰਬਈ ਵਿੱਚ ਏ.ਆਈ.ਸੀ.ਸੀ. (ਆਲ ਇੰਡੀਆ ਕਾਂਗਰਸ ਕਮੇਟੀ) ਦਾ ਇਜਲਾਸ ਹੋਇਆ। ਮਹਾਤਮਾ ਗਾਂਧੀ ਦੀ ਅਗਵਾਈ ਵਿੱਚ 'ਅੰਗਰੇਜ਼ੀ ਸਰਕਾਰ ਭਾਰਤ ਛੋੜੋ!' ਦਾ ਮਤਾ ਪਾਸ ਕੀਤਾ ਗਿਆ। ਭਾਰਤ ਵਿੱਚ ਰਾਜ ਕਰ ਰਹੀ ਅੰਗਰੇਜ਼ੀ ਸਰਕਾਰ ਨੂੰ ਇਹ ਨੋਟਿਸ ਦਿੱਤਾ ਗਿਆ ਸੀ। ਮਹਾਤਮਾ ਗਾਂਧੀ ਨੇ ਦੇਸ਼ ਦੀ ਆਜ਼ਾਦੀ ਲਈ ਲੋਕਾਂ ਨੂੰ 'ਕਰੋ ਜਾਂ ਮਰੋ' ਦਾ ਨਾਅਰਾ ਦਿੱਤਾ। ਇਜਲਾਸ ਵਿੱਚ ਕੁਝ ਕਮਿਊਨਿਸਟ ਸਾਥੀ ਜੋ ਏ.ਆਈ.ਸੀ. ਸੀ. ਦੇ ਮੈਂਬਰ ਸਨ, ਉੱਥੇ ਹੀ ਮੌਜੂਦ ਸਨ। ਉਨ੍ਹਾਂ ਨੇ ਇਸ ਮਤੇ ਦਾ ਸਾਥ ਨਹੀਂ ਦਿੱਤਾ, ਕਿਉਂਕਿ ਉਹ ਸੀ.ਪੀ.ਆਈ. ਦੀ ਪਾਰਟੀ ਲਾਈਨ ਦੇ ਮੁਤਾਬਿਕ ਫਾਸਿਜ਼ਮ ਵਿਰੁੱਧ ਸੰਸਾਰ-ਜੰਗ ਨੂੰ 'ਪੀਪਲਜ਼ ਵਾਰ' ਦੇ ਨਜ਼ਰੀਏ ਨਾਲ ਦੇਖ ਰਹੇ ਸਨ। ਭਾਰਤ ਦੇ ਲੋਕਾਂ ਨੇ ਕਮਿਊਨਿਸਟਾਂ ਦੀ ਇਸ ਪੋਲਿਟੀਕਲ ਲਾਈਨ ਦਾ ਵਿਰੋਧ ਕੀਤਾ ਅਤੇ ਇਸ ਸੋਚ ਨੂੰ ਦੇਸ਼ ਦੀ ਆਜ਼ਾਦੀ ਦੀ ਲੜਾਈ ਦੇ ਵਿਰੁੱਧ ਗਰਦਾਨਿਆਂ (ਗ਼ੱਦਾਰੀ ਸਮਝਿਆ)।

ਸਤੰਬਰ 1942 ਵਿਚ ਜਦੋਂ ਮੈਂ ਜੇਲ੍ਹ ਤੋਂ ਰਿਹਾਅ ਹੋ ਕੇ ਨੂਰਮਹਿਲ ਪਹੁੰਚਿਆ ਤਾਂ ਏਥੋਂ ਦੇ ਕਾਂਗਰਸੀਆਂ ਦਾ ਮੇਰੇ ਪ੍ਰਤੀ ਰਵੱਈਆ ਠੀਕ ਨਹੀਂ ਸੀ। ਹਾਲਾਂਕਿ ਨੂਰਮਹਿਲ ਦੀ ਕਾਂਗਰਸ ਕਮੇਟੀ ਬਣਾਉਣ ਵਿੱਚ ਤੇ ਇਸ ਦਾ ਕੰਮ ਚਲਾਉਣ ਵਿੱਚ ਮੇਰਾ ਅਹਿਮ ਯੋਗਦਾਨ ਰਿਹਾ ਸੀ। ਨੂਰਮਹਿਲ ਇਲਾਕੇ ਦੇ ਕੁਝ ਹੋਰ 9-10 ਸਾਥੀ ਵੀ ਰਿਹਾਅ ਹੋ ਕੇ ਆਏ ਸਨ ਤੇ ਉਹ ਵੀ ਆਪਣੇ-ਆਪਣੇ ਪਿੰਡਾਂ ਵਿੱਚ ਹੀ ਨਜ਼ਰਬੰਦ ਕੀਤੇ ਗਏ ਸਨ। ਉਨ੍ਹਾਂ ਵਿੱਚ ਬਾਬਾ ਭਾਗ ਸਿੰਘ ਕੈਨੇਡੀਅਨ, ਜਵਾਲਾ ਪ੍ਰਸ਼ਾਦ ਬਿਲਗਾ ਆਦਿ ਸਨ। ਹਫ਼ਤੇ ਬਾਅਦ ਸਾਰੇ ਨਜ਼ਰਬੰਦ ਸਾਥੀਆਂ ਨੂੰ ਨੂਰਮਹਿਲ ਪੁਲਿਸ ਸਟੇਸ਼ਨ ਪਹੁੰਚ ਕੇ ਹਾਜ਼ਰੀ ਦੇਣੀ ਪੈਂਦੀ ਸੀ। ਉਸ ਦਿਨ ਸਾਡੇ ਘਰ ਆ ਕੇ ਮੀਟਿੰਗ ਕਰ ਲੈਂਦੇ ਸੀ। ਕਈ ਵਾਰ ਇਹ ਮੀਟਿੰਗ ਚੀਮਾ ਕਲਾਂ ਵਿੱਚ ਕਾਮਰੇਡ ਊਧਮ ਸਿੰਘ ਦੇ ਖੂਹ ਉੱਤੇ ਵੀ ਕਰ ਲੈਂਦੇ ਸਨ, ਜਿਹੜਾ ਕਿ ਨੂਰਮਹਿਲ ਦੇ ਥਾਣੇ ਤੋਂ ਡੇਢ ਮੀਲ ਦੀ ਦੂਰੀ 'ਤੇ ਹੀ ਸੀ। ਮੀਟਿੰਗ ਵਿੱਚ ਦੇਸ਼ ਦੇ ਆਰਥਿਕ ਤੇ ਰਾਜਨੀਤਿਕ ਹਾਲਾਤ ਉੱਤੇ ਵਿਚਾਰਾਂ ਹੁੰਦੀਆਂ। ਕਮਿਊਨਿਸਟ ਪਾਰਟੀ ਦੇ ਸੈਂਟਰ ਦਾ ਅਖ਼ਬਾਰ ਤੇ ਪੰਜਾਬ ਸੂਬਾ ਕਮੇਟੀ ਦੇ ਹਫਤਾਵਾਰੀ ਅਖ਼ਬਾਰ ਪੜ੍ਹਨ ਨੂੰ ਮਿਲ ਜਾਂਦੇ। ਇਸ ਤੋਂ ਇਲਾਵਾ ਦੋ-ਚਾਰ ਮਾਰਕਸੀ ਵਿਚਾਰਾਂ ਦੀਆਂ ਕਿਤਾਬਾਂ ਅਤੇ ਸਾਹਿਤਕ-ਰਸਾਲੇ ਅਤੇ ਸਾਹਿਤਕ-ਕਿਤਾਬਾਂ ਪੜ੍ਹਨ ਲਈ ਮਿਲ ਜਾਂਦੀਆਂ। ਅਗਸਤ 1943 ਵਿੱਚ ਮੇਰੀ ਨਜ਼ਰਬੰਦੀ ਦੀ ਮਿਆਦ ਖ਼ਤਮ ਹੋ ਗਈ। 1943 ਵਿਚ ਹੀ ਸੀ.ਪੀ.ਆਈ. ਦੀ ਸੈਂਟਰਲ ਕਮੇਟੀ ਨੇ ਸਾਰੇ ਪਾਰਟੀ ਮੈਂਬਰਾਂ ਨੂੰ ਨੈਸ਼ਨਲ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫੇ ਦੇਣ ਦੀ ਹਦਾਇਤ ਕਰ ਦਿੱਤੀ। ਨੂਰਮਹਿਲ ਸੈੱਲ ਦੇ ਸਾਰੇ ਪਾਰਟੀ ਮੈਂਬਰਾਂ ਨੇ (ਸਿਵਾਏ ਕਸ਼ਮੀਰੀ ਲਾਲ ਕੱਕੜੀਏ ਦੇ) ਕਾਂਗਰਸ ਤੋਂ ਅਸਤੀਫੇ ਦੇ ਦਿੱਤੇ।

ਦੇਸ਼ ਭਰ ਵਿਚ ਕਾਂਗਰਸ ਸੋਸ਼ਲਿਸਟ ਪਾਰਟੀ ਅਤੇ ਕਾਂਗਰਸ ਦੇ ਵਰਕਰ ਸਰਕਾਰ ਦੇ ਜੰਗੀ ਯਤਨ ਦਾ ਵਿਰੋਧ ਕਰ ਰਹੇ ਸਨ ਅਤੇ ਜਗ੍ਹਾ-ਜਗ੍ਹਾ ਤੋੜਫੋੜ ਕਰ ਰਹੇ ਸਨ।

ਇਸ ਸੰਬੰਧ ਵਿੱਚ ਖੁਫ਼ੀਆ ਅਖ਼ਬਾਰ ਵੀ ਕੱਢਦੇ ਸਨ। ਇਸ ਜਦੋ ਜਹਿਦ ਵਿੱਚ ਕਾਂਗਰਸੀ ਤੇ ਸੋਸ਼ਲਿਸਟ ਵਰਕਰਾਂ ਨੇ ਸ਼ਾਮਿਲ ਹੋਣ ਲਈ ਇਕ ਦੋ ਕਮਿਊਨਿਸਟ ਸਾਥੀਆਂ ਨੂੰ ਮਿਲੇ ਵੀ ਪਰ ਕਮਿਊਨਿਸਟਾਂ ਨੇ ਇਨਕਾਰ ਕਰ ਦਿੱਤਾ ਕਿਉਂਕਿ ਇਹ ਸੁਝਾਅ ਕਮਿਊਨਿਸਟ ਪਾਰਟੀ ਦੀ ਪੋਲਿਟੀਕਲ ਲਾਈਨ ਦੇ ਵਿਰੁੱਧ ਸੀ। ਨੂਰਮਹਿਲ ਵਿੱਚ ਦੋਆਬਾ ਆਰੀਆ ਸਕੂਲ ਦੇ ਵਿਦਿਆਰਥੀਆਂ ਨੇ ਵੀ ਕੁਝ ਥਾਵਾਂ ਤੇ ਤੋੜਭੰਨ ਕੀਤੀ।

ਨੂਰਮਹਿਲ ਫੂਡ ਕਮੇਟੀ ਦਾ ਗਠਨ

ਦੂਸਰੇ ਵਿਸ਼ਵ ਯੁੱਧ ਦੇ ਕਾਰਨ ਅੰਗਰੇਜ਼ੀ ਸਰਕਾਰ ਨੇ ਆਪਣੇ ਹੱਕ ਵਿੱਚ ਸਾਡੇ ਦੇਸ਼ ਨੂੰ ਇਸ ਯੁੱਧ ਵਿੱਚ ਸ਼ਾਮਲ ਕਰ ਲਿਆ ਸੀ, ਸਾਡੇ ਦੇਸ਼ ਦੇ ਸਾਰੇ ਸੋਮੇ ਆਪਣੇ ਹਿੱਤ ਲਈ ਯੁੱਧ ਵਿੱਚ ਵਰਤਣੇ ਸ਼ੁਰੂ ਕਰ ਦਿੱਤੇ ਸਨ, ਇਸ ਲਈ ਸਾਡੇ ਦੇਸ਼ ਵਿੱਚ ਲੋਕਾਂ ਦੀਆਂ ਖਾਣ ਤੇ ਪਹਿਨਣ ਦੀਆਂ ਚੀਜ਼ਾਂ ਦੀ ਤੇ ਜ਼ਰੂਰੀ ਕੱਪੜੇ ਆਦਿ ਵਸਤਾਂ ਦੀ ਬਹੁਤ ਕਿੱਲਤ (ਘਾਟ) ਆ ਗਈ ਸੀ। ਸਰਕਾਰ ਨੇ ਨਗਰਾਂ ਵਿੱਚ ਖੰਡ ਅਤੇ ਮੋਟਾ ਕੱਪੜਾ ਆਦਿ ਦੇ ਡਿਪੂ ਖੋਲ ਰੱਖੇ ਸਨ, ਪਰ ਜ਼ਿਆਦਾ ਸਮਾਨ ਸ਼ਹਿਰ ਦੇ ਰਸੂਖ਼ਦਾਰ ਬੰਦੇ ਹੀ ਲੈ ਜਾਂਦੇ ਸਨ। ਸੂਬੇ ਦੀ ਕਮਿਊਨਿਸਟ ਪਾਰਟੀ ਕਮੇਟੀ ਨੇ (ਕਮਿਊਨਿਸਟ ਪਾਰਟੀ ਦਾ ਪ੍ਰੋਗਰਾਮ) ਕਿ ਫੂਡ ਕਮੇਟੀਆਂ (ਗਜ਼ਾਈ ਕਮੇਟੀਆਂ) ਬਣਾ ਕੇ ਇਸ ਪ੍ਰਬੰਧ ਨੂੰ (ਸਾਰੇ ਲੋਕਾਂ ਵਿੱਚ ਚੀਜ਼ਾਂ ਠੀਕ ਤਰ੍ਹਾਂ ਵੰਡਣ ਦਾ ਪ੍ਰਬੰਧ ਕੀਤਾ ਜਾਵੇ) ਸੁਚਾਰੂ ਢੰਗ ਨਾਲ ਚਲਾਉਣ ਦਾ ਪ੍ਰੋਗਰਾਮ ਬਣਾਇਆ। ਇਸ ਸਬੰਧ ਵਿੱਚ ਨੂਰਮਹਿਲ ਪਾਰਟੀ ਸੈੱਲ ਦੀ ਮੀਟਿੰਗ ਬੁਲਾਈ ਗਈ, ਜਿਸ ਦੇ ਮੈਂਬਰ, ਡਾਕਟਰ ਧਰਮਪਾਲ ਕੋਹਲੀ, ਮਿਸਤਰੀ ਸਦਾ ਨੰਦ ਸਿੰਘ, ਕਾ. ਰਾਮ ਦਾਸ ਤਕਿਆਰ, ਮਿਸਤਰੀ ਪ੍ਰੀਤਮ ਸਿੰਘ ਅਤੇ ਲੇਖਕ ਆਦਿ ਸਨ। ਉਸ ਮੀਟਿੰਗ ਵਿੱਚ ਸਾਰਾ ਪ੍ਰੋਗਰਾਮ ਉਲੀਕਿਆ ਗਿਆ। ਇਸ ਪ੍ਰੋਗਰਾਮ ਨੂੰ ਸਿਰੇ ਚੜ੍ਹਾਉਣ ਲਈ ਆਮ ਲੋਕਾਂ ਦਾ ਸਹਿਯੋਗ ਲੈਣਾ ਜ਼ਰੂਰੀ ਸੀ।

ਸੋ ਕਾ. ਭੋਲਾ ਸਿੰਘ ਚੀਮਾ ਅਤੇ ਮੈਂ ਦਿਨ ਵੇਲੇ ਪਿੰਡਾਂ ਵਿੱਚ ਸਥਾਨਕ ਕਾਮਰੇਡਾਂ ਨੂੰ ਨਾਲ ਲੈ ਕੇ ਗਜ਼ਾਈ-ਕਮੇਟੀਆਂ ਬਾਰੇ ਲੋਕਾਂ ਨੂੰ ਸਮਝਾਉਂਦੇ। ਸ਼ਾਮ ਵੇਲੇ ਨੂਰਮਹਿਲ ਦੇ ਮੁਹੱਲਿਆਂ ਵਿੱਚ ਮੈਂ ਤੇ ਡਾਕਟਰ ਧਰਮਪਾਲ ਲੋਕਾਂ ਨੂੰ ਗਜ਼ਾਈ ਕਮੇਟੀਆਂ ਬਾਰੇ ਸਮਝਾਉਂਦੇ। ਸ਼ਹਿਰ ਦੇ ਆਮ ਲੋਕਾਂ ਨੂੰ ਸਮਝਾਉਣ ਵਿੱਚ ਅਸੀਂ ਕਾਮਯਾਬ ਹੋਏ। ਉਸ ਵੇਲੇ ਨੂਰਮਹਿਲ ਸ਼ਹਿਰ ਦੇ ਛੇ-ਮਿਊਂਸੀਪਲ ਵਾਰਡ ਸਨ, ਕੁਲ 26 ਮੁਹੱਲੇ ਸਨ। ਹਰ ਮੁਹੱਲੇ ਦੇ ਲੋਕਾਂ ਨੂੰ ਇਕੱਠੇ ਕਰਕੇ ਮੁਹੱਲਾ ਕਮੇਟੀ ਚੁਣੀ ਗਈ। ਉਹਦੇ ਵਿੱਚੋਂ ਇਕ ਨੁਮਾਇੰਦਾ ਸ਼ਹਿਰ ਦੀ ਗਜ਼ਾਈ ਕਮੇਟੀ ਲਈ ਚੁਣਿਆ ਗਿਆ। ਇਸ ਤਰ੍ਹਾਂ ਸ਼ਹਿਰ ਦੀਆਂ 26 ਮੁਹੱਲਾ ਕਮੇਟੀਆਂ ਚੁਣੀਆਂ ਗਈਆਂ ਅਤੇ ਉਨ੍ਹਾਂ ਵਿਚੋਂ ਚੁਣੇ ਗਏ 26 ਮੈਂਬਰਾਂ ਦੀ ਸ਼ਹਿਰ ਦੀ ਗਜ਼ਾਈ ਕਮੇਟੀ ਚੁਣੀ ਗਈ। ਉਸਦਾ ਪ੍ਰਧਾਨ ਦੋਆਬਾ ਆਰੀਆ ਸਕੂਲ ਦਾ ਹੈੱਡ ਮਾਸਟਰ ਚੇਤ ਰਾਮ ਚੁਣਿਆ ਗਿਆ। ਸ਼ਹਿਰ ਦੇ ਬਾ-ਰਸੂਖ ਲੋਕਾਂ ਨੇ

ਇਸ ਸਿਲਸਿਲੇ ਵਿੱਚ ਕੋਈ ਦਿਲਚਸਪੀ ਨਹੀਂ ਲਈ ਅਤੇ ਇਸਦੀ ਕੋਈ ਅਹਿਮੀਅਤ ਨਹੀਂ ਸਮਝੀ।

ਖੰਡ ਦਾ ਡਿਪੂ ਮੇਲਾ ਰਾਮ ਮਿੱਤੂ ਕੋਲ ਸੀ। ਇਸ ਸ਼ਹਿਰ ਦੀ ਆਬਾਦੀ 9000 ਸੀ। ਸ਼ਹਿਰ ਨੂੰ ਹਫ਼ਤੇ ਦੀਆਂ ਸਿਰਫ ਦੋ ਬੋਰੀਆਂ ਖੰਡ ਦੀਆਂ ਮਿਲਦੀਆਂ ਸਨ ਜਿਸ ਵਿੱਚੋਂ ਵੱਡਾ ਹਿੱਸਾ ਸ਼ਹਿਰ ਦੇ ਬਾ-ਰਸੂਖ ਲੋਕ ਤਹਿਸੀਦਲਾਰ ਤੋਂ ਹੀ ਪਰਚੀਆਂ ਕਟਵਾ ਕੇ ਖੰਡ ਲੈ ਕੇ ਜਾਂਦੇ ਅਤੇ ਆਮ ਲੋਕਾਂ ਨੂੰ ਖੰਡ ਮਿਲਦੀ ਹੀ ਨਹੀਂ ਸੀ। ਆਮ ਲੋਕੀਂ ਵਾਰੀ ਲੈਣ ਲਈ ਆਪਸ ਵਿਚ ਝਗੜ ਵੀ ਪੈਂਦੇ, ਇਸ ਲਈ ਡਿਪੂ ਹੋਲਡਰ ਧੱਕਾ ਮੁੱਕੀ ਤੋਂ ਬਚਣ ਲਈ ਪੁਲੀਸ ਸਟੇਸ਼ਨ ਦੀ ਖਿੜਕੀ ਵਿੱਚੋਂ ਲੋਕਾਂ ਨੂੰ ਪਰਚੀਆਂ ਵੰਡਦਾ ਸੀ। ਇਹ ਸਭ (ਲੋਕਾਂ ਦੀ ਦਿੱਕਤ) ਨੂੰ ਦੇਖ ਕੇ ਅਸੀਂ ਲੋਕਾਂ ਦੀ ਲਾਈਨ ਬਣਾਉਣ ਦਾ ਫੈਸਲਾ ਕੀਤਾ। ਮੈਂ ਅਤੇ ਡਾ. ਧਰਮਪਾਲ, ਰਾਮ ਦਾਸ ਅਤੇ ਹੋਰ ਸਾਥੀ ਥਾਣੇ ਦੀ ਖਿੜਕੀ ਤੋਂ ਬਾਹਰ ਲੋਕਾਂ ਨੂੰ ਕਤਾਰ ਵਿੱਚ ਖੜੇ ਹੋ ਕੇ ਵਾਰੀ ਸਿਰ ਪਰਚੀ ਲੈਣ ਲਈ ਪ੍ਰੇਰਦੇ ਤੇ ਇਸ ਵਿੱਚ ਸਾਨੂੰ ਕਾਮਯਾਬੀ ਮਿਲੀ। ਲੋਕ ਵਾਰੀ ਸਿਰ ਪੈਸੇ ਦੇ ਕੇ ਆਪਣੀ ਪਰਚੀ ਲੈਣ ਲੱਗ ਪਏ। ਕੇਵਲ 19 ਪਰਚੀਆਂ ਹੀ ਦਿੱਤੀਆਂ ਗਈਆਂ ਸਨ ਕਿ ਪਰਚੀਆਂ ਖ਼ਤਮ ਹੋ ਗਈਆਂ, ਪਰ ਲੋਕਾਂ ਦੀ ਲਾਈਨ ਅਜੇ ਬਹੁਤ ਹੀ ਲੰਮੀ ਸੀ। ਇਸ ਲਈ ਲਾਈਨ ਵਿੱਚ ਬੈਠੇ ਲੋਕ ਨਿਰਾਸ਼ ਹੋ ਗਏ। ਪਰ ਅਸੀਂ ਆਪਣੇ ਕੋਲੋਂ ਪਰਚੀਆਂ ਬਣਾ ਕੇ ਲਾਈਨ ਵਿੱਚ ਖੜੇ ਲੋਕਾਂ ਨੂੰ ਤਰਤੀਬ ਨਾਲ ਵੰਡੀਆਂ ਅਤੇ ਲੋਕਾਂ ਨੂੰ ਯਕੀਨ ਦੁਆਇਆ ਕਿ ਹੁਣ ਜਿਸ ਦਿਨ ਵੀ ਖੰਡ ਵੰਡਣ ਲਈ ਆਵੇਗੀ ਸਭ ਤੋਂ ਪਹਿਲਾਂ ਅਸੀਂ ਤੁਹਾਨੂੰ ਹੀ ਦੁਆਵਾਂਗੇ। ਇਸ ਸਿਲਸਿਲੇ ਵਿੱਚ ਅਸੀਂ ਡਿਪੂ ਹੋਲਡਰ ਮਿੱਤੂ ਨੂੰ ਵੀ ਮਨਾਇਆ। ਇਸ ਤੋਂ ਬਾਅਦ ਫਿਲੌਰ ਜਾ ਕੇ ਤਹਿਸੀਲਦਾਰ ਨੂੰ ਵੀ ਮਿਲੇ। ਡਿਪੂ ਹੋਲਡਰ ਮਿੱਤੂ ਨੇ ਵੀ ਤਹਿਸੀਲਦਾਰ ਨੂੰ ਨੂਰਮਹਿਲ ਦੀ ਬਣੀ ਹੋਈ ਗਜ਼ਾਈ ਕਮੇਟੀ ਦੇ ਜ਼ਰੀਏ ਖੰਡ ਵੰਡਣ ਦੇ ਉੱਦਮ ਤੇ ਤਰੀਕੇ ਦੇ ਕੰਮ ਨੂੰ ਸਲਾਹਿਆ। ਦੂਸਰੀ ਵਾਰ ਜਦ ਖੰਡ ਆਈ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਲੋਕਾਂ ਨੂੰ ਹੀ ਖੰਡ ਦਿਲਵਾਉਣ ਵਿੱਚ ਕਾਮਯਾਬ ਹੋ ਗਏ ਜਿਨ੍ਹਾਂ ਲੋਕਾਂ ਨੂੰ ਅਸੀਂ ਪਰਚੀਆਂ ਦਿੱਤੀਆਂ ਹੋਈਆਂ ਸਨ। ਸੋ ਅਸੀਂ ਖਿੜਕੀ ਅੱਗੇ ਖੜੇ ਹੋ ਕੇ ਵਾਰੀ-ਵਾਰੀ ਸਭ ਨੂੰ ਖੰਡ ਦੀ ਪਰਚੀ ਦਿਲਵਾਈ। ਇਸ ਤਰ੍ਹਾਂ ਕਤਾਰ ਵਿੱਚ ਖੜੇ 120 ਬੰਦਿਆਂ ਨੂੰ ਇਕ-ਇਕ ਸੇਰ ਖੰਡ ਮਿਲ ਗਈ।

ਇਹ ਹੀ ਤਰੀਕਾ ਪਿੰਡਾਂ ਵਿੱਚ ਵੀ ਕਾਮਯਾਬ ਹੋਇਆ, ਜਿਨ੍ਹਾਂ ਪਿੰਡਾਂ ਵਿੱਚ ਅਸੀਂ ਗਜ਼ਾਈ ਕਮੇਟੀਆਂ ਬਣਾਈਆਂ ਸਨ।

ਨੂਰਮਹਿਲ ਦੀ ਅਬਾਦੀ ਦੇ ਲਿਹਾਜ਼ ਨਾਲ ਅਲਾਟ ਹੋਈਆਂ ਬੋਰੀਆਂ ਬਹੁਤ ਘੱਟ ਸਨ। ਅਸੀਂ ਸ਼ਹਿਰ ਦੀ ਗਜ਼ਾਈ ਕਮੇਟੀ ਨੇ ਫੈਸਲਾ ਕੀਤਾ ਕਿ ਸ਼ਹਿਰ ਦੇ ਹਰ ਘਰ ਦੇ ਚੁੱਲ੍ਹੇ ਪ੍ਰਤੀ ਖੰਡ ਮਿਲੇ। ਅਸੀਂ ਮੁਹੱਲਾ ਕਮੇਟੀਆਂ ਜ਼ਰੀਏ ਦੁਬਾਰਾ ਸਾਰੇ ਘਰਾਂ ਦੀ ਲਿਸਟ ਬਣਾਈ ਅਤੇ ਅਸੀਂ ਇੱਕ ਬਾਲ-ਸਭਾ ਵੀ ਬਣਾਈ ਹੋਈ ਸੀ, ਅਸੀਂ ਉਸ ਨੂੰ ਦੇਸ਼ ਭਗਤੀ ਦੀ ਸਿੱਖਿਆ ਦਿੰਦੇ ਸਾਂ, ਉਨ੍ਹਾਂ ਦਾ ਖੇਡਾਂ ਦੇ ਪ੍ਰਤੀ ਰੁਝਾਨ ਵੀ ਵਧਾਉਂਦੇ

ਸਾਂ ਤੇ ਭਾਈਚਾਰਕ ਸਾਂਝ ਵੀ ਵਧਾਉਂਦੇ ਸਾਂ। ਅਸੀਂ ਉਨ੍ਹਾਂ ਬੱਚਿਆਂ ਨੂੰ ਹਰ ਘਰ ਦੀ ਸਚਾਈ ਜਾਨਣ ਲਈ ਭੇਜਿਆ। ਬਾਲ ਸਭਾ ਨੇ ਇੱਥੇ ਵਧੀਆ ਯੋਗਦਾਨ ਦਿੱਤਾ। ਸ਼ਹਿਰ ਦੇ ਕਿਸੇ ਪਾਸਿਉਂ ਵੀ ਕੋਈ ਸ਼ਿਕਾਇਤ ਨਹੀਂ ਆਈ।

ਮੈਂ ਤੇ ਡਾਕਟਰ ਧਰਮ ਪਾਲ ਨੇ ਹਰ ਘਰ ਦੇ ਮੁਖੀਏ ਦਾ ਨਾਮ ਲਿਖ ਕੇ ਉਸ ਘਰ ਦੇ ਮੈਂਬਰ ਲਿਖ ਕੇ ਪਰਚੀ ਦੇ ਥੱਲੇ ਆਪਣੇ ਦਸਤਖ਼ਤ ਕਰਕੇ ਪਰਚੀ ਉਸ ਘਰ ਦੇ ਮੁਖੀ ਨੂੰ ਦੇ ਦਿੰਦੇ ਅਤੇ ਸਾਰੇ ਸ਼ਹਿਰ ਦੀ ਲਿਸਟ ਆਪਣੇ ਕੋਲ ਰੱਖ ਲੈਂਦੇ। ਇਸ ਤਰ੍ਹਾਂ ਖੰਡ ਦੀ ਵੰਡ ਡਿਪੂ ਹੋਲਡਰ ਨੇ ਆਪਣੀ ਦੁਕਾਨ ਤੋਂ ਹੀ (ਥਾਣੇ ਦੇ ਆਸਰੇ ਤੋਂ ਬਿਨਾਂ ਹੀ) ਕੀਤੀ। ਉਸ ਦੀ ਦੁਕਾਨ ਦਾਣਾ ਮੰਡੀ ਵਿੱਚ ਸੀ। ਖੰਡ ਵੰਡਣ ਵੇਲੇ ਗਜ਼ਾਈ ਕਮੇਟੀ ਦੇ ਮੈਂਬਰ ਮੇਰੇ ਨਾਲ ਖੜ੍ਹੇ ਹੋ ਕੇ ਪਰਚੀ ਦੇ ਹਿਸਾਬ ਨਾਲ ਸਾਰਿਆਂ ਨੂੰ ਇਕੋ ਜਿਹੀ ਖੰਡ ਦਿਲਵਾ ਦਿੰਦੇ। ਸਭ ਨੂੰ ਇਕ-ਇਕ ਪਾਈਆ ਖੰਡ ਹਿੱਸੇ ਆਈ। ਇਸ ਤਰ੍ਹਾਂ ਗਰੀਬ ਲੋਕਾਂ ਨੂੰ ਵੀ ਕਈ ਮਹੀਨਿਆਂ ਤੋਂ ਬਾਅਦ ਕੰਟਰੋਲ ਰੇਟ ਉੱਤੇ ਖੰਡ ਮਿਲੀ।

ਗਰੀਬ ਲੋਕ ਬਲੈਕ ਰੇਟ ਉੱਤੇ ਖੰਡ ਨਹੀਂ ਸੀ ਲੈ ਸਕਦੇ। ਡਿਪੂ ਹੋਲਡਰ ਵੀ (ਬਿਨਾਂ ਪੁਲਿਸ ਦੇ ਆਸਰੇ ਦੇ) ਆਪਣੀ ਦੁਕਾਨ ਉੱਤੋਂ ਹੀ ਖੰਡ ਦੇ ਕੇ ਖੁਸ਼ ਸੀ।

ਨੋਟ : ਗਜ਼ਾਈ ਕਮੇਟੀ ਦੇ ਦੋ ਮੈਂਬਰਾਂ ਨੇ ਦੋ ਘਰਾਂ ਦੀਆਂ ਪਰਚੀਆਂ ਲੈ ਕੇ ਉਨ੍ਹਾਂ ਦੇ ਹਿੱਸੇ ਦੀ ਖੰਡ ਆਪ ਰੱਖ ਲਈ ਸੀ। ਇਸ ਦੀ ਸ਼ਿਕਾਇਤ ਗਜ਼ਾਈ ਕਮੇਟੀ ਕੋਲ ਪਹੁੰਚ ਗਈ ਅਤੇ ਪੁੱਛ ਪੜਤਾਲ ਹੋ ਗਈ। ਉਨ੍ਹਾਂ ਦੋਸ਼ੀਆਂ ਕੋਲੋਂ ਖੰਡ ਵਾਪਿਸ ਲੈ ਕੇ ਹੱਕਦਾਰ ਬੰਦਿਆਂ ਨੂੰ ਦੇ ਦਿੱਤੀ ਤੇ ਦੋਸ਼ੀਆਂ ਨੇ ਵੀ ਮੁਆਫ਼ੀ ਮੰਗ ਲਈ।

ਲੋਕਾਂ ਦੀ ਜਮਹੂਰੀ ਜਥੇਬੰਦੀ ਕਿਵੇਂ ਬਣਾਈ ਜਾਂਦੀ ਹੈ ਅਤੇ ਉਸ ਜਥੇਬੰਦੀ ਦੀ ਸਮਾਜਿਕ ਤਾਕਤ ਕਿੰਨੀ ਹੋ ਜਾਂਦੀ ਹੈ। ਇਸ ਪ੍ਰਕਿਰਿਆ ਤੋਂ ਸਾਨੂੰ ਕਾਫ਼ੀ ਤਜ਼ਰਬਾ ਹੋਇਆ। ਖੰਡ ਦੀ ਵੰਡ ਦਾ ਇਹ ਕੰਮ (ਅਮਲ) ਪੰਜ-ਛੇ ਮਹੀਨੇ ਚੱਲਦਾ ਰਿਹਾ। ਪੰਜ-ਛੇ ਮਹੀਨਿਆਂ ਬਾਅਦ ਸਰਕਾਰੀ ਤੌਰ ਉੱਤੇ ਨਗਰਾਂ ਵਿੱਚ ਰਾਸ਼ਨ ਕਾਰਡ ਬਣ ਗਏ ਅਤੇ ਰਾਸ਼ਨ ਕਾਰਡਾਂ ਉੱਤੇ ਖੰਡ, ਮਿੱਟੀ ਦਾ ਤੇਲ ਅਤੇ ਮੋਟਾ ਕੱਪੜਾ ਸਸਤੇ ਭਾਅ ਉੱਤੇ ਮਿਲਣ ਲਗ ਪਿਆ।

ਬੰਗਾਲ ਦਾ ਅਕਾਲ

1943 ਵਿੱਚ ਬੰਗਾਲ ਵਿੱਚ ਬੜਾ ਭਿਆਨਕ ਅਕਾਲ ਪਿਆ ਸੀ, ਉੱਥੇ ਲੱਖਾਂ ਲੋਕ ਗਰੀਬੀ ਅਤੇ ਭੁੱਖ ਨਾਲ ਮਰ ਰਹੇ ਸਨ। ਸੀ.ਪੀ.ਆਈ. ਇਸ ਅਕਾਲ ਵਿੱਚ ਲੋਕਾਂ ਦੀ ਭੁੱਖਮਰੀ ਤੋਂ ਬਚਣ ਲਈ ਹਰ ਸੰਭਵ ਸਹਾਇਤਾ ਕਰ ਰਹੀ ਸੀ। ਪੰਜਾਬ ਦੇ ਲੋਕਾਂ ਕੋਲੋਂ ਬੰਗਾਲ ਦੀ ਇਸ ਬਿਪਤਾ ਵਿੱਚ ਸਹਾਇਤਾ ਮੰਗਣ ਦੇ ਉਦੇਸ਼ ਲਈ ਕਲਕੱਤੇ ਤੋਂ ਇਪਟਾ ਰਾਹੀਂ ਨਾਟਕ ਕਰਨ ਵਾਲਾ ਗਰੁੱਪ ਪੰਜਾਬ ਭੇਜਿਆ। ਪੰਜਾਬ ਦੀ ਸੂਬਾ ਪਾਰਟੀ ਕਮੇਟੀ ਨੇ ਇਸ ਦੇ ਨਾਟਕ ਬਹੁਤ ਨਗਰਾਂ ਵਿੱਚ ਕਰਵਾਏ। ਇਕ ਨਾਟਕ ਨਕੋਦਰ ਨਗਰ ਵਿੱਚ ਵੀ ਕਰਵਾਇਆ। ਇਹ ਨਾਟਕ ਬੀਬੀ ਤੇਜਵੰਤੀ ਧੀਰ (ਜੋ ਸ਼ੋਸ਼ਲ ਵਰਕਰ ਸੀ) ਨੇ (ਨਕੋਦਰ ਵਿੱਚ) ਔਰਗੇਨਾਈਜ਼ ਕੀਤਾ ਸੀ। ਇਪਟਾ ਦੀ ਟੀਮ ਬੰਗਾਲ ਦੇ ਇਸ ਭਿਆਨਕ ਤੇ ਦਰਦਨਾਕ ਦ੍ਰਿਸ਼ ਦੀ ਤਸਵੀਰ ਗੀਤਾਂ ਰਾਹੀਂ ਪੇਸ਼ ਕਰਦੀ ਸੀ। ਲੋਕਾਂ ਉੱਤੇ ਇਸ ਦਾ ਪ੍ਰਭਾਵ ਬਹੁਤ ਪੈਂਦਾ ਸੀ। ਪੰਜਾਬ ਦੀ ਪਾਰਟੀ ਕਮੇਟੀ ਨੇ ਕਾਫ਼ੀ ਅਨਾਜ ਇਕੱਠਾ ਕਰਕੇ ਬੰਗਾਲ ਭੇਜਿਆ। ਬੰਗਾਲ ਦੇ ਇਸ ਭਿਆਨਕ ਅਕਾਲ ਨੂੰ ਵਧਾਉਣ ਵਿੱਚ ਜ਼ਖ਼ੀਰਾ ਅੰਦੋਜਾਂ (ਸਟੋਰੀਏ ਵਪਾਰੀਆਂ) ਦਾ ਵੱਡਾ ਹੱਥ ਸੀ। ਸਰਕਾਰੀ-ਤੰਤਰ ਦੀ ਮੱਦਦ ਨਾਲ ਇਨ੍ਹਾਂ ਸਟੋਰੀਆਂ ਨੇ ਸਸਤੇ ਭਾਅ ਉੱਤੇ ਅਨਾਜ ਖਰੀਦ ਕੇ ਗੋਦਾਮਾਂ ਵਿੱਚ ਭਰ ਰੱਖਿਆ ਸੀ ਅਤੇ ਉਹ ਇਸ ਅਨਾਜ ਨੂੰ ਮਹਿੰਗੇ ਭਾਅ ਉੱਤੇ ਵੇਚ ਰਹੇ ਸਨ। ਬਾਰਸ਼ ਘੱਟ ਹੋਣ ਕਰਕੇ ਕਿਸਾਨਾਂ ਦੀ ਫ਼ਸਲ ਤਬਾਹ ਹੋ ਗਈ ਸੀ (ਸੋਕਾ ਪੈ ਗਿਆ ਸੀ) ਜਿਸ ਕਰਕੇ ਗ਼ਰੀਬ ਕਿਸਾਨਾਂ ਅਤੇ ਆਮ ਗ਼ਰੀਬ ਲੋਕਾਂ ਕੋਲ ਮਹਿੰਗੇ ਭਾਅ ਉੱਤੇ ਅਨਾਜ ਖਰੀਦਣ ਲਈ ਮਾਲੀ ਤਾਕਤ ਨਹੀਂ ਸੀ ਅਤੇ ਉਹ ਕੰਮ ਦੀ ਤਲਾਸ਼ ਵਿੱਚ ਤੇ ਸਹਾਇਤਾ ਲਈ ਸ਼ਹਿਰਾਂ ਦੀ ਤਰਫ਼ ਕੂਚ ਕਰ ਰਹੇ ਸਨ। ਬਹੁਤ ਵੱਡੀ ਗਿਣਤੀ ਵਿੱਚ ਗ਼ਰੀਬ ਲੋਕ ਕੁਪੋਸ਼ਣ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਕੇ ਰਾਹ ਵਿੱਚ ਹੀ ਡਿੱਗ ਪੈਂਦੇ ਸਨ।

ਇਸ ਅਕਾਲ ਦਾ ਦਰਦਨਾਕ ਚਿਤਰਣ ਇਕ ਮਸ਼ਹੂਰ ਸ਼ਾਇਰ ਜਿਗਰ ਮੁਰਾਦਾਬਾਦੀ ਨੇ ਆਪਣੇ ਸ਼ਬਦਾਂ ਵਿੱਚ ਕੀਤਾ ਹੈ, ਉਸ ਦੀ ਉਸ ਲੰਬੀ ਨਜ਼ਮ ਦੇ ਕੁਝ ਸ਼ੇਅਰ ਮੈਂ ਇੱਥੇ ਦੇ ਰਿਹਾ ਹਾਂ ਜੋ ਮੈਨੂੰ ਯਾਦ ਹਨ:-

"ਬੰਗਾਲ ਕੀ ਸ਼ਾਮ-ਓ-ਸਹਰ ਦੇਖ ਰਹਾ ਹੂੰ,
ਹਰ ਚੰਦ ਕਿ ਹੂੰ ਦੂਰ ਮਗਰ ਦੇਖ ਰਹਾ ਹੂੰ!

ਇਫ਼ਲਾਸ ਕੀ ਮਾਰੀ ਹੂਈ ਮਖ਼ਲੂਕ ਸਰ-ਏ-ਰਾਹ,
ਬੇ-ਗੋਰ-ਓ ਕਫ਼ਨ ਖ਼ਾਕ-ਬੈ-ਸਰ ਦੇਖ ਰਹਾ ਹੂੰ!
ਬੱਚੋਂ! ਕਾ ਤੜਪਨਾ, ਓ ਬਿਲਖ਼ਨਾ ਵੋ ਸਿਸਕਨਾ,
ਮਾਂ-ਬਾਪ ਕੀ ਮਾਯੂਸ ਨਜ਼ਰ ਦੇਖ ਰਹਾਂ ਹੂੰ!
ਇਨਸਾਨ ਕੇ ਹੋਤੇ ਹੂਏ ਇਨਸਾਨ ਕਾ ਯਹ ਹਸ਼ਰ,
ਦੇਖਾ ਨਹੀਂ ਜਾਤਾ ਮਗਰ ਦੇਖ ਰਹਾ ਹੂੰ!!

ਸਰਮਾਏਦਾਰੀ ਸਿਸਟਮ ਵਿੱਚ ਨਿੱਜੀ ਜਾਇਦਾਦ (PRIVATE PROPERTY) ਦੇ ਮਾਲਕ ਨੂੰ ਆਪਣੇ ਮਾਲ ਦਾ ਜ਼ਿਆਦਾ ਮੁਨਾਫ਼ਾ ਕਮਾਉਣ ਦੀ ਮਾਨਸਿਕਤਾ ਕਿੰਨਾ ਲਾਲਚੀ ਬਣਾ ਦਿੰਦੀ ਹੈ ਕਿ ਉਸ ਨੂੰ ਇਨਸਾਨੀ ਜੀਵਨ ਦੀ ਕੋਈ ਕਦਰ ਨਹੀਂ ਰਹਿੰਦੀ। ਬੰਗਾਲ ਦੇ ਇਸ ਅਕਾਲ ਦਾ ਮੇਰੇ ਮਨ ਉੱਤੇ ਬਹੁਤ ਗਹਿਰਾ ਅਸਰ ਹੋਇਆ ਸੀ।

ਕੰਮ ਦੀ ਦੌੜ-ਭੱਜ ਕਰਕੇ ਮੈਂ ਬੀਮਾਰ ਹੋ ਗਿਆ ਅਤੇ ਵੱਡੇ ਭਰਾ ਜਗਦੀਸ਼ ਚੰਦਰ ਕੋਲ ਦਿੱਲੀ ਚਲਾ ਗਿਆ। ਕੁਝ ਦਿਨ ਉੱਥੇ ਡਾਕਟਰਾਂ ਨੂੰ ਦਿਖਾ ਕੇ ਦਵਾਈ ਵਗੈਰਾ ਲੈ ਕੇ ਵਾਪਿਸ ਨੂਰਮਹਿਲ ਆ ਗਿਆ ਅਤੇ ਪਾਰਟੀ ਦੇ ਕੰਮ ਵਿੱਚ ਸਰਗਰਮ ਹੋ ਗਿਆ।

ਜ਼ਿਲ੍ਹਾ ਜਲੰਧਰ ਦੇ ਪਾਰਟੀ ਕਮੇਟੀ ਦੀ ਸੈਕਟਰੀਸ਼ਿਪ ਦੀ ਡਿਊਟੀ

ਨੂਰਮਹਿਲ ਵਿੱਚ ਫੂਡ ਕਮੇਟੀ ਬਣਾਉਣ ਅਤੇ ਉਸ ਨੂੰ ਜਮਹੂਰੀ ਢੰਗ ਨਾਲ ਚਲਾਉਣ ਦੇ ਕੰਮ ਨੇ ਜ਼ਿਲ੍ਹੇ ਦੇ ਪਾਰਟੀ ਵਰਕਰਾਂ ਉੱਤੇ ਚੰਗਾ ਪ੍ਰਭਾਵ ਪਾਇਆ ਸੀ।

ਉਸ ਸਮੇਂ (1943) ਜ਼ਿਲ੍ਹਾ ਜਲੰਧਰ ਵਿੱਚ ਪਾਰਟੀ ਦਾ ਕੰਮ ਸੁਚਾਰੂ-ਰੂਪ ਨਾਲ ਚਲਾਉਣ ਲਈ ਪਾਰਟੀ ਦੀ ਸੂਬਾ ਕਮੇਟੀ ਵੱਲੋਂ ਜ਼ਿਲ੍ਹਾ ਜਲੰਧਰ ਵਿਚ ਕਾ. ਭਗਤ ਸਿੰਘ ਬਿਲਗਾ ਦੀ ਡਿਊਟੀ ਲਗਾਈ ਹੋਈ ਸੀ। ਉਸ ਸਮੇਂ ਜਿਹੜੀ ਜ਼ਿਲ੍ਹਾ ਕਮੇਟੀ ਬਣੀ ਹੋਈ ਸੀ, ਉਹ ਜ਼ਿਲ੍ਹੇ ਦੇ ਪਾਰਟੀ ਮੈਂਬਰਾਂ ਨੂੰ ਸਰਗਰਮ ਨਹੀਂ ਸੀ ਕਰ ਸਕੀ, ਕਿਉਂਕਿ ਜ਼ਿਲ੍ਹੇ ਦੇ 80% ਮੈਂਬਰ ਪੁਰਾਣੇ ਕਿਰਤੀ ਸਨ। ਜ਼ਿਲ੍ਹਾ ਪਾਰਟੀ ਕਮੇਟੀ ਦੇ ਸਾਰੇ ਮੈਂਬਰ ਕਮਿਊਨਿਸਟ ਪਾਰਟੀ (ਜੋਸ਼ ਗਰੁੱਪ) ਦੇ ਸਨ, ਕੇਵਲ ਸਾਥੀ ਗੁਰਬਖਸ਼ ਸਿੰਘ ਅੱਟਾ, ਜਿਹੜਾ ਜ਼ਿਲ੍ਹੇ ਦਾ ਪਾਰਟੀ ਸੈਕਟਰੀ ਸੀ ਉਹ ਪੁਰਾਣਾ ਕਿਰਤੀ ਸੀ ਪਰ ਉਹ ਜ਼ਿਲ੍ਹੇ ਦੇ ਪਾਰਟੀ ਵਰਕਰਾਂ ਦਾ ਵਿਸ਼ਵਾਸ ਨਹੀਂ ਸੀ ਜਿੱਤ ਸਕਿਆ।

ਕਾਮਰੇਡ ਜੋਸ਼ ਗਰੁੱਪ ਦੇ ਪਾਰਟੀ ਮੈਂਬਰ ਕਿਰਤੀ ਪਾਰਟੀ ਦੇ ਵਰਕਰਾਂ ਨੂੰ ਸਿਰਫ਼ 'ਕਿਸਾਨ ਇਨਕਲਾਬੀ' ਹੀ ਸਮਝਦੇ ਸਨ ਭਾਵੇਂ ਉਹ ਆਪ ਵੀ ਸਾਰੇ ਕਿਸਾਨਾਂ ਵਿੱਚੋਂ ਹੀ ਸਨ ਅਤੇ ਮਾਰ੍ਕਸਵਾਦ ਦੇ ਸਿਧਾਂਤ ਦਾ ਬਹੁਤ ਗਿਆਨ ਨਹੀਂ ਸੀ ਰੱਖਦੇ। ਕਿਰਤੀ ਪਾਰਟੀ ਦੇ ਵਰਕਰ ਕਾਫੀ ਕੰਮ ਕਰਨ ਵਾਲੇ (Hard worker) ਸਨ ਅਤੇ ਜੋਸ਼ ਗਰੁੱਪ ਦੇ ਵਰਕਰਾਂ ਨੂੰ ਘੱਟ ਮਿਹਨਤੀ ਸਮਝਦੇ ਸਨ। ਕਿਰਤੀ ਵਰਕਰ ਚੰਗੇ ਮਾਸ ਵਰਕਰ ਸਨ ਅਤੇ ਲੋਕਾਂ ਵਿੱਚ ਬਹੁਤ ਰਸੂਖ਼ ਰੱਖਦੇ ਸਨ, ਇਸ ਲਈ ਉਹ ਲੋਕਾਂ ਦਾ ਭਾਰੀ ਇਕੱਠ ਕਰਨ ਅਤੇ ਪਾਰਟੀ ਕੰਮ ਨੂੰ ਜਥੇਬੰਦ ਕਰਨ (ORGANISE) ਵਿੱਚ ਕਾਮਯਾਬ ਹੋ ਜਾਂਦੇ ਸਨ।

ਜ਼ਿਲ੍ਹੇ ਜਲੰਧਰ ਦੇ ਪਾਰਟੀ ਕੰਮ ਵਿੱਚ ਆਈ ਹੋਈ ਖੜੋਤ ਨੂੰ ਦੇਖਦੇ ਹੋਏ ਕਾ. ਭਗਤ ਸਿੰਘ ਬਿਲਗਾ ਨੇ ਜ਼ਿਲ੍ਹੇ ਦੇ ਸਾਰੇ ਪਾਰਟੀ ਮੈਂਬਰਾਂ ਦਾ ਵੱਡਾ ਇਜਲਾਸ ਬੁਲਾਇਆ ਅਤੇ ਸਾਰੇ ਵਰਕਰਾਂ ਤੋਂ ਇਸ ਖੜੋਤ (ਜਮੂਦ) ਨੂੰ ਤੋੜਨ ਲਈ ਉਨ੍ਹਾਂ ਦੀ ਰਾਏ ਪੁੱਛੀ। ਕਾਫ਼ੀ ਬਹਿਸ ਮੁਬਾਹਿਸੇ (ਵਿਚਾਰ-ਵਿਮਰਸ਼) ਤੋਂ ਬਾਅਦ ਕਾ. ਭਗਤ ਸਿੰਘ ਬਿਲਗਾ ਨੇ ਮੈਨੂੰ ਜ਼ਿਲ੍ਹੇ ਦਾ ਪਾਰਟੀ ਸੈਕਟਰੀ ਬਣਾ ਦਿੱਤਾ ਪਰ ਜ਼ਿਲ੍ਹਾ ਪਾਰਟੀ ਕਮੇਟੀ ਦੇ ਬਾਕੀ ਮੈਂਬਰ ਉਹੀ ਰੱਖੇ ਜੋ ਪਹਿਲੇ ਹੀ ਸਨ। ਉਨ੍ਹਾਂ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ।

ਜ਼ਿਲ੍ਹਾ ਜਲੰਧਰ ਵਿੱਚ ਜ਼ਿਆਦਾ ਕਿਰਤੀ ਪਾਰਟੀ ਦੇ ਹੀ ਵਰਕਰ ਸਨ। ਉਨ੍ਹਾਂ ਨੂੰ ਹਰਕਤ ਵਿੱਚ ਲਿਆਉਣ ਲਈ ਮੈਨੂੰ ਕੋਈ ਦਿੱਕਤ ਨਹੀਂ ਆਈ। ਪਰ ਲੋਕਾਂ ਵਿੱਚ

ਕੰਮ ਕਰਦਿਆਂ ਪਾਰਟੀ ਦੀ ਪੋਲਿਟੀਕਲ ਲਾਈਨ ਜੋ ਕਿ ਮੁੱਖ ਤੌਰ ਤੇ 'ਪੀਪਲਜ਼ ਵਾਰ' ਦਾ ਨਾਹਰਾ ਦੇ ਕੇ ਫਾਸਿਜ਼ਮ ਵਿਰੁੱਧ ਹੋ ਗਈ ਸੀ। (ਇਸ ਨੇ ਦੇਸ਼ ਦੀ ਅਜ਼ਾਦੀ ਦੀ ਲੜਾਈ ਦੀ ਲਾਈਨ ਨੂੰ ਪਿੱਛੇ ਪਾ ਦਿੱਤਾ ਸੀ।) ਸਾਡੇ ਇਸ ਨਜ਼ਰੀਏ ਤੋਂ ਆਮ ਲੋਕੀ ਬਹੁਤ ਨਾਰਾਜ਼ ਸਨ, ਕਿਉਂਕਿ ਕਾਂਗਰਸ ਤੇ ਅਕਾਲੀ ਵਰਕਰਾਂ ਨੂੰ ਸਾਡੇ ਖਿਲਾਫ਼ ਪ੍ਰਚਾਰ ਕਰਨ ਦਾ ਇਕ ਵੱਡਾ ਹਥਿਆਰ ਮਿਲ ਗਿਆ ਸੀ। ਇਹ ਦੂਸ਼ਣ ਹਮੇਸ਼ਾ ਹੀ ਸਾਡੇ ਉੱਤੇ ਲੱਗਦਾ ਰਿਹਾ। ਲੋਕਾਂ ਦੇ ਆਰਥਿਕ ਘੋਲਾਂ ਨੂੰ ਇਮਾਨਦਾਰੀ ਨਾਲ ਲੜਦਿਆਂ ਲੋਕ ਇਤਬਾਰ ਤਾਂ ਕਰਦੇ ਸਨ ਅਤੇ ਸਾਡੀ ਇੱਜ਼ਤ ਵੀ ਕਰਦੇ ਸਨ, ਪਰ ਲੋਕਾਂ ਦਾ ਪੋਲਿਟੀਕਲ ਭਰੋਸਾ ਅਸੀਂ ਨਾ ਜਿੱਤ ਸਕੇ।

ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਆਪਣੇ ਪਾਰਟੀ ਵਰਕਰਾਂ ਦੀ ਮਾਰਕਸੀ ਨਜ਼ਰੀਏ ਤੋਂ ਬੌਧਿਕ ਸੂਝ ਉੱਚਾ ਕਰਨ ਦੀ (ਵਧਾਉਣ ਦੀ) ਬਹੁਤ ਘੱਟ ਕੋਸ਼ਿਸ਼ ਕਰਦੀ ਸੀ। ਸਿਰਫ ਰੂਸ ਦੀ ਕਮਿਊਨਿਸਟ ਪਾਰਟੀ (ਬਾਲਸ਼ਵਿਕ BOLSHEVIK) ਦਾ ਪਾਰਟੀ ਇਤਿਹਾਸ ਹੀ ਪੜ੍ਹਾਇਆ ਜਾਂਦਾ ਸੀ। ਭਾਰਤੀ ਸਮਾਜ ਦਾ ਵਿਕਾਸ ਕਿਵੇਂ ਹੋਇਆ? ਇਹ ਇਤਿਹਾਸ (ਆਰਥਿਕ ਤੇ ਸਮਾਜਿਕ) ਮਾਰਕਸੀ ਨਜ਼ਰੀਏ ਤੋਂ ਕਦੇ ਵੀ ਨਹੀਂ ਸੀ ਪੜ੍ਹਾਇਆ ਜਾਂਦਾ। ਵਰਕਰਾਂ ਦਾ ਸਟੱਡੀ-ਸਰਕਲ ਇਸ ਦ੍ਰਿਸ਼ਟੀਕੋਣ ਤੋਂ ਕਦੇ ਵੀ ਨਹੀਂ ਲਗਾਇਆ ਗਿਆ। ਵਰਕਰਾਂ ਦੀ ਸਾਰੀ ਤਾਕਤ 'ਕਿਸਾਨ ਕਮੇਟੀ' ਬਣਾਉਣ, ਉਗਰਾਹੀ ਕਰਕੇ ਸਿਆਸੀ ਕਾਨਫਰੰਸ ਕਰਨ (ਉੱਥੇ ਲੰਗਰ ਚਲਾਉਣ), ਜਿੱਥੇ ਮਜ਼ਦੂਰ ਸੈਂਟਰ ਸਨ ਉੱਥੇ ਮਜ਼ਦੂਰ ਜਥੇਬੰਦੀਆਂ ਬਣਾਉਣ ਤੇ ਮਜ਼ਦੂਰਾਂ-ਕਿਸਾਨਾਂ ਦੀਆਂ ਮੰਗਾਂ ਲੈ ਕੇ ਪ੍ਰਚਾਰ ਤੇ ਸੰਘਰਸ਼ ਕਰਨ ਉੱਤੇ ਹੀ ਲੱਗ ਜਾਂਦੀ।

ਜ਼ਿਲ੍ਹਾ ਪਾਰਟੀ ਕਮੇਟੀ ਦੇ ਬਹੁਤੇ ਮੈਂਬਰ ਜ਼ਿਆਦਾ ਸਰਗਰਮ ਨਹੀਂ ਸਨ ਇਸ ਲਈ ਲੋਕਾਂ ਵਿੱਚ ਆਪਣੇ ਕੰਮ ਦੇ ਚੰਗੇ ਨਤੀਜੇ ਕੱਢਣ ਤੋਂ ਅਸਮਰੱਥ ਸਨ, ਪਰ ਪੁਰਾਣੇ ਕਿਰਤੀਆਂ ਵੱਲ ਉਨ੍ਹਾਂ ਦਾ ਨਜ਼ਰੀਆ ਨੁਕਤਾਚੀਨੀ ਵਾਲਾ ਹੀ ਰਹਿੰਦਾ ਸੀ।

1941 ਵਿਚ ਕਿਰਤੀ ਪਾਰਟੀ ਦੇ ਇਕ ਲੀਡਰ ਕਾ. ਦੇਵ ਦੱਤ ਅਟੱਲ ਦੇ ਯਤਨਾਂ ਨਾਲ ਲੜਕੀਆਂ ਦਾ ਇਕ ਗਰੁੱਪ ਔਰਤਾਂ ਵਿਚ ਪੁਲੀਟੀਕਲ ਕੰਮ ਕਰਨ ਲਈ ਲਿਆਂਦਾ ਗਿਆ ਸੀ। ਇਹਨਾਂ ਲੜਕੀਆਂ ਨੂੰ ਸਟੱਡੀ ਸਰਕਲ ਦੇ ਕੇ ਰਾਜਨੀਤਿਕ ਤੌਰ ਉੱਤੇ ਸੂਝਵਾਨ ਬਣਾਇਆ ਗਿਆ। ਇਸ ਗਰੁੱਪ ਵਿਚ ਕਾ. ਸ਼ਿਵ ਕੁਮਾਰ ਸ਼ਾਰਦਾ ਦੀ ਭੈਣ ਸ਼ਕੁੰਤਲਾ ਸ਼ਾਰਦਾ, ਕਾ. ਸ਼ਾਰਦਾ ਦੀ ਪਤਨੀ ਊਸ਼ਾ ਸ਼ਾਰਦਾ, ਸੁਸ਼ੀਲਾ ਦੇਵੀ (ਸੁਸ਼ੀਲਾ ਚੈਨ), ਸਰਲਾ ਦੇਵੀ (ਪਰਸ਼ਰਾਮ), ਸ਼ਕੁੰਤਲਾ ਦੇਵੀ ਛੋਟੀ ਅਤੇ ਤਿੰਨ-ਚਾਰ ਹੋਰ ਲੜਕੀਆਂ ਵੀ ਸਨ। ਔਰਤਾਂ ਦੇ ਮਸਲਿਆਂ ਨੂੰ ਲੈ ਕੇ ਔਰਤਾਂ ਨੂੰ ਜਾਗਰਿਤ ਕਰਨਾ, ਔਰਤਾਂ ਦੇ ਇਨ੍ਹਾਂ ਸਾਰੇ ਮਸਲਿਆਂ ਨੂੰ ਔਰਤ ਵਰਕਰਾਂ ਪਹਿਲਾਂ ਆਪ ਸਮਝਣ ਤੇ ਆਪਣੇ ਮਸਲਿਆਂ ਨੂੰ ਹੱਲ ਕਰਨ ਲਈ ਆਪਣੀ ਸਮਾਜਿਕ ਜੱਥੇਬੰਦੀ ਖੜ੍ਹੀ ਕਰਨ ਤਾਂ ਕਿ ਔਰਤ ਆਪਣੇ ਹੱਕ ਦੀ ਲੜਾਈ ਆਪ ਲੜ ਸਕੇ। ਇਸ ਮਸਲੇ ਬਾਰੇ ਕਿਰਤੀ ਪਾਰਟੀ ਵਿਚ ਪਹਿਲਾਂ ਕਦੇ ਵਿਚਾਰ-ਵਟਾਂਦਰਾ ਹੀ ਨਹੀਂ ਸੀ ਹੋਇਆ। ਔਰਤਾਂ ਦੇ ਮਸਲੇ ਕੀ ਹਨ? ਉਹ ਕਿਸ ਤਰ੍ਹਾਂ ਹੱਲ ਕੀਤੇ ਜਾ ਸਕਦੇ ਨੇ? ਇਸ ਮਸਲੇ ਉੱਤੇ ਕਿਰਤੀ

ਪਾਰਟੀ ਦੀ ਲੀਡਰਸ਼ਿਪ ਨੇ ਲੜਕੀਆਂ ਦਾ ਕਦੇ ਕੋਈ ਸਟੱਡੀ ਸਰਕਲ ਨਹੀਂ ਸੀ ਲਾਇਆ। ਇਹਨਾਂ ਲੜਕੀਆਂ ਨੂੰ ਪਾਰਟੀ ਦੇ ਚੱਲ ਰਹੇ ਕੰਮ ਵਿੱਚ ਹੀ ਸਮੋਣਾ ਪਿਆ। ਉਨ੍ਹਾਂ ਨੂੰ ਛੋਟੇ-ਮੋਟੇ ਪਾਰਟੀ ਦੇ ਕੰਮ ਦੇ ਕੇ ਜਿਵੇਂ ਪਾਰਟੀ ਦਾ ਖੁਫੀਆ ਕੰਮ, ਦਫ਼ਤਰ ਵਿੱਚ ਕੰਮ, ਖੁਫੀਆ ਅਖ਼ਬਾਰ ਜਾਂ ਜਗ੍ਹਾ-ਜਗ੍ਹਾ ਪਹੁੰਚਾਉਣਾ ਆਦਿ ਕੰਮ ਹੀ ਦਿੱਤੇ ਜਾਂਦੇ ਸਨ।

ਜੂਨ 1942 ਦੇ ਬਾਅਦ ਕਮਿਊਨਿਸਟ ਪਾਰਟੀ ਖੁੱਲ੍ਹੇ ਤੌਰ ਉੱਤੇ ਲੋਕਾਂ ਵਿਚ ਪੋਲਿਟੀਕਲ ਕੰਮ ਕਰਨ ਲੱਗ ਪਈ ਸੀ। ਇਨ੍ਹਾਂ ਔਰਤ ਵਰਕਰਾਂ ਨੂੰ ਵੀ ਪਿੰਡਾਂ ਵਿਚ ਜਾ ਕੇ ਕੰਮ ਕਰਨ ਦਾ ਮੌਕਾ ਮਿਲ ਗਿਆ, ਜਿਸ ਵਿਚ ਔਰਤਾਂ ਨੂੰ ਸਮਾਜਿਕ ਤੇ ਰਾਜਨੀਤਿਕ ਤੌਰ ਤੇ ਸਿਆਣੇ ਕਰਨਾ ਅਤੇ ਔਰਤਾਂ ਦੀ ਸਮਾਜ ਵਿਚ ਕੀ ਜਗ੍ਹਾ ਹੋਣੀ ਚਾਹੀਦੀ ਹੈ? ਔਰਤ ਵਰਕਰ ਖੁਦ ਹੀ ਨਹੀਂ ਸੀ ਸਮਝਦੀਆਂ ਕਿਉਂਕਿ ਜਦ ਉਹ ਪੁਲਿਟੀਕਲ ਕੰਮ ਲਈ ਆਈਆਂ ਸਨ, ਕਿਰਤੀ ਪਾਰਟੀ ਕਮੇਟੀ ਨੇ ਇਸ ਬਾਰੇ ਉਨ੍ਹਾਂ ਨੂੰ ਕੋਈ ਗਾਈਡ ਨਹੀਂ ਸੀ ਕੀਤਾ ਅਤੇ ਸੀ.ਪੀ.ਆਈ. ਵਿੱਚ ਆਉਣ ਤੇ ਵੀ ਉਨ੍ਹਾਂ ਨੂੰ ਨਾ ਤਾਂ ਜ਼ਿਲ੍ਹਾ ਪਾਰਟੀ ਕਮੇਟੀ ਨੇ ਅਤੇ ਨਾ ਹੀ ਸੂਬਾ ਪਾਰਟੀ ਕਮੇਟੀ ਨੇ ਕੰਮ ਕਰਨ ਦੇ ਤਰੀਕਿਆਂ ਅਤੇ ਪੁਲਿਟੀਕਲ ਸੋਚ ਬਾਰੇ ਔਰਤ ਵਰਕਰਾਂ ਨੂੰ ਕਦੇ ਸਮਝਾਇਆ ਹੀ ਨਹੀਂ ਸੀ। ਉਨ੍ਹਾਂ ਔਰਤ ਵਰਕਰਾਂ ਨੂੰ ਪਿੰਡਾਂ ਵਿੱਚ ਇਕੱਲੇ ਹੀ ਘੁੰਮਣਾ ਪੈਂਦਾ। ਔਰਤ ਵਰਕਰਾਂ ਜਿੱਥੇ ਵੀ ਜਾਂਦੀਆਂ ਅਤੇ ਜੋ ਵੀ ਕੰਮ ਕਰਦੀਆਂ, ਉਸ ਦੀ ਰਿਪੋਰਟ ਜ਼ਿਲ੍ਹਾ ਪਾਰਟੀ ਕਮੇਟੀ ਨੂੰ ਦਿੰਦੀਆਂ। ਜ਼ਿਲ੍ਹੇ ਜਲੰਧਰ ਦੀ ਕਮੇਟੀ ਨੇ ਮੇਰੇ ਸੈਕਟਰੀ ਬਣਨ ਤੋਂ ਪਹਿਲਾਂ ਕਾਮਰੇਡ ਸੁਸ਼ੀਲਾ ਚੈਨ ਉੱਤੇ (ਕੰਮ ਕਰਨ ਦੇ ਢੰਗ ਤਰੀਕੇ ਤੇ) ਕਈ ਤਰ੍ਹਾਂ ਦੇ ਦੂਸ਼ਣ ਲਾਏ ਸਨ। ਜਿਨ੍ਹਾਂ ਦਾ ਆਧਾਰ ਕੋਈ ਨਹੀਂ ਸੀ। ਇਸ ਉੱਤੇ ਜ਼ਿਲ੍ਹਾ ਪਾਰਟੀ ਕਮੇਟੀ ਦੀਆਂ ਪੰਜ ਛੇ ਮੀਟਿੰਗਾਂ ਵਿਚ ਮੇਰੇ ਨਾਲ ਏਸੇ ਮਸਲੇ ਉੱਤੇ ਬਹਿਸ ਚੱਲਦੀ ਰਹੀ। ਇਹ ਸਾਰੇ ਦੂਸ਼ਣ ਬੇ-ਬੁਨਿਆਦ ਸਨ। ਇਹ ਸਾਰਾ ਕੁਝ ਆਦਮੀਆਂ ਦੀ ਔਰਤਾਂ ਬਾਰੇ ਮਾੜੀ ਮਾਨਸਿਕਤਾ ਦਾ ਹੀ ਪ੍ਰਗਟਾਵਾ ਸਨ। ਸੋ ਕਮੇਟੀ ਨੂੰ ਇਹ ਸਾਰੇ ਦੂਸ਼ਣ ਵਾਪਸ ਲੈਣੇ ਪਏ।

ਪਾਕਿਸਤਾਨ ਦੀ ਮੰਗ ਬਾਰੇ ਸੀ.ਪੀ.ਆਈ. ਦੀ ਪੌਲਿਟੀਕਲ ਲਾਈਨ

1941-42 ਤੱਕ ਮੁਹੰਮਦ ਅਲੀ ਜਿਨਾਹ ਦੀ ਅਗਵਾਈ ਵਿਚ ਮੁਸਲਿਮ ਲੀਗ ਵੱਲੋਂ ਅਲੱਗ ਪਾਕਿਸਤਾਨ ਬਣਾਉਣ ਦੀ ਮੰਗ ਦੀ ਆਵਾਜ਼ ਕਾਫੀ ਬੁਲੰਦ ਹੋ ਚੁੱਕੀ ਸੀ। ਕਾਂਗਰਸ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਸਾਰੇ ਦੇਸ਼ ਨੂੰ ਇਕੱਠਾ ਰੱਖਣਾ ਚਾਹੁੰਦੀ ਸੀ। ਅੰਗਰੇਜ਼ੀ ਸਰਕਾਰ ਦੋਹਾਂ ਦੀਆਂ ਦੂਰੀਆਂ ਵਧਾਉਣ ਵਿੱਚ ਕਾਮਯਾਬ ਰਹੀ।

ਸੀ.ਪੀ.ਆਈ. (C.P.I.) ਇੰਡੀਅਨ ਨੈਸ਼ਨਲ ਕਾਂਗਰਸ ਨਾਲੋਂ ਅਲੱਗ ਹੋ ਚੁੱਕੀ ਸੀ। ਸਾਰੇ ਕਮਿਊਨਿਸਟ ਮੈਂਬਰ ਕਾਂਗਰਸ ਵਿੱਚੋਂ ਅਸਤੀਫ਼ੇ ਦੇ ਚੁੱਕੇ ਸਨ। ਸੀ.ਪੀ.ਆਈ. ਨੇ ਮੁਸਲਿਮ ਲੀਗ ਦੁਆਰਾ ਪਾਕਿਸਤਾਨ ਬਣਾਉਣ ਦੀ ਮੰਗ ਬਾਰੇ ਆਪਣੀ ਨੀਤੀ ਨਿਰਧਾਰਤ ਕਰਨੀ ਸੀ। ਸੀ.ਪੀ.ਆਈ. ਨੇ ਮੁਸਲਿਮ ਲੀਗ ਦੀ ਮੁਸਲਮਾਨਾਂ ਲਈ ਅਲੱਗ ਪਾਕਿਸਤਾਨ ਬਣਾਉਣ ਦੀ ਮੰਗ ਨੂੰ ਉਚਿਤ ਸਮਝਿਆ। ਇਸ ਪੌਲਿਟੀਕਲ ਲਾਈਨ ਨੂੰ ਸਾਥੀਆਂ ਨੂੰ ਸਮਝਾਉਣ ਲਈ ਸੂਬਾ ਪਾਰਟੀ ਕਮੇਟੀ ਵੱਲੋਂ ਸਾਰੇ ਜ਼ਿਲ੍ਹਿਆਂ ਦੀਆਂ ਜ਼ਿਲ੍ਹਾ ਪਾਰਟੀ ਕਮੇਟੀਆਂ ਤੇ ਹੋਰ ਕੁਝ ਚੁਣਵੇਂ ਪਾਰਟੀ ਮੈਂਬਰਾਂ ਨੂੰ ਮੁਸਲਿਮ ਲੀਗ ਦੁਆਰਾ ਕੀਤੀ ਗਈ ਪਾਕਿਸਤਾਨ ਦੀ ਮੰਗ ਬਾਰੇ ਪਾਰਟੀ ਦਾ ਦ੍ਰਿਸ਼ਟੀਕੋਣ ਸਮਝਾਉਣ ਲਈ ਲਾਹੌਰ ਦੇ ਬਾਗਵਾਨਪੁਰਾ ਸ਼ਾਲੀਮਾਰ ਬਾਗ ਵਿਚ ਇਕ ਵੱਡੀ ਮੀਟਿੰਗ ਕੀਤੀ। ਪਾਰਟੀ ਦੀ ਪੁਲਿਟੀਕਲ ਲਾਈਨ (ਕਿ ਮੁਸਲਿਮ ਲੀਗ ਦੀ ਅਲਗ ਪਾਕਿਸਤਾਨ ਦੀ ਮੰਗ ਜਾਇਜ਼ ਹੈ) ਸਾਥੀਆਂ ਨੂੰ ਸਮਝਾਉਣ ਲਈ ਲਾਹੌਰ ਦੇ ਬਾਗਵਾਨਪੁਰਾ ਸ਼ਾਲੀਮਾਰ ਬਾਗ (ਇਹ ਬਾਗ ਮੀਆਂ ਇਫਤਖ਼ਾਰ-ਉਲ-ਦੀਨ ਦਾ ਬਾਗ ਸੀ) ਵਿਚ ਇਕ ਵੱਡੀ ਮੀਟਿੰਗ ਰੱਖੀ ਗਈ। ਜਿਸ ਨੂੰ ਸੀ.ਪੀ.ਆਈ. ਦੀ ਪਾਰਟੀ ਸੈਂਟਰਲ ਕਮੇਟੀ ਦੇ ਲੀਡਰ ਡਾ. ਅਧਿਕਾਰੀ ਨੇ ਸੰਬੋਧਿਤ ਕੀਤਾ। ਉਸ ਨੇ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਨੂੰ ਉਚਿਤ ਦੱਸਿਆ ਅਤੇ ਪਾਰਟੀ ਵਰਕਰਾਂ ਨੂੰ ਹਮਾਇਤ ਕਰਨ ਲਈ ਸਮਝਾਇਆ ਅਤੇ ਪ੍ਰਚਾਰ ਕਰਨ ਲਈ ਕਿਹਾ। ਮੀਟਿੰਗ ਵਿੱਚ ਇਸ ਪੌਲਿਟੀਕਲ ਲਾਈਨ ਦੀ ਕਾਮਰੇਡ ਮੁਬਾਰਕ ਸਾਗਰ, ਕਾ. ਭਗਤ ਸਿੰਘ ਬਿਲਗਾ ਅਤੇ ਕਾ. ਕਰਮ ਸਿੰਘ ਮਾਨ ਨੇ ਮੁਖ਼ਾਲਫਤ ਕੀਤੀ ਜਿਸ ਨੂੰ ਕਾ. ਅਧਿਕਾਰੀ ਨੇ ਇਹ ਕਹਿ ਕੇ ਦਬਾ ਦਿੱਤਾ ਕਿ 'ਪਾਕਿਸਤਾਨ ਤੁਮਾਹਰੇ ਗਲੇ ਨਹੀਂ ਉਤਰਤਾ।'' ਕਾ.

ਅਧਿਕਾਰੀ ਦੇ ਇਸ ਰਵੱਈਏ ਤੋਂ ਬਾਅਦ ਕਿਸੇ ਵੀ ਸਾਥੀ ਨੇ ਪਾਰਟੀ ਦੀ ਇਸ ਲਾਇਨ ਬਾਰੇ ਕੋਈ ਸਵਾਲ ਨਹੀਂ ਪੁੱਛਿਆ। ਇਸ ਲਾਇਨ ਨੂੰ ਪਾਰਟੀ ਮੈਂਡਿਟ (Mandate) ਸਮਝਿਆ। ਭਾਵੇਂ ਬਹੁਤੇ ਸਾਥੀ ਇਸ ਲਾਇਨ ਉੱਤੇ ਸਹਿਮਤ ਨਹੀਂ ਸਨ ਹੋਏ।

1944 ਦੇ ਵਿਚ ਹੀ ਜੰਡਿਆਲਾ ਜ਼ਿਲ੍ਹਾ ਜਲੰਧਰ ਸੂਬਾ ਪਾਰਟੀ ਕਮੇਟੀ ਵੱਲੋਂ ਕੀਤੀ ਗਈ ਇਕ ਵੱਡੀ ਪੋਲਿਟੀਕਲ ਕਾਨਫਰੰਸ ਵਿਚ ਕਾ. ਸੋਹਣ ਸਿੰਘ ਜੋਸ਼ ਵੱਲੋਂ 'ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਗਵਾਏ ਗਏ। ਇਸ ਪਾਰਟੀ ਲਾਇਨ ਦੀ ਆਮ ਲੋਕਾਂ ਵਿੱਚ ਬਹੁਤ ਮੁਖ਼ਾਲਫ਼ਤ ਹੋਈ। ਪਾਰਟੀ ਸੈਂਟਰਲ ਕਮੇਟੀ ਨੇ ਧਰਮ (ਮਜ਼੍ਹਬੀ) ਦੇ ਅਧਾਰ ਉੱਤੇ ਸਿੱਖ ਦੇਸ ਭੂਮੀਆ (Sikh Homeland) ਅਲੱਗ ਤੌਰ ਤੇ ਸੂਬਾ ਬਣਾਉਣ ਦੀ ਮੰਗ ਦਾ ਸੁਝਾਅ ਭੀ ਰੱਖਿਆ। ਇਸ ਲਈ ਹਜ਼ਾਰਾਂ ਦੀ ਤਾਦਾਦ ਵਿਚ ਪੈਂਮਫਲਿਟ ਲੋਕਾਂ ਵਿੱਚ ਵੰਡਣ ਲਈ ਛਪਵਾਏ ਗਏ ਸਨ, ਪਰ ਪੰਜਾਬ ਵਿਚ ਪਾਰਟੀ ਦੇ ਮੈਂਬਰ ਇਸ ਉੱਤੇ ਸਹਿਮਤ (CONVINCE) ਨਹੀਂ ਹੋਏ ਅਤੇ ਇਹ ਲਾਇਨ ਪਾਰਟੀ ਨੂੰ ਵਾਪਿਸ ਲੈਣੀ ਪਈ ਅਤੇ ਇਹ ਸਾਰੇ ਪੈਂਫਲਿਟ ਜਾਇਆ ਕਰਨੇ ਪਏ। ਕਮਿਊਨਿਸਟ ਪਾਰਟੀ ਦਾ ਸਿਧਾਂਤ ਆਤਮ ਨਿਰਣੇ ਦਾ ਹੱਕ (SELF DETERMINATON) ਕੌਮ ਦੇ ਆਧਾਰ ਤੇ ਮੰਨਿਆ ਜਾਂਦਾ ਹੈ। ਇੱਕੋ ਇੱਕ ਇਲਾਕੇ ਦੇ ਵਿੱਚ ਵੱਸਦੇ ਹੋਏ ਲੋਕ ਜਿਨ੍ਹਾਂ ਦਾ ਆਰਥਿਕ ਤੇ ਸਮਾਜਿਕ ਜੀਵਨ ਇਕ ਹੋਵੇ ਅਤੇ ਇੱਕੋ ਬੋਲੀ ਬੋਲਦੇ ਹੋਣ ਉਨ੍ਹਾਂ ਨੂੰ ਕੌਮ ਮੰਨਿਆ ਜਾਂਦਾ ਹੈ ਭਾਵੇਂ ਉਹ ਕਈਆਂ ਧਰਮਾਂ ਦੇ ਹੀ ਲੋਕ ਹੋਣ। ਸਾਡੇ ਦੇਸ਼ ਦੇ ਹਰ ਇਲਾਕੇ ਵਿੱਚ ਸਾਂਝੇ ਤੌਰ 'ਤੇ ਕਈ ਧਰਮਾਂ ਦੇ ਲੋਕ ਇਕੱਠੇ ਰਹਿੰਦੇ ਹਨ, ਇਸ ਲਈ ਉੱਥੇ ਵੱਸਣ ਵਾਲੇ ਇਕ ਧਰਮ ਦੇ ਲੋਕਾਂ ਦਾ ਧਾਰਮਿਕ ਆਧਾਰ ਤੇ ਜੁਦਾ ਆਤਮ ਨਿਰਣੇ ਦਾ ਹੱਕ ਬਿਲਕੁਲ ਗਲਤ ਹੈ। ਇਹ ਮਾਰਕਸਵਾਦੀ ਲੈਨਿਨਵਾਦੀ ਸਿਧਾਂਤ ਦੇ ਵਿਰੁੱਧ ਸੀ।

1937-38 ਤੋਂ ਦੋਹਾਂ ਕਮਿਊਨਿਸਟ ਗਰੁੱਪਾਂ ਦੇ ਅਲੱਗ-ਅਲੱਗ ਰਹਿ ਕੇ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਕੰਮ ਕਰਦਿਆਂ ਖਹਿਬਾਜ਼ੀ ਚੱਲਦੀ ਹੀ ਰਹਿੰਦੀ ਸੀ। ਦੋਹਾਂ ਪਾਰਟੀਆਂ ਦੇ ਇਕੱਠੇ ਹੋਣ ਉੱਤੇ ਵੀ ਪਾਰਟੀ ਵਰਕਰਾਂ ਦਾ ਆਪਸ ਵਿੱਚ ਦਾ ਤੁਅੱਸਬ (PREJUDICE) ਬਣਿਆ ਰਿਹਾ। ਜਿਸ ਨੇ ਦੋਹਾਂ ਗਰੁੱਪਾਂ ਦੇ ਵਰਕਰਾਂ ਵਿਚ ਕੁਝ ਹੱਦ ਤੱਕ ਗੁੱਟਬੰਦੀ ਦਾ ਰੂਪ ਧਾਰਨ ਕਰ ਲਿਆ।

ਜ਼ਿਲ੍ਹੇ ਵਿੱਚ ਜ਼ਿਆਦਾ ਕੰਮ ਕਰਨ ਕਰਕੇ ਮੇਰੀ ਸਿਹਤ ਬਹੁਤ ਜ਼ਿਆਦਾ ਡਿੱਗ ਗਈ ਸੀ। ਇਸ ਲਈ ਪਾਰਟੀ ਕੰਮ ਛੱਡ ਕੇ ਇਲਾਜ ਲਈ ਵੱਡੇ ਭਰਾ ਵੇਦ ਪ੍ਰਕਾਸ਼ (ਵਕੀਲ) ਕੋਲ ਰਾਂਚੀ (ਬਿਹਾਰ) ਚਲਾ ਗਿਆ। (ਰਾਂਚੀ ਸਿਹਤ ਅਫਜ਼ਾ) (HILL STATION) ਮੁਕਾਮ ਹੈ। ਉਹ ਆਦਿਵਾਸੀਆਂ ਦਾ ਇਲਾਕਾ ਹੈ। ਇਸ ਲਈ ਮੈਨੂੰ ਆਦਿਵਾਸੀਆਂ ਦੀ ਜ਼ਿੰਦਗੀ (ਆਰਥਿਕ) ਤੇ ਸਮਾਜਿਕ ਸਥਿਤੀ ਬਾਰੇ ਕੁਝ ਜਾਣਕਾਰੀ ਲੈਣ ਦਾ ਵੀ ਮੌਕਾ ਮਿਲਿਆ।

ਜਨਵਰੀ 1945 ਵਿਚ ਸਿਹਤ ਠੀਕ ਹੋਣ ਤੇ ਮੈਂ ਪਾਰਟੀ ਕੰਮ ਤੇ ਵਾਪਿਸ ਆ ਗਿਆ। ਸੂਬਾ ਪਾਰਟੀ ਕਮੇਟੀ ਵੱਲੋਂ ਕਾ. ਬੂਝਾ ਸਿੰਘ ਨੂੰ ਜ਼ਿਲ੍ਹੇ ਜਲੰਧਰ ਦੇ ਪਾਰਟੀ ਕੰਮ

ਦਾ ਇੰਚਾਰਜ ਬਣਾਇਆ ਗਿਆ ਸੀ। ਕਾਮਰੇਡ ਬੂਝਾ ਸਿੰਘ ਨੇ ਜ਼ਿਲ੍ਹੇ ਦੀ ਪਾਰਟੀ ਕਮੇਟੀ ਬਣਾਈ ਇਸ ਵਿਚ ਕਾ. ਹਰਬੰਸ ਸਿੰਘ ਕਰਨਾਣਾ, ਕਾ. ਚੈਨ ਸਿੰਘ ਚੈਨ, ਕਾ. ਵਿਸ਼ਣੂ ਦੱਤ, ਕਾ. ਅਜੀਤ ਸਿੰਘ ਮਾਣਕਪੁਰ, ਕਾ. ਗੁਰਚਰਨ ਸਿੰਘ ਰੰਧਾਵਾ, ਕਾ. ਸਰਦਾਰਾ ਸਿੰਘ ਸਿਕੰਦਰਪੁਰ, ਮੈਨੂੰ ਅਤੇ ਦੋ ਹੋਰ ਸਾਥੀਆਂ ਨੂੰ ਜ਼ਿਲ੍ਹੇ ਦਾ ਮੈਂਬਰ ਬਣਾਇਆ ਗਿਆ। ਆਫਿਸ ਸੈਕਟਰੀ ਦੀ ਡਿਊਟੀ ਮੈਨੂੰ ਦਿੱਤੀ ਗਈ। ਜਲੰਧਰ ਸ਼ਹਿਰ ਵਿਚ ਮਜ਼ਦੂਰਾਂ ਵਿਚ ਕੰਮ ਕਰਨ ਦੀ ਡਿਊਟੀ ਕਾ. ਵਿਸ਼ਣੂ ਦੱਤ ਨੂੰ ਦਿੱਤੀ ਗਈ। ਜ਼ਿਲ੍ਹੇ ਵਿੱਚ ਕਿਸਾਨ ਸਭਾ ਦਾ ਕੰਮ ਕਿਸਾਨਾਂ ਦੀਆਂ ਆਰਥਿਕ ਮੰਗਾਂ ਨੂੰ ਲੈ ਕੇ ਜਲਸਿਆਂ ਦੁਆਰਾ ਪ੍ਰਚਾਰ ਕਰਨਾ ਸੀ। ਦੁਆਬੇ ਵਿਚ ਖੂਹਾਂ ਦੇ ਪਾਣੀ ਦੂਰ ਚਲੇ ਗਏ ਸਨ। ਇਸ ਲਈ ਫ਼ਸਲ ਦੀ ਸਿੰਚਾਈ ਘੱਟ ਹੁੰਦੀ ਸੀ। ਸੋ ਦੁਆਬੇ ਵਿੱਚ ਨਹਿਰ ਕੱਢਣ ਦੀ ਮੰਗ ਨੂੰ ਲੈ ਕੇ ਪੁਲੀਟੀਕਿਲ ਐਜੀਟੇਸ਼ਨ ਦੀਆਂ ਕਾਨਫਰੰਸਾਂ ਕਰਨੀਆਂ ਅਤੇ ਕਿਸਾਨਾਂ ਨੂੰ ਸਮਝਾਉਣਾ ਕਿ ਗੁਲਾਮੀ ਦੇ ਇਸ ਸਰਮਾਏਦਾਰਾਨਾ ਜਗੀਰੂ ਸਿਸਟਮ ਵਿਚ ਕਿਸਾਨਾਂ ਦੀ ਪੈਦਾਵਾਰ ਦੀ ਲੁੱਟ ਕਿਸ ਤਰ੍ਹਾਂ ਹੁੰਦੀ ਹੈ ਅਤੇ ਉਹਦਾ ਮੰਦਾ ਹਾਲ ਕਿਉਂ ਹੈ? ਇਹ ਵੀ ਸਮਝਾਉਂਦੇ ਕਿ ਅੰਗਰੇਜ਼ੀ ਸਰਕਾਰ ਦੀ ਗੁਲਾਮੀ ਦੀ ਛੁੱਟ ਤੋਂ ਆਜ਼ਾਦ ਹੋ ਕੇ ਆਜ਼ਾਦ ਦੇਸ਼ ਵਿੱਚ ਸੋਸ਼ਲਿਜ਼ਮ ਦੀ ਉਸਾਰੀ ਕਰਨਾ ਕਿਉਂ ਜ਼ਰੂਰੀ ਹੈ, ਜਿਸ ਵਿੱਚ ਮਿਹਨਤ ਕਰਨ ਵਾਲੇ ਨੂੰ ਉਹਦੀ ਮਿਹਨਤ ਦਾ ਪੂਰਾ ਫਲ ਮਿਲ ਸਕੇ। ਇਸ ਸਬੰਧ ਵਿਚ ਸਤੰਬਰ 1945 ਵਿੱਚ ਜ਼ਿਲ੍ਹਾ ਕਿਸਾਨ ਕਮੇਟੀ ਦੀ ਇਕ ਵੱਡੀ ਪੁਲੀਟੀਕਲ ਕਾਨਫਰੰਸ ਪਿੰਡ ਕਰਨਾਣਾ, ਤਹਿਸੀਲ ਨਵਾਂਸ਼ਹਿਰ ਵਿੱਚ ਰੱਖੀ ਗਈ। ਇਸ ਵਿੱਚ ਜ਼ਿਲ੍ਹੇ ਦੇ ਬਹੁਤੇ ਪਿੰਡਾਂ ਵਿੱਚੋਂ ਕਿਸਾਨ ਜੱਥੇ ਬਣਾ ਕੇ ਪ੍ਰਚਾਰ ਕਰਦੇ ਹੋਏ ਕਾਨਫਰੰਸ ਵਿੱਚ ਪਹੁੰਚੇ। ਨਵਾਂਸ਼ਹਿਰ ਦੇ ਇਲਾਕੇ ਦੇ ਪਿੰਡਾਂ ਵਿੱਚੋਂ ਮਾਇਕ ਸਹਾਇਤਾ ਅਤੇ ਦਾਣਿਆਂ ਦੀ ਸ਼ਕਲ ਵਿੱਚ ਉਗਰਾਹੀ ਕੀਤੀ ਗਈ। ਜਿਹੜੇ ਘਰ ਦੀਆਂ ਔਰਤਾਂ ਥਾਲੀ ਭਰ ਕੇ ਦਾਣੇ ਦਿੰਦੀਆਂ ਸਨ, ਉਹ ਆਪਣੇ ਆਪ ਨੂੰ ਕਿਸਾਨ ਸਭਾ ਦਾ ਹਿੱਸਾ ਸਮਝਦੀਆਂ ਸਨ। ਉਗਰਾਹੀ ਦਾ ਵੱਡਾ ਹਿੱਸਾ ਇਸੇ ਤਰ੍ਹਾਂ ਪ੍ਰਾਪਤ ਹੋਇਆ। ਕਾਨਫਰੰਸ ਦੇ ਮੌਕੇ ਬਾਰਸ਼ ਬਹੁਤ ਜ਼ੋਰ ਦੀ ਹੋਈ, ਜਿਸ ਨਾਲ ਹੜ੍ਹ ਆ ਗਿਆ ਤੇ ਇਸ ਲਈ ਬਹੁਤ ਵੱਡਾ ਇਕੱਠ ਨਾ ਹੋ ਸਕਿਆ।

ਜ਼ਿਲ੍ਹੇ ਜਲੰਧਰ ਵਿਚ ਜ਼ਿਲ੍ਹਾ ਪਾਰਟੀ ਕਮੇਟੀ ਵੱਲੋਂ ਪਾਰਟੀ ਦੇ ਵਰਕਰਾਂ ਨੂੰ ਜ਼ਿਆਦਾ ਸੂਝਵਾਨ ਬਣਾਉਣ ਲਈ ਪੰਜ-ਛੇ ਸਟੱਡੀ ਸਰਕਲ ਵੀ ਲਗਾਏ ਗਏ। ਇਨ੍ਹਾਂ ਵਿਚ ਸੂਬਾ ਪਾਰਟੀ ਕਮੇਟੀ ਵੱਲੋਂ ਆਇਆ ਪ੍ਰੋਗਰਾਮ ਹੀ ਸਮਝਾਇਆ ਜਾਂਦਾ।

ਕਾਮਰੇਡ ਜੋਸ਼ ਗਰੁੱਪ ਤੇ ਕਿਰਤੀ ਗਰੁੱਪ ਦੀ ਆਪਸੀ ਬੇਇਤਬਾਰੀ ਤੇ ਗੁੱਟਬੰਦੀ ਦੇ ਕਾਰਨ ਪਾਰਟੀ ਇਕਮੁੱਠ ਨਾ ਹੋ ਸਕੀ। ਇਸ ਕਰਕੇ ਕੋਈ ਜ਼ਿਆਦਾ ਸਾਰਥਕ ਕੰਮ ਵੀ ਨਾ ਹੋ ਸਕਿਆ। ਇਹ ਆਪਸੀ ਦੂਰੀਆਂ ਬਹੁਤ ਦੇਰ ਤੱਕ ਬਣੀਆਂ ਰਹੀਆਂ।

ਮੁਸਲਿਮ ਲੀਗ ਦੁਆਰਾ ਪਾਕਿਸਤਾਨ ਦੀ ਮੰਗ ਦੀ ਹਮਾਇਤ ਕਰਨ ਦੇ ਕਾਰਨ ਸੀ.ਪੀ.ਆਈ. ਨੇ ਮੁਸਲਿਮ ਸਾਥੀ ਅਤਾ-ਉਲਾ-ਜਹਾਨੀਆ (ਜਿਹੜਾ ਉਸ ਵੇਲੇ ਪੰਜਾਬ ਕਿਸਾਨ ਸਭਾ ਦਾ ਜਨਰਲ ਸਕੱਤਰ ਸੀ) ਤੇ ਹੋਰਨਾਂ ਮੁਸਲਿਮ ਸਾਥੀਆਂ

ਨੂੰ ਮੁਸਲਿਮ ਲੀਗ ਦੀ ਜਥੇਬੰਦੀ ਨੂੰ ਮਜਬੂਤ ਕਰਨ ਲਈ ਮੁਸਲਿਮ ਲੀਗ ਵਿਚ ਭੇਜਿਆ। ਇਸ ਤਰ੍ਹਾਂ ਦੀਆਂ ਹਦਾਇਤਾਂ ਜ਼ਿਲ੍ਹਾ ਪਾਰਟੀ ਕਮੇਟੀਆਂ ਨੂੰ ਵੀ ਦਿੱਤੀਆਂ ਗਈਆਂ। ਇਸ ਡਿਊਟੀ ਨੂੰ ਨਿਭਾਉਣ ਲਈ ਮੈਂ ਵੀ ਲੋਕਲ ਮੁਸਲਿਮ ਭਾਈਚਾਰੇ ਨੂੰ ਮੁਸਲਿਮ ਲੀਗ ਵਿਚ ਸ਼ਾਮਲ ਹੋਣ ਲਈ ਪ੍ਰੇਰਦਾ ਰਿਹਾ। ਪਰ ਉਹ ਮੈਨੂੰ ਇਕ ਆਮ ਕਮਿਊਨਿਸਟ ਨਹੀ, ਬਲਕਿ ਹਿੰਦੂ ਦੇ ਨਜ਼ਰੀਏ ਤੋਂ ਹੀ ਦੇਖਦੇ ਰਹੇ। ਮੁਸਲਿਮ ਭਾਈਚਾਰੇ ਵਿਚੋਂ ਥੋੜੇ ਸੋਸ਼ਲਿਸਟ ਵਿਚਾਰਧਾਰਾ ਦੇ ਸਾਥੀ ਹੀ ਸਾਡੇ ਨਾਲ ਚੱਲੇ। ਪਰ ਉਹ ਆਪਣੇ ਭਾਈਚਾਰੇ ਵਿੱਚ ਅਸਰ ਨਹੀਂ ਪਾ ਸਕੇ ਅਤੇ ਉਹ ਉਨ੍ਹਾਂ ਲੋਕਾਂ ਨੂੰ ਪ੍ਰੇਰ ਕੇ ਦੇਸ਼ ਦੀ ਆਜ਼ਾਦੀ ਦੀ ਮੂਵਮੈਂਟ ਵਿੱਚ ਨਹੀਂ ਲਿਆ ਸਕੇ।

ਪਾਰਟੀ ਦਾ ਮਜ਼ਹਬੀ ਬਿਨਾ ਉੱਤੇ ਪਾਕਿਸਤਾਨ ਦੀ ਹਮਾਇਤ ਕਰਨ ਦਾ ਫੈਸਲਾ ਮਾਰਕਸਵਾਦ ਦੇ ਨਜ਼ਰੀਏ (ਮਜ਼ਹਬੀ ਬਿਨਾ ਉਤੇ ਕੌਮ (ਨੇਸ਼ਨ) ਮੰਨਣ ਦਾ ਨਜ਼ਰੀਆ) ਤੋਂ ਠੀਕ ਨਹੀਂ ਸੀ। ਇਸ ਲਈ ਆਮ ਪਾਰਟੀ ਵਰਕਰ ਇਹ ਪੋਲਿਟੀਕਲ ਲਾਈਨ ਲੋਕਾਂ ਵਿੱਚ ਲੈ ਕੇ ਜਾਣ ਤੋਂ ਕਤਰਾਉਂਦੇ ਰਹੇ।

ਆਜ਼ਾਦ ਹਿਂਦ ਫੌਜ

ਸਤੰਬਰ 1945 ਤੱਕ ਦੂਜੀ ਸੰਸਾਰ ਜੰਗ ਖ਼ਤਮ ਹੋ ਚੁੱਕੀ ਸੀ। 'ਫਾਸ਼ੀ ਤਾਕਤਾਂ' (ਜਰਮਨੀ, ਇਟਲੀ ਅਤੇ ਜਪਾਨ ਆਦਿ) ਹਾਰ ਚੁੱਕੀਆਂ ਸਨ। ਸੋਵੀਅਤ ਰੂਸ ਦੇ ਲੋਕਾਂ ਨੇ ਫਾਸ਼ੀ ਤਾਕਤਾਂ ਨੂੰ ਹਰਾਉਣ ਵਿਚ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ ਸਨ। ਸੋਵੀਅਤ ਰੂਸ ਦੇ ਕੋਈ 2 ਕਰੋੜ ਦੇ ਕਰੀਬ ਲੋਕ ਸੰਸਾਰ ਦੀ ਇਸ ਦੂਜੀ ਵੱਡੀ ਜੰਗ ਵਿਚ ਮਾਰੇ ਗਏ। ਇਸ ਤਰ੍ਹਾਂ ਫਾਸਿਜ਼ਮ ਦੇ ਵਿਰੁੱਧ ਜਿੱਤ ਪ੍ਰਾਪਤ ਕੀਤੀ ਸੀ। ਇਸ ਨਾਲ ਸੋਵੀਅਤ ਰੂਸ ਦਾ ਪ੍ਰਭਾਵ ਖੇਤਰ ਵਧਿਆ ਸੀ।

ਜਨਵਰੀ 1941 ਵਿੱਚ ਸੁਭਾਸ਼ ਚੰਦਰ ਬੋਸ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਮਦਦ ਲੈਣ ਲਈ ਸੋਵੀਅਤ ਰੂਸ ਜਾਣਾ ਚਾਹੁੰਦਾ ਸੀ ਪਰ ਉਹ ਦੇਸ਼ ਤੋਂ ਬਾਹਰ ਨਿਕਲ ਕੇ ਰੂਸ ਜਾਣ ਵਿਚ ਸਫ਼ਲ ਨਾ ਹੋ ਸਕਿਆ ਅਤੇ ਉਹ ਜਰਮਨੀ ਚਲਾ ਗਿਆ ਸੀ। ਜਪਾਨ ਫਾਸ਼ੀ ਤਾਕਤਾਂ ਨਾਲ ਮਿਲ ਕੇ ਪੂਰਬ ਵਿੱਚ ਅੰਗਰੇਜ਼ਾਂ ਅਤੇ ਫਰਾਂਸੀਸੀ ਤਾਕਤਾਂ ਤੋਂ ਉਹਨਾਂ ਦੀਆਂ ਬਸਤੀਆਂ (Colonies) ਖੋਹ ਰਿਹਾ ਸੀ। ਇੰਡੋਨੇਸ਼ੀਆ, ਮਲਾਇਆ, ਸਿੰਘਾਪੁਰ, ਬਰਮਾ ਉੱਤੇ ਕਬਜ਼ਾ ਕਰਦਾ ਹੋਇਆ ਉਹ ਹਿੰਦੁਸਤਾਨ ਦੇ ਬਾਰਡਰ ਤੱਕ ਆ ਪਹੁੰਚਿਆ ਸੀ। ਫਾਸ਼ੀ ਜਪਾਨ ਨੇ ਅੰਗਰੇਜ਼ ਫੌਜੀਆਂ ਦੀ ਵੱਡੀ ਤਾਦਾਦ ਨੂੰ ਕੈਦ ਕਰ ਰੱਖਿਆ ਸੀ। ਇਸ ਫੌਜ ਵਿੱਚ ਵੱਡਾ ਹਿਸਾ ਭਾਰਤੀ ਫੌਜੀਆਂ ਦਾ ਸੀ, ਜਰਨਲ ਮੋਹਣ ਸਿੰਘ ਨੇ (ਜਿਹੜਾ ਕਿ ਜਪਾਨੀਆਂ ਦਾ ਇਕ ਕੈਦੀ ਸੀ) ਜਪਾਨੀ ਕਮਾਂਡ ਹੇਠ ਭਾਰਤ ਨੂੰ ਅੰਗਰੇਜ਼ ਹਕੂਮਤ ਤੋਂ ਆਜ਼ਾਦ ਕਰਾਉਣ ਲਈ ਇਨ੍ਹਾਂ ਭਾਰਤੀ ਫੌਜੀਆਂ ਨੂੰ (ਆਜ਼ਾਦ ਹਿੰਦ ਫੌਜ ਵਿੱਚ) ਨੂੰ ਸੰਗਠਿਤ ਕੀਤਾ ਹੋਇਆ ਸੀ।

ਜਦੋਂ ਸੁਭਾਸ਼ ਚੰਦਰ ਬੋਸ ਇਕ ਪਣਡੁੱਬੀ ਰਾਹੀ ਜਰਮਨ ਤੋਂ ਜਪਾਨ ਆ ਗਿਆ ਤਾਂ ਸੁਭਾਸ਼ ਚੰਦਰ ਬੋਸ ਨੇ ਜਪਾਨ ਪਹੁੰਚ ਕੇ ਆਜ਼ਾਦ ਹਿੰਦ ਫੌਜ ਦੀ ਕਮਾਂਡ ਸੰਭਾਲ ਲਈ ਅਤੇ ਦੱਖਣ-ਪੂਰਬੀ ਏਸ਼ੀਆ ਵਿੱਚ ਵਸ ਰਹੇ ਭਾਰਤੀ ਲੋਕਾਂ ਨੂੰ ਭਾਰਤ ਦੀ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਲ ਹੋਣ ਲਈ ਪ੍ਰੇਰਿਆ ਅਤੇ ਆਹਵਾਨ ਕੀਤਾ ਕਿ 'ਤੁਮ ਮੁਝੇ ਖ਼ੂਨ ਦੋ! ਮੈਂ ਤੁਮੇ ਆਜ਼ਾਦੀ ਦੂੰਗਾਂ!!" ਸੁਭਾਸ਼ ਚੰਦਰ ਬੋਸ ਦੇ ਇਸ ਸੱਦੇ ਉੱਤੇ ਦੱਖਣੀ-ਪੂਰਬੀ ਏਸ਼ੀਆ ਵਿੱਚ ਵੱਸਦੇ ਭਾਰਤੀ ਲੋਕ ਵੱਡੀ ਤਦਾਦ ਵਿੱਚ INDIAN NATIONAL ARMY (I.N.A.) ਤੇ ਉੱਥੇ ਵੱਸਦੇ ਸਾਰੇ ਭਾਰਤੀ ਲੋਕ ਇਸ ਦੀ ਹਮਾਇਤ ਵਿੱਚ ਖੜੇ ਹੋ ਗਏ। ਆਮ ਲੋਕਾਂ ਨੇ ਭਰਪੂਰ ਮਾਇਕ ਸਹਾਇਤਾ ਦਿੱਤੀ। ਇਸ

ਤਰ੍ਹਾਂ ਆਜ਼ਾਦ ਹਿੰਦ ਫੌਜ ਦੀ ਤਾਕਤ ਬਹੁਤ ਵੱਧ ਗਈ। ਆਜ਼ਾਦ ਹਿੰਦ ਫੌਜ ਵਿੱਚ ਇਕ ਜੱਥਾ ਔਰਤ ਫੌਜੀਆਂ ਦਾ ਵੀ ਸੀ। ਜਿਸ ਦੀ ਕਮਾਂਡਰ ਡਾ. ਲਕਸ਼ਮੀ (ਸਹਿਗਲ) ਸਨ। ਇਹ ਆਜ਼ਾਦ ਹਿੰਦ ਫੌਜ 'ਜਪਾਨੀ ਫੌਜ' ਦੀ ਛਤਰ ਛਾਇਆ (PROTECTION) ਹੇਠ ਲੜਦੀ ਹੋਈ ਭਾਰਤ ਦੇ ਬਾਰਡਰ ਤੱਕ ਪਹੁੰਚ ਗਈ ਸੀ। ਉਸ ਸਮੇਂ ਸੀ.ਪੀ.ਆਈ. ਦੀ ਪਾਲਿਸੀ ਨੇ ਸੁਭਾਸ਼ ਚੰਦਰ ਬੋਸ ਤੇ ਉਸ ਦੁਆਰਾ ਬਣਾਈ ਹੋਈ ਆਈ.ਐਨ. ਏ. (I.N.A.) ਦੀ ਮੁਖ਼ਾਲਫਤ ਕੀਤੀ ਸੀ, ਪਰ ਲੋਕਾਂ ਨੇ ਸੀ.ਪੀ.ਆਈ. ਦੀ ਇਸ ਪਾਲਿਸੀ ਨੂੰ ਗਲਤ ਸਮਝਿਆ ਅਤੇ ਨਕਾਰਿਆ।

ਜਪਾਨ ਦੇ ਸੰਸਾਰ ਯੁੱਧ ਵਿੱਚ ਹਾਰਨ ਕਾਰਨ ਆਈ.ਐਨ.ਏ. (I.N.A.) ਦੇ ਫੌਜੀ, ਅੰਗਰੇਜ਼ੀ ਫੌਜਾਂ ਨੇ ਗ੍ਰਿਫਤਾਰ ਕਰਕੇ ਭਾਰਤ ਲੈ ਆਂਦੇ, ਉਨ੍ਹਾਂ ਵਿੱਚੋਂ ਤਿੰਨ ਪ੍ਰਮੁੱਖ ਜਰਨੈਲਾਂ ਉੱਤੇ (ਸ੍ਰੀ ਪ੍ਰੇਮ ਕੁਮਾਰ ਸਹਿਗਲ, ਗੁਰਬਖਸ਼ ਸਿੰਘ ਢਿੱਲੋਂ ਤੇ ਸ਼ਾਹਨਵਾਜ਼) ਉੱਤੇ ਅੰਗਰੇਜ਼ੀ ਸਰਕਾਰ ਨੇ ਦਿੱਲੀ ਦੇ ਲਾਲ ਕਿਲ੍ਹੇ ਵਿਚ ਵਿਦਰੋਹ ਦਾ ਮੁਕੱਦਮਾ ਚਲਾਇਆ। ਕਾਂਗਰਸ ਨੇ ਪੰਡਿਤ ਜਵਾਹਰ ਲਾਲ ਨਹਿਰੂ ਦੀ ਅਗਵਾਈ ਥੱਲੇ ਇਨ੍ਹਾਂ ਫੌਜੀਆਂ (I.N.A.) ਉੱਤੇ ਚੱਲ ਰਹੇ ਮੁਕੱਦਮੇ ਦੀ ਪੈਰਵੀ ਕਰਕੇ ਉਨ੍ਹਾਂ ਨੂੰ ਬਰੀ ਕਰਵਾ ਲਿਆ। ਸਾਰੇ ਦੇਸ਼ ਵਿੱਚ ਇਨ੍ਹਾਂ ਫੌਜੀਆਂ ਦੇ ਸਵਾਗਤ ਨੂੰ ਕਾਂਗਰਸ ਨੇ ਜੱਥੇਬੰਦ ਕੀਤਾ। ਭਾਵੇਂ ਕਾਂਗਰਸ ਪਹਿਲਾਂ ਸੁਭਾਸ਼ ਚੰਦਰ ਬੋਸ ਦੇ ਹੱਕ ਵਿੱਚ ਨਹੀਂ ਸੀ ਪਰ ਇਸ ਮੁਕੱਦਮੇ ਦੀ ਪੈਰਵੀ ਕਰਕੇ ਉਸ ਨੇ ਲੋਕਾਂ ਵਿੱਚ ਆਪਣਾ ਰਸੂਖ ਵਧਾ ਲਿਆ। ਜਿਸ ਦਿਨ ਇਹ ਤਿੰਨੇ ਜਰਨੈਲ ਰਿਹਾਅ ਹੋ ਕੇ ਜਲੰਧਰ ਰੇਲਵੇ ਸਟੇਸ਼ਨ ਉੱਪਰ ਪਹੁੰਚੇ ਤਾਂ ਹਜ਼ਾਰਾਂ ਦੀ ਤਦਾਦ ਵਿਚ ਲੋਕੀਂ ਉਨ੍ਹਾਂ ਦਾ ਸਵਾਗਤ ਕਰਨ ਲਈ ਰੇਲਵੇ ਸਟੇਸ਼ਨ ਉੱਤੇ ਪਹੁੰਚੇ ਹੋਏ ਸਨ।

1946 ਵਿੱਚ ਪੰਜਾਬ ਅਸੈਂਬਲੀ ਚੋਣਾਂ

ਫਰਵਰੀ 1946 ਵਿੱਚ ਪੰਜਾਬ ਅਸੈਂਬਲੀ ਦੇ ਮੈਂਬਰਾਂ ਦੀ ਚੋਣ ਆ ਗਈ। ਜ਼ਿਲ੍ਹਾ ਜਲੰਧਰ ਵਿੱਚ ਦੋ ਜਨਰਲ ਸੀਟਾਂ ਸਨ ਅਤੇ ਦੋ ਮੁਸਲਿਮ ਸੀਟਾਂ ਸਨ। ਮੁਸਲਿਮ ਸੀਟਾਂ ਉੱਤੇ ਸਿਰਫ਼ ਮੁਸਲਮਾਨ ਹੀ ਵੋਟ ਪਾ ਸਕਦੇ ਸਨ, ਪਰ ਜਨਰਲ ਸੀਟ ਉੱਤੇ ਹਿਦੂ-ਸਿੱਖ, ਇਸਾਈ ਅਤੇ ਗੈਰ ਮੁਸਲਿਮ ਬਾਕੀ ਜਾਤੀਆਂ ਵੋਟ ਪਾ ਸਕਦੀਆਂ ਸਨ। ਜ਼ਿਲ੍ਹਾ ਜਲੰਧਰ ਪਾਰਟੀ ਕਮੇਟੀ ਨੇ ਫਿਲੌਰ ਨਵਾਂਸ਼ਹਿਰ ਜਨਰਲ ਸੀਟ ਉੱਤੇ ਬਾਬਾ ਕਰਮ ਸਿੰਘ ਚੀਮਾ ਨੂੰ ਪਾਰਟੀ ਉਮੀਦਵਾਰ ਖੜ੍ਹਾ ਕੀਤਾ। ਮੁਕਾਬਲੇ ਵਿੱਚ ਕਾਂਗਰਸੀ ਉਮੀਦਵਾਰ ਮਾਸਟਰ ਕਾਬੁਲ ਸਿੰਘ ਸੀ। ਜਲੰਧਰ-ਨਕੋਦਰ ਜਨਰਲ ਸੀਟ ਉੱਤੇ ਬੱਬਰ ਹਜ਼ਾਰਾ ਸਿੰਘ ਨੂੰ ਪਾਰਟੀ ਉਮੀਦਵਾਰ ਖੜਾ ਕੀਤਾ। ਮੁਕਾਬਲੇ ਵਿੱਚ ਸਰਦਾਰ ਸਵਰਨ ਸਿੰਘ ਸ਼ੰਕਰ ਸੀ। ਜ਼ਿਲ੍ਹਾ ਪਾਰਟੀ ਕਮੇਟੀ ਵੱਲੋਂ ਇਸ ਸੰਬੰਧ ਵਿੱਚ ਪਾਰਟੀ ਉਮੀਦਵਾਰਾਂ ਨੂੰ ਵੋਟ ਪਾਉਣ ਲਈ ਬਹੁਤ ਪ੍ਰਚਾਰ ਕੀਤਾ ਗਿਆ। ਪ੍ਰਚਾਰ ਕਰਨ ਲਈ ਟਰਾਂਸਪੋਰਟ (CONVEYANCE) ਦਾ ਵੀ ਪ੍ਰਬੰਧ ਕੀਤਾ ਗਿਆ। ਜ਼ਿਲ੍ਹਾ ਪਾਰਟੀ ਕਮੇਟੀ ਵੱਲੋਂ ਇਸ ਸਾਰੀ ਇਲੈਕਸ਼ਨ ਦੇ ਪ੍ਰਬੰਧ ਉੱਤੇ ਲਗਭਗ 40,000/-ਰੁ: ਖਰਚ ਆਇਆ ਸੀ। ਜੋ ਕਿ ਪਾਰਟੀ ਨਜ਼ਰੀਏ ਤੋਂ ਜ਼ਿਆਦਾ ਸਮਝਿਆ ਗਿਆ।

ਸੋ (ਭਾਵੇਂ) ਜ਼ਿਲ੍ਹਾ ਪਾਰਟੀ ਕਮੇਟੀ ਨੇ ਇਹ ਸਾਰਾ ਖਰਚ 40 ਹਜ਼ਾਰ ਦੇ ਲਗਭਗ ਇਕੱਠਾ ਕਰ ਲਿਆ ਸੀ। ਮੇਰੀ ਡਿਊਟੀ ਜ਼ਿਲ੍ਹਾ ਪਾਰਟੀ ਆਫਿਸ ਵਿੱਚ ਸੀ। ਦੋਹਾਂ ਅਸੈਂਬਲੀ ਸੀਟਾਂ ਉੱਤੇ ਸਾਰੇ ਪ੍ਰਬੰਧ ਨੂੰ ਦੇਖਣ ਅਤੇ ਸਾਰੇ ਕੰਮ ਦਾ ਤਾਲਮੇਲ ਰੱਖਣ ਦੀ ਸੀ। ਕਈ ਵਾਰ ਮੈਂ ਦੂਸਰੇ ਸਾਥੀਆਂ ਨਾਲ ਪ੍ਰਚਾਰ ਕਰਨ ਲਈ ਕਈ ਪਿੰਡਾਂ ਵਿੱਚ ਵੀ ਗਿਆ। ਆਮ ਲੋਕਾਂ ਨੂੰ ਪਾਰਟੀ ਦੀ ਸਿਆਸੀ ਲਾਇਨ ਉੱਤੇ ਅਸੀਂ ਕਨਵਿੰਸ ਨਹੀਂ ਸਾਂ ਕਰ ਸਕੇ। ਸਾਨੂੰ ਕੇਵਲ ਉਹੀ ਵੋਟਾਂ ਮਿਲੀਆਂ ਜਿਨ੍ਹਾਂ ਕਿਸਾਨਾਂ ਨੂੰ ਨਾਲ ਲੈ ਕੇ ਅਸੀਂ ਕਿਸਾਨੀ ਮੰਗਾਂ ਦੇ ਘੋਲ ਲੜੇ ਸਨ। ਲੋਕ ਸਾਡੀ ਪੋਲਿਟੀਕਲ ਲਾਇਨ ਨੂੰ ਸਪੱਸ਼ਟ ਤੌਰ ਉੱਤੇ ਗਲਤ ਕਹਿੰਦੇ ਸਨ। ਇਕ ਵਾਰ ਮੈਂ ਕਾਮਰੇਡ ਬੂਝਾ ਸਿੰਘ ਨਾਲ 'ਚੱਕ ਦੇਸ ਰਾਜ' ਗਿਆ (ਜੋ ਚੱਕ ਮਾਈ ਦਾਸ ਦੇ ਨੇੜੇ ਹੈ)। ਉੱਥੇ ਤਖ਼ਤ ਪੋਸ਼ਾਂ ਉੱਤੇ ਪਿੰਡ ਦੇ ਬਜ਼ੁਰਗ ਕਿਸਾਨ ਚੌਧਰੀ ਬੈਠੇ ਹੋਏ ਸਨ। ਅਸੀਂ ਉਨ੍ਹਾਂ ਨੂੰ ਬਾਬਾ ਕਰਮ ਸਿੰਘ ਚੀਮਾ ਨੂੰ ਵੋਟ ਪਾਉਣ ਦੀ ਦਰਖ਼ਾਸਤ ਕੀਤੀ। ਉਹਨਾਂ ਨੇ ਸਾਨੂੰ ਬੜੇ ਠਰੰਮੇ ਨਾਲ ਆਖਿਆ ਕਿ "ਬੂਝਾ ਸਿੰਘ! ਤੁਸੀਂ ਬੰਦੇ ਬੜੇ ਚੰਗੇ ਹੋ! ਅਸੀਂ ਤੁਹਾਨੂੰ ਵੋਟਾਂ ਤਾਂ ਪਾ ਹੀ

ਦੇਣੀਆਂ ਨੇ। ਪਰ ਅਸੀਂ ਉਸ ਪਾਕਿਸਤਾਨ ਵਿੱਚ ਨਹੀਂ ਵੱਸਣਾ ਜਿਸਦੀ ਹਮਾਇਤ ਤੁਸੀਂ ਕਰ ਰਹੇ ਹੋ।" ਅਸੀਂ ਦੇਖਿਆ ਕਿ ਆਮ ਲੋਕ ਰਾਜਨੀਤਿਕ ਸੂਝ ਰੱਖਦੇ ਸਨ। ਲੋਕਾਂ ਦੀ ਸੂਝ ਦਾ ਪ੍ਰਗਟਾਵਾ ਅਸੀਂ ਕਈ ਪਿੰਡਾਂ ਵਿੱਚ ਇਲੈਕਸ਼ਨ ਦਾ ਪ੍ਰਚਾਰ ਕਰਦੇ ਹੋਏ ਦੇਖਿਆ।

ਫਿਲੌਰ ਤੇ ਨਵਾਂਸ਼ਹਿਰ ਦੀ ਸੀਟ ਉੱਤੇ ਪਾਰਟੀ ਮੈਂਬਰਾਂ ਦਾ ਵੱਡਾ ਹਿੱਸਾ ਪੁਰਾਣੇ ਕਿਰਤੀਆਂ ਦਾ ਸੀ। ਇਸ ਇਲਾਕੇ ਦੇ ਕਿਸਾਨਾਂ ਨੇ ਕਿਸਾਨੀ-ਘੋਲ ਤੇ ਦੇਸ਼ ਦੀ ਆਜ਼ਾਦੀ ਦੇ ਘੋਲ ਵਿਚ ਜ਼ਿਆਦਾ ਯੋਗਦਾਨ ਪਾਇਆ ਸੀ। ਇਸ ਲਈ ਬਾਬੇ ਕਰਮ ਸਿੰਘ ਚੀਮਾ ਨੂੰ ਉਨ੍ਹਾਂ ਹੀ ਪਿੰਡਾਂ ਦੀਆਂ ਵੋਟਾਂ ਮਿਲੀਆਂ ਜਿਨ੍ਹਾਂ ਕਿਸਾਨਾਂ ਨੇ ਕਿਸਾਨ ਸਭਾ ਦੇ ਝੰਡੇ ਹੇਠ ਕਿਸਾਨੀ ਘੋਲਾਂ ਵਿੱਚ ਹਿੱਸਾ ਲਿਆ ਸੀ। ਫਿਰ ਵੀ ਇਹ ਸੀਟ ਕਾਂਗਰਸ ਦੇ ਉਮੀਦਵਾਰ ਕਾਬੁਲ ਸਿੰਘ ਤੋਂ ਅਸੀਂ ਹਾਰ ਗਏ। ਇਕ ਛੋਟੀ ਜਿਹੀ ਮਿਸਾਲ ਵੋਟਰ ਦੇ ਮਿਜਾਜ਼ ਦੀ ਇਹ ਸੀ ਕਿ ਰਾਹੋਂ ਦੇ ਨੇੜੇ ਬੇਟ ਵਿੱਚ ਵਜ਼ੀਦਪੁਰ ਪਿੰਡ ਦੇ ਪੋਲਿੰਗ ਉੱਤੇ ਖੜੇ ਸੀ। ਮੈਂ ਤੇ ਬਾਬਾ ਕਰਮ ਸਿੰਘ ਚੀਮਾ। ਬਹੁਤੇ ਵੋਟਰ ਬਾਬੇ ਕਰਮ ਸਿੰਘ ਚੀਮੇ ਦੇ ਦਰਸ਼ਨ ਕਰਨ ਆਉਂਦੇ ਉਨ੍ਹਾਂ ਦੇ ਗੋਡਿਆਂ ਨੂੰ ਹੱਥ ਲਾਉਂਦੇ, ਸਤਿ ਸ੍ਰੀ ਅਕਾਲ ਕਹਿੰਦੇ ਪਰ ਬੂਥ ਉੱਤੇ ਜਾ ਕੇ ਵੋਟ ਮਾਸਟਰ ਕਾਬੁਲ ਸਿੰਘ ਨੂੰ ਹੀ ਪਾ ਆਉਂਦੇ। ਜਦ ਇਸ ਸੀਟ ਦੀਆ ਵੋਟਾਂ ਦੀ ਗਿਣਤੀ ਹੋਈ ਤਾਂ ਵਜ਼ੀਦਪੁਰ ਪੋਲਿੰਗ ਬੂਥ ਦੇ ਡੱਬੇ ਵਿਚੋਂ ਬਾਬੇ ਕਰਮ ਸਿੰਘ ਸਿੰਘ ਚੀਮੇ ਦੀਆਂ ਕੇਵਲ ਤੇਰਾਂ ਹੀ ਵੋਟਾਂ ਨਿਕਲੀਆਂ।

ਜਲੰਧਰ-ਨਕੋਦਰ ਸੀਟ ਉੱਤੇ ਵੀ ਬਹੁਤ ਘੱਟ ਵੋਟਾਂ ਪਈਆਂ, ਭਾਵੇਂ ਇਸ ਸੀਟ ਦੇ ਹਰ ਪੋਲਿੰਗ ਬੂਥ ਉੱਤੇ ਵੋਟਾਂ ਪੁਆਉਣ ਲਈ ਪਾਰਟੀ ਵਰਕਰ ਲਾਲ ਝੰਡਾ ਗੱਡ ਕੇ ਸਵੇਰ ਤੋਂ ਸ਼ਾਮ ਤੱਕ ਹਾਜ਼ਰ ਰਹੇ ਸਨ। ਇਸ ਤਰ੍ਹਾਂ ਸੂਬੇ ਦੇ ਸਾਰੇ ਕਮਿਊਨਿਸਟ ਕੈਂਡੀਡੇਟ ਹਾਰ ਗਏ।

ਮਾਰਚ 1946 ਵਿੱਚ ਸਾਡੀ ਜ਼ਿਲ੍ਹਾ ਪਾਰਟੀ ਕਮੇਟੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਅਸੈਂਬਲੀ ਇਲੈਕਸ਼ਨ ਵਿੱਚ ਹਾਰ ਦੀ ਪੜਚੋਲ ਕੀਤੀ ਗਈ। ਆਮ ਜਨਤਾ ਨੇ ਪਾਰਟੀ ਦੀ ਪੋਲੀਟੀਕਲ ਲਾਈਨ ਨੂੰ ਮਨਜ਼ੂਰ ਨਹੀਂ ਕੀਤਾ। ਅਸੀਂ ਹੇਠ ਲਿਖੇ ਕਾਰਣ ਦੱਸੇ :-

(ੳ) ਫਾਸ਼ੀ ਤਾਕਤਾਂ ਦੇ ਖਿਲਾਫ਼ ਲੜਾਈ ਨੂੰ ਮੁੱਖ ਸੰਘਰਸ਼ ਬਣਾ ਲਿਆ ਅਤੇ ਦੇਸ਼ ਦੇ ਲਈ ਲੜੀ ਜਾ ਰਹੀ ਆਜ਼ਾਦੀ ਦੀ ਲੜਾਈ (ਸੰਘਰਸ਼) ਨੂੰ ਪਿੱਛੇ ਪਾ ਦਿੱਤਾ। ਅਗਸਤ 1942 ਦੇ ਏ.ਆਈ.ਸੀ. ਸੀ ਦੇ ਬੰਬਈ ਇਜਲਾਸ ਵਿੱਚ ਕਾਂਗਰਸ ਵੱਲੋਂ ਪਾਸ ਕੀਤੇ ਮਤੇ 'ਭਾਰਤ ਛੋੜੋ' ਮਤੇ ਦੀ ਸੀ.ਪੀ.ਆਈ. ਦੇ ਮੈਂਬਰਾਂ ਨੇ ਮੁਖ਼ਾਲਫ਼ਤ ਕੀਤੀ। ਉਸ ਵੇਲੇ ਮਹਾਤਮਾ ਗਾਂਧੀ ਨੇ ਆਜ਼ਾਦੀ ਲਈ 'ਕਰੋ ਜਾਂ ਮਰੋ' ਲਈ ਲੋਕਾਂ ਨੂੰ ਆਹਵਾਨ ਕੀਤਾ ਸੀ।

(ਅ) ਪਾਕਿਸਤਾਨ ਦੇ ਨਾਅਰੇ ਦੀ ਹਿਮਾਇਤ ਕਰਨਾ, ਇਸ ਦਾ ਮਤਲਬ ਇਹ

ਸੀ ਕਿ ਧਰਮ ਅਧਾਰਤ ਕੌਮ ਮੰਨਣਾ ਤੇ ਇਸ ਬਿਨਾਂ ਉੱਤੇ ਉਸ ਦੇ (ਪਾਕਿਸਤਾਨ) ਆਤਮ ਨਿਰਣੇ ਦੀ ਮੰਗ ਨੂੰ ਜਾਇਜ਼ ਸਮਝਣਾ, ਜੋ ਕਿ ਮਾਰਕਸਵਾਦੀ ਸਿਧਾਂਤ ਮੁਤਾਬਕ ਬਿਲਕੁਲ ਗਲਤ ਸੀ।

(ੲ) ਸੁਭਾਸ਼ ਚੰਦਰ ਬੋਸ ਦੁਆਰਾ ਬਣਾਈ ਗਈ (I.N.A.) ਆਈ.ਐਨ.ਏ. ਦੀ ਮੁਖ਼ਾਲਫ਼ਤ ਕਰਨਾ, ਜਿਹੜੀ ਕਿ ਦੇਸ਼ ਦੀ ਆਜ਼ਾਦੀ ਲਈ ਲੜਦੀ ਹੋਈ ਕੁਰਬਾਨੀਆਂ ਕਰ ਰਹੀ ਸੀ।

ਇਸ ਅਸੈਂਬਲੀ ਇਲੈਕਸ਼ਨ ਵਿਚ ਜ਼ਿਲ੍ਹਾ ਜਲੰਧਰ ਦੀ ਪਾਰਟੀ ਕਮੇਟੀ ਨੇ 40000 ਰੁਪਏ ਫੰਡ ਇਕੱਠਾ ਕਰਕੇ ਖ਼ਰਚ ਕੀਤੇ ਸਨ, ਜਿਸ ਨੂੰ ਸੂਬਾ ਪਾਰਟੀ ਕਮੇਟੀ ਦੇ ਔਡੀਟਰਾਂ (AUDITORS) (ਬਾਬਾ ਗੁਰਮੁਖ ਸਿੰਘ ਅਤੇ ਦੇਸ ਰਾਜ ਚੱਢਾ) ਨੇ ਆ ਕੇ ਚੈੱਕ ਕੀਤਾ ਅਤੇ ਉਨ੍ਹਾਂ ਸਾਰਾ ਹਿਸਾਬ-ਕਿਤਾਬ ਠੀਕ ਪਾਇਆ।

1946 ਵਿੱਚ ਸੀ.ਪੀ.ਆਈ. ਦੀ ਸੈਂਟਰਲ ਕਮੇਟੀ ਵੱਲੋਂ ਪੰਜਾਬ ਪਾਰਟੀ ਕਮੇਟੀ ਦਾ ਕਾ. ਅਜੈ ਕੁਮਾਰ ਘੋਸ਼ ਨੂੰ ਇੰਚਾਰਜ ਨਿਯਤ ਕੀਤਾ ਹੋਇਆ ਸੀ। ਕਾ. ਅਜੈ ਕੁਮਾਰ ਘੋਸ਼ ਨੇ ਜ਼ਿਲ੍ਹਾ ਜਲੰਧਰ ਪਾਰਟੀ ਕਮੇਟੀ ਦੇ ਮੈਂਬਰਾਂ ਦਾ ਇਕ ਸਟੱਡੀ ਸਰਕਲ ਪਿੰਡ ਬਿਲਗਾ ਵਿੱਚ ਲਗਾਇਆ ਜਿਸ ਵਿੱਚ ਸਮਾਜ ਦੇ ਮੁੱਢਲੇ ਵਿਕਾਸ ਤੋਂ ਲੈ ਕੇ ਸਰਮਾਏਦਾਰੀ ਸਿਸਟਮ ਤੱਕ ਵਿਸਥਾਰ ਨਾਲ ਸਮਝਾਇਆ। ਉਸ ਦੇ ਸਟੱਡੀ ਸਰਕਲ ਤੋਂ ਅਸੀਂ ਚੰਗਾ ਪ੍ਰਭਾਵ ਲਿਆ ਸੀ।

ਨੋਟ : ਕਾ. ਅਜੈ ਕੁਮਾਰ ਘੋਸ਼ ਨੇ ਭਾਰਤੀ ਸਮਾਜ ਸ਼ੁਰੂ ਤੋਂ ਆਰਥਿਕ ਤੇ ਸਮਾਜਿਕ ਤੌਰ ਉੱਤੇ ਕਿੱਦਾਂ ਵਿਕਸਤ ਹੋਇਆ, ਸਮਾਜ ਵਿੱਚ ਵਰਣ ਵਿਵਸਥਾ ਕਿਉਂ ਤੇ ਕਿਸ ਤਰ੍ਹਾਂ ਪੈਦਾ ਹੋਈ। ਜਾਤੀਵਾਦ ਕਿਉਂ ਅਤੇ ਕਿਸ ਤਰ੍ਹਾਂ ਪੈਦਾ ਹੋਇਆ। ਸਾਡੇ ਭਾਰਤੀ ਦੇਸ਼ ਦੀ ਆਰਥਿਕ-ਸਮਾਜਿਕ ਤੇ ਰਾਜਨੀਤਕ ਵਿਵਸਥਾ ਕਿਸ ਤਰ੍ਹਾਂ ਦੀ ਸੀ, ਇਨ੍ਹਾਂ ਵਿਸ਼ਿਆਂ ਉੱਤੇ ਕੋਈ ਚਾਨਣਾ ਨਹੀਂ ਪਾਇਆ ਅਤੇ ਨਾ ਹੀ ਇਸ ਵਿਸ਼ੇ ਉੱਤੇ ਅਸੀਂ ਵੀ ਕੋਈ ਸੁਆਲ ਪੁੱਛੇ!!

ਪੰਜਾਬ ਦੀ ਕਮਿਊਨਿਸਟ ਪਾਰਟੀ ਵਿੱਚ ਤੇ ਜੋਸ਼ ਗਰੁੱਪ ਦੇ ਸਾਥੀਆਂ ਵਿੱਚ ਜੋ ਆਪਸੀ ਦੂਰੀਆਂ ਚੱਲਦੀਆਂ ਸਨ ਅਤੇ ਜਿਸ ਕਾਰਣ ਪਾਰਟੀ ਕੰਮ ਵਿੱਚ ਖੜੋਤ ਸੀ, ਇਸ ਨੂੰ ਦੂਰ ਕਰਨ ਲਈ ਕਾ. ਅਜੈ ਘੋਸ਼ ਨੇ ਸਾਡੇ ਕੋਲੋਂ ਸਹਿਯੋਗ ਮੰਗਿਆ। ਜ਼ਿਲ੍ਹਾ ਜਲੰਧਰ ਦੇ ਅਸੀਂ ਪੁਰਾਣੇ ਕਿਰਤੀ ਸਾਥੀ ਸੂਬੇ ਦੇ ਪਾਰਟੀ ਕੰਮ ਵਿੱਚ ਆਈ ਹੋਈ ਖੜੋਤ ਤੋਂ ਕਾਫ਼ੀ ਫਿਕਰਮੰਦ ਸਾਂ। ਇਸ ਲਈ ਜ਼ਿਲ੍ਹਾ ਪਾਰਟੀ ਕਮੇਟੀ ਦੀ ਰਾਏ ਨਾਲ ਅਸੀਂ ਤਿੰਨ ਸਾਥੀ (ਕਾ. ਬੂਝਾ ਸਿੰਘ ਅਤੇ ਹਰਬੰਸ ਸਿੰਘ ਕਰਨਾਣਾ ਅਤੇ ਮੈਂ) ਕਾ. ਅਜੈ ਘੋਸ਼ ਨੂੰ ਮਿਲੇ ਅਤੇ ਉਸ ਨੂੰ ਯਕੀਨ ਦੁਆਇਆ ਕਿ ਪੰਜਾਬ ਪਾਰਟੀ ਕਮੇਟੀ ਦੇ ਕੰਮ ਵਿੱਚ ਆਈ ਹੋਈ ਖੜੋਤ ਨੂੰ ਦੂਰ ਕਰਨ ਲਈ ਅਸੀਂ ਤੁਹਾਡਾ ਸਹਿਯੋਗ ਕਰਾਂਗੇ।

ਕੁਝ ਦਿਨਾਂ ਬਾਅਦ ਪਿੰਡ ਜੱਲੋ (ਜੋ ਹੁਣ ਪਾਕਿਸਤਾਨ ਵਿਚ ਅਟਾਰੀ ਰੇਲਵੇ ਸਟੇਸ਼ਨ ਤੋਂ ਲਾਹੌਰ ਵੱਲ ਨੂੰ ਅਗਲਾ ਸਟੇਸ਼ਨ ਹੈ) ਵਿੱਚ ਸੂਬਾ ਕਿਸਾਨ ਸਭਾ ਦਾ

ਡੈਲੀਗੇਟ ਇਜਲਾਸ ਹੋਇਆ। ਇਸ ਵਿਚ ਪੰਜਾਬ ਕਿਸਾਨ ਸਭਾ ਦੇ ਅਹੁਦੇਦਾਰਾਂ ਦੀ ਚੋਣ ਹੋਣੀ ਸੀ। ਕਾ. ਅਜੈ ਘੋਸ਼ ਵੱਲੋਂ ਅਹੁਦੇਦਾਰਾਂ ਦੀ ਲਿਸਟ (ਪ੍ਰਧਾਨ ਬਾਬਾ ਗੁਰਮੁਖ ਸਿੰਘ ਲਲਤੋਂ, ਜਨਰਲ ਸੈਕਟਰੀ ਮਾਸਟਰ ਹਰੀ ਸਿੰਘ ਧੂਤ) ਪੇਸ਼ ਕੀਤੀ। ਇਸ ਲਿਸਟ ਉੱਤੇ ਅਸੀਂ ਪੰਜਾਬ ਭਰ ਦੇ ਸਾਰੇ ਪੁਰਾਣੇ ਕਿਰਤੀ ਵਰਕਰਾਂ ਨੂੰ ਕਾਫ਼ੀ ਮੁਸ਼ਕਲ ਨਾਲ ਸਹਿਮਤ ਕੀਤਾ। ਪੁਰਾਣੇ ਕਿਰਤੀ ਵਰਕਰ ਇਸ ਲਈ ਮੰਨ ਤਾਂ ਗਏ ਪਰ ਪਾਰਟੀ ਲੀਡਰਸ਼ਿਪ ਦੇ ਪਿਛਲੇ ਵਿਵਹਾਰ ਕਾਰਣ ਸ਼ੰਕਾਵਾਦੀ ਹੀ ਰਹੇ।

ਕਾਮਰੇਡ ਅਜੈ ਘੋਸ਼ ਇਸ ਚੋਣ ਤੋਂ ਬਾਅਦ ਪੰਜਾਬ ਪਾਰਟੀ ਕਮੇਟੀ ਦੀ ਰਿਪੋਰਟ ਲੈ ਕੇ ਸੀ.ਪੀ.ਆਈ. ਦੀ ਸੈਂਟਰਲ ਕਮੇਟੀ ਕੋਲ ਬੰਬਈ ਚਲਾ ਗਿਆ। ਪਰ ਕੁਝ ਦਿਨਾਂ ਬਾਅਦ ਪੰਜਾਬ ਸੂਬਾ ਪਾਰਟੀ ਕਮੇਟੀ ਦੇ ਸੈਕਟਰੀ ਤੇਜਾ ਸਿੰਘ ਸੁਤੰਤਰ ਵੱਲੋਂ ਸਾਨੂੰ ਕਿਹਾ ਗਿਆ ਕਿ ਪਾਰਟੀ ਦੀ ਸੈਂਟਰਲ ਕਮੇਟੀ ਨੇ ਜਲੰਧਰ ਦੀ ਪਾਰਟੀ ਕਮੇਟੀ ਦੇ ਤਿੰਨ ਸਾਥੀਆਂ (ਕਾ. ਬੂਝਾ ਸਿੰਘ ਚੱਕ ਮਾਈਦਾਸ, ਕਾ. ਹਰਬੰਸ ਸਿੰਘ ਕਰਨਾਣਾ ਤੇ ਲੇਖਕ) ਪਾਰਟੀ ਵਿਰੋਧੀ ਆਚਰਣ ਦੇ ਕਾਰਨ ਕਮਿਊਨਿਸਟ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਹੀ ਖ਼ਾਰਿਜ ਕਰ ਦਿੱਤਾ ਹੈ ਅਤੇ ਆਰਡਰ ਕੀਤਾ ਹੈ ਕਿ ਹੁਣ ਤੁਸੀਂ ਆਪਣੇ ਪਿੰਡਾਂ ਵਿੱਚ ਜਾ ਕੇ ਚੰਗੇ ਕਿਸਾਨ ਬਣੋ!! (Be a good Kisan Boy) ਜ਼ਿਲ੍ਹਾ ਜਲੰਧਰ ਦੀ ਪਾਰਟੀ ਕਮੇਟੀ ਇਹ ਹੁਕਮ (ORDER) ਸੁਣ ਕੇ ਹੈਰਾਨ ਰਹਿ ਗਈ।

ਜ਼ਿਲ੍ਹਾ ਜਲੰਧਰ ਦੀ ਪਾਰਟੀ ਕਮੇਟੀ ਨੇ ਫੈਸਲਾ ਕੀਤਾ ਕਿ ਲਾਹੌਰ ਜਾ ਕੇ ਕਾਮਰੇਡ ਅਜੈ ਕੁਮਾਰ ਘੋਸ਼ ਤੋਂ ਪੁੱਛਿਆ ਜਾਵੇ ਕਿ ਇਨ੍ਹਾਂ ਤਿੰਨਾਂ ਸਾਥੀਆਂ ਨੂੰ ਕਿਸ ਬਿਨਾ ਉੱਤੇ ਪਾਰਟੀ ਤੋਂ ਖ਼ਾਰਿਜ ਕੀਤਾ ਗਿਆ ਹੈ? ਸਾਰੀ ਜ਼ਿਲ੍ਹਾ ਪਾਰਟੀ ਕਮੇਟੀ, ਸੂਬਾ ਪਾਰਟੀ ਕਮੇਟੀ ਦੇ ਲਾਹੌਰ ਦਫ਼ਤਰ ਵਿੱਚ ਪਹੁੰਚ ਗਈ।

ਸਾਥੀ ਅਜੈ ਕੁਮਾਰ ਘੋਸ਼ ਅਤੇ ਪੰਜਾਬ ਦੇ ਪਾਰਟੀ ਸੈਕਟਰੀ ਤੇਜਾ ਸਿੰਘ ਸੁਤੰਤਰ ਕੋਲੋਂ ਜਲੰਧਰ ਜ਼ਿਲ੍ਹਾ ਪਾਰਟੀ ਕਮੇਟੀ ਦੇ ਇਨ੍ਹਾਂ ਤਿੰਨਾਂ ਸਾਥੀਆਂ ਨੂੰ ਪਾਰਟੀ ਦੀ ਮੈਂਬਰਸ਼ਿਪ ਤੋਂ ਖ਼ਾਰਿਜ ਕਰਨ ਦੇ ਕਾਰਨ ਪੁੱਛੇ। ਜਿਸਦਾ ਉਹ ਕੋਈ ਵੀ ਤਸੱਲੀਬਖਸ਼ ਜਵਾਬ ਨਾ ਦੇ ਸਕੇ। ਪੰਜਾਬ ਦੇ ਸਾਰੇ ਪੁਰਾਣੇ ਕਿਰਤੀ ਵਰਕਰਾਂ ਨੇ ਅਤੇ ਸਾਰੇ 'ਗ਼ਦਰੀ ਬਾਬਿਆਂ' ਨੇ ਇਸ ਫੈਸਲੇ ਨੂੰ ਠੀਕ ਨਹੀਂ ਸਮਝਿਆ। ਕਾਮਰੇਡ ਅਜੈ ਘੋਸ਼ ਵੱਲੋਂ ਜ਼ਿਲ੍ਹਾ ਜਲੰਧਰ ਦੇ ਕੁਝ ਕਮਿਊਨਿਸਟ ਲੀਡਰਾਂ ਜਗਜੀਤ ਸਿੰਘ ਜੱਗੀ ਤੇ ਗੁਰਬਖ਼ਸ਼ ਸਿੰਘ ਅੱਟਾ ਆਦਿ ਨੂੰ ਲਾਹੌਰ ਸੱਦ ਕੇ ਜ਼ਿਲ੍ਹਾ ਜਲੰਧਰ ਦੀ ਨਵੀਂ ਜ਼ਿਲ੍ਹਾ ਪਾਰਟੀ ਕਮੇਟੀ ਬਣਾਉਣ ਤੇ ਕੰਮ ਸੰਭਾਲਣ ਲਈ ਕਿਹਾ ਪਰ ਇਸ ਜ਼ਿੰਮੇਵਾਰੀ ਨੂੰ ਸੰਭਾਲਣ ਲਈ ਕੋਈ ਵੀ ਤਿਆਰ ਨਾ ਹੋਇਆ। ਉਨ੍ਹਾਂ ਨੇ ਅਜੈ ਘੋਸ਼ ਨੂੰ ਆਪਣੀ ਰਾਏ ਦਿੱਤੀ ਕਿ ਸੈਂਟਰਲ ਕਮੇਟੀ ਦੇ ਇਸ ਫੈਸਲੇ ਨਾਲ ਜ਼ਿਲ੍ਹੇ ਜਲੰਧਰ ਦਾ ਕੰਮ ਹੀ ਠੱਪ ਹੋ ਜਾਵੇਗਾ।

ਇਹ ਸਾਰੀ ਰਿਪੋਰਟ ਲੈ ਕੇ ਕਾਮਰੇਡ ਅਜੈ ਕੁਮਾਰ ਘੋਸ਼ ਬੰਬਈ ਚਲਾ ਗਿਆ ਅਤੇ ਪਾਰਟੀ ਸੈਂਟਰਲ ਕਮੇਟੀ ਨੇ ਆਪਣਾ ਫੈਸਲਾ (ਤਿੰਨਾਂ ਸਾਥੀਆਂ ਨੂੰ ਖ਼ਾਰਿਜ ਕਰਨ

ਦਾ) ਵਾਪਸ ਲੈ ਲਿਆ ਅਤੇ ਤਿੰਨੇ ਸਾਥੀ ਆਪਣੀ ਪਹਿਲੀ ਪਾਰਟੀ ਡਿਊਟੀ ਉੱਤੇ ਬਹਾਲ ਕਰ ਦਿੱਤੇ ਗਏ।

ਸੂਬਾ ਪਾਰਟੀ ਕਮੇਟੀ ਨੇ ਜਾਂਗਪੁਰ (ਨੇੜੇ ਪਿੰਡ ਲਲਤੋਂ ਜ਼ਿਲ੍ਹਾ ਲੁਧਿਆਣਾ) ਸੂਬੇ ਦੀ ਕਿਸਾਨ ਕਾਨਫਰੰਸ ਵਿੱਚ ਕੰਮ ਕਰਨ ਲਈ ਜ਼ਿਲ੍ਹਿਆਂ ਤੋਂ ਪਾਰਟੀ ਵਰਕਰ ਮੰਗੇ। ਜ਼ਿਲ੍ਹਾ ਜਲੰਧਰ ਪਾਰਟੀ ਕਮੇਟੀ ਨੇ ਮੇਰੀ ਡਿਊਟੀ ਉੱਥੇ ਕੰਮ ਕਰਨ ਦੀ ਲਗਾਈ ਜੋ ਮੈਂ ਚੰਗੀ ਤਰ੍ਹਾਂ ਨਿਭਾਈ।

ਨੀਲੀਬਾਰ ਦਾ ਮੁਜ਼ਾਰਾ ਘੋਲ

ਨੀਲੀਬਾਰ ਦਾ ਮੁਜ਼ਾਰਾ ਘੋਲ 'ਨੀਲੀਬਾਰ (ਜ਼ਿਲ੍ਹਾ ਮਿੰਟਗੁਮਰੀ) ਵਿੱਚ ਮੁਜ਼ਾਰਿਆਂ ਦੀ ਫ਼ਸਲ ਦੀ ਲੜਾਈ' (ਫ਼ਸਲ ਦੀ ਬਟਾਈ ਦਾ ਅੱਧਾ ਹਿੱਸਾ ਹਾਸਲ ਕਰਨ ਲਈ ਜਗੀਰਦਾਰਾਂ ਦੇ ਵਿਰੁੱਧ) ਦਾ ਤੇਜ਼ ਸੰਘਰਸ਼ ਚੱਲ ਰਿਹਾ ਸੀ। ਜ਼ਿਲ੍ਹਾ ਮਿੰਟਗੁਮਰੀ ਦੀ ਕਿਸਾਨ ਕਮੇਟੀ ਨੇ ਸੂਬੇ ਦੀ ਕਿਸਾਨ ਕਮੇਟੀ ਕੋਲੋਂ ਇਸ ਚੱਲ ਰਹੇ ਘੋਲ ਵਿੱਚ ਕੰਮ ਕਰਨ ਲਈ ਕਿਸਾਨ ਵਰਕਰ ਮੰਗੇ। ਸੂਬੇ ਦੀ ਕਿਸਾਨ ਕਮੇਟੀ ਨੇ ਸਾਰੇ ਜ਼ਿਲ੍ਹਿਆਂ ਦੀਆਂ ਕਿਸਾਨ ਕਮੇਟੀਆਂ ਨੂੰ ਉੱਥੇ ਕਿਸਾਨ ਵਰਕਰ ਭੇਜਣ ਲਈ ਕਿਹਾ। ਮੈਂ ਆਪਣੇ ਆਪ ਨੂੰ (ਜ਼ਿਲ੍ਹਾ ਜਲੰਧਰ ਦੀ ਕਿਸਾਨ ਕਮੇਟੀ ਵੱਲੋਂ) ਇਸ ਡਿਊਟੀ ਲਈ ਖ਼ੁਦ ਨੂੰ ਪੇਸ਼ ਕੀਤਾ। ਇਕ ਹੋਰ ਵਰਕਰ ਨੂੰ ਮੈਂ ਨਾਲ ਲੈ ਕੇ ਸੂਬਾ ਕਿਸਾਨ ਸਭਾ ਦੇ ਦਫ਼ਤਰ ਲਾਹੌਰ ਚਲਾ ਗਿਆ। ਇਕ ਹਫ਼ਤੇ ਤੱਕ ਸੂਬਾ ਕਿਸਾਨ ਸਭਾ ਦੇ ਅਹੁਦੇਦਾਰ ਮੈਨੂੰ ਨੀਲੀਬਾਰ ਭੇਜਣ ਤੋਂ ਝਿਜਕਦੇ ਰਹੇ। ਇਕ ਹਫ਼ਤੇ ਬਾਅਦ ਨੀਲੀਬਾਰ ਤੋਂ ਕਾਮਰੇਡ ਹਜ਼ਾਰਾ ਰਾਮ ਸੂਬਾ ਕਿਸਾਨ ਸਭਾ ਦੇ ਦਫ਼ਤਰ ਵਿੱਚ ਆਇਆ, ਉਸ ਨੇ ਮੈਨੂੰ ਪੁੱਛਿਆ ਕਿ "ਤੁਸੀਂ ਨੀਲੀਬਾਰ ਨੂੰ ਵਰਕਰ ਕਿਉਂ ਨਹੀਂ ਭੇਜਦੇ ਹੋ?" ਮੈਂ ਉਸ ਨੂੰ ਦੱਸਿਆ ਕਿ ਨੀਲੀਬਾਰ ਜਾਣ ਲਈ "ਮੈਂ ਇੱਥੇ ਕਿਸਾਨ ਸਭਾ ਦੇ ਦਫ਼ਤਰ ਵਿੱਚ ਸੱਤ ਦਿਨ ਤੋਂ ਬੈਠਾ ਹੋਇਆ ਹਾਂ, ਪਰ ਮੈਨੂੰ ਉੱਥੇ ਭੇਜਿਆ ਨਹੀਂ ਜਾ ਰਿਹਾ।" ਕਾਮਰੇਡ ਹਜ਼ਾਰਾ ਰਾਮ ਦੇ ਸੂਬਾ ਕਿਸਾਨ ਕਮੇਟੀ ਨੂੰ ਕਹਿਣ ਉੱਤੇ ਮੈਨੂੰ ਨੀਲੀਬਾਰ ਦੇ ਮੁਜ਼ਾਰਾ ਘੋਲ ਵਿੱਚ ਜਾਣ ਦੀ ਇਜਾਜ਼ਤ ਦਿੱਤੀ। ਮੈਂ ਜਿੰਨੀ ਦੇਰ ਵੀ ਉੱਥੇ ਘੋਲ ਵਿੱਚ ਰਿਹਾ, ਮੈਂ ਪੰਜਾਬ ਦੇ ਦੂਜੇ ਜ਼ਿਲ੍ਹਿਆਂ ਤੋਂ ਉੱਥੇ ਆਇਆ ਕੋਈ ਵੀ ਕਿਸਾਨ ਵਰਕਰ ਨਹੀਂ ਦੇਖਿਆ।

ਰਾਜੇ ਫਰੀਦਕੋਟ ਦੇ ਨੀਲੀਬਾਰ ਵਿੱਚ ਕਈ ਚੱਕ (ਕਈ ਪਿੰਡ) ਸਨ। ਕਿਸਾਨ ਮੁਜ਼ਾਰੇ ਆਪਣੀ ਬੀਜੀ ਹੋਈ ਫਸਲ (ਪੈਦਾਵਾਰ) ਦਾ ਅੱਧ ਹਾਸਿਲ ਕਰਨ ਲਈ ਜਗੀਰਦਾਰਾਂ ਦੇ ਖਿਲਾਫ਼ ਇਹ ਸੰਘਰਸ਼ ਕਰ ਰਹੇ ਸਨ। ਜਗੀਰਦਾਰ ਕਈ ਖਰਚੇ, ਨਜ਼ਰਾਨੇ ਆਦਿ ਲਗਾ ਕੇ ਮੁਜਾਰੇ ਦੀ ਫ਼ਸਲ ਦਾ ਵੱਡਾ ਹਿੱਸਾ (ਤਿੰਨ ਹਿੱਸੇ) ਲੈ ਜਾਂਦੇ ਅਤੇ ਇਕ ਹਿੱਸਾ ਮੁਜ਼ਾਰੇ ਕੋਲ ਰਹਿ ਜਾਂਦਾ ਸੀ। ਜਗੀਰਦਾਰ ਮੁਜ਼ਾਰੇ ਨੂੰ ਇਸ ਅਨਿਆਏ ਦੇ ਖਿਲਾਫ਼ ਆਵਾਜ਼ ਨਹੀਂ ਸੀ ਕੱਢਣ ਦਿੰਦੇ।

ਮਿੰਟਗੁਮਰੀ ਕਿਸਾਨ ਸਭਾ ਨੇ ਇਸ ਅਨਿਆਏ ਦੇ ਖਿਲਾਫ਼ ਮੁਜ਼ਾਰਿਆਂ ਨੂੰ ਜੱਥੇਬੰਦ ਕੀਤਾ। ਮੁਜ਼ਾਰਿਆਂ ਦੇ ਮੁੱਖ ਲੀਡਰ ਸਾਥੀ ਵਧਾਵਾ ਰਾਮ, ਕਾ. ਦਾਨਾ ਰਾਮ,

ਕਾ. ਹਜ਼ਾਰਾ ਰਾਮ, ਕਾ. ਗੁਰਬਚਨ ਸਿੰਘ, ਕਾ. ਗਿਆਨ ਸਿੰਘ ਚੀਂਗਰਾ, ਕਾ. ਗਿਆਨੀ ਸੰਤਾ ਸਿੰਘ ਵੈਦ ਅਤੇ ਕੁਝ ਹੋਰ ਸਾਥੀ ਵੀ ਸਨ। ਮੁਜ਼ਾਰਿਆਂ ਦੁਆਰਾ ਪੈਦਾ ਕੀਤੀ ਹੋਈ ਫ਼ਸਲ ਦੀ ਬਟਾਈ ਖੇਤ ਵਿੱਚ ਹੀ ਕਰਾਉਣ ਦਾ ਨਾਅਰਾ 'ਬੰਨੇ ਉੱਤੇ ਅੱਧੋ-ਅੱਧ' ਦਾ ਦਿੱਤਾ ਗਿਆ। ਕਿਸਾਨ ਵਰਕਰਾਂ ਦੀ ਅਗਵਾਈ ਵਿੱਚ ਮੁਜ਼ਾਰਿਆਂ ਨੇ ਇਸ ਸੰਘਰਸ਼ ਨੂੰ ਕਾਮਯਾਬੀ ਨਾਲ ਲੜਿਆ। ਕੁਝ ਇਕ ਜਗ੍ਹਾ ਉੱਤੇ ਜਗੀਰਦਾਰਾਂ ਦੇ ਗੁੰਡਿਆਂ ਨਾਲ ਮੁਜ਼ਾਰਿਆਂ ਦੀਆਂ ਝੜਪਾਂ ਵੀ ਹੋਈਆਂ।

ਕਿਸਾਨ ਸਭਾ ਦਾ ਦਫ਼ਤਰ ਬੂਰੇ ਵਾਲਾ ਮੰਡੀ ਵਿੱਚ ਸੀ। ਮੇਰੀ ਡਿਊਟੀ ਸਾਥੀ ਗਿਆਨ ਸਿੰਘ ਕੰਬੋਜ ਨਾਲ ਲਾਈ ਗਈ, ਜਿਹੜਾ ਕਿ ਜ਼ਿਲ੍ਹਾ ਜਲੰਧਰ ਦਾ ਹੀ ਰਹਿਣ ਵਾਲਾ ਸੀ। ਮੈਂ ਤੇ ਗਿਆਨ ਸਿੰਘ ਮੁਜ਼ਾਰਿਆਂ ਦੇ ਡੇਰਿਆਂ ਉੱਤੇ ਜਾਂਦੇ, ਜਿਹੜੇ ਕਿ ਉਨ੍ਹਾਂ ਦੇ (ਜਿੱਥੇ ਉਹ ਖੇਤੀ ਕਰਦੇ ਉੱਥੇ ਹੀ ਰਿਹਾਇਸ਼) ਖੇਤਾਂ ਵਿੱਚ ਹੀ ਹੁੰਦੇ। ਅਸੀਂ ਮੁਜ਼ਾਰਿਆਂ ਨੂੰ ਉਨ੍ਹਾਂ ਦੇ ਸੰਘਰਸ਼ ਬਾਰੇ ਸਮਝਾ ਕੇ ਕਿਸਾਨ ਸਭਾ ਦਾ ਮੈਂਬਰ ਬਣਾਉਂਦੇ (ਕਿਸਾਨ ਸਭਾ ਦਾ ਮੈਂਬਰ ਬਣਨ ਦੀ ਫੀਸ ਸਿਰਫ ਇਕ ਆਨਾ ਸਾਲਾਨਾ ਸੀ) ਮੁਜ਼ਾਰੇ ਆਪਣੀ ਫੀਸ ਖੁਸ਼ੀ ਨਾਲ ਦਿੰਦੇ ਅਤੇ ਕਿਸਾਨ ਸਭਾ ਲਈ ਇਕ ਰੁ: ਚੰਦਾ ਵੀ ਦਿੰਦੇ। ਕਾ. ਗਿਆਨ ਸਿੰਘ ਕੰਬੋਜ਼ ਮੁਜ਼ਾਰਿਆਂ ਵਿੱਚ ਕਾਫ਼ੀ ਰਸੂਖ ਰੱਖਦਾ ਸੀ।

ਸਾਡੇ ਸਕੂਵੈਡ ਨੇ ਮੁਜ਼ਾਰਿਆਂ ਨੂੰ ਉਨ੍ਹਾਂ ਦੇ ਘਰਾਂ ਵਿੱਚ (ਡੇਰਿਆਂ ਉੱਤੇ) ਜਾ ਕੇ ਜ਼ਿਆਦਾ ਜਥੇਬੰਦ ਕੀਤਾ ਅਤੇ ਜ਼ਿਆਦਾ ਫੰਡ ਉਗਰਾਹਿਆ। ਮਿੰਟਗੁਮਰੀ ਜ਼ਿਲ੍ਹਾ ਕਿਸਾਨ ਕਮੇਟੀ ਨੇ ਮੁਜ਼ਾਰਿਆਂ ਨੂੰ ਆਪਣਾ ਹੱਕ ਹਾਸਲ ਕਰਨ ਲਈ ਇਸ ਲਹਿਰ ਨੂੰ ਫੈਲਾਉਣ ਅਤੇ ਜਥੇਬੰਦ ਕਰਨ ਦਾ ਫੈਸਲਾ ਕੀਤਾ। ਸਾਰੇ ਇਲਾਕੇ ਵਿੱਚ ਪ੍ਰਚਾਰ ਕਰਕੇ ਤਿੰਨ ਜਨਵਰੀ 1947 ਨੂੰ ਨਹਿਰ ਉੱਤੇ ਸਥਿਤ 'ਦਿਲੂ ਵਾਲੇ ਬੰਗਲੇ' ਦੇ ਨਾਲ ਲਗਦੇ ਮੈਦਾਨ ਵਿੱਚ ਦੂਰ-ਦੂਰ ਤੋਂ ਮੁਜ਼ਾਰਿਆਂ ਦੇ ਜੱਥੇ ਲਿਆ ਕੇ ਇਕ ਵੱਡੀ ਰੈਲੀ ਕਰਕੇ ਅਗਲਾ ਪ੍ਰੋਗਰਾਮ ਦੱਸਣ ਲਈ ਫੈਸਲਾ ਕੀਤਾ। ਪੰਜਾਬ ਸੂਬਾ ਕਿਸਾਨ ਸਭਾ ਵੱਲੋਂ ਮਾਸਟਰ ਹਰੀ ਸਿੰਘ (ਜਨਰਲ ਸੈਕਟਰੀ) ਅਤੇ ਆਫਿਸ ਸੈਕਟਰੀ ਕਾ. ਮੱਖਣ ਸਿੰਘ ਘਰਜ਼ਾਖ਼ ਜ਼ਿਲ੍ਹਾ ਕਿਸਾਨ ਕਮੇਟੀ ਨੂੰ ਗਾਈਡ ਕਰਨ ਲਈ ਆਏ ਹੋਏ ਸਨ। ਤਿੰਨ ਜਨਵਰੀ 1947 ਦੀ ਸਵੇਰ ਤੋਂ ਹੀ ਮੁਜ਼ਾਰਿਆਂ ਦੇ ਜੱਥੇ 'ਬੰਗਲੇ' ਦੇ ਮੈਦਾਨ ਵਿੱਚ ਇਕੱਠੇ ਹੋਣੇ ਸ਼ੁਰੂ ਹੋ ਗਏ ਸਨ। ਰਾਜੇ ਫਰੀਦਕੋਟ ਦੇ ਚੱਕਾਂ ਦੇ ਮੁਜ਼ਾਰਿਆਂ ਦਾ ਜੱਥਾ ਜਿਸ ਵਿਚ ਕਾ. ਗਿਆਨ ਸਿੰਘ ਕੰਬੋਜ ਅਤੇ ਮੈਂ ਸ਼ਾਮਲ ਸਾਂ, ਦੁਪਹਿਰ ਤੱਕ ਉੱਥੇ ਪਹੁੰਚ ਗਿਆ। ਅਸੀਂ ਮੁਜ਼ਾਰਿਆਂ ਦੇ ਇਕੱਠ ਕੋਲ ਅਜੇ ਪਹੁੰਚੇ ਹੀ ਸੀ ਕਿ ਪੁਲਿਸ ਦੀਆਂ ਗੋਲੀਆਂ ਚੱਲਣੀਆ ਸ਼ੁਰੂ ਹੋ ਗਈਆਂ। ਜ਼ਿਲ੍ਹੇ ਦੇ ਪ੍ਰਸ਼ਾਸਨ ਨੇ ਉੱਥੇ ਦਫਾ 144 ਲਗਾ ਦਿੱਤੀ ਸੀ। ਇਸ ਲਈ ਪੁਲਿਸ ਮੁਜ਼ਾਰਿਆਂ ਨੂੰ ਬੰਗਲੇ ਉੱਤੇ ਇਕੱਠੇ ਹੋਣ ਤੋਂ ਰੋਕ ਰਹੀ ਸੀ ਅਤੇ ਉੱਥੋਂ ਖਦੇੜ ਰਹੀ ਸੀ। ਮੁਜ਼ਾਰਿਆਂ ਦੇ ਇਨਕਾਰ ਕਰਨ ਉੱਤੇ ਪੁਲਿਸ ਦੀ ਮੁਜ਼ਾਰਿਆਂ ਨਾਲ ਹੱਥੋਪਾਈ ਹੋ ਗਈ। ਪੁਲਿਸ ਨੇ ਹਵਾ ਵਿੱਚ ਫਾਇਰ ਕਰਨ ਦੀ ਬਜਾਏ ਮੁਜ਼ਾਰਿਆਂ ਦੇ ਇਕੱਠ ਵੱਲ ਨੂੰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ

ਗੋਲੀ ਕਾਂਡ ਵਿੱਚ ਚਾਰ ਮੁਜ਼ਾਰੇ ਸਾਥੀ ਮੌਕੇ ਉੱਤੇ ਹੀ ਸ਼ਹੀਦ ਹੋ ਗਏ। ਮਿੰਟਗੁਮਰੀ ਜ਼ਿਲ੍ਹਾ ਕਿਸਾਨ ਸਭਾ ਦੇ ਸੈਕਟਰੀ ਕਾ. ਗਿਆਨ ਸਿੰਘ ਢੀਂਗਰਾ ਦੇ ਕੰਨ ਉੱਤੇ ਗੋਲੀ ਲੱਗੀ, ਤਿੰਨ ਮੁਜ਼ਾਰਾ ਸਾਥੀ ਹੋਰ ਸ਼ਹੀਦ ਹੋ ਗਏ। ਪੁਲਿਸ ਅਫ਼ਸਰਾਂ ਨੇ ਗੱਲਬਾਤ ਕਰਨ ਦੇ ਬਹਾਨੇ ਕਿਸਾਨ ਕਮੇਟੀ ਦੇ ਲੀਡਰਾਂ ਨੂੰ ਇਕੱਠੇ ਕਰਨ ਦੀ ਕੋਸ਼ਿਸ਼ ਕੀਤੀ, ਪਰ ਕਾ. ਸੰਤਾ ਸਿੰਘ ਵੈਦ ਨੇ ਮੈਨੂੰ ਪੁਲਿਸ ਦੇ ਨਾਲ ਜਾਣ ਤੋਂ ਮਨ੍ਹਾ ਕਰ ਦਿੱਤਾ। ਅਸੀਂ ਮੁਜ਼ਾਰਿਆਂ ਦੇ ਇਕੱਠ ਕੋਲ ਆਣ ਕੇ ਬੈਠ ਗਏ ਅਤੇ ਉੱਥੇ ਮੁਜ਼ਾਰਿਆਂ ਦੇ ਹੋਰ ਜਥੇ ਵੀ ਆਉਂਦੇ ਰਹੇ। ਰਾਤ ਪੈਣ ਉੱਤੇ ਕਾ: ਵਧਾਵਾ ਰਾਮ ਅਤੇ ਜ਼ਿਲ੍ਹੇ ਦੇ ਹੋਰ ਕਿਸਾਨ ਲੀਡਰ ਸਾਡੇ ਕੋਲ ਆ ਪਹੁੰਚੇ।

ਰਾਤ ਦੇ 10 ਵਜੇ ਪੁਲਿਸ ਫੋਰਸ ਦੀਆਂ ਹੋਰ ਗੱਡੀਆਂ ਉੱਥੇ ਪਹੁੰਚਣੀਆਂ ਸ਼ੁਰੂ ਹੋ ਗਈਆਂ। ਸਾਨੂੰ ਪਤਾ ਲੱਗਾ ਕਿ ਪੁਲਿਸ ਸਾਰੇ ਵਰਕਰਾਂ ਨੂੰ ਫੜਨਾ ਚਾਹੁੰਦੀ ਹੈ। ਕਾ: ਵਧਾਵਾ ਰਾਮ ਨੇ ਦੋਹਾਂ ਸਾਥੀਆਂ ਦੀ ਡਿਊਟੀ ਉੱਥੇ ਠਹਿਰਨ ਦੀ ਲਗਾਈ ਅਤੇ ਬਾਕੀ ਸਾਥੀਆਂ ਨੂੰ ਉਥੋਂ ਦੂਰ ਜਾਣ ਲਈ ਕਿਹਾ। ਅਸੀਂ ਤਿੰਨ-ਚਾਰ ਘੰਟੇ ਪੈਦਲ ਚੱਲ ਕੇ 'ਕਸਬਾ ਆਰਿਫ਼ ਵਾਲਾ ਮੰਡੀ' ਪਹੁੰਚ ਗਏ। ਰਾਤ ਦੇ ਬਾਕੀ ਤਿੰਨ ਘੰਟੇ ਇਕ ਗੁਰਦੁਆਰੇ ਵਿੱਚ ਕੱਟੇ। ਅਸੀਂ ਸਵੇਰ ਨੂੰ ਰੇਲਵੇ ਸਟੇਸ਼ਨ ਤੋਂ ਗੱਡੀ ਫੜ ਕੇ 'ਬੂਰੇ ਵਾਲਾ' ਕਿਸਾਨ ਕਮੇਟੀ ਦੇ ਦਫ਼ਤਰ ਵਿੱਚ ਪਹੁੰਚ ਗਏ। ਮਿੰਟਗੁਮਰੀ ਜ਼ਿਲ੍ਹਾ ਕਿਸਾਨ ਕਮੇਟੀ ਦੇ ਚੌਦਾਂ-ਪੰਦਰਾਂ ਵਰਕਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜ਼ਿਲ੍ਹਾ ਪ੍ਰਸ਼ਾਸਨ ਨੇ ਕਿਸਾਨ ਵਰਕਰਾਂ ਉੱਤੇ ਦਫ਼ਾ 144 ਤੋੜਨ ਦਾ ਅਤੇ ਪੁਲਿਸ ਕੋਲੋਂ ਰਾਈਫਲਾਂ ਖੋਹਣ ਦਾ ਦੋਸ਼ ਲਾ ਕੇ ਸਜ਼ਾਵਾਂ ਦਿੱਤੀਆਂ।

ਨੋਟ :- (ਇਹ ਸਾਥੀ ਦੇਸ਼ ਦੀ ਦੋਹਾਂ ਹਿੱਸਿਆਂ ਦੀ ਵੰਡ ਹੋਣ ਤੋਂ ਬਾਅਦ ਭਾਰਤ ਵਿਚ ਆ ਕੇ ਜੇਲ੍ਹ ਵਿੱਚੋਂ ਰਿਹਾ ਹੋਏ)

ਮੈਨੂੰ ਸੂਬਾ ਪਾਰਟੀ ਸੂਬਾ ਕਮੇਟੀ ਵੱਲੋਂ ਸੰਦੇਸ਼ ਮਿਲਿਆ ਕਿ ਜ਼ਿਲ੍ਹਾ ਜਲੰਧਰ ਪਾਰਟੀ ਕਮੇਟੀ ਦੀਆਂ ਚੋਣਾਂ ਹੋਣੀਆਂ ਹਨ। ਇਸ ਲਈ ਆਪਣੇ ਜ਼ਿਲ੍ਹੇ ਜਲੰਧਰ ਵਿੱਚ ਪਾਰਟੀ ਅਫ਼ਿਸ ਸੈਕਟਰੀ ਦੀ ਡਿਊਟੀ ਉੱਤੇ ਪਹੁੰਚੋ! ਜਲੰਧਰ ਪਹੁੰਚ ਕੇ ਜ਼ਿਲ੍ਹਾ ਪਾਰਟੀ ਕਮੇਟੀ ਦੀ ਚੋਣ ਲਈ ਪਿੰਡ ਚੀਮਾਂ ਕਲਾਂ ਪਾਰਟੀ ਮੀਟਿੰਗ ਦਾ ਇੰਤਜ਼ਾਮ ਕੀਤਾ ਗਿਆ। ਜ਼ਿਲ੍ਹਾ ਜਲੰਧਰ ਦੇ ਉਸ ਵੇਲੇ ਪਾਰਟੀ ਮੈਂਬਰਾਂ ਦੀ ਕੁੱਲ ਤਾਦਾਦ 266 ਸੀ। ਚੋਣ ਮੀਟਿੰਗ ਵਿੱਚ 257 ਮੈਂਬਰ ਹਾਜ਼ਰ ਹੋਏ। ਜ਼ਿਲ੍ਹਾ ਪਾਰਟੀ ਕਮੇਟੀ ਦੇ ਮੈਂਬਰਾਂ ਦੀ ਜੋ ਲਿਸਟ ਕਾ. ਬੂਝਾ ਸਿੰਘ ਨੇ ਮੀਟਿੰਗ ਵਿੱਚ ਪੇਸ਼ ਕੀਤੀ ਉਸ ਲਿਸਟ ਨੂੰ 257 ਮੈਂਬਰਾਂ ਵਿੱਚੋਂ 228 ਵੋਟਾਂ ਮਿਲੀਆਂ ਅਤੇ 29 ਵੋਟਾਂ ਮੁਖ਼ਾਲਫ਼ (ਵਿਰੁੱਧ) ਗਈਆਂ। ਇਸ ਤਰ੍ਹਾਂ ਕਾ. ਬੂਝਾ ਸਿੰਘ ਦੀ ਲਿਸਟ ਪਾਸ ਹੋ ਗਈ। ਸੂਬਾ ਪਾਰਟੀ ਕਮੇਟੀ ਲਈ ਭੇਜੇ ਜਾਣ ਵਾਲੇ ਡੈਲੀਗੇਟਾਂ ਦੀ ਲਿਸਟ ਵੀ ਪੇਸ਼ ਕੀਤੀ ਗਈ, ਉਸ ਲਿਸਟ ਨੂੰ ਵੀ 228 ਵੋਟਾਂ ਮਿਲੀਆਂ ਅਤੇ 29 ਵੋਟਾਂ ਮੁਖ਼ਾਲਫ਼ ਗਈਆਂ। ਕਾ. ਬੂਝਾ ਸਿੰਘ, ਕਾ. ਹਰਬੰਸ ਸਿੰਘ ਕਰਨਾਣਾ ਤੇ ਮੈਨੂੰ ਸੂਬਾ ਪਾਰਟੀ ਕਮੇਟੀ ਦੇ ਡੈਲੀਗੇਟਾਂ ਦੀ ਲਿਸਟ ਵਿੱਚ ਚੁਣਿਆ ਗਿਆ।

ਪੰਜਾਬ ਦੇ ਬਹੁਤੇ ਜ਼ਿਲ੍ਹਿਆਂ ਵਿਚੋਂ ਵੀ ਪੁਰਾਣੇ ਕਿਰਤੀ ਵਰਕਰ ਜ਼ਿਆਦਾ ਤਾਦਾਦ ਵਿੱਚ ਸੂਬਾ ਡੈਲੀਗੇਟ ਇਜਲਾਸ ਲਈ ਚੁਣੇ ਗਏ। ਸੈਂਟਰਲ ਪਾਰਟੀ ਕਮੇਟੀ ਵੱਲੋਂ ਪੰਜਾਬ ਪਾਰਟੀ ਕਮੇਟੀ ਦੀ ਚੋਣ ਦੀ ਤਾਰੀਖ ਨਿਯਤ ਕੀਤੀ ਗਈ। ਨਿਯਤ ਤਾਰੀਖ ਉੱਤੇ ਪਾਰਟੀ ਡੈਲੀਗੇਟ ਸੂਬਾ ਪਾਰਟੀ ਕਮੇਟੀ ਦੇ ਆਫਿਸ 114 ਮੈਕਡੋਲ ਰੋਡ ਲਾਹੌਰ ਪਹੁੰਚ ਗਏ। ਮੀਟਿੰਗ ਵਿੱਚ ਇਕੱਠੇ ਹੋਏ ਡੈਲੀਗੇਟਾਂ ਨੂੰ ਦੱਸਿਆ ਗਿਆ ਕਿ ਕਾ. ਤੇਜਾ ਸਿੰਘ ਸੁਤੰਤਰ, ਕਾ. ਰਾਮ ਸਿੰਘ ਦੱਤ ਅਤੇ ਡਾ. ਭਾਗ ਸਿੰਘ ਨੂੰ ਪਾਰਟੀ ਵਿਰੋਧੀ (ANTI PARTY ACTIVITIES) ਕੰਮ ਕਰਨ ਕਾਰਨ ਪਾਰਟੀ ਮੈਂਬਰਸ਼ਿਪ ਤੋਂ ਖ਼ਾਰਿਜ ਕੀਤਾ ਜਾਂਦਾ ਹੈ ਅਤੇ ਪੰਜਾਬ ਸੂਬਾ ਕਮੇਟੀ ਦੀ ਚੋਣ ਰੋਕ ਦਿੱਤੀ ਜਾਂਦੀ ਹੈ। (ਇਹ ਆਰਡਰ ਸੈਂਟਰਲ ਪਾਰਟੀ ਕਮੇਟੀ ਵੱਲੋਂ ਆਇਆ ਸੀ ਤੇ ਕਾ. ਤੇਜਾ ਸਿੰਘ ਸੁਤੰਤਰ ਨੇ ਪੜ੍ਹ ਕੇ ਸੁਣਾਇਆ ਸੀ) ਇਜਲਾਸ ਵਿੱਚ ਆਏ ਡੈਲੀਗੇਟਾਂ ਵਿੱਚ ਜ਼ਿਆਦਾ ਤਾਦਾਦ ਪੁਰਾਣੇ ਕਿਰਤੀ ਵਰਕਰਾਂ ਦੀ ਸੀ। ਉੱਥੇ ਇਕੱਠੇ ਹੋਏ ਡੈਲੀਗੇਟ ਇਸ ਫੈਸਲੇ ਉੱਤੇ ਹੈਰਾਨ ਰਹਿ ਗਏ। ਉਨ੍ਹਾਂ ਨੇ ਇਸ ਫੈਸਲੇ ਨੂੰ ਨਾ ਮੁਨਾਸਬ ਸਮਝਿਆ ਅਤੇ ਮਹਿਸੂਸ ਕੀਤਾ ਕਿ ਪੰਜਾਬ ਵਿੱਚ ਪਾਰਟੀ ਵਰਕਰਾਂ ਵਿੱਚ ਨਿਰਾਸ਼ਾ ਆਏਗੀ ਅਤੇ ਪਾਰਟੀ ਕੰਮ ਨੂੰ ਬਹੁਤ ਧੱਕਾ ਲੱਗੇਗਾ। ਇਸ ਫ਼ੈਸਲੇ ਉੱਤੇ, ਪੁਨਰ-ਵਿਚਾਰ ਕਰਨ ਲਈ ਇਕੱਠੇ ਹੋਏ ਡੈਲੀਗੇਟਾਂ ਵਿੱਚੋਂ ਇਕ ਡੈਪੂਟੇਸ਼ਨ ਚੁਣ ਕੇ ਪਾਰਟੀ ਸੈਂਟਰਲ ਕਮੇਟੀ ਕੋਲ ਭੇਜਣ ਦਾ ਫੈਸਲਾ ਕੀਤਾ ਗਿਆ। ਕਾ. ਬੂਝਾ ਸਿੰਘ, ਕਾ. ਜਾਗੀਰ ਸਿੰਘ ਜੋਗਾ, ਕਾ. ਵਧਾਵਾ ਰਾਮ, ਕਾ. ਰਾਮ ਸਿੰਘ ਮਜੀਠਾ, ਕਾ. ਚੰਨਣ ਸਿੰਘ ਤੁਗਲਵਾਲਾ, ਕਾ. ਚੰਚਲ ਸਿੰਘ ਚੱਬਾ, ਮੈਂ ਅਤੇ ਤਿੰਨ-ਚਾਰ ਹੋਰ ਸਾਥੀ (ਕੁੱਲ ਗਿਆਰਾਂ ਸਾਥੀ) ਵਫ਼ਦ (DELEGATION) ਲਈ ਚੁਣੇ ਗਏ। ਇਨ੍ਹਾਂ ਤੋਂ ਇਲਾਵਾ ਕਾਮਰੇਡ ਤੇਜਾ ਸਿੰਘ ਸੁਤੰਤਰ, ਕਾ. ਰਾਮ ਸਿੰਘ ਦੱਤ ਅਤੇ ਡਾ. ਭਾਗ ਸਿੰਘ ਨੂੰ ਨਾਲ ਲੈ ਕੇ ਸੈਂਟਰਲ ਕਮੇਟੀ ਦੇ ਦਫ਼ਤਰ ਬੰਬਈ ਚਲੇ ਗਏ।

ਪਾਰਟੀ ਸੈਂਟਰਲ ਕਮੇਟੀ ਦੀ ਲੀਡਰਸ਼ਿਪ ਨਾਲ ਚਾਰ-ਪੰਜ ਦਿਨ ਗੱਲਬਾਤ ਹੁੰਦੀ ਰਹੀ। ਅਸੀਂ ਤਿੰਨਾਂ ਸਾਥੀਆਂ ਦੀ ਪਾਰਟੀ ਵਿਚ ਮੁੜ ਬਹਾਲੀ ਲਈ ਸੈਂਟਰਲ ਕਮੇਟੀ ਦੇ ਸਾਥੀਆਂ ਨੂੰ ਕਾਇਲ (CONVINCE) ਨਹੀਂ ਕਰ ਸਕੇ। ਪਾਰਟੀ ਦੀ ਸੈਂਟਰਲ ਲੀਡਰਸ਼ਿਪ ਇਨ੍ਹਾਂ ਤਿੰਨਾਂ ਜਣਿਆਂ ਨੂੰ ਪਾਰਟੀ ਵਿਚੋਂ ਖ਼ਾਰਿਜ ਕਰਨ ਦੇ ਆਪਣੇ ਫ਼ੈਸਲੇ ਨੂੰ ਹੀ ਠੀਕ ਸਮਝਦੀ ਰਹੀ। ਪਾਰਟੀ ਸੈਂਟਰਲ ਕਮੇਟੀ ਦੇ ਇਕ ਲੀਡਰ ਨੇ ਇੱਥੋਂ ਤੱਕ ਕਹਿ ਦਿੱਤਾ ਕਿ 'ਜੇ ਤੁਹਾਨੂੰ ਪਾਰਟੀ ਦਾ ਫ਼ੈਸਲਾ ਮਨਜ਼ੂਰ ਨਹੀਂ ਤਾਂ ਤੁਸੀਂ ਜਾ ਕੇ ਹੋਰ ਸੈਂਟਰ ਦੇਖ ਲਓ!!!' ਪਾਰਟੀ ਸੈਂਟਰਲ ਕਮੇਟੀ ਦੇ ਇਸ ਰਵੱਈਏ (ATTITUDE) ਤੋਂ ਬਾਅਦ ਸਾਡਾ ਡੈਪੂਟੇਸ਼ਨ ਵਾਪਿਸ ਪੰਜਾਬ ਆ ਗਿਆ।

ਪੁਰਾਣੀ ਕਿਰਤੀ ਪਾਰਟੀ ਦੇ ਸਾਰੇ ਸਾਥੀ ਕਮਿਊਨਿਸਟ ਲਹਿਰ ਨੂੰ ਸਮਰਪਿਤ (DEDICATED) ਸਨ। ਇਸ ਲਈ (ਪੰਜਾਬ) ਆ ਕੇ ਪਾਰਟੀ ਡਸਿਪਲਿਨ ਨੂੰ ਮੰਨਦੇ ਹੋਏ ਮਾਸ-ਵਰਕ ਵਿਚ ਰੁਝ ਗਏ। ਬੰਬਈ ਤੋਂ ਵਾਪਿਸ ਆਉਣ ਤੋਂ ਇਕ ਹਫ਼ਤਾ

ਬਾਅਦ ਹੀ ਕਾ. ਤੇਜਾ ਸਿੰਘ ਸੁਤੰਤਰ, ਕਾ. ਰਾਮ ਸਿੰਘ ਦੱਤ, ਡਾ. ਭਾਗ ਸਿੰਘ ਨੂੰ ਪਾਰਟੀ ਵਿੱਚ ਮੁੜ ਬਹਾਲੀ ਦੇ ਆਰਡਰ ਪੰਜਾਬ ਪਾਰਟੀ ਕਮੇਟੀ ਨੂੰ ਆ ਗਏ।

ਮਈ 1947 ਵਿਚ ਸੂਬਾ ਕਿਸਾਨ ਕਮੇਟੀ ਪੰਜਾਬ ਦਾ ਸਾਲਾਨਾ ਡੈਲੀਗੇਟ ਇਜਲਾਸ ਅਹੁਦੇਦਾਰਾਂ ਦੀ ਚੋਣ ਕਰਨ ਲਈ ਪਿੰਡ ਘੱਨੂਪੁਰ ਕਾਲਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਸਾਰੇ ਪੁਰਾਣੇ ਕਿਰਤੀ ਹੀ ਅਹੁਦੇਦਾਰ ਚੁਣੇ ਗਏ। ਜਨਰਲ ਸੈਕਟਰੀ ਡਾ. ਭਾਗ ਸਿੰਘ, ਆਫਿਸ ਸੈਕਟਰੀ ਮੈਨੂੰ ਅਤੇ ਹੋਰ ਅਹੁਦੇਦਾਰਾਂ ਨੂੰ ਭਾਰੀ ਬਹੁਮਤ ਨਾਲ ਚੁਣ ਲਿਆ ਗਿਆ ਅਤੇ ਆਲ ਇੰਡੀਆ ਕਿਸਾਨ ਸਭਾ ਦੇ ਸਾਲਾਨਾ ਡੈਲੀਗੇਟ ਇਜਲਾਸ ਲਈ ਪੁਰਾਣੇ ਕਿਰਤੀ ਹੀ ਜ਼ਿਆਦਾ ਤਾਦਾਦ ਵਿੱਚ ਡੈਲੀਗੇਟ ਚੁਣੇ ਗਏ।

ਆਲ ਇੰਡੀਆ ਕਿਸਾਨ ਸਭਾ ਦਾ ਸਾਲਾਨਾ ਇਜਲਾਸ ਸਿਕੰਦਰਾ ਰਾਓ (ਯੂ.ਪੀ.) ਵਿੱਚ ਹੋਇਆ। ਇਸ ਇਜਲਾਸ ਵਿੱਚ ਕਮਿਊਨਿਸਟ ਪਾਰਟੀ ਨਾਲ ਸਬੰਧ ਰੱਖਣ ਵਾਲੇ ਡੈਲੀਗੇਟ ਹੀ ਸ਼ਾਮਲ ਹੋਏ। ਸਵਾਮੀ ਸਹਿਜਾਨੰਦ, ਇੰਦੂਲਾਲ ਯਗਨੀਕ ਅਤੇ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਰ ਪ੍ਰਗਤੀਸ਼ੀਲ ਪਾਰਟੀਆਂ ਦੇ ਵਿਅਕਤੀ ਜੋ ਕਿ ਆਲ ਇੰਡੀਆ ਕਿਸਾਨ ਸਭਾ ਵਿੱਚ ਸ਼ਾਮਲ ਹੋਏ ਸਨ, ਉਨ੍ਹਾਂ ਨੇ ਵੱਖਰੀ ਕਿਸਾਨ ਸਭਾ ਬਣਾ ਲਈ ਸੀ। ਇਸ ਲਈ ਉਹ ਸ਼ਾਮਲ ਨਹੀਂ ਹੋਏ। 1942 ਤੋਂ ਬਾਅਦ ਦੇਸ਼ ਦੀ ਆਜ਼ਾਦੀ ਦੇ ਘੋਲ ਵੱਲ ਸੀ.ਪੀ.ਆਈ. ਦੀ ਨਾਂਹ-ਪੱਖੀ ਪਾਲਿਸੀ ਕਾਰਨ ਉਨ੍ਹਾਂ ਨੇ ਵੱਖਰੀ ਕਿਸਾਨ ਸਭਾ ਬਣਾ ਲਈ ਸੀ। ਇਸ ਤਰ੍ਹਾਂ ਦੇਸ਼ ਦੇ ਅਸਰਦਾਰ ਕਿਸਾਨ ਅੰਦੋਲਨ ਵਿੱਚ ਫੁੱਟ ਪੈਣ ਕਰਕੇ ਕਿਸਾਨ ਅੰਦੋਲਨ ਕਮਜ਼ੋਰ ਪੈ ਗਿਆ।

ਦੇਸ਼ ਦੀ ਵੰਡ ਦਾ ਐਲਾਨ

ਜੂਨ 1947 ਵਿੱਚ ਵਾਇਸਰਾਏ ਦੇ ਐਲਾਨ ਨਾਲ ਇਹ ਪੱਕਾ ਹੋ ਗਿਆ ਕਿ ਹਿੰਦੁਸਤਾਨ ਦੋ ਹਿੱਸਿਆਂ ਵਿੱਚ ਵੰਡਿਆ ਜਾਵੇਗਾ। ਉਸ ਸਮੇਂ ਸੀ.ਪੀ.ਆਈ. ਦੇ ਜਨਰਲ ਸੈਕਟਰੀ ਕਾ. ਪੀ.ਸੀ. ਜੋਸ਼ੀ ਵੱਲੋਂ ਜੋ ਪਾਰਟੀ ਦੀ ਪੁਲੀਟੀਕਲ ਲਾਈਨ ਆਈ ਸਾਡੇ ਉਸ ਨਾਲ ਬਹੁਤ ਮਤਭੇਦ ਸਨ। ਕਾ. ਪੀ.ਸੀ. ਜੋਸ਼ੀ ਨੇ ਵਾਇਸਰਾਏ ਮਾਊਂਟਬੈਟਨ ਐਵਾਰਡ ਨੇ ਪੂਰੀ ਤਰ੍ਹਾਂ ਸਪੋਰਟ ਕੀਤਾ ਅਤੇ ਜਵਾਹਰ ਲਾਲ ਨਹਿਰੂ ਦੇ ਪਿੱਛੇ ਚੱਲਣ ਲਈ ਤਿਆਰ ਹੋ ਗਿਆ। ਸੈਂਟਰਲ ਪਾਰਟੀ ਕਮੇਟੀ ਦੇ ਪੁਰਾਣੇ ਕਿਰਤੀਆਂ ਪ੍ਰਤੀ ਰਵੱਈਏ ਤੋਂ ਸਾਡੇ ਵਿੱਚ ਕਾਫੀ ਮਾਯੂਸੀ ਹੋ ਗਈ ਸੀ। ਕਾਮਰੇਡ ਤੇਜਾ ਸਿੰਘ ਦੀ ਅਗਵਾਈ ਹੇਠ ਪੁਰਾਣੇ ਕਿਰਤੀਆਂ ਦੇ ਇਕ ਵੱਡੇ ਧੜੇ ਦਾ 22 ਜੁਲਾਈ 1947 ਨੂੰ ਇਕੱਠ ਹੋਇਆ। ਜਿਸ ਵਿੱਚ ਸਾਰਿਆਂ ਨੇ ਇਹ ਵਿਚਾਰ ਪ੍ਰਗਟ ਕੀਤੇ ਕਿ ਮੌਜੂਦਾ ਹਾਲਾਤ ਵਿਚ ਪਾਰਟੀ ਅੰਦਰ ਅਸੀਂ ਆਪਸੀ ਝਗੜਿਆਂ ਵਿੱਚ ਹੀ ਸਮਾਂ ਵਿਅਰਥ ਗਵਾ ਰਹੇ ਹਾਂ। ਬਣਨ ਵਾਲੇ ਪਾਕਿਸਤਾਨ ਵਿੱਚ ਅਸੀਂ ਇਕ ਵੱਖਰੀ ਕਮਿਊਨਿਸਟ ਪਾਰਟੀ ਬਣਾ ਕੇ ਆਪਸੀ ਝਗੜਿਆਂ ਤੋਂ ਦੂਰ ਰਹਿ ਕੇ ਆਪਣੀ ਪੂਰੀ ਤਾਕਤ ਮਜ਼ਦੂਰ ਇਨਕਲਾਬ ਲਈ ਲਗਾਈਏ, ਜਿਸ ਲਈ ਅਸੀਂ ਸਾਰਿਆਂ ਨੇ ਜੀਵਨ ਸਮਰਪਿਤ ਕੀਤੇ ਹਨ, ਜੁਲਾਈ ਦੇ ਅਖੀਰ ਵਿੱਚ ਇਹ ਖ਼ਬਰ ਅਖ਼ਬਾਰਾਂ ਵਿੱਚ ਛਾਇਆ ਹੋ ਗਈ।

ਜੂਨ 1947 ਵਿਚ 'ਵਾਇਸਰਾਏ' ਦੇ ਐਲਾਨ ਤੋਂ ਬਾਅਦ ਮੁਸਲਮਾਨ ਤੇ ਹਿੰਦੂ ਸਿੱਖਾਂ ਦਰਮਿਆਨ ਨਫ਼ਰਤ ਤੇ ਤਨਾਓ ਬਹੁਤ ਜ਼ਿਆਦਾ ਵੱਧ ਗਿਆ ਸੀ। ਲਾਹੌਰ ਤੇ ਪੰਜਾਬ ਦੇ ਕੁਝ ਹੋਰ ਸ਼ਹਿਰਾਂ ਵਿੱਚ ਬੰਬਾਂ ਦੇ ਧਮਾਕੇ ਸ਼ੁਰੂ ਹੋ ਗਏ ਸਨ। ਦੇਸ਼ ਨੂੰ ਦੋ ਹਿੱਸਿਆਂ ਵਿੱਚ ਵੰਡਣ ਦਾ 'ਰੈਡਕਲਿਫ (Redclaf) ਦਾ ਐਵਾਰਡ' ਆ ਗਿਆ। ਬੰਗਾਲ ਦੇ ਨੌਆਖਲੀ ਇਲਾਕੇ ਵਿੱਚ ਅੰਗਰੇਜ਼ੀ ਸਰਕਾਰ ਦੇ ਖੁਫ਼ੀਆ ਤੰਤਰ ਨੇ ਹਿੰਦੂ ਮੁਸਲਿਮ ਫਸਾਦਾਤ ਕੁਝ ਦੇਰ ਪਹਿਲਾਂ ਹੀ ਭੜਕਾ ਛੱਡੇ ਸਨ। ਜਿਸ ਵਿਚ ਬਹੁਤ ਕਤਲੋ.ਗਾਰਤ ਹੋਈ। 15 ਅਗਸਤ ਨੂੰ ਦੇਸ਼ ਦੀ ਦੋ ਹਿੱਸਿਆਂ ਵਿੱਚ ਵੰਡ ਦਾ ਐਲਾਨ ਹੋਇਆ। ਅਟਾਰੀ ਤੋਂ ਪਰੇ ਉੱਤਰ-ਪੱਛਮ ਵੱਲ ਪੰਜਾਬ ਦਾ ਵੱਡਾ ਹਿੱਸਾ ਸਿੰਧ ਪ੍ਰਾਂਤ ਤੇ ਫਰੰਟੀਅਰ ਪ੍ਰਾਂਤ ਅਤੇ ਬੰਗਾਲ ਦਾ ਪੂਰਬੀ ਹਿੱਸਾ ਜਿੱਥੇ ਮੁਸਲਿਮ ਆਬਾਦੀ ਜ਼ਿਆਦਾ ਸੀ ਉਹ ਪਾਕਿਸਤਾਨ ਵਿੱਚ ਸ਼ਾਮਿਲ ਕੀਤਾ ਗਿਆ।

ਅੰਗਰੇਜ਼ੀ ਸਰਕਾਰ ਨੇ ਦੇਸ਼ ਦੀਆਂ ਕਾਂਗਰਸ ਤੇ ਮੁਸਲਿਮ ਲੀਗ ਦੀਆਂ

ਪੋਲਿਟੀਕਲ ਦੂਰੀਆਂ ਇੰਨੀਆਂ ਵਧਾ ਦਿੱਤੀਆਂ ਸਨ ਕਿ ਦੋਹਾਂ ਦਾ ਇਕੱਠੇ ਚੱਲਣਾ ਸੰਭਵ ਨਹੀਂ ਸੀ ਰਿਹਾ। ਇਸ ਲਈ ਕਾਂਗਰਸ ਅੱਗੇ ਦੇਸ਼ ਦੀ ਦੋ ਹਿੱਸਿਆਂ ਵਿੱਚ ਵੰਡ ਮੰਨਣ ਤੋਂ ਸਿਵਾਏ ਹੋਰ ਕੋਈ ਚਾਰਾ ਹੀ ਨਹੀਂ ਸੀ ਰਿਹਾ। 'ਵਾਇਸਰਾਏ-ਮਾਊਂਟ ਬੈਟਨ' ਨੇ ਕਾਂਗਰਸ ਵਿਚੋਂ ਨਹਿਰੂ ਅਤੇ ਪਟੇਲ ਨੂੰ ਆਪਣੀ ਇਹ ਗੱਲ ਮਨਾਉਣ ਲਈ ਉਪਯੁਕਤ ਸਮਝਿਆ।

15 ਅਗਸਤ 1947 ਨੂੰ ਜਿਸ ਸਮੇਂ ਪੰਡਿਤ ਜਵਾਹਰ ਲਾਲ ਨਹਿਰੂ ਦੇਸ਼ ਦੀ ਆਜ਼ਾਦੀ ਦਾ ਐਲਾਨ ਕਰ ਰਹੇ ਸਨ, ਉਦੋਂ ਸਾਰੇ ਦੇਸ਼ ਵਿੱਚ ਹਿੰਦੂ-ਮੁਸਲਿਮ ਫਸਾਦਾਤ ਸ਼ੁਰੂ ਹੋ ਚੁੱਕੇ ਸਨ। ਇਹ ਹਿੰਦੂ-ਮੁਸਲਿਮ ਫਸਾਦ ਪੰਜਾਬ ਅਤੇ ਦਿੱਲੀ ਵਿਚ ਜ਼ਿਆਦਾ ਹੋਏ। ਤਕਰੀਬਨ ਦੱਸ ਲੱਖ ਇਨਸਾਨਾਂ ਦੇ ਕਤਲ ਕੀਤੇ ਜਾਣ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਦੋਨਾਂ ਪਾਸਿਆਂ ਤੋਂ ਹਿੰਦੂ, ਸਿੱਖ ਤੇ ਮੁਸਲਮਾਨਾਂ ਨੂੰ ਆਪਣੇ ਘਰ ਬਾਰ ਛੱਡ ਕੇ ਜਾਣ ਲਈ ਮਜਬੂਰ ਕੀਤਾ ਗਿਆ। ਇਉਂ ਜਾਪਦਾ ਸੀ ਕਿ ਇਹ ਸਭ ਯੋਜਨਾਬੱਧ ਤਰੀਕੇ ਨਾਲ ਉਕਸਾਇਆ ਗਿਆ ਹੈ, ਇਨਸਾਨ ਦਾ ਕਬਾਇਲੀ ਤੇ ਵਹਿਸ਼ੀਪਣ ਇਨਸਾਨੀਅਤ ਨੂੰ ਕਤਲ ਕਰ ਰਿਹੈ। ਸਭ ਤੋਂ ਜ਼ਿਆਦਾ ਦੋਨਾਂ ਪਾਸਿਆਂ ਦੀਆਂ ਔਰਤਾਂ ਹੀ ਜ਼ੁਲਮ ਦਾ ਸ਼ਿਕਾਰ ਹੋਈਆਂ। ਕਾਫ਼ਲਿਆਂ ਵਿੱਚ ਮਾਈਗ੍ਰੇਟ ਕਰਦੀਆਂ ਜਵਾਨ ਔਰਤਾਂ ਨੂੰ ਵਹਿਸ਼ੀ ਦਰਿੰਦੇ ਖਿੱਚ-ਖਿੱਚ ਕੇ ਲੈ ਗਏ, ਪਰ ਬੇ-ਵਸ ਮਾਂ-ਬਾਪ ਕੁਝ ਨਾ ਕਰ ਸਕੇ।

ਪੰਜਾਬ ਦੇ ਦੋਹਾਂ ਪਾਸਿਆਂ ਉੱਤੇ ਕਮਿਊਨਿਸਟਾਂ ਨੇ (ਜਿੱਥੇ-ਜਿੱਥੇ ਉਹਨਾਂ ਦੇ ਅਸਰ ਸੀ) ਲੋਕਾਂ ਨੂੰ ਇਸ ਜ਼ੁਲਮ ਤੋਂ ਬਚਾ ਕੇ ਉਨ੍ਹਾਂ ਦੇ ਕੈਂਪਾਂ ਵਿੱਚ ਪਹੁੰਚਾ ਦਿੱਤਾ। ਪੂਰਬੀ-ਪੰਜਾਬ ਵਿਚ ਕਿਰਤੀ-ਕਾਮਰੇਡਾਂ ਦਾ ਕੰਮ ਅਤੇ ਅਸਰ ਜ਼ਿਆਦਾ ਸੀ, ਇਸ ਲਈ ਜ਼ਿਆਦਾ ਪਿੰਡਾਂ ਦੀ ਮੁਸਲਿਮ ਆਬਾਦੀ ਨੂੰ ਬਚਾਉਣ ਵਿੱਚ ਕਾਮਯਾਬ ਰਹੇ। ਕੁਝ ਸਾਥੀਆਂ ਨੂੰ ਆਪਣੀ ਜਾਨ ਵੀ ਦੇਣੀ ਪਈ। ਕਾਮਰੇਡ ਗਹਿਲ ਸਿੰਘ ਛੱਜਲਵੱਡੀ ਜੋ ਕਿ ਅੰਮ੍ਰਿਤਸਰ ਜ਼ਿਲ੍ਹਾ ਕਿਸਾਨ ਕਮੇਟੀ ਦਾ ਪ੍ਰਧਾਨ ਸੀ, ਮੁਸਲਮਾਨਾਂ ਨੂੰ ਬਚਾਉਂਦਾ ਹੋਇਆ ਫਿਰਕਾਪ੍ਰਸਤਾਂ ਨੇ ਕਤਲ ਕਰ ਦਿੱਤਾ ਸੀ। ਦੇਸ਼ ਦੀ ਵੰਡ ਤੋਂ ਬਾਅਦ ਪੰਜਾਬ ਕਿਸਾਨ ਸਭਾ ਦਾ ਦਫਤਰ ਜਲੰਧਰ ਆ ਗਿਆ ਸੀ। ਇਸ ਦੇ ਸਾਰੇ ਅਹੁਦੇਦਾਰ ਪੁਰਾਣੇ ਕਿਰਤੀ ਹੀ ਸਨ। ਪਾਕਿਸਤਾਨ ਕਮਿਊਨਿਸਟ ਪਾਰਟੀ ਬਣਾਉਣ ਦਾ ਐਲਾਨ ਕਰਨ ਕਰਕੇ ਸੀ.ਪੀ.ਆਈ. ਦੀ ਪੰਜਾਬ ਸੂਬਾ ਕਮੇਟੀ ਨੇ ਸੂਬੇ ਦੇ ਸਾਰੇ ਪਾਰਟੀ ਮੈਂਬਰਾਂ ਨੂੰ ਸਰਕੂਲਰ (Circular) ਭੇਜਿਆ ਕਿ ਤੇਜਾ ਸਿੰਘ ਸੁਤੰਤਰ ਨੂੰ ਕਮਿਊਨਿਸਟ ਲਹਿਰ ਦਾ ਗ਼ੱਦਾਰ ਕਿਹਾ ਜਾਵੇ। ਪੁਰਾਣੇ ਕਿਰਤੀਆਂ ਨੇ (ਸਿਵਾਏ ਅੱਠ-ਨੌਂ ਤੋਂ) ਇਸ ਤੋਂ ਇਨਕਾਰ ਕਰ ਦਿੱਤਾ। ਸੀ.ਪੀ.ਆਈ. ਦੀ ਪੰਜਾਬ ਪਾਰਟੀ ਕਮੇਟੀ ਨੇ ਆਪਣੀ ਵੱਖਰੀ ਕਿਸਾਨ ਸਭਾ ਬਣਾ ਲਈ।

ਪੁਰਾਣੇ ਕਿਰਤੀ ਵਰਕਰਾਂ ਨੇ ਇਕੱਠੇ ਹੋ ਕੇ ਵਿਚਾਰ-ਵਿਮਰਸ਼ ਕੀਤਾ ਕਿ ਕਮਿਊਨਿਸਟ ਲਹਿਰ ਵਿੱਚ ਆਪਣਾ ਯੋਗਦਾਨ ਪਾਉਣ ਲਈ ਸਾਨੂੰ ਇਕ ਇਨਕਲਾਬੀ ਕਮਿਊਨਿਸਟ ਪਾਰਟੀ ਗਠਿਤ ਕਰਨੀ ਚਾਹੀਦੀ ਹੈ

ਲਾਲ ਕਮਿਊਨਿਸਟ ਪਾਰਟੀ ਦਾ ਗਠਨ

ਜਨਵਰੀ 1948 ਨੂੰ ਨਕੋਦਰ ਸ਼ਹਿਰ ਵਿੱਚ ਪੁਰਾਣੇ ਕਿਰਤੀਆਂ ਦੀ ਇਹ ਮੀਟਿੰਗ ਬਾਬਾ ਕਰਮ ਸਿੰਘ ਚੀਮਾ, ਬਾਬਾ ਭਾਗ ਸਿੰਘ ਕਨੇਡੀਅਨ, ਬਾਬਾ ਭਗਵਾਨ ਸਿੰਘ ਦੁਸਾਂਝ ਅਤੇ ਹੋਰ ਗ਼ਦਰੀ ਬਾਬਿਆਂ ਦੀ ਪ੍ਰਧਾਨਗੀ ਹੇਠ ਹੋਈ। ਤਕਰੀਬਨ ਤਿੰਨ ਸੌ ਡੈਲੀਗੇਟ ਇਕੱਠੇ ਹੋਏ। ਨਵੀਂ ਕਮਿਊਨਿਸਟ ਪਾਰਟੀ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਦਾ ਨਾਮ 'ਲਾਲ ਕਮਿਊਨਿਸਟ' ਪਾਰਟੀ ਰੱਖਿਆ ਗਿਆ। ਕਾ. ਤੇਜਾ ਸਿੰਘ ਸੁਤੰਤਰ, ਡਾ. ਭਾਗ ਸਿੰਘ, ਕਾ. ਰਾਮ ਸਿੰਘ ਦੱਤ, ਕਾ. ਬੂਝਾ ਸਿੰਘ ਤੇ ਕੁਝ ਹੋਰ ਸਾਥੀਆਂ ਸਮੇਤ ਸੈਂਟਰਲ ਕਮੇਟੀ ਚੁਣੀ ਗਈ। ਜਨਰਲ ਸੈਕਟਰੀ ਤੇਜਾ ਸਿੰਘ ਸੁਤੰਤਰ ਨੂੰ ਚੁਣਿਆ ਗਿਆ। ਪਾਰਟੀ ਦੀ ਪੋਲੀਟੀਕਲ ਲ਼ਾਈਨ ਅਤੇ ਵਿਧਾਨ ਬਣਾਉਣ ਲਈ ਸਾਰੇ ਇਜਲਾਸ ਨੇ ਕਾ. ਸੁਤੰਤਰ ਦੀ ਜ਼ਿੰਮੇਵਾਰੀ ਲਗਾਈ, ਕਿਉਂਕਿ ਬਹੁਤੇ ਪਾਰਟੀ ਸਾਥੀ ਭਾਰਤੀ ਹਾਲਾਤ ਦੇ ਮੁਤਾਬਕ ਪਾਰਟੀ ਦੀ ਪੋਲੀਟੀਕਲ ਲਾਈਨ ਬਣਾਉਣ ਲਈ ਆਪਣੇ-ਆਪ ਨੂੰ ਕਾਬਲ ਨਹੀਂ ਸੀ ਸਮਝਦੇ ਭਾਵੇਂ ਉਹ ਵਧੀਆ MASS WORKER (ਜਨਤਕ ਸੰਗਠਨ ਕਰਨ ਦੇ ਯੋਗ) ਸਨ ਅਤੇ ਚੰਗੇ ਨਤੀਜੇ ਵੀ ਕੱਢਦੇ ਸਨ। ਪਰ ਸਾਥੀਆਂ ਦਾ ਬੌਧਿਕ ਪੱਧਰ ਉੱਚਾ ਨਹੀਂ ਸੀ। ਸੋ ਤੇਜਾ ਸਿੰਘ ਸੁਤੰਤਰ ਤੇ ਹੀ ਟੇਕ ਰੱਖਦੇ ਸਨ।

ਸਾਥੀ ਹਰਬੰਸ ਸਿੰਘ ਕਰਨਾਣਾ ਤੇ ਕੁਝ ਹੋਰ ਕਿਰਤੀ ਸਾਥੀ ਤੇਜਾ ਸਿੰਘ ਸੁਤੰਤਰ ਨੂੰ ਇਸ ਕਾਬਲ ਨਹੀਂ ਸੀ ਸਮਝਦੇ ਪਰ ਉਨ੍ਹਾਂ ਮੀਟਿੰਗ ਵਿੱਚ ਆਪਣੀ ਕੋਈ ਰਾਏ ਵੀ ਨਹੀਂ ਦਿੱਤੀ। ਲਾਲ ਕਮਿਊਨਿਸਟ ਪਾਰਟੀ ਬਣਨ ਤੋਂ ਬਾਅਦ ਉਨ੍ਹਾਂ ਨੇ ਪਾਰਟੀ ਦੇ ਕੰਮ ਵਿੱਚ ਕੋਈ ਹਿੱਸਾ ਨਹੀਂ ਲਿਆ। ਪੰਜਾਬ ਸੀ.ਪੀ.ਆਈ. ਦੇ ਵਰਕਰ ਵੀ ਆਪਣੀ ਪਾਰਟੀ ਦੀ ਪੋਲਿਟੀਕਲ ਲਾਈਨ ਬਣਾਉਣ ਵਿੱਚ ਯੋਗਦਾਨ ਪਾਉਣ ਦੇ ਕਾਬਿਲ ਨਹੀਂ ਸਨ ਅਤੇ ਉਨ੍ਹਾਂ ਵਿੱਚ ਥੋੜ੍ਹੇ ਹੀ ਅੱਛੇ ਮਾਸ ਵਰਕਰ ਸਨ। ਇਕ ਵਾਰ ਦੇਸ਼ ਭਗਤ ਯਾਦਗਾਰ ਹਾਲ ਦੇ ਦਫ਼ਤਰ ਵਿੱਚ ਕਾਮਰੇਡ ਵਧਾਵਾ ਰਾਮ ਮਿਲਣ ਆਏ ਤਾਂ ਗੱਲਬਾਤ ਵਿੱਚ ਕਾਮਰੇਡ ਭਗਤ ਸਿੰਘ ਬਿਲਗਾ ਨੇ ਕਾ. ਵਧਾਵਾ ਰਾਮ ਨੂੰ ਸਵਾਲ ਕੀਤਾ ਕਿ 'ਸਾਡਾ ਕਿਰਤੀ ਵਰਕਰਾਂ ਦਾ ਅਤੇ ਔਫ਼ੀਸ਼ੀਅਲ ਕਮਿਊਨਿਸਟਾਂ ਦਾ ਕੀ ਫ਼ਰਕ ਸੀ?' ਤਾਂ ਕਾ. ਵਧਾਵਾ ਰਾਮ ਨੇ ਜਵਾਬ ਦਿੱਤਾ ਕਿ "ਅਸੀਂ ਅੰਗਰੇਜ਼ੀ ਘੱਟ ਪੜ੍ਹੇ ਹੋਏ ਸੀ, ਪਰ ਚੰਗੇ ਮਾਸ-ਵਰਕਰ ਸੀ ਤੇ ਔਫ਼ੀਸ਼ੀਅਲ-ਕਮਿਊਨਿਸਟ ਭਾਵੇਂ ਅੰਗਰੇਜ਼ੀ

ਪੜ੍ਹੇ ਹੋਏ ਸਨ ਪਰ ਉਨ੍ਹਾਂ ਨੂੰ ਮਾਸ ਵਰਕ ਨਹੀਂ ਸੀ ਕਰਨਾ ਆਉਂਦਾ।"

ਨਵੰਬਰ 1947 ਦੇ ਅਖੀਰ ਵਿੱਚ ਮੈਂ ਪੇਟ ਖ਼ਰਾਬ ਹੋਣ ਤੇ ਸਖ਼ਤ ਬਿਮਾਰ ਹੋ ਗਿਆ, ਕਈ ਦਿਨਾਂ ਦੇ ਇਲਾਜ ਤੋਂ ਬਾਅਦ ਡਾਇਰੀਆਂ ਠੀਕ ਤਾਂ ਹੋ ਗਿਆ ਪਰ ਫਿਰ ਹਾਜ਼ਮਾ ਜੋ ਕਿ ਪਹਿਲਾਂ ਹੀ ਖ਼ਰਾਬ ਸੀ ਹੋਰ ਕਮਜ਼ੋਰ ਹੋ ਗਿਆ ਅਤੇ ਫਿਰ ਕਦੇ ਭੁੱਖ ਨਹੀਂ ਲੱਗੀ, ਕਮਜ਼ੋਰੀ ਲੱਗਣ ਤੇ ਖਾ ਜ਼ਰੂਰ ਲੈਂਦਾ ਰਿਹਾ।

15 ਅਗਸਤ 1947 ਨੂੰ ਪੰਡਿਤ ਜਵਾਹਰ ਲਾਲ ਨਹਿਰੂ ਵੱਲੋਂ ਭਾਰਤ ਦੇਸ਼ ਦੀ ਆਜ਼ਾਦੀ ਦਾ ਐਲਾਨ ਕੀਤਾ ਗਿਆ, ਜਿਹੜੀ ਅੰਗਰੇਜ਼ੀ ਸਰਕਾਰ ਨਾਲ ਕੁਝ ਸ਼ਰਤਾਂ ਮੰਨ ਕੇ ਹਾਸਲ ਕੀਤੀ ਗਈ ਸੀ। ਸਾਰੇ ਦੇਸ਼ ਵਿੱਚ ਸਰਕਾਰੀ ਕਾਨੂੰਨ ਅਤੇ ਪ੍ਰਬੰਧ ਉਹੀ ਰੱਖੇ ਗਏ, ਜੋ ਅੰਗਰੇਜ਼ੀ ਸਰਕਾਰ ਨੇ ਬਣਾਏ ਹੋਏ ਸਨ। ਜਗੀਰਦਾਰੀ ਸਿਸਟਮ ਜੋ ਕਿ ਦੇਸ਼ ਵਿੱਚ ਵੱਡੇ ਪੈਮਾਨੇ ਉੱਤੇ ਚੱਲਿਆ ਆ ਰਿਹਾ ਸੀ। ਕਾਂਗਰਸ ਨੇ ਉਸ ਨੂੰ ਅਪਣਾ ਲਿਆ। ਦੇਸ਼ ਦੀ ਆਬਾਦੀ ਦਾ ਵੱਡਾ ਹਿੱਸਾ ਗ਼ਰੀਬ ਕਿਸਾਨੀ ਅਤੇ ਪੇਂਡੂ ਮਿਹਨਤਕਸ਼ ਤੇ ਸ਼ਹਿਰੀ ਮਿਹਨਤਕਸ਼ ਦਾ ਸੀ। ਉਨ੍ਹਾਂ ਦੀ ਲੁੱਟ ਖਸੁੱਟ ਪਹਿਲਾਂ ਦੀ ਤਰ੍ਹਾਂ ਹੀ ਕਾਇਮ ਰਹੀ। ਪੁਰਾਣੇ ਜ਼ੈਲਦਾਰ, ਨੰਬਰਦਾਰ ਆਦਿ ਅੰਗਰੇਜ਼ੀ ਸਰਕਾਰ ਦੇ ਜੀ ਹਜ਼ੂਰੀਏ (ਝੋਲੀ ਚੁੱਕ) ਅਤੇ ਹੋਰ ਪੁਰਾਣੇ ਬਾ-ਰਸੂਖ਼ ਲੋਕ ਰਾਤੋ ਰਾਤ ਖੱਦਰ ਪਾ ਕੇ ਇੰਡੀਅਨ ਨੈਸ਼ਨਲ ਕਾਂਗਰਸ (INDIAN NATIONAL CONGRESS) ਦੇ ਕਾਰਜ ਕਰਤਾ ਬਣ ਗਏ। ਅੰਗਰੇਜ਼ੀ ਸਰਕਾਰ ਦੇ ਸ਼ਾਸ਼ਨ ਦੌਰਾਨ ਜਿਹੜੇ ਵੀ ਪੁਲਿਸ ਅਫ਼ਸਰ ਦੇਸ਼ ਦੀ ਆਜ਼ਾਦੀ ਲਈ ਲੜਨ ਵਾਲੇ ਵਰਕਰਾਂ ਉੱਤੇ ਤਸ਼ੱਦਦ ਕਰਦੇ ਸਨ ਉਹ ਸਾਰੇ ਆਪਣੇ-ਆਪਣੇ ਅਹੁਦਿਆਂ ਉੱਤੇ ਕਾਇਮ ਰੱਖੇ ਗਏ ਅਤੇ ਕੁਝ ਇਕ ਨੂੰ ਤਰੱਕੀ ਦੇ ਕੇ ਵੱਡੇ ਅਫ਼ਸਰ ਬਣਾ ਦਿੱਤਾ ਗਿਆ ਜਿਵੇਂ ਪੰਡਿਤ ਜਨਕ ਰਾਜ ਆਦਿ।

ਮਾਰਚ 1948 ਵਿੱਚ ਆਲ ਇੰਡੀਆ ਕਮਿਊਨਿਸਟ ਪਾਰਟੀ ਦਾ ਇਜਲਾਸ ਕਲਕੱਤੇ ਵਿੱਚ ਹੋਇਆ। ਸੀ.ਪੀ.ਆਈ. ਨੇ ਪੁਰਾਣੀ ਲਾਈਨ (ਪੁਰਾਣੀ ਪੀ.ਸੀ.ਜੋਸ਼ੀ ਵਾਲੀ ਸੋਧਵਾਦੀ ਪੁਲੀਟੀਕਲ ਲਾਈਨ) ਤਿਆਗ ਦਿੱਤੀ ਤੇ ਨਵੀਂ ਇਨਕਲਾਬੀ ਪੁਲਿਟੀਕਲ ਲਾਈਨ (ਸੋਸ਼ਲਿਸਟ ਇਨਕਾਬ ਲਿਆਉਣ ਵਾਲੀ ਲਾਈਨ) ਅਖ਼ਤਿਆਰ ਕਰ ਲਈ।

ਲਾਲ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਨੇ ਕਾ. ਤੇਜਾ ਸਿੰਘ ਸੁਤੰਤਰ ਦੀ ਅਗਵਾਈ ਵਿੱਚ ਇਨਕਲਾਬੀ ਪੁਲਿਟੀਕਲ ਲਾਈਨ (ਸੀ.ਪੀ.ਆਈ. ਦੀ ਪੁਲਿਟੀਕਲ ਲਾਈਨ ਨਾਲ ਮਿਲਦੀ-ਜੁਲਦੀ ਲਾਈਨ) ਬਣਾ ਕੇ ਅਮਲ ਸ਼ੁਰੂ ਕਰ ਦਿੱਤਾ।

ਕਮਿਊਨਿਸਟਾਂ ਦੀ ਨਵੀਂ ਰੈਵੋਲਿਊਸ਼ਨਰੀ ਪੁਲਿਟੀਕਲ ਲਾਈਨ ਭਾਰਤ ਸਰਕਾਰ ਬਰਦਾਸ਼ਤ ਨਹੀਂ ਕਰ ਸਕੀ। ਸੋ ਪਹਿਲੀ ਅਪ੍ਰੈਲ 1948 ਨੂੰ ਸਾਰੇ ਦੇਸ਼ ਵਿਚੋਂ ਹਜ਼ਾਰਾਂ ਹੀ ਕਮਿਊਨਿਸਟ ਪਾਰਟੀ ਅਤੇ ਲਾਲ ਕਮਿਊਨਿਸਟ ਪਾਰਟੀ ਦੇ ਵਰਕਰ ਗ੍ਰਿਫਤਾਰ ਕਰ ਲਏ ਗਏ। ਕਾਫੀ ਐਕਟਿਵ ਵਰਕਰ ਰੂਪੋਸ਼ ਹੋਣ ਵਿਚ ਕਾਮਯਾਬ ਹੋ ਗਏ ਅਤੇ ਮੈਂ ਵੀ ਰੂਪੋਸ਼ ਹੋਣ ਵਿਚ ਕਾਮਯਾਬ ਹੋ ਗਿਆ। ਕੁਝ ਮਹੀਨੇ ਬਾਅਦ ਪਾਰਟੀ ਦਾ ਖ਼ੁਫ਼ੀਆ

ਅਖਬਾਰ 'ਲਾਲ ਝੰਡਾ' ਛਾਪਣ ਦੀ ਡਿਊਟੀ ਮੈਨੂੰ ਮਿਲੀ। ਦੋ-ਤਿੰਨ ਮਹੀਨੇ ਕੰਮ ਕਰਨ ਤੋਂ ਬਾਅਦ ਮੈਂ ਫਿਰ ਸਖ਼ਤ ਬਿਮਾਰ ਹੋ ਗਿਆ। ਸਾਲ ਭਰ ਬੀਮਾਰ ਰਹਿਣ ਤੋਂ ਬਾਅਦ ਠੀਕ ਹੋਣ ਤੇ ਫਿਰ ਪੇਪਰ ਛਾਪਣ ਦੀ ਡਿਊਟੀ ਸੰਭਾਲੀ ਜਿਹੜੀ ਡੇਢ ਸਾਲ ਤੱਕ ਨਿਭਾਈ।

ਪੰਜਾਬ ਵਿੱਚ ਉਸ ਵੇਲੇ ਪੈਪਸੂ ਦੇ ਇਲਾਕੇ ਵਿੱਚ ਮੁਜ਼ਾਰਾ ਲਹਿਰ (ਮੁਜ਼ਾਰਿਆਂ ਦਾ ਜ਼ਮੀਨੀ ਸੰਘਰਸ਼) ਬਹੁਤ ਜ਼ੋਰ ਨਾਲ ਚੱਲ ਰਿਹਾ ਸੀ, ਇਸਨੂੰ ਲਾਲ ਕਮਿਊਨਿਸਟ ਪਾਰਟੀ ਦੇ ਸਾਥੀ ਜਗੀਰ ਸਿੰਘ ਜੋਗਾ, ਧਰਮ ਸਿੰਘ ਫੱਕਰ, ਕਾ. ਰਾਹੀ, ਗਿਆਨੀ ਬਚਨ ਸਿੰਘ ਆਦਿ ਚਲਾ ਰਹੇ ਸਨ। ਸਾਥੀ ਤੇਜਾ ਸਿੰਘ ਸੁਤੰਤਰ, ਕਾ. ਬੂਝਾ ਸਿੰਘ, ਕਾ. ਗੁਰਚਰਨ ਸਿੰਘ ਰੰਧਾਵਾ (ਗੁਰਚਰਨ ਸਿੰਘ ਰੰਧਾਵਾ, ਕਾ. ਵਧਾਵਾ ਰਾਮ, ਕਾ. ਰਜਿੰਦਰ ਸਿੰਘ ਸਰੀਂਹ ਜੋ ਕਿ ਲੁਧਿਆਣਾ ਜੇਲ੍ਹ ਵਿਚੋਂ ਸੁਰੰਗ ਲਗਾ ਕੇ ਫਰਾਰ ਹੋ ਚੁੱਕੇ ਸਨ) ਵੀ ਉੱਥੇ ਪਾਰਟੀ ਡਿਊਟੀ ਨਿਭਾਅ ਰਹੇ ਸਨ। ਕਾ. ਗੁਰਚਰਨ ਸਿੰਘ ਰੰਧਾਵਾ, ਕਾ. ਬੂਝਾ ਸਿੰਘ ਅਤੇ ਕਾ. ਛੱਜੂ ਰਾਮ ਆਦਿ ਇਸ ਲਹਿਰ ਵਿੱਚ ਸਰਗਰਮ ਸਨ। ਕਾ. ਤੇਜਾ ਸਿੰਘ ਸੁਤੰਤਰ ਉਨ੍ਹਾਂ ਨੂੰ ਗਾਈਡ ਕਰ ਰਹੇ ਸਨ।

ਮੁਜ਼ਾਰਿਆਂ ਦਾ ਜ਼ਮੀਨੀ ਘੋਲ ਕਥਲੌਰ (ਜ਼ਿਲ੍ਹਾ ਗੁਰਦਾਸਪੁਰ) ਇਲਾਕੇ ਵਿਚ ਕਾਮਰੇਡ ਰਾਮ ਸਿੰਘ ਦੱਤ ਅਤੇ ਕਾਮਰੇਡ ਚੰਨਣ ਸਿੰਘ ਤੁਗਲਵਾਲਾ, ਜਥੇਦਾਰ ਖੜਕ ਸਿੰਘ ਪਿੰਡ ਅਨੂਪ ਸ਼ਹਿਰ ਤੇ ਹੋਰ ਲਾਲ ਕਮਿਊਨਿਸਟ ਪਾਰਟੀ ਦੇ ਵਰਕਰਾਂ ਦੀ ਅਗਵਾਈ ਹੇਠ ਲੜਿਆ ਜਾ ਰਿਹਾ ਸੀ।

ਸਨਅਤੀ ਮਜ਼ਦੂਰਾਂ ਵਿੱਚ ਦੋਹਾਂ ਕਮਿਊਨਿਸਟ ਪਾਰਟੀਆਂ ਦਾ ਕੰਮ ਘੱਟ ਸੀ ਤੇ ਖੇਤ-ਮਜ਼ਦੂਰਾਂ ਵਿੱਚ ਕੋਈ ਕੰਮ ਨਹੀਂ ਸੀ।

ਪੈਪਸੂ (ਪਟਿਆਲਾ, ਨਾਭਾ, ਮਲੇਰਕੋਟਲਾ, ਜੀਂਦ, ਫਰੀਦਕੋਟ ਆਦਿ ਰਿਆਸਤਾਂ) ਦੇ ਮੁਜ਼ਾਰਿਆਂ ਦੇ ਜ਼ਮੀਨੀ-ਘੋਲ ਨੂੰ ਲੜਨ ਲਈ ਪਾਰਟੀ ਨੂੰ ਜ਼ਿਆਦਾ ਫੰਡ (ਪੈਸੇ) ਦੀ ਜ਼ਰੂਰਤ ਮਹਿਸੂਸ ਹੋਈ, ਕਿਉਂਕਿ ਲਾਲ ਕਮਿਊਨਿਸਟ ਪਾਰਟੀ ਖੁਫ਼ੀਆ ਢੰਗ ਨਾਲ ਜਨਤਕ ਲਹਿਰਾਂ ਚਲਾਉਣ ਲਈ ਮਜ਼ਬੂਰ ਸੀ। ਇਸ ਲਈ ਮੁਜ਼ਾਹਰਾ ਘੋਲ ਦੀਆਂ ਜ਼ਰੂਰਤਾਂ ਦੇ ਮੁਤਾਬਿਕ ਜਨਤਕ ਉਗਰਾਹੀ ਕਰਨੀ ਮੁਸ਼ਕਿਲ ਸੀ। ਲਾਲ ਕਮਿਊਨਿਸਟ ਪਾਰਟੀ ਗੈਰ ਕਾਨੂੰਨੀ ਸੀ। ਇਸ ਕਾਰਨ ਫੰਡ ਹਾਸਲ ਕਰਨ ਲਈ ਗ਼ਲਤ ਢੰਗਾਂ ਨੂੰ ਅਪਣਾਉਣ ਦੀ ਰੁਚੀ ਪੈਦਾ ਹੋ ਗਈ। ਐਕਸ਼ਨ ਕਰਨ ਲਈ ਜ਼ੁਰਅਤ ਵਾਲੇ (ਨਿੱਡਰ) ਕੁਝ ਐਸੇ ਸਾਥੀਆਂ ਦਾ ਜੱਥਾ ਬਣਾਇਆ ਗਿਆ, ਜਿਹੜੇ ਕਿਸੇ ਵੀ ਜਨਤਕ ਘੋਲ ਵਿੱਚ ਸ਼ਾਮਲ ਨਹੀਂ ਸਨ ਅਤੇ ਕੁਝ ਐਸੇ ਜਿਹੜੇ ਜਨਤਕ ਘੋਲ ਵਿੱਚ ਸ਼ਾਮਲ ਸਨ, ਉਨ੍ਹਾਂ ਨੂੰ ਜਨਤਕ ਕੰਮਾਂ ਤੋਂ ਹਟਾ ਕੇ ਐਕਸ਼ਨ ਕਰਨ ਵਾਲੇ ਜੱਥੇ ਵਿੱਚ ਸ਼ਾਮਲ ਕਰ ਲਿਆ ਗਿਆ। ਉਨ੍ਹਾਂ ਦੀ ਰੁਚੀ ਐਕਸ਼ਨ ਕਰਨ ਵਾਲੀ ਹੀ ਬਣਾ ਦਿੱਤੀ ਗਈ। ਇਸ ਨਾਲ ਜਨਤਾ ਤੋਂ ਫੰਡ ਇਕੱਠਾ ਕਰਨ ਦੀ ਰੁਚੀ ਘੱਟ ਗਈ, ਕਿਉਂਕਿ ਦੁਸਾਹਸੀ (ਮਾਅਰਕੇਬਾਜ਼ੀ Adventurism) ਢੰਗ ਤਰੀਕੇ ਨਾਲ ਫੰਡ ਇਕੱਠਾ ਕਰਨ

ਦੀ ਰੁਚੀ ਭਾਰੂ ਹੋ ਗਈ ਤੇ ਪਾਰਟੀ ਅੰਦਰ ਆਪਸੀ ਇਖ਼ਤਲਾਫ਼ (ਵਿਰੋਧਤਾਈ ਮੱਤਭੇਦ) ਪੈਦਾ ਹੋ ਗਿਆ। ਕਾ. ਬੂਝਾ ਸਿੰਘ ਅਤੇ ਕੁਝ ਹੋਰ ਸਾਥੀਆਂ ਨੂੰ ਫਿਕਰ ਹੋ ਗਿਆ ਕਿ ਇਹ ਗਲਤ ਰੁਚੀ ਸਾਨੂੰ ਜਨਤਾ ਦੇ ਘੋਲਾਂ ਤੋਂ ਦੂਰ ਕਰ ਦੇਵੇਗੀ, ਇਸ ਦੇ ਮਾੜੇ ਨਤੀਜੇ ਨਿਕਲਣਗੇ ਤੇ ਲਹਿਰ ਨੂੰ ਬਹੁਤ ਵੱਡਾ ਨੁਕਸਾਨ ਹੋਵੇਗਾ। (ਇਸ ਰੁਚੀ ਕਾਰਨ ਜਿਹੜੇ ਸਾਥੀਆਂ ਨੂੰ ਇਸ ਤਰ੍ਹਾਂ ਦੇ ਮਾਅਰਕੇਬਾਜੀ ਦੇ ਐਕਸ਼ਨ ਕਰਕੇ ਫੰਡ ਇਕੱਠਾ ਕਰਨ ਦੀ ਡਿਊਟੀ ਲਾਈ ਸੀ ਉਹ ਜਨਤਕ ਜਥੇਬੰਦੀਆਂ ਦੇ ਕੰਮ ਤੋਂ ਦੂਰ ਹੋ ਗਏ ਅਤੇ ਉਹ ਸਮਾਂ ਪੈਣ ਤੇ ਆਪਣੇ ਲਈ ਵੀ ਪੈਸਾ ਇਕੱਠਾ ਕਰਨ ਲਈ ਗਲਤ ਢੰਗ ਅਪਣਾਉਣ ਲੱਗ ਪਏ। ਜਿਸ ਦੇ ਵਿੱਚ ਕੁਝ ਬਹੁਤ ਇਮਾਨਦਾਰ ਤੇ ਵਧੀਆ ਸਾਥੀ ਕਮਿਊਨਿਸਟ ਲਹਿਰ ਤੋਂ ਪਰੇ ਹੋ ਗਏ ਅਤੇ ਕੁਝ ਇਕ ਗੁਰਦਾਸਾ ਸਿੰਘ ਚਹੇੜੂ ਵਰਗੇ ਕਾਮਰੇਡ ਮਾਰੇ ਗਏ।)

ਮੁਜ਼ਾਹਰਿਆਂ ਦਾ ਜ਼ਮੀਨੀ ਘੋਲ ਤਿੱਖਾ ਹੋ ਚੁੱਕਾ ਸੀ। ਸਰਕਾਰ ਜਗੀਰਦਾਰਾਂ ਦੀ ਪੂਰੀ ਤਰ੍ਹਾਂ ਮਦਦ ਕਰਕੇ ਇਸ ਘੋਲ ਨੂੰ ਕੁਚਲਣ ਉੱਤੇ ਤੁਲੀ ਹੋਈ ਸੀ। ਪਾਰਟੀ ਅੰਦਰ ਇਹ ਸੋਚ ਪੈਦਾ ਹੋ ਗਈ ਕਿ ਇਸ ਮੁਜ਼ਾਹਰਾ ਘੋਲ ਨੂੰ ਹੋਰ ਅੱਗੇ ਕਿਸ ਤਰ੍ਹਾਂ ਲਿਜਾਇਆ ਜਾਵੇ?

ਨੋਟ :- (ਸੀ.ਪੀ.ਆਈ. ਤੇਲੰਗਾਨਾ ਦੇ ਇਲਾਕੇ ਵਿੱਚ ਇਨਕਲਾਬੀ ਘੋਲ ਲੜਦੀ ਹੋਈ ਉੱਥੇ ਆਪਣਾ ਆਜ਼ਾਦ ਆਧਾਰ ਇਲਾਕਾ ਕਾਇਮ ਕਰਕੇ ਦੇਸ਼ ਵਿੱਚ ਇਨਕਲਾਬ ਲਿਆਉਣ ਲਈ ਲੜ ਰਹੀ ਸੀ। ਜਿਸ ਨੂੰ ਸਰਕਾਰ ਨੇ ਸਖ਼ਤੀ ਨਾਲ ਕੁਚਲ ਦਿੱਤਾ ਸੀ। ਇਹ ਤਜ਼ਰਬਾ ਲਾਲ-ਕਮਿਊਨਿਸਟ ਪਾਰਟੀ ਦੇ ਸਾਹਮਣੇ ਸੀ।)

'ਇੰਟਰਨੈਸ਼ਨਲ ਕਮਿਊਨਿਸਟ ਮੂਵਮੈਂਟ' ਭਾਰਤ ਦੀ 'ਕਮਿਊਨਿਸਟ ਮੂਵਮੈਂਟ' ਨੂੰ ਚੰਗੀ ਤਰ੍ਹਾਂ ਘੋਖ ਰਹੀ ਸੀ। ਉਨ੍ਹਾਂ ਦੇ ਜਾਇਜ਼ੇ ਅਨੁਸਾਰ, ਭਾਰਤੀ ਕਮਿਊਨਿਸਟ ਪਾਰਟੀ ਅੱਗੇ ਹਾਲੇ 'ਲੋਕ-ਜਮਹੂਰੀ ਇਨਕਲਾਬ' ਦੇ ਕੰਮ ਨੂੰ ਪੂਰਾ ਕਰਨਾ ਜ਼ਰੂਰੀ ਸੀ, ਜਿਹੜਾ ਕਿ ਕਾਂਗਰਸ ਸਰਕਾਰ ਛੱਡ ਚੁੱਕੀ ਸੀ। ਇਸ ਰੋਸ਼ਨੀ ਵਿੱਚ ਸੀ.ਪੀ.ਆਈ. ਨੇ ਆਪਣੀ ਪਲਿਟੀਕਲ ਲਾਈਨ ਬਦਲ ਗਈ। ਲਾਲ ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਨੇ ਇਨ੍ਹਾਂ ਹਾਲਤਾਂ ਨੂੰ ਦੇਖਦੇ ਹੋਏ ਵਿਚਾਰ ਕੀਤੀ ਅਤੇ 'ਕੌਮਾਂਤਰੀ ਪੋਲਿਟੀਕਲ ਅਨੈਲਸਿਜ਼' ਨੂੰ ਪ੍ਰਵਾਨ ਕੀਤਾ ਅਤੇ ਪੋਲਿਟੀਕਲ ਲਾਈਨ ਉਸ ਦੇ ਮੁਤਾਬਕ ਬਣਾ ਲਈ। ਇਹ ਫੈਸਲਾ ਕੀਤਾ ਗਿਆ ਕਿ ਸਾਡਾ ਸਿਧਾਂਤ ਅਤੇ ਪੋਲਿਟੀਕਲ ਲਾਈਨ ਸੀ.ਪੀ.ਆਈ. ਦਾ ਸਿਧਾਂਤ ਅਤੇ ਪੋਲਿਟੀਕਲ ਲਾਈਨ ਦੋਨਾਂ ਦੀ ਇੱਕ ਹੈ ਤਾਂ ਸਾਨੂੰ 'ਲਾਲ ਕਮਿਊਨਿਸਟ ਪਾਰਟੀ' ਨੂੰ ਤੋੜ ਕੇ (DISSOLVE) ਸੀ.ਪੀ.ਆਈ. ਵਿੱਚ ਸ਼ਾਮਲ ਹੋ ਕੇ ਇਕ ਹੋ ਜਾਣਾ ਚਾਹੀਦਾ ਹੈ। ਸੋ ਪਿੰਡ ਦਲੇਲ ਸਿੰਘ ਵਾਲਾ ਜੋ ਪਟਿਆਲੇ ਵਿੱਚ ਸੀ, ਇਸ ਸਿਲਸਿਲੇ ਵਿੱਚ 'ਲਾਲ ਕਮਿਊਨਿਸਟ ਪਾਰਟੀ' ਦੇ ਸਾਰੇ ਡੈਲੀਗੇਟਾਂ ਦੀ ਮੀਟਿੰਗ ਰੱਖੀ ਗਈ। ਉੱਥੇ 'ਲਾਲ ਕਮਿਊਨਿਸਟ ਪਾਰਟੀ' ਤੋੜ ਕੇ ਸੀ.ਪੀ.ਆਈ. ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਸਰਬਸੰਮਤੀ ਨਾਲ ਕੀਤਾ ਗਿਆ।

1952 ਦੀ ਫਰਵਰੀ ਵਿੱਚ ਭਾਰਤ ਦੇ ਨਵੇਂ ਵਿਧਾਨ ਮੁਤਾਬਿਕ ਪਾਰਲੀਮੈਂਟ ਦੇ ਮੈਂਬਰਾਂ ਦੀਆਂ ਅਤੇ ਸੂਬਿਆਂ ਦੀਆਂ ਅਸੈਂਬਲੀਆਂ ਦੀਆਂ ਆਮ ਚੋਣਾਂ ਹੋਈਆਂ। ਕਮਿਊਨਿਸਟਾਂ ਨੇ ਆਪਣੀ ਨਵੀਂ ਪੁਲਿਟੀਕਲ ਲਾਈਨ ਦੇ ਮੁਤਾਬਕ ਦੇਸ਼ ਦੀ ਇਸ ਜਨਰਲ ਇਲੈਕਸ਼ਨ ਵਿੱਚ ਹਿੱਸਾ ਲਿਆ। ਸੋਲਾਂ (16) ਕਮਿਊਨਿਸਟ ਮੈਂਬਰ ਕਾਮਯਾਬ ਹੋ ਕੇ ਐਮ.ਪੀ. ਬਣੇ।

ਭਾਰਤੀ ਸਰਕਾਰ ਨੇ ਕਮਿਊਨਿਸਟ ਪਾਰਟੀਆਂ ਤੋਂ ਪਾਬੰਦੀ ਚੁੱਕ ਲਈ। (ਸੀ.ਪੀ.ਆਈ. ਅਤੇ ਲਾਲ ਕਮਿਊਨਿਸਟ ਪਾਰਟੀ ਨੂੰ ਗੈਰ ਕਾਨੂੰਨੀ ਕਰਾਰ ਦੇ ਰੱਖਿਆ ਸੀ) ਜੇਲ੍ਹਾਂ ਵਿੱਚੋਂ ਨਜ਼ਰਬੰਦ ਕਮਿਊਨਿਸਟਾਂ ਨੂੰ ਰਿਹਾਅ ਕਰ ਦਿੱਤਾ ਗਿਆ ਅਤੇ ਮਫ਼ਰੂਰ (Underground) ਕਮਿਊਨਿਸਟਾਂ ਦੇ ਵਾਰੰਟ ਵਾਪਸ ਲੈ ਲਏ।

ਲਾਲ ਕਮਿਊਨਿਸਟ ਪਾਰਟੀ ਸੀ.ਪੀ.ਆਈ. ਵਿੱਚ ਸ਼ਾਮਲ

'ਲਾਲ ਕਮਿਊਨਿਸਟ ਪਾਰਟੀ' ਦੇ ਫੈਸਲੇ ਅਨੁਸਾਰ ਪਾਰਟੀ ਮੈਂਬਰਾਂ ਨੇ ਸੀ.ਪੀ.ਆਈ. ਦੀ ਮੈਂਬਰਸ਼ਿਪ ਲਈ ਦਰਖਾਸਤਾਂ ਦੇ ਦਿੱਤੀਆਂ। ਅੰਮ੍ਰਿਤਸਰ ਤੇ ਜਲੰਧਰ ਦੇ ਕੁਝ ਸਾਥੀਆ ਨੇ ਦਰਖਾਸਤਾਂ ਨਹੀਂ ਦਿੱਤੀਆਂ। ਦੋ-ਤਿੰਨ ਸਾਲ ਬਾਅਦ ਉਨ੍ਹਾਂ ਸਾਥੀਆਂ ਨੇ ਕਾ. ਹਰਬੰਸ ਸਿੰਘ ਕਰਨਾਣਾ ਤੇ ਕਾ. ਰਾਮ ਸਿੰਘ ਮਜੀਠੇ ਦੀ ਅਗਵਾਈ ਵਿੱਚ ਪ੍ਰਤਾਪ ਸਿੰਘ ਕੈਰੋਂ ਦੇ ਪ੍ਰੇਰਣ ਉੱਤੇ ਕਾਂਗਰਸ ਦੇ ਕਿਸਾਨ ਵਿੰਗ ਨੂੰ ਗਠਿਤ ਕੀਤਾ। ਮੇਰੇ ਖਿਆਲ ਵਿੱਚ ਮਾਰਕਸਵਾਦੀ-ਵਿਚਾਰਧਾਰਾ ਦੀ ਘੱਟ ਸੂਝ ਹੋਣ ਕਰਕੇ ਅਤੇ ਸੀ.ਪੀ.ਆਈ. ਦੀ ਪੁਰਾਣੇ ਕਿਰਤੀਆਂ ਨੂੰ ਅਣਗੌਲੇ ਕਰਨ ਦੀ ਨੀਤੀ ਕਰਕੇ ਉਨ੍ਹਾਂ ਵਿੱਚ ਇਹ ਮਾਯੂਸੀ ਤੇ ਕਮਜ਼ੋਰੀ ਆਈ ਸੀ। ਲਾਲ ਕਮਿਊਨਿਸਟ ਪਾਰਟੀ ਦੇ ਕਈ ਸਾਥੀਆਂ ਨੂੰ ਸੀ.ਪੀ.ਆਈ. ਦੇ ਪੰਜਾਬ ਯੂਨਿਟ ਨੇ ਅਣਗੌਲਿਆ ਕਰ ਦਿੱਤਾ। ਉਹ ਕਾ. ਬੂਝਾ ਸਿੰਘ ਚੱਕ ਮਾਈਦਾਸ, ਕਾ. ਭਗਤ ਸਿੰਘ ਬਿਲਗਾ ਅਤੇ ਮੇਰੇ ਨਾਲ ਪਾਰਟੀ ਕੰਮ ਦੀ ਜ਼ਰੂਰਤ ਪੈਣ ਉੱਤੇ ਹੀ ਸੰਪਰਕ ਕਰਦੇ ਰਹੇ।

ਮਾਰਚ 1952 ਵਿਚ ਵਾਰੰਟ ਕੈਂਸਲ ਹੋਣ ਉੱਤੇ ਮੈਂ ਨੂਰਮਹਿਲ ਆ ਗਿਆ ਸੀ ਅਤੇ ਨੂਰਮਹਿਲ ਇਲਾਕੇ ਵਿੱਚ ਪੁਰਾਣੇ ਕਿਰਤੀ ਵਰਕਰ ਹੀ ਸਨ। ਉਨ੍ਹਾਂ ਨਾਲ ਮਿਲ ਕੇ ਪਾਰਟੀ ਵਿੱਚ ਜਨਤਕ ਸੰਗਠਨ (Mass-Work) ਬਣਾਉਂਦੇ ਰਹੇ। 1952 ਦੇ ਅਪ੍ਰੈਲ ਵਿਚ ਜ਼ਿਲ੍ਹਾ ਪਾਰਟੀ ਕਮੇਟੀ ਨੇ ਕਾਂਗੜੇ ਜ਼ਿਲ੍ਹੇ ਦੇ ਮੰਗੂਵਾਲ ਦੀ ਸੀਟ ਉੱਤੇ ਅਸੈਂਬਲੀ ਕੈਂਡੀਡੇਟ ਕਾ. ਪਾਰਸ ਰਾਮ ਦੀ ਇਲੈਕਸ਼ਨ ਵਿੱਚ ਕੰਮ ਕਰਨ ਦੀ ਡਿਊਟੀ ਬੱਧੋਪਲ ਪਿੰਡ ਵਿਚ ਲਾਈ। ਮੈਂ ਉਹ ਡਿਊਟੀ ਇਕ ਦੂਸਰੇ ਸਾਥੀ ਨਾਲ ਮਿਲ ਕੇ ਬਾਖੂਬੀ ਨਿਭਾਈ। ਬੱਧੋਪਲ ਪਿੰਡ 'ਚੋਂ ਸਾਨੂੰ ਘੱਟ ਵੋਟਾਂ ਮਿਲੀਆਂ। ਪਰ ਇਸੇ ਪਿੰਡ ਦੇ ਬੂਥ ਉੱਤੇ ਗੁਆਂਢੀ ਪਿੰਡ ਦੀਆਂ ਸਾਰੀਆਂ ਇੱਕ ਸੌ ਦੱਸ ਵੋਟਾਂ ਕਾ. ਪਾਰਸ ਰਾਮ ਦੇ ਹੱਕ ਵਿੱਚ ਭੁਗਤਾਉਣ ਵਿੱਚ ਕਾਮਯਾਬ ਹੋਏ। ਜਿੱਥੇ ਕਿ ਕਾ. ਲਾਹੌਰ ਰਾਮ ਪ੍ਰਦੇਸੀ ਨੇ ਲੋਕਾਂ ਨੂੰ ਆਪਣੇ ਹੱਕਾਂ ਦੀ ਲੜਾਈ ਲੜਨ ਲਈ ਜਾਗ੍ਰਿਤੀ ਕੀਤਾ ਹੋਇਆ ਸੀ। ਅਸੈਂਬਲੀ ਦੀ ਇਹ ਸੀਟ ਅਸੀਂ ਹਾਰ ਗਏ।

ਨੂਰਮਹਿਲ ਮਿਉਂਸੀਪਲ ਕਮੇਟੀ ਦੀ ਚੋਣ ਅਤੇ ਪ੍ਰਧਾਨਗੀ ਦੀ ਜ਼ਿੰਮੇਵਾਰੀ

1953 ਦੇ ਅਪ੍ਰੈਲ-ਮਈ ਵਿੱਚ ਨੂਰਮਹਿਲ ਮਿਉਂਸੀਪਲ ਕਮੇਟੀ ਦੀਆਂ ਚੋਣਾਂ ਹੋਈਆਂ। ਇਸ ਵਿੱਚ ਅੱਠ ਮੈਂਬਰ ਚੁਣੇ ਗਏ ਸਨ। ਕਾਂਗਰਸ ਕਮੇਟੀ ਦੀ ਨੂਰਮਹਿਲ ਦੀ ਲੀਡਰਸ਼ਿਪ ਦੇ ਖਿਲਾਫ਼ ਭ੍ਰਿਸ਼ਟਾਚਾਰ ਦੇ ਕਾਰਨ ਲੋਕਾਂ ਵਿੱਚ ਨਰਾਜ਼ਗੀ ਸੀ। ਕਾਂਗਰਸ ਦੇ ਅੱਠਾਂ ਵਿੱਚੋਂ ਸਿਰਫ਼ ਦੋ ਕੈਂਡੀਡੇਟ ਜਿੱਤੇ। ਇਸ ਲਈ ਕਾਂਗਰਸ ਦੇ ਮੁਖ਼ਾਲਫ (ਵਿਰੋਧ) ਛੇ ਕੈਂਡੀਡੇਟ (ਜਿਨ੍ਹਾਂ ਨੇ ਇਕੱਠੇ ਹੋ ਕੇ ਇਲੈਕਸ਼ਨ ਲੜੀ ਸੀ) ਕਾਮਯਾਬ ਹੋਏ। ਛੇ ਕੈਂਡੀਗੇਟਾਂ ਵਿੱਚੋਂ ਇਕ ਰਿਪਬਲੀਕਨ ਪਾਰਟੀ (ਅੰਬੇਦਕਰ) ਦਾ, ਇਕ ਜਨ-ਸੰਘ, ਇਕ ਅਜ਼ਾਦ ਅਤੇ ਦੋ ਪੁਰਾਣੇ ਵਿਦਰੋਹੀ ਕਾਂਗਰਸੀ ਅਤੇ ਇੱਕ ਮੈਂ ਕਮਿਊਨਿਸਟ ਸੀ ਕਾਮਯਾਬ ਹੋਏ। ਇਨ੍ਹਾਂ ਛੇ ਕਾਂਗਰਸ ਮੈਂਬਰਾਂ ਨੇ ਮੈਨੂੰ ਮਿਉਂਸੀਪਲ ਕਮੇਟੀ ਦਾ ਪ੍ਰਧਾਨ ਚੁਣਿਆ।

ਮਿਉਂਸੀਪਲ ਕਮੇਟੀ ਦੀ ਸਾਲਾਨਾ ਆਮਦਨ ਬਹੁਤ ਘੱਟ ਸੀ। ਕੇਵਲ ਸੱਠ ਹਜ਼ਾਰ (60,000/-ਰੁ:) ਸਾਲਾਨਾ ਸੀ, ਕਰਮਚਾਰੀਆਂ ਦੀਆਂ ਤਨਖਾਹਾਂ ਭੁਗਤਾ ਕੇ ਸ਼ਹਿਰ ਦੇ ਵਿਕਾਸ ਲਈ ਬਹੁਤ ਥੋੜ੍ਹੇ ਪੈਸੇ ਬਚਦੇ ਸਨ। ਸ਼ਹਿਰ ਦੇ ਮੁਹੱਲਿਆਂ ਦੀਆਂ ਗਲੀਆਂ ਦੇ ਫਰਸ਼ ਅਤੇ ਨਾਲੀਆਂ ਦੀ ਹਾਲਤ ਬਹੁਤ ਹੀ ਖ਼ਸਤਾ ਸੀ, ਸੋ ਮੁਰੰਮਤ ਬਹੁਤ ਜ਼ਰੂਰੀ ਸੀ। ਬੱਜਟ ਬਹੁਤ ਘੱਟ ਹੋਣ ਕਰਕੇ ਠੇਕੇ ਉੱਤੇ ਕੰਮ ਕਰਾਉਣ ਦੀ ਬਜਾਏ ਮਿਸਤਰੀ ਅਤੇ ਮਜ਼ਦੂਰ ਰੱਖ ਕੇ ਕਮੇਟੀ ਵੱਲੋਂ ਆਪ ਕੰਮ ਕਰਵਾਇਆ ਗਿਆ। ਦੋ-ਦੋ, ਢਾਈ-ਢਾਈ ਹਜ਼ਾਰ ਦੇ ਪੀ.ਡਬਲਯੂ.ਡੀ. ਦੇ ਸ਼ਡਿਊਲ ਦੇ ਮੁਤਾਬਕ ਐਸਟੀਮੇਟ ਓਵਰਸੀਅਰ ਤੋਂ ਬਣਵਾਏ ਜਾਂਦੇ। ਇਹ ਕੇਵਲ ਅੱਠ ਨੌਂ ਸੌ (800-900) ਦੇ ਖ਼ਰਚ ਨਾਲ ਮੁਕੰਮਲ ਕਰਵਾ ਲਏ ਜਾਂਦੇ।

ਲੰਬੇ ਬਜ਼ਾਰ ਦਾ ਫਰਸ਼ ਜੋ ਕਿ ਬਹੁਤ ਖਸਤਾ ਹਾਲਤ ਵਿੱਚ ਸੀ; ਸੀਮੈਂਟ-ਬੱਜਰੀ ਦਾ ਪੱਕਾ ਬਣਵਾਇਆ ਗਿਆ। ਮਿਉਂਸੀਪਲ ਕਮੇਟੀ ਦੇ ਕੰਮਾਂ ਲਈ ਲੋਕਲ ਬਾਡੀ ਦੇ ਜ਼ਿਲ੍ਹਾ ਇੰਚਾਰਜ ਨੂੰ ਰਿਪੋਰਟ ਦੇਣ ਲਈ ਜਲੰਧਰ ਜਾਣਾ ਪੈਂਦਾ ਸੀ। ਜਲੰਧਰ ਆਉਣ ਜਾਣ ਦਾ ਕਿਰਾਇਆ ਅਤੇ ਭੱਤਾ (ALLOWANCE) ਮੈਂ ਕਦੇ ਨਹੀਂ ਸੀ ਲੈਂਦਾ, ਜੋ ਕਿ ਇਕ ਪ੍ਰੈਜ਼ੀਡੈਂਟ ਲਈ ਮੁਕੱਰਰ ਹੁੰਦਾ ਸੀ। ਸਰਕਾਰੀ ਆਡੀਟਰ (AUDITORS) ਵੱਲੋਂ ਮੇਰੇ ਉੱਤੇ ਇਹ ਦੋਸ਼ ਲਾਏ ਗਏ ਕਿ ਪੀ.ਡਬਲਊ.ਡੀ. ਦੇ ਸ਼ਡਿਊਲ ਮੁਤਾਬਿਕ

ਐਸਟੀਮੇਟਾਂ ਤੋਂ ਘੱਟ ਖ਼ਰਚ ਉੱਤੇ ਕੰਮ ਕਿਉਂ ਕਰਵਾਇਆ ਗਿਆ? ਮੇਰੇ ਜਵਾਬ ਦੇਣ ਉੱਤੇ ਇਹ ਸਾਰੇ ਦੋਸ਼ ਰੱਦ ਕਰ ਦਿੱਤੇ ਗਏ।

ਮੇਰੇ ਨਾਲ ਦੇ ਕਮੇਟੀ ਮੈਂਬਰ (ਐਮ.ਸੀ.) ਨਾ ਤਾਂ ਸ਼ੋਸ਼ਲ ਵਰਕਰ ਸਨ ਅਤੇ ਨਾ ਹੀ ਉਨ੍ਹਾਂ ਅੱਗੇ ਕੋਈ ਸਮਾਜਿਕ ਭਲਾਈ ਕਰਨ ਦਾ ਉਦੇਸ਼ ਸੀ ਅਤੇ ਨਾ ਹੀ ਉਨ੍ਹਾਂ ਵਿੱਚ ਕੋਈ ਤਿਆਗ ਦੀ ਭਾਵਨਾ ਸੀ। ਸੋ ਉਹ ਆਪਣੇ ਅਹੁਦੇ ਨੂੰ ਨਿੱਜੀ ਹਿੱਤਾਂ ਲਈ ਵਰਤਣਾ ਚਾਹੁੰਦੇ ਸਨ। ਜਿਸ ਦੀ ਮੈਂ ਮੁਖ਼ਾਲਫ਼ਤ (ਵਿਰੋਧ) ਕਰਦਾ ਸਾਂ। ਇਸ ਲਈ ਉਹ ਮੇਰੇ ਕੋਲੋਂ ਦੂਰ ਹੋਣੇ ਸ਼ੁਰੂ ਹੋ ਗਏ।

1954 ਦੀਆਂ ਗਰਮੀਆਂ ਵਿੱਚ ਮੇਰੀ ਸਿਹਤ ਖਰਾਬ ਹੋ ਗਈ। ਮੇਰੇ ਵੱਡੇ ਭਰਾ ਜਗਦੀਸ਼ ਚੰਦਰ ਦੇ ਸੁਝਾਅ ਉੱਤੇ ਮੈਂ ਇਲਾਜ ਲਈ 'ਨੇਚਰ-ਕਿਓਰ' ਹਸਪਤਾਲ (ਆਰੋਗਯ ਮੰਦਿਰ) ਗੋਰਖਪੁਰ (ਯੂ.ਪੀ.) ਵਿੱਚ ਜਾ ਕੇ ਦਾਖਲ ਹੋ ਗਿਆ। ਉੱਥੇ ਦੋ ਮਹੀਨੇ ਇਲਾਜ ਕਰਵਾ ਕੇ ਵਾਪਸ ਨੂਰਮਹਿਲ ਆ ਕੇ ਮਿਉਂਸੀਪਲ ਕਮੇਟੀ ਦੀ ਆਪਣੀ ਜ਼ਿੰਮੇਵਾਰੀ ਸੰਭਾਲ ਲਈ। ਇਨ੍ਹਾਂ ਸਾਲਾਂ ਵਿੱਚ ਜ਼ਿਲ੍ਹੇ ਵਿੱਚ ਚੱਲ ਰਹੇ ਸਰਕਾਰੀ ਹਾਈ ਸਕੂਲਾਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਇਨ੍ਹਾਂ ਨੂੰ ਕਾਇਮ ਰੱਖਣ ਲਈ ਅਸੀਂ ਇਲਾਕੇ ਦੇ ਲੋਕਾਂ ਨੂੰ ਨਾਲ ਲੈ ਕੇ ਜ਼ਿਲ੍ਹੇ ਦੇ ਪ੍ਰਸ਼ਾਸਨ (ADMINISTRATION) ਨੂੰ ਮਜਬੂਰ ਕੀਤਾ ਕਿ ਉਹ ਸਰਕਾਰੀ ਸਕੂਲਾਂ ਦੁਆਰਾ ਦਿੱਤੀ ਜਾ ਰਹੀ ਵਿੱਦਿਆ ਨੂੰ ਕਾਇਮ ਰੱਖੇ ਕਿਉਂਕਿ ਸਰਕਾਰੀ ਸਕੂਲਾਂ ਵਿੱਚ ਵਿੱਦਿਆ ਧਰਮ ਨਿਰਪੇਖ (Secular) ਹੀ ਹੋਵੇਗੀ ਅਤੇ ਬੱਚਿਆਂ ਨੂੰ ਵਿੱਦਿਆ ਦੇਣਾ ਸਰਕਾਰ ਦਾ ਫਰਜ਼ ਹੈ। ਨੂਰਮਹਿਲ ਮਿਉਂਸੀਪਲ ਕਮੇਟੀ ਦੇ ਇਸ ਸਟੈਂਡ ਨਾਲ ਜ਼ਿਲ੍ਹੇ ਜਲੰਧਰ ਦੀਆਂ ਦੂਸਰੀਆਂ ਮਿਉਂਸੀਪਲ ਕਮੇਟੀਆਂ ਵੀ ਇਸ ਪੱਖ ਨਾਲ ਖੜੀਆਂ ਹੋ ਗਈਆਂ। ਨਤੀਜੇ ਦੇ ਤੌਰ ਤੇ ਇਨ੍ਹਾਂ ਹਾਈ ਸਕੂਲਾਂ ਨੂੰ ਜ਼ਾਰੀ ਰੱਖਣ ਦਾ ਫੈਸਲਾ ਕਰਨਾ ਪਿਆ।

ਨੂਰਮਹਿਲ ਸ਼ਹਿਰ ਦੇ ਮੇਰੇ ਸਪੋਰਟਰ ਮੇਰੇ ਉੱਤੇ ਆਪਣੇ ਜਾਤੀ ਕੰਮ ਕਰਵਾਉਣ ਲਈ ਦਬਾਅ ਪਾਉਂਦੇ ਰਹਿੰਦੇ, ਏਥੇ ਤੱਕ ਕਿ ਜੁਆਰੀਏ ਅਨਸਰਾਂ ਦੀਆਂ ਨੇਕ ਚੱਲਣੀ ਦੀਆਂ ਜਮਾਨਤਾਂ ਦੇਣ ਲਈ ਦਬਾਅ ਪਾਉਂਦੇ ਜਿਸ ਤੋਂ ਮੈਂ ਇਨਕਾਰ ਕਰ ਦਿੰਦਾ ਸੀ। ਮੇਰੇ ਨਾਲ ਦੇ ਐਮ.ਸੀ. ਇਸ ਤਰ੍ਹਾਂ ਦੇ ਕੰਮ ਕਰਦੇ ਰਹਿੰਦੇ ਸਨ। ਉਹ ਨਾ ਤਾਂ ਸੋਸ਼ਲ ਵਰਕਰ ਸਨ ਅਤੇ ਨਾ ਹੀ ਉਨ੍ਹਾਂ ਅੱਗੇ ਸਮਾਜ ਨੂੰ ਅੱਛਾ ਬਣਾਉਣ ਦਾ ਕੋਈ ਮਕਸਦ ਹੀ ਸੀ। ਉਹ ਕੇਵਲ ਕਾਂਗਰਸ ਵਿਰੋਧੀ ਧੜੇ ਕਰਕੇ ਹੀ ਕਾਮਯਾਬ ਹੋਏ ਸਨ। ਮੈਂ 1956 ਵਿੱਚ ਮਿਉਂਸੀਪਲ ਕਮੇਟੀ ਤੋਂ ਅਸਤੀਫ਼ਾ ਦੇ ਦਿੱਤਾ।

ਕੁਝ ਸਮੇਂ ਲਈ ਮੈਂ ਆਪਣੇ ਵੱਡੇ ਭਰਾ ਜਗਦੀਸ਼ ਚੰਦਰ ਕੋਲ ਦਿੱਲੀ ਚਲਾ ਗਿਆ ਅਤੇ ਦਿੱਲੀ ਜਾ ਕੇ ਉਨ੍ਹਾਂ ਨਾਲ ਆਈਸਕ੍ਰੀਮ ਦੀ ਫੈਕਟਰੀ ਵਿੱਚ ਕੰਮ ਕਰਾਇਆ; ਕਿਉਂਕਿ ਜ਼ਿਲ੍ਹਾ ਪਾਰਟੀ ਕਮੇਟੀ ਵੱਲੋਂ ਕੋਈ ਵੀ ਪਾਰਟੀ ਡਿਊਟੀ ਨਹੀਂ ਦਿੱਤੀ ਗਈ ਸੀ ਅਤੇ ਦੂਸਰੇ ਕਿਰਤੀ ਸਾਥੀਆਂ ਵਾਂਗ ਹੀ ਮੈਨੂੰ ਵੀ ਅਣਗੌਲਿਆਂ ਕੀਤਾ ਗਿਆ ਸੀ।

ਲੈ ਕੇ ਮੈਂ ਵੀ ਉਸ ਰੈਲੀ ਵਿੱਚ ਸ਼ਾਮਲ ਹੋਇਆ। ਇਹ ਜੱਥਾ ਨੂਰਮਹਿਲ ਤੋਂ ਪ੍ਰਚਾਰ ਕਰਦਾ ਹੋਇਆ ਪਿੰਡਾਂ ਵਿੱਚ ਦੀ ਪੈਦਲ ਚੱਲ ਕੇ ਜਲੰਧਰ ਰੈਲੀ ਵਿੱਚ ਸ਼ਾਮਲ ਹੋਇਆ।

ਰੈਲੀ ਖ਼ਤਮ ਹੋਣ ਤੋਂ ਬਾਅਦ ਗ਼ਦਰੀ ਬਾਰਾ ਭਾਗ ਸਿੰਘ ਕਨੇਡੀਅਨ ਦੀ ਅਗਵਾਈ ਵਿੱਚ ਕਿਸਾਨਾਂ ਦਾ ਪਹਿਲਾ ਜੱਥਾ ਇਸ ਟੈਕਸ ਦੀ ਵਿਰੋਧਤਾ ਕਰਦਾ ਹੋਇਆ ਗ੍ਰਿਫਤਾਰ ਹੋਇਆ। ਸਾਰੇ ਪੰਜਾਬ ਵਿੱਚ ਸੰਘਰਸ਼ ਬਹੁਤ ਤਿੱਖਾ ਹੋ ਗਿਆ। ਸਾਰੇ ਪੰਜਾਬ ਵਿੱਚੋਂ ਸਰਕਾਰ ਨੇ ਕਿਸਾਨ ਅਤੇ ਕਮਿਊਨਿਸਟ ਵਰਕਰ ਗ੍ਰਿਫਤਾਰ ਕਰਨੇ ਸ਼ੁਰੂ ਕਰ ਦਿੱਤੇ।

5 ਮਾਰਚ ਨੂੰ ਮੈਨੂੰ ਵੀ ਗ੍ਰਿਫਤਾਰ ਕਰਕੇ ਕਪੂਰਥਲਾ ਜੇਲ੍ਹ ਵਿੱਚ ਭੇਜ ਦਿੱਤਾ। ਕਪੂਰਥਲਾ ਜੇਲ੍ਹ ਵਿੱਚ ਗ਼ਦਰੀ ਬਾਬਾ ਕਰਮ ਸਿੰਘ ਚੀਮਾ (ਜਿਨ੍ਹਾਂ ਦੀ ਉਮਰ ਉਸ ਵੇਲੇ 93 ਸਾਲ ਸੀ), ਗ਼ਦਰੀ ਬਾਬਾ ਭਾਗ ਸਿੰਘ ਕਨੇਡੀਅਨ ਅਤੇ ਜ਼ਿਲ੍ਹੇ ਦੇ ਹੋਰ ਕਿਸਾਨ ਵਰਕਰ ਪਹਿਲਾਂ ਹੀ ਬੰਦ ਸਨ। ਇਹ ਮੋਰਚਾ ਅਜੇ ਥੋੜ੍ਹੇ ਦਿਨ ਹੀ ਚੱਲਿਆ ਸੀ ਕਿ ਪੰਜਾਬ ਕਿਸਾਨ ਸਭਾ ਨੇ ਕਮਿਊਨਿਸਟ ਲੀਡਰਸ਼ਿਪ ਦੀ ਸਲਾਹ ਨਾਲ ਇਸ ਮੋਰਚੇ ਨੂੰ ਵਾਪਸ ਲੈ ਲਿਆ। ਜੇਲ੍ਹਾਂ ਵਿੱਚੋਂ ਸਾਰੇ ਕਿਸਾਨ ਵਰਕਰਾਂ ਨੂੰ ਰਿਹਾਅ ਕਰ ਦਿੱਤਾ ਗਿਆ। ਸਾਰੀ ਕਿਸਾਨੀ ਅਤੇ ਕਿਸਾਨ ਵਰਕਰਾਂ ਵਿੱਚ ਇਸ ਦੇ ਵਾਪਿਸ ਲਏ ਜਾਣ ਉੱਤੇ ਬਹੁਤ ਹੈਰਾਨੀ ਅਤੇ ਮਾਯੂਸੀ ਆਈ। ਆਮ ਕਿਸਾਨਾਂ ਨੇ ਇਸ ਨੂੰ ਕਮਿਊਨਿਸਟ ਪਾਰਟੀ ਦੀ ਕਮਜ਼ੋਰੀ ਸਮਝਿਆ।

ਉਸ ਸਮੇਂ ਦੀ ਪੰਜਾਬ ਦੀ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਅਤੇ ਸੈਂਟਰ ਦੀ ਲੀਡਰਸ਼ਿਪ ਇਸ ਦੀ ਜ਼ਿੰਮੇਵਾਰ ਸੀ ਕਿਉਂਕਿ ਉਹ 'ਖੁਸ਼ ਹੈਸੀਅਤ ਮੋਰਚੇ' ਦੀ ਚੜ੍ਹਤ ਨੂੰ ਯੋਗ ਅਗਵਾਈ ਨਹੀਂ ਦੇ ਸਕੀ। ਸਰਕਾਰ ਵੱਲੋਂ ਕੀਤੀਆਂ ਜਾ ਰਹੀਆਂ ਕੁਰਕੀਆਂ ਅਤੇ ਹੋਰ ਪੁਲਿਸ ਜਬਰ ਵਿਰੁੱਧ ਲੋਕਾਂ ਵੱਲੋਂ ਤਿੱਖਾ ਤੇ ਵਿਆਪਕ ਵਿਰੋਧ ਹੋ ਰਿਹਾ ਸੀ। ਐਤੀਆਣਾ, ਨਰੂੜ-ਪਾਸ਼ਟਾ ਅਤੇ ਹੋਰ ਪਿੰਡਾਂ ਵਿੱਚ ਸਰਕਾਰ ਦੀਆਂ ਗੋਲੀਆਂ ਨਾਲ ਕਿਸਾਨ ਅਤੇ ਕਿਸਾਨ-ਔਰਤਾਂ ਸ਼ਹੀਦ ਹੋਏ। ਸੂਬੇ ਦੀ ਪਾਰਟੀ ਲੀਡਰਸ਼ਿਪ ਪੁਲਿਸ ਦੇ ਜਬਰ ਦੇ ਬਾਅਦ ਪੈਦਾ ਹੋਈ ਸਥਿਤੀ ਦਾ ਮੁਕਾਬਲਾ ਕਰਨ ਲਈ ਕੋਈ ਠੋਸ ਪ੍ਰੋਗਰਾਮ ਨਾ ਉਲੀਕ ਸਕੀ ਅਤੇ ਉਨ੍ਹਾਂ ਨੇ ਮੋਰਚਾ ਵਾਪਿਸ ਲੈਣ ਦੀ ਜ਼ਿੰਮੇਵਾਰੀ ਆਪ ਲੈਣ ਦੀ ਬਜਾਏ ਇਹ ਜ਼ਿੰਮੇਵਾਰੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਉੱਤੇ ਸੁੱਟ ਦਿੱਤੀ। ਮੇਰੇ ਖਿਆਲ ਵਿੱਚ ਅਜਿਹੇ ਮੌਕੇ ਕੁਰਬਾਨੀ ਦੀ ਮੰਗ ਕਰਦੇ ਹਨ ਅਤੇ ਸਥਿਤੀ ਦਾ ਅੱਗੇ ਹੋ ਕੇ ਮੁਕਾਬਲਾ ਕਰਨਾ ਹੁੰਦਾ ਹੈ। ਜਿਸ ਤੋਂ ਲੀਡਰਸ਼ਿਪ ਨੇ ਮੂੰਹ ਮੋੜ ਲਿਆ।

ਪੰਜਾਬ ਅਸੈਂਬਲੀ ਦੀਆਂ ਚੋਣਾਂ

1957 ਦੀ ਜਨਰਲ ਇਲੈਕਸ਼ਨ ਤੋਂ ਬਾਅਦ 1962 ਦੀ ਜਨਰਲ ਇਲੈਕਸ਼ਨ ਤੱਕ (ਸਿਵਾਏ ਖੁਸ਼ ਹੈਸੀਅਤ ਮੋਰਚੇ ਤੋਂ) ਮੈਨੂੰ ਜ਼ਿਲ੍ਹਾ ਪਾਰਟੀ ਕਮੇਟੀ ਨੇ ਕਦੇ ਪਾਰਟੀ ਕੰਮ ਦੀ ਡਿਊਟੀ ਨਹੀਂ ਦਿੱਤੀ ਅਤੇ ਨਾ ਹੀ ਨੂਰਮਹਿਲ ਪਾਰਟੀ ਸੈੱਲ ਦੀ ਕਦੇ ਮੀਟਿੰਗ ਕਰਵਾਈ। 1962 ਤੱਕ ਮੇਰੀ ਅਤੇ ਬੇਟੀ ਸੁਰਿੰਦਰ ਦੀ ਮਿਹਨਤ (ਬਾਗ਼ ਨੂੰ ਮੁੜ ਸੁਰਜੀਤ ਕਰਨ ਕਰਨਾ) ਵਰ ਆਈ। ਇਸ ਵਿੱਚ ਸਾਰੇ ਪਰਿਵਾਰ ਦਾ ਸਹਿਯੋਗ ਵੀ ਸ਼ਾਮਲ ਸੀ। ਅਸੀਂ ਕਈ ਤਰ੍ਹਾਂ ਦੇ ਫ਼ਲਦਾਰ ਬੂਟੇ ਜੋ ਲਾਏ ਸਨ, ਉਹ ਪੂਰੇ ਜੋਬਨ ਉੱਤੇ ਸਨ। ਪਪੀਤਾ, ਅਮਰੂਦ, ਆੜੂ ਆਮਦਨ ਦੇ ਰਹੇ ਸਨ। ਟਿਊਬਵੈੱਲ ਲਗਾ ਕੇ ਸਿੰਚਾਈ ਦਾ ਪ੍ਰਬੰਧ ਹੋ ਚੁੱਕਾ ਸੀ। ਇਲਾਕੇ ਦੇ ਗ਼ਦਰੀ ਬਾਬਿਆਂ ਤੇ ਪਾਰਟੀ ਦੇ ਸਾਥੀਆਂ ਨੂੰ ਜੀ ਆਇਆਂ ਕਹਿਣ ਲਈ ਬਾਗ ਹਰ ਵੇਲੇ ਤਿਆਰ ਰਹਿੰਦਾ।

ਫਰਵਰੀ 1962 ਵਿੱਚ ਜਨਰਲ ਇਲੈਕਸ਼ਨ ਆਉਣ ਤੇ ਕਾ. ਹਰਕਿਸ਼ਨ ਸਿੰਘ ਸੁਰਜੀਤ ਪੰਜਾਬ ਅਸੈਂਬਲੀ ਦੀ ਨੂਰਮਹਿਲ ਸੀਟ ਤੋਂ ਉਮੀਦਵਾਰ ਖੜਾ ਹੋਇਆ। ਪਾਰਟੀ ਦੇ ਇਲੈਕਸ਼ਨ ਆਫਿਸ ਦੀ ਜ਼ਿੰਮੇਵਾਰੀ ਮੈਨੂੰ ਦਿੱਤੀ ਗਈ। ਅਮਲੀ ਤੌਰ ਉੱਤੇ ਇਲੈਕਸ਼ਨ ਆਫਿਸ ਬਾਗ਼ ਵਿੱਚ ਹੀ ਹੁੰਦਾ ਸੀ ਕਿਉਂਕਿ ਉੱਥੇ ਸਾਰਾ ਪ੍ਰਬੰਧ ਚੰਗੀ ਤਰ੍ਹਾਂ ਹੋ ਸਕਦਾ ਸੀ। ਬੇਟੀ ਸੁਰਿੰਦਰ ਹਿੰਦੀ ਪ੍ਰਭਾਕਰ ਦੀ ਤਿਆਰੀ ਕਰ ਰਹੀ ਸੀ। ਉਹ ਸ਼ਹਿਰ ਦੇ ਦਲਿਤ ਮੁਹੱਲਿਆਂ ਵਿੱਚ ਪਾਰਟੀ ਦੇ ਪ੍ਰਚਾਰ, ਪਾਰਟੀ ਵਰਕਰਾਂ ਦੀ ਰੋਟੀ ਦਾ ਪ੍ਰਬੰਧ ਅਤੇ ਬਾਗ਼ ਦੀ ਦੇਖ ਰੇਖ ਦਾ ਕੰਮ ਵੀ ਨਾਲ-ਨਾਲ ਨਿਭਾਅ ਰਹੀ ਸੀ। ਪੁਰਾਣੇ ਕਿਰਤੀ ਸਾਥੀ ਜਿਹੜੇ ਕਿ (ਕੈਰੋਂ ਦੇ ਪ੍ਰੇਰਣ ਨਾਲ) ਕਾਂਗਰਸ ਦੇ ਕਿਸਾਨ ਵਿੰਗ ਵਿੱਚ ਜਾ ਚੁੱਕੇ ਸਨ, ਉਹ ਕਾ. ਸੁਰਜੀਤ ਦੀ ਮੁਖ਼ਾਲਫ਼ਤ ਕਰਨ ਲਈ ਨੂਰਮਹਿਲ ਦੀ ਸੀਟ ਉੱਤੇ ਆਏ, ਉਹ ਵੀ ਬਾਗ਼ ਵਿੱਚ ਹੀ ਠਹਿਰੇ ਹੋਏ ਸਨ। ਇਹ ਪੁਰਾਣੇ ਕਿਰਤੀ 1957 ਦੀ ਅਸੈਂਬਲੀ ਇਲੈਕਸ਼ਨ ਵਿੱਚ ਕਾ. ਸੁਰਜੀਤ ਦੀ ਮੁਖ਼ਾਲਫ਼ਤ ਕਰਨ ਲਈ ਵੀ ਆਏ ਸੀ। ਉਹ ਸਮਝਦੇ ਸਨ ਕਿ ਕਿ ਕਮਿਊਨਿਸਟ ਮੂਵਮੈਂਟ ਵਿੱਚੋਂ ਕਿਰਤੀ ਵਰਕਰਾਂ ਨੂੰ ਪਾਰਟੀ ਵਿੱਚੋਂ ਬਾਹਰ ਕੱਢਣ ਵਿੱਚ ਮੁੱਖ ਤੌਰ ਤੇ ਕਾ. ਸੁਰਜੀਤ ਦੀ ਹੀ ਪਾਲਸੀ ਸੀ। ਇਹ ਸਨ, ਕਾ. ਹਰਬੰਸ ਸਿੰਘ ਕਰਨਾਣਾ, ਕਾ. ਰਾਮ ਸਿੰਘ ਮਜੀਠਾ ਅਤੇ ਕਾ. ਭਾਈ ਸੋਹਣ ਸਿੰਘ ਨੌਰੰਗਾਬਾਦੀ ਸਨ।

1962 ਦੀ ਨੂਰਮਹਿਲ ਅਸੈਂਬਲੀ ਸੀਟ ਦੀ ਇਲੈਕਸ਼ਨ ਵੀ ਕਾਂਗਰਸੀ ਉਮੀਦਵਾਰ

ਪੰਜਾਬ ਵਿੱਚ ਅੰਗੂਰਾਂ ਦੀ ਖੇਤੀ

1963 ਵਿੱਚ ਪੰਜਾਬ ਸਰਕਾਰ ਨੇ ਅੰਗੂਰਾਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਦਾ ਫੈਸਲਾ ਕੀਤਾ। ਇਸ ਲਾਈਨ ਦਾ ਮਾਹਿਰ (Expert) ਬੀ.ਐੱਮ. ਪੰਸਾਰੇ ਹੈਦਰਾਬਾਦ ਤੋਂ ਬਾਗ਼ਬਾਨੀ ਦੇ ਮਹਿਕਮੇ ਵਿੱਚ ਰੱਖਿਆ ਗਿਆ (Employed)। ਬੀ.ਐਮ. ਪੰਸਾਰੇ ਨੇ ਸਾਰੇ ਪੰਜਾਬ ਦੇ ਵਿੱਚ ਪ੍ਰੋਗਰੈਸਿਵ ਕਿਸਾਨਾਂ ਦੇ ਸੈਮੀਨਾਰ ਲਾ ਕੇ ਇਹ ਸਮਝਾਇਆ ਕਿ ਪੰਜਾਬ ਵਿੱਚ ਵੀ ਅੰਗੂਰਾਂ ਦੀ ਖੇਤੀ ਕਾਮਯਾਬੀ ਨਾਲ ਕੀਤੀ ਜਾ ਸਕਦੀ ਹੈ। ਇਸ ਸਿਲਸਿਲੇ ਵਿੱਚ ਸਾਰੇ ਪੰਜਾਬ ਵਿੱਚੋਂ ਬਾਗਬਾਨੀ ਨਾਲ ਦਿਲਚਸਪੀ ਰੱਖਣ ਵਾਲੇ ਕਿਸਾਨਾਂ ਦਾ ਇੱਕ ਵੱਡਾ ਗਰੁੱਪ ਨੂੰ ਹੈਦਰਾਬਾਦ, ਮਹਾਂਰਾਸ਼ਟਰ ਦੇ ਨਾਸਿਕ, ਬਾਰਾਮਤੀ, ਪੂਨਾ, ਉਰਲੀ ਕੰਚਨ ਤੇ ਹੋਰ ਕਈ ਇਲਾਕਿਆਂ ਵਿੱਚ ਜਿੱਥੇ-ਜਿੱਥੇ ਅੰਗੂਰਾਂ ਦੀ ਖੇਤੀ ਕਾਮਯਾਬੀ ਨਾਲ ਕੀਤੀ ਜਾਂਦੀ ਸੀ, ਲਿਜਾ ਕੇ ਇਹ ਦਿਖਾਈ ਅਤੇ ਅੰਗੂਰਾਂ ਦੀ ਖੇਤੀ ਦੇ ਮੁਤਾਬਿਕ ਉਨ੍ਹਾਂ ਅੰਗੂਰਾਂ ਵਾਲੇ ਬਾਗਬਾਨਾਂ ਤੋਂ ਪੰਜਾਬ ਦੇ ਕਿਸਾਨਾਂ ਨੂੰ ਅੰਗੂਰਾਂ ਦੀ ਖੇਤੀ ਬਾਬਤ ਸਮਝਣ ਦਾ ਮੌਕਾ ਦਿੱਤਾ। ਪੰਜਾਬ ਦੇ ਬਾਗਬਾਨੀ ਮਹਿਕਮੇ ਤੋਂ ਅੰਗੂਰਾਂ ਦੀਆਂ ਕਟਿੰਗ ਲਿਆ ਕੇ ਮੈਂ ਤੇ ਬੇਟੀ ਸੁਰਿੰਦਰ ਨੇ ਫ਼ਰਵਰੀ 1963 ਵਿੱਚ ਹੀ ਪਨੀਰੀ ਲਗਾ ਛੱਡੀ ਸੀ ਅਤੇ ਮੈਂ ਖੁਦ ਇਸ ਟੂਰ-ਗਰੁੱਪ ਵਿੱਚ ਸ਼ਾਮਿਲ ਹੋ ਗਿਆ ਸੀ। ਕਿਸਾਨਾਂ ਦੇ ਇਸ ਗਰੁੱਪ ਵਿੱਚ ਵੱਡੀ ਤਾਦਾਦ ਧਨੀ ਕਿਸਾਨਾਂ ਦੀ ਹੀ ਸੀ। ਦਰਮਿਆਨੇ ਕਿਸਾਨ ਥੋੜ੍ਹੇ ਸਨ। 30 ਦੇ ਕਰੀਬ ਪੰਜਾਬ ਦੀ ਬਾਗਬਾਨੀ ਵਿਭਾਗ ਦੇ ਅਫ਼ਸਰ ਤੇ ਕਰਮਚਾਰੀ ਅੰਗੂਰਾਂ ਦੀ ਖੇਤੀ ਦਾ ਤਜ਼ਰਬਾ ਹਾਸਲ ਕਰਨ ਲਈ ਇਸ ਗਰੁੱਪ ਦੇ ਨਾਲ ਸਨ। ਟਰਾਂਸਪੋਰਟ ਦਾ ਸਾਰਾ ਖ਼ਰਚਾ ਪੰਜਾਬ ਸਰਕਾਰ ਨੇ ਕੀਤਾ ਅਤੇ ਬਾਕੀ ਦਾ ਖ਼ਰਚ ਕਿਸਾਨਾਂ ਨੇ ਖੁਦ ਕੀਤਾ।

ਅੰਗੂਰਾਂ ਦੀ ਖੇਤੀ ਆਂਧਰਾ, ਮਹਾਂਰਾਸ਼ਟਰ ਵਿੱਚ ਕਾਮਯਾਬੀ ਨਾਲ ਹੋ ਰਹੀ ਸੀ। (ਫਰਵਰੀ-ਮਾਰਚ ਵਿੱਚ ਅੰਗੂਰਾਂ ਦੇ ਬਾਗ਼ ਫ਼ਸਲ ਨਾਲ ਪੂਰੇ ਜੋਬਨ ਤੇ ਸਨ) ਫ਼ਸਲ ਨੂੰ ਨੁਕਸਾਨ ਪਹੁੰਚਾਉਣ ਵਾਲੇ ਪੰਛੀ ਬਹੁਤ ਘੱਟ ਨਜ਼ਰ ਆ ਰਹੇ ਸਨ। ਮਹਾਂਰਾਸ਼ਟਰ ਦੇ ਕਿਸਾਨਾਂ ਵੱਲੋਂ ਸਾਰੇ ਗਰੁੱਪ ਦੀ ਅੱਛੀ ਮਹਿਮਾਨ ਨਿਵਾਜ਼ੀ ਕੀਤੀ ਗਈ ਅਤੇ ਅੰਗੂਰਾਂ ਦੀ ਖੇਤੀ ਸੰਬੰਧੀ ਆਪਣਾ ਤਜ਼ਰਬਾ ਪੰਜਾਬੀ ਕਿਸਾਨਾਂ ਨੂੰ ਦੱਸਿਆ। ਆਂਧਰਾ ਦੇ ਕਿਸਾਨਾਂ ਨੇ ਪੰਜਾਬ ਤੋਂ ਗਏ ਕਿਸਾਨਾਂ ਨੂੰ ਅੰਗੂਰਾਂ ਦੀ ਖੇਤੀ ਬਾਰੇ ਸਮਝਾਉਣ ਦੀ ਘੱਟ ਕੋਸ਼ਿਸ਼ ਕੀਤੀ, ਕਿਉਂਕਿ ਉੱਥੇ ਅੰਗੂਰਾਂ ਦੇ ਬਾਗ਼ ਜਿਹੜੇ ਅਸੀਂ ਦੇਖੇ ਉਹ ਕੁਝ ਨਵਾਬਾਂ

ਦੇ ਹੀ ਸਨ। ਹਰ ਜਗ੍ਹਾ ਤੇ ਬੀ.ਐਮ. ਪੰਸਾਰੇ ਕਿਸਾਨਾਂ ਨੂੰ ਅੰਗੂਰਾਂ ਦੇ ਲਟਕ ਰਹੇ ਗੁੱਛਿਆਂ ਨੂੰ ਦਿਖਾ ਕੇ, ਅੰਗੂਰਾਂ ਦੇ ਖੇਤਾਂ ਵਿੱਚ ਖੜ੍ਹੇ ਕਰਕੇ ਅੰਗੂਰਾਂ ਦੀ ਖੇਤੀ ਕਾਮਯਾਬੀ ਨਾਲ ਕਰਨ ਦੇ ਗੁਰ ਸਮਝਾਉਂਦੇ ਰਹੇ। ਬਾਗਬਾਨੀ ਮਹਿਕਮੇ ਦੇ ਤਿੰਨ-ਚਾਰ ਕਰਮਚਾਰੀ ਹੀ ਇਸ ਕੰਮ ਵਿੱਚ ਦਿਲਚਸਪੀ ਲੈ ਰਹੇ ਸਨ। ਜ਼ਿਆਦਾ ਕਰਮਚਾਰੀ ਤਾਂ ਆਪਣਾ ਸਫ਼ਰ-ਖ਼ਰਚ (ਟੀ.ਏ. T.A.) ਬਣਾਉਣ ਦਾ ਹਿਸਾਬ ਲਾਉਂਦੇ ਰਹਿੰਦੇ। ਇਸ ਸਫ਼ਰ ਵਿੱਚ ਬੀ.ਐਮ. ਪੰਸਾਰੇ ਨੇ ਕਿਸਾਨਾਂ ਨੂੰ ਅਜੰਤਾ (Ajenta), ਅਲੋਰਾ (ALLORA), ਦੀਆਂ ਇਤਿਹਾਸਿਕ ਗੁਫ਼ਾਵਾਂ ਅਤੇ ਗੋਲਕੁੰਡਾ ਦਾ ਇਤਿਹਾਸਕ ਕਿਲ੍ਹਾ ਅਤੇ ਦੌਲਤਾਬਾਦ ਦਾ ਇਤਿਹਾਸਕ ਕਿਲ੍ਹਾ ਵੀ ਦਿਖਾਏ। ਅਜੰਤਾ-ਅਲੋਰਾ ਦੀਆਂ ਇਤਿਹਾਸਕ ਗੁਫਾਵਾਂ ਦੀ ਚਿੱਤਰਕਲਾ, ਸ਼ਿਲਪ ਕਲਾ ਆਦਿ ਦੇ ਮੁਤਲਿਕ ਕਾਫੀ ਸਮਝਾਇਆ। ਬਾਰਾਮਤੀ ਵਿੱਚ ਗੰਨੇ ਦੀ ਖੇਤੀ ਵੀ ਦਿਖਾਈ, ਪੰਜਾਬ ਦੇ ਗੰਨੇ ਅਤੇ ਬਾਰਾਮਤੀ ਦੇ ਗੰਨੇ ਵਿੱਚ ਖੰਡ ਦੀ (ਰਾਏ ਦਾ) ਫ਼ਰਕ ਦਿਖਾਇਆ। ਪੰਜਾਬ ਨਾਲੋਂ ਬਾਰਾਮਤੀ ਦੇ ਗੰਨੇ ਦੀ ਮਿਠਾਸ ਦਾ ਚਾਰ ਪ੍ਰਤੀਸ਼ਤ (4%) ਦਾ ਫਰਕ ਦਿਖਾਇਆ। ਉੱਥੇ ਦੇ ਗੰਨੇ ਉੱਤੇ ਜਿੱਥੇ ਵੀ ਟੱਕ ਲੱਗਾ ਦੇਖਿਆ ਉੱਥੇ ਖੰਡ ਜੰਮ ਜਾਂਦੀ ਸੀ। ਮੈਂ ਮਾਰਚ ਦੇ ਦੂਸਰੇ ਹਫ਼ਤੇ ਆਪਣੇ ਬਾਗ਼ ਵਿੱਚ ਆ ਪਹੁੰਚਿਆ। ਬਾਗ਼ ਵਿੱਚ ਜਿਹੜੀ ਅੰਗੂਰਾਂ ਦੀ ਪੌਦ ਲਗਾਈ ਸੀ ਉਹ ਤਿਆਰ ਹੋ ਗਈ ਸੀ। ਚਾਰ ਕਨਾਲ ਵਿੱਚ 12×12 ਫ਼ੁੱਟ ਉੱਤੇ ਅੰਗੂਰਾਂ ਦੇ ਬੂਟੇ ਮੈਂ ਅਤੇ ਬੇਟੀ ਸੁਰਿੰਦਰ ਨੇ ਲਗਾ ਦਿੱਤੇ। ਉਨ੍ਹਾਂ ਦੇ ਨਾਲ ਐਂਗਲ ਆਇਰਨ ਗੱਡ ਦਿੱਤੇ ਅਤੇ ਐਂਗਲਾਂ ਉੱਪਰ ਤਾਰਾਂ ਪਾ ਕੇ ਵੇਲਾਂ ਦੇ ਫੈਲਣ ਲਈ ਜਾਲ ਬੰਨ ਦਿੱਤਾ, ਕਿਉਂਕਿ ਆਂਧਰਾ, ਮਹਾਂਰਾਸ਼ਟਰ ਵਿਚ ਇਸ ਢੰਗ ਨਾਲ ਜਿਸ ਨੂੰ ਬਾਵਰ ਸਿਸਟਮ (Bower System) ਕਹਿੰਦੇ ਹਨ, ਭਰਪੂਰ ਫ਼ਸਲ ਲਈ ਜਾ ਰਹੀ ਸੀ।

ਸਾਡਾ ਬਾਗ਼ 1963-64 ਵਿਚ ਕਾਮਰੇਡ ਹਰਕ੍ਰਿਸ਼ਨ ਸਿੰਘ ਸੁਰਜੀਤ ਧੜੇ ਦਾ ਜਿਹੜਾ ਬਾਅਦ ਵਿੱਚ ਸੀ.ਪੀ.ਐਮ. (C.P.M.) ਵਿੱਚ ਸ਼ਾਮਲ ਹੋਇਆ, ਉਸ ਵੇਲੇ ਦੇ ਧੜੇ ਦੇ ਠਾਹਰ ਦਾ ਅੱਡਾ ਬਣਿਆ। ਜਦ ਇਸੇ ਧੜੇ ਦਾ ਹਫ਼ਤਾਵਾਰ ਅਖ਼ਬਾਰ 'ਲੋਕ ਲਹਿਰ' ਜਲੰਧਰ ਤੋਂ ਛਾਇਆ ਹੋਇਆ ਤਾਂ ਉਸ ਅਖ਼ਬਾਰ ਦਾ ਡੈਕਲਾਰੇਸ਼ਨ (ਪ੍ਰਕਾਸ਼ਨਾ Declaration) ਮੇਰੇ ਨਾਮ ਉੱਤੇ ਲਿਆ ਗਿਆ ਅਤੇ ਪਹਿਲਾ ਡੰਮੀ ਐਡੀਟਰ ਮੈਨੂੰ ਹੀ ਬਣਾਇਆ ਗਿਆ ਸੀ। ਕਈ ਵਾਰ ਇਸ ਵਿੱਚ ਕੰਮ ਕਰਦੇ ਵਰਕਰਾਂ ਦੀ ਤਨਖਾਹ ਲਈ ਪੈਸੇ ਨਹੀਂ ਸਨ ਹੁੰਦੇ ਤਾਂ ਤਨਖਾਹਾਂ ਦੇਣ ਲਈ ਪੈਸੇ ਕਾਮਰੇਡ ਠਾਕੁਰ ਦਾਸ ਬਾਗ਼ ਵਿੱਚੋਂ ਬੇਟੀ ਸੁਰਿੰਦਰ ਕੋਲੋਂ ਲੈ ਕੇ ਜਾਂਦਾ ਸੀ। (ਉਸ ਵੇਲੇ ਤੱਕ ਸੀ.ਪੀ.ਆਈ.ਐਮ. ਪਾਰਟੀ ਨਹੀਂ ਸੀ ਬਣੀ ਅਤੇ ਇਹ ਅਖ਼ਬਾਰ ਕਾਮਰੇਡ ਸੁਰਜੀਤ ਧੜੇ ਦਾ ਸੀ)

ਉਸ ਵੇਲੇ ਸੁਰਜੀਤ ਧੜੇ ਨੇ ਆਪਣੇ ਦਫ਼ਤਰ ਦੀ 'ਭਾਈ ਰਤਨ ਸਿੰਘ ਟਰੱਸਟ' ਦੇ ਨਾਮ ਤੇ ਜਲੰਧਰ ਵਿੱਚ ਬਿਲਡਿੰਗ ਉਸਾਰੀ। ਇਸ ਦੀ ਉਸਾਰੀ ਦੀ ਜ਼ਿੰਮੇਵਾਰੀ ਅਸੀਂ ਹੀ ਨਿਭਾਈ।

'ਲਾਲ ਕਮਿਊਨਿਸਟ ਪਾਰਟੀ ਦੇ ਥੋੜੇ ਵਰਕਰ ਹੀ ਮਾਰਕਸਿਸਟ ਪਾਰਟੀ ਵਿਚ ਆਏ। ਲਾਲ ਕਮਿਊਨਿਸਟ ਪਾਰਟੀ ਦੇ ਬਹੁਤੇ ਵਰਕਰ ਕਾ. ਤੇਜਾ ਸਿੰਘ ਸੁਤੰਤਰ ਨੂੰ ਆਪਣਾ ਨੇਤਾ ਸਮਝਦੇ ਸਨ। ਇਸ ਲਈ ਉਸਦੀ ਅਗਵਾਈ ਹੇਠ ਉਹ ਸੋਧਵਾਦੀ ਧੜੇ ਵੱਲ ਚਲੇ ਗਏ।

ਭਾਰਤ ਸਰਕਾਰ ਨੇ ਸੀ.ਪੀ.ਆਈ. ਐਮ. ਦੇ ਪੋਲਿਟੀਕਲ ਪ੍ਰੋਗਰਾਮ ਨੂੰ ਹਕੂਮਤ ਲਈ ਖ਼ਤਰਨਾਕ ਸਮਝਿਆ।

ਦਸੰਬਰ 1964 ਵਿੱਚ ਸੀ.ਪੀ.ਆਈ. ਐਮ. ਦੇ ਲੀਡਰਾਂ ਅਤੇ ਵਰਕਰਾਂ ਨੂੰ ਗ੍ਰਿਫਤਾਰ ਕਰਕੇ ਨਜ਼ਰਬੰਦ ਕਰ ਦਿੱਤਾ ਗਿਆ। ਜਨਵਰੀ 1965 ਦੇ ਪਹਿਲੇ ਹਫ਼ਤੇ ਮੈਨੂੰ ਵੀ ਗ੍ਰਿਫਤਾਰ ਕਰਕੇ ਸੈਂਟਰਲ ਜੇਲ੍ਹ ਅੰਬਾਲਾ ਵਿੱਚ ਦੂਸਰੇ ਸਾਥੀਆਂ ਨਾਲ ਨਜ਼ਰਬੰਦ ਕਰ ਦਿੱਤਾ।

ਮੇਰੀ ਜੇਲ੍ਹ ਵਿੱਚ ਨਜ਼ਰਬੰਦੀ ਦੇ ਦੌਰਾਨ ਬਾਗ਼ ਦਾ ਸਾਰਾ ਕੰਮ ਬੇਟੀ ਸੁਰਿੰਦਰ ਕੁਸ਼ਲਤਾ ਨਾਲ ਨਿਭਾਉਂਦੀ ਰਹੀ। ਕੁਝ ਰਿਸ਼ਤੇਦਾਰਾਂ ਵੱਲੋਂ ਉਸ ਨੂੰ ਸ਼ਾਦੀ ਲਈ ਮਜ਼ਬੂਰ ਕੀਤਾ ਜਾਂਦਾ। ਪਰ ਉਹ ਇਨਕਾਰ ਕਰਦੀ ਰਹੀ ਕਿਉਂਕਿ ਉਹ ਆਪਣਾ ਜੀਵਨ ਸਮਾਜ ਸੇਵਾ ਵਿੱਚ ਲਗਾਉਣਾ ਚਾਹੁੰਦੀ ਸੀ। ਇਸ ਲਈ ਉਸ ਨੇ ਇਨਕਾਰ ਕਰ ਦਿੱਤਾ।

ਇਸੇ ਸਿਲਸਿਲੇ ਵਿੱਚ ਮੇਰੇ ਵੱਡੇ ਭੈਣ ਜੀ ਸ਼ਕੰਤੁਲਾ ਦੇਵੀ, ਮੇਰੀ ਵੱਡੀ ਭਰਜਾਈ ਬਿਮਲਾ ਦੇਵੀ ਜੀ ਅੰਬਾਲਾ ਜੇਲ੍ਹ ਵਿੱਚ ਸੁਰਿੰਦਰ ਨੂੰ ਨਾਲ ਲੈ ਕੇ ਮੁਲਾਕਾਤ ਲਈ ਆਏ। ਉਨ੍ਹਾਂ ਨੇ ਮੇਰੇ ਅੱਗੇ ਬੇਟੀ ਸੁਰਿੰਦਰ ਦੀ ਸ਼ਾਦੀ ਦੀ ਤਜਵੀਜ਼ ਰੱਖੀ ਤਾਂ ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਸੁਰਿੰਦਰ ਨੂੰ ਆਪਣੀ ਜ਼ਿੰਦਗੀ ਦੇ ਫੈਸਲੇ ਆਪ ਕਰਨ ਦੇ ਲਈ ਸਿੱਖਿਅਤ ਕੀਤਾ ਹੈ, ਸੋ ਇਹ ਫੈਸਲਾ (ਸ਼ਾਦੀ ਕਰਾਉਣ ਦਾ) ਸੁਰਿੰਦਰ ਉੱਤੇ ਹੀ ਛੱਡ ਦੇਣਾ ਠੀਕ ਸਮਝਦਾ ਹਾਂ, ਕਿਉਂਕਿ ਉਹ ਹੁਣ ਇਸ ਦੇ ਕਾਬਲ ਹੈ। ਮੇਰੇ ਭੈਣ ਜੀ, ਭਾਬੀ ਜੀ ਮੇਰੀ ਰਾਏ ਮੰਨ ਗਏ ਅਤੇ ਸੁਰਿੰਦਰ ਨੂੰ ਆਪਣੀ ਸ਼ਾਦੀ ਨਾ ਕਰਾਉਣ ਦੀ ਪ੍ਰਵਾਨਗੀ ਪਰਿਵਾਰ ਵੱਲੋਂ ਮਿਲ ਗਈ।

ਸੁਪਰੀਮ ਕੋਰਟ ਵਿੱਚ ਮਾਰਕਸਿਸਟ ਪਾਰਟੀ ਦੇ ਸਾਥੀਆਂ ਦੀ ਹੈਬੀਅਸ-ਕਾਰਪਸ (HABEAUS-CORPUSS-PETITION) ਕਰਨ ਉੱਤੇ ਉਨ੍ਹਾਂ ਨੂੰ ਪੇਸ਼ ਕਰਨ ਤੋਂ ਬਾਅਦ ਦਿੱਲੀ ਦੀ ਤਿਹਾੜ-ਜੇਲ੍ਹ ਵਿੱਚ ਭੇਜ ਦਿੱਤਾ।

ਸਤੰਬਰ 1965 ਵਿੱਚ ਭਾਰਤ ਦੀ ਪਾਕਿਸਤਾਨ ਨਾਲ ਜੰਗ ਛਿੜ ਚੁੱਕੀ ਸੀ। ਜਿਹੜੀ ਕਿ ਰੂਸ ਦੀ ਦਖ਼ਲ ਅੰਦਾਜ਼ੀ ਨਾਲ ਜਲਦੀ ਖ਼ਤਮ ਹੋ ਗਈ। 1965 ਦੇ ਅਖ਼ੀਰ ਵਿੱਚ ਸਾਨੂੰ ਤਿਹਾੜ ਜੇਲ੍ਹ ਤੋਂ ਸੈਂਟਰਲ ਜੇਲ੍ਹ ਨਾਭਾ ਵਿੱਚ ਭੇਜ ਦਿੱਤਾ ਗਿਆ।

ਅਪ੍ਰੈਲ 1966 ਵਿੱਚ ਨਾਭਾ ਜੇਲ੍ਹ ਵਿੱਚੋਂ ਮੈਨੂੰ ਰਿਹਾ ਕਰ ਦਿੱਤਾ ਗਿਆ। ਅਪ੍ਰੈਲ ਵਿੱਚ ਜਦ ਮੈਂ ਆਪਣੇ ਬਾਗ਼ ਵਿੱਚ ਪਹੁੰਚਿਆ ਉਸ ਵੇਲੇ ਅੰਗੂਰਾਂ ਦੀਆਂ ਵੇਲਾਂ ਨੂੰ ਭਰਪੂਰ ਫ਼ਲ ਲੱਗਾ ਹੋਇਆ ਸੀ। ਜੂਨ-ਜੁਲਾਈ ਵਿੱਚ ਅੰਗੂਰਾਂ ਨੂੰ ਵੇਚਣ (MARKETING) ਦਾ ਪ੍ਰਬੰਧ ਕੀਤਾ ਗਿਆ। ਕੁਝ ਮਾਲ ਚਾਰ-ਚਾਰ ਕਿਲੋ ਦੀਆਂ ਪੇਟੀਆਂ ਵਿੱਚ ਭਰ ਕੇ ਕਲਕੱਤੇ ਦੇ ਇਕ ਆੜ੍ਹਤੀਏ ਦੇ ਜ਼ਰੀਏ ਵੇਚਣ ਦਾ ਪ੍ਰਬੰਧ ਕੀਤਾ ਗਿਆ।

ਸੀ.ਪੀ.ਆਈ.ਐਮ. ਦੀ ਸੈਂਟਰਲ ਕਮੇਟੀ ਦੀ ਬਾਗ਼ ਵਿੱਚ ਮੀਟਿੰਗ

1966 ਦੇ ਅਕਤੂਬਰ ਵਿੱਚ ਸੀ.ਪੀ.ਆਈ.ਐਮ. ਦੀ ਸੈਂਟਰਲ ਕਮੇਟੀ ਦੀ ਅੱਠ ਦਿਨ ਦੀ ਮੀਟਿੰਗ ਬਾਗ ਵਿੱਚ ਹੋਈ। ਜਿਸਦੇ ਖਾਣੇ ਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਸੁਰਿੰਦਰ ਨੇ ਬਾਗ਼ ਦੇ ਕਰਮਚਾਰੀਆਂ ਨੂੰ ਨਾਲ ਲੈ ਕੇ ਬਾਖੂਬੀ ਨਿਭਾਇਆ। ਨੂਰਮਹਿਲ ਸ਼ਹਿਰ ਦੇ ਪਾਰਟੀ ਸੈੱਲ ਨੇ ਡਾਕਟਰ ਧਰਮਪਾਲ ਦੀ ਅਗਵਾਈ ਹੇਠ ਪੂਰਾ ਸਹਿਯੋਗ ਦਿੱਤਾ।

ਸੈਂਟਰਲ ਕਮੇਟੀ ਦੇ ਬਹੁਤੇ ਮੈਂਬਰਾਂ ਦੇ ਠਹਿਰਨ ਦਾ ਪ੍ਰਬੰਧ ਵੱਡੇ ਭਾਈ ਵੇਦ ਪ੍ਰਕਾਸ਼ ਕੋਲ ਸ਼ਹਿਰ ਦੇ ਘਰ ਵਿੱਚ ਹੀ ਸੀ। ਉਹ ਸਾਰੇ ਘਰ ਵਿੱਚ ਹੀ ਬੈੱਡ ਟੀ (ਸਵੇਰ ਦੀ ਚਾਹ) ਵੱਡੇ ਭਾਈ ਸਾਹਿਬ ਕੋਲ ਹੀ ਸ਼ੇਅਰ ਕਰਦੇ ਸਨ। ਪੰਜ-ਛੇ ਮੈਂਬਰਾਂ ਦੇ ਠਹਿਰਣ ਦਾ ਪ੍ਰਬੰਧ ਡਾਕਟਰ ਧਰਮਪਾਲ ਦੇ ਘਰ ਵਿੱਚ ਸੀ। ਕਾ. ਜਯੋਤੀ ਬਸੂ, ਕਾ. ਰਾਮਾ ਮੂਰਤੀ, ਕਾ. ਬਸਾਵਾ ਪੁਨਈਆ ਆਪਣੇ ਪਰਿਵਾਰਾਂ ਨਾਲ ਆਏ ਹੋਏ ਸਨ ਅਤੇ ਉਨ੍ਹਾਂ ਦੇ ਠਹਿਰਣ ਦਾ ਪ੍ਰਬੰਧ ਬਾਗ਼ ਵਿੱਚ ਹੀ ਸੀ। ਖਾਣੇ ਦਾ ਸਾਰਾ ਪ੍ਰਬੰਧ ਬਾਗ਼ ਵਿਚ ਹੀ ਸੀ।

ਸੈਂਟਰਲ ਕਮੇਟੀ ਦੀ ਮੀਟਿੰਗ ਦਾ ਪ੍ਰਬੰਧ ਇਕ ਵੱਡਾ ਤੰਬੂ ਲਾ ਕੇ ਬਾਗ਼ ਵਿੱਚ ਹੀ ਕੀਤਾ ਗਿਆ ਸੀ। ਇਹ ਸਾਰਾ ਪ੍ਰਬੰਧ ਨੂਰਮਹਿਲ ਤੇ ਇਲਾਕੇ ਦੇ ਸਾਥੀਆਂ ਨਾਲ ਮਿਲ ਕੇ ਸੁਚਾਰੂ ਢੰਗ ਨਾਲ ਨਿਭਾਇਆ ਗਿਆ। ਪਾਰਟੀ ਦੇ ਸਾਰੇ ਨੇਤਾ ਬਹੁਤ ਸਭਿਆ ਤੇ ਖੁਸ਼ ਮਿਜਾਜ਼ ਸਨ। ਖਾਸ ਤੌਰ ਉੱਤੇ ਕਾ. ਏ. ਕੇ. ਗੋਪਾਲਨ ਮੌਕਾ ਮਿਲਣ ਉੱਤੇ ਸੁਰਿੰਦਰ ਨੂੰ ਆਪਣੇ ਮਜ਼ਾਕ ਨਾਲ ਖੁਸ਼ ਕਰ ਦਿੰਦੇ ਸਨ।

ਕਾ. ਹਰਕਿਸ਼ਨ ਸਿੰਘ ਸੁਰਜੀਤ ਮੀਟਿੰਗ ਦੇ ਆਖਰੀ ਦਿਨ ਹੀ ਪਹੁੰਚਿਆ ਸੀ। ਮੇਰਾ ਅੰਦਾਜ਼ਾ ਸੀ ਕਿ ਉਹ ਪਾਰਟੀ ਫੰਡ ਦੀ ਕਮੀ ਨੂੰ ਦੂਰ ਕਰਨ ਲਈ ਇੰਗਲੈਂਡ ਵਿੱਚ ਪੁਰਾਣੇ ਸਾਥੀਆਂ ਤੋਂ ਫੰਡ ਇਕੱਠਾ ਕਰਨ ਵਾਸਤੇ ਗਿਆ ਸੀ। ਮੀਟਿੰਗ ਦੇ ਆਖਰੀ ਦਿਨ ਪਹੁੰਚਣ 'ਤੇ ਵੀ ਉਹ ਬਹੁਤ ਹੀ ਖੁਸ਼ ਨਜ਼ਰ ਆ ਰਿਹਾ ਸੀ। ਇਉਂ ਜਾਪਦਾ ਸੀ ਕਿ ਉਹ ਆਪਣੇ ਮਕਸਦ (ਪਾਰਟੀ ਲਈ ਫੰਡ ਇਕੱਠਾ ਕਰਨ ਦਾ) ਵਿੱਚ ਕਾਮਯਾਬ ਹੋ ਗਿਆ ਸੀ। ਮੇਰੇ ਵੱਡੇ ਭਰਾ ਵੇਦ ਪ੍ਰਕਾਸ਼ ਨੇ ਕਾ. ਹਰਕਿਸ਼ਨ ਸਿੰਘ ਸੁਰਜੀਤ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਸੁਰਜੀਤ ਨੇ ਕੋਈ ਧਿਆਨ ਹੀ ਨਾ ਦਿੱਤਾ। ਉਸ ਵੇਲੇ ਮੈਂ ਤੇ ਸੁਰਿੰਦਰ ਵੀ ਪਾਸ ਹੀ ਖੜ੍ਹੇ ਸਾਂ। ਮੇਰੇ ਭਾਈ ਸਾਹਿਬ ਨੇ ਮੇਰੇ ਨਾਲ ਗੱਲ ਕੀਤੀ,

ਪੰਜਾਬ ਅਸੈਂਬਲੀ ਦੀ ਚੋਣ

ਫਰਵਰੀ 1967 ਵਿੱਚ ਪੰਜਾਬ ਅਸੈਂਬਲੀ ਦੀਆਂ ਚੋਣਾਂ ਆਉਣ ਉੱਤੇ ਸੀ.ਪੀ.ਆਈ. ਅਤੇ ਸੀ.ਪੀ.ਆਈ. ਐਮ. ਦਾ ਸੀਟਾਂ ਦੀ ਵੰਡ ਦਾ ਸਮਝੌਤਾ ਹੋ ਗਿਆ। ਨੂਰਮਹਿਲ ਦੀ ਸੀਟ ਉੱਤੇ ਕਾਂਗਰਸ ਕੈਂਡੀਡੇਟ ਦਰਬਾਰਾ ਸਿੰਘ ਖਿਲਾਫ਼ ਦੋ ਵਾਰ (1957-62) ਕਾ. ਸੁਰਜੀਤ ਹੀ ਖੜ੍ਹਾ ਹੋਇਆ ਸੀ। ਪਰ ਉਹ ਹਾਰ ਗਿਆ ਸੀ। ਹੁਣ ਇਹ ਸੀਟ ਸੀ.ਪੀ.ਆਈ. ਨੂੰ ਅਲਾਟ ਕਰ ਦਿੱਤੀ ਗਈ ਤੇ ਨਾਲ ਹੀ ਬੜਾ ਪਿੰਡ ਦੀ ਸੀਟ ਸੀ.ਪੀ.ਆਈ.ਐਮ. ਨੂੰ ਅਲਾਟ ਹੋਈ ਸੀ ਤੇ ਇਸ ਉੱਤੇ ਕਾ. ਸੁਰਜੀਤ ਖੜਾ ਹੋਇਆ।

ਨੂਰਮਹਿਲ ਅਸੈਂਬਲੀ ਦੀ ਸੀਟ ਦੇ ਇਲਾਕੇ ਵਿੱਚ ਸੀ.ਪੀ.ਆਈ. ਦੇ ਵਰਕਰ ਬਹੁਤ ਸਨ। ਆਪਣਾ ਪਾਰਟੀ ਬੇਸ ਬਚਾਉਣ ਲਈ ਇਲਾਕੇ ਦੇ ਵਰਕਰਾਂ ਨੂੰ ਹਰਕਤ ਵਿਚ ਲਿਆਉਣਾ ਜ਼ਰੂਰੀ ਸੀ। ਇਸ ਲਈ ਕਾ. ਭਗਤ ਸਿੰਘ ਬਿਲਗਾ, ਕਾ. ਸਰਵਣ ਸਿੰਘ ਚੀਮਾ ਤੇ ਮੈਂ, ਬਾਬਾ ਭਾਗ ਸਿੰਘ ਕਨੇਡੀਅਨ, ਬਾਬਾ ਕਰਮ ਸਿੰਘ ਚੀਮਾ ਨੇ ਵਿਚਾਰ ਕੀਤਾ ਕਿ ਇਸ ਸੀਟ ਉੱਤੇ ਸੀ.ਪੀ.ਆਈ. ਦਾ ਕੋਈ ਐਸਾ ਕੈਂਡੀਡੇਟ ਆਉਣਾ ਚਾਹੀਦਾ ਹੈ, ਜਿਸ ਨੂੰ ਇਸ ਇਲਾਕੇ ਦੇ ਲੋਕ ਜਾਣਦੇ ਹੋਣ ਤੇ ਉਸ ਤੋਂ ਪ੍ਰਭਾਵਿਤ ਵੀ ਹੋਣ। ਕਾ. ਭਗਤ ਸਿੰਘ ਬਿਲਗਾ ਨੇ ਕਾ. ਸੁਤੰਤਰ ਦਾ ਨਾਮ ਸੁਝਾਇਆ ਅਤੇ ਅਸੀਂ ਸਾਰਿਆਂ ਨੇ ਵੀ ਉਸ ਨੂੰ ਹੀ ਉਪਯੁਕਤ ਸਮਝਿਆ। ਹਾਲਾਂਕਿ ਮੈਂ ਵਿਚਾਰਧਾਰਕ ਤੌਰ ਤੇ ਕਾ. ਸੁਤੰਤਰ ਨਾਲ ਬਹੁਤ ਇਤਖ਼ਿਲਾਫ਼ ਰੱਖਦਾ ਸੀ ਪਰ ਤੁਅੱਸਬ (PREJUDICE) ਨਹੀਂ ਸੀ ਰੱਖਦਾ! ਇਸ ਲਈ ਸੀ.ਪੀ.ਆਈ. ਦੀ ਸੂਬਾ ਕਮੇਟੀ ਅੱਗੇ ਨੂਰਮਹਿਲ ਸੀਟ ਲਈ ਕਾ. ਤੇਜਾ ਸਿੰਘ ਸੁਤੰਤਰ ਨੂੰ ਉਮੀਦਵਾਰ ਖੜਾ ਕਰਨ ਲਈ ਆਪਣੀ ਤਜਵੀਜ਼ ਰੱਖੀ ਜਿਸ ਨੂੰ ਸੀ.ਪੀ.ਆਈ. ਦੀ ਸੂਬਾ ਕਮੇਟੀ ਨੇ ਮਨਜ਼ੂਰ ਕਰ ਲਿਆ।

ਨੂਰਮਹਿਲ ਸੀਟ ਉੱਤੇ ਕਾ. ਤੇਜਾ ਸਿੰਘ ਸੁਤੰਤਰ ਦੇ ਮੁਕਾਬਲੇ ਕਾਂਗਰਸੀ ਉਮੀਦਵਾਰ ਦਰਬਾਰਾ ਸਿੰਘ ਨੇ ਕਾਗਜ਼ ਦਾਖ਼ਲ ਕਰਵਾਏ। ਬਾਬਾ ਕਰਮ ਸਿੰਘ ਚੀਮਾ, ਬਾਬਾ ਭਾਗ ਸਿੰਘ ਕਨੇਡੀਅਨ, ਕਾ. ਭਗਤ ਸਿੰਘ ਬਿਲਗਾ, ਕਾ. ਭੋਲਾ ਸਿੰਘ ਚੀਮਾ, ਕਾ. ਸਰਵਣ ਸਿੰਘ ਚੀਮਾ ਤੇ ਮੈਂ ਮਾਰਕਸਿਸਟ ਪਾਰਟੀ ਦੇ ਮੈਂਬਰ ਮੁੱਖ ਤੌਰ 'ਤੇ ਸੀ.ਪੀ.ਆਈ. ਐਮ. ਦੇ ਪਿੰਡਾਂ ਦੇ ਲੋਕਲ ਵਰਕਰਾਂ ਨੂੰ ਇਲੈਕਸ਼ਨ ਲਈ ਪ੍ਰੇਰਣ ਲੱਗ ਪਏ। ਸੀ.ਪੀ.ਆਈ. ਦੇ ਕੇਵਲ ਕਾ. ਚੈਨ ਸਿੰਘ ਚੈਨ ਅਤੇ ਭਾਈ ਸ਼ੇਰ ਸਿੰਘ ਦੇ ਨਾਲ

ਤਿੰਨ-ਚਾਰ ਵਰਕਰ ਹੀ ਇਸ ਸੀਟ ਲਈ ਕੰਮ ਉੱਤੇ ਆਏ। ਕਾ. ਤੇਜਾ ਸਿੰਘ ਸੁਤੰਤਰ ਨੇ ਸਿਰਫ਼ ਦੋ ਦਿਨ ਹੀ ਸੀਟ ਉੱਤੇ ਪ੍ਰਚਾਰ ਲਈ ਲਾਏ।

ਕਾਮਰੇਡ ਰਜਿੰਦਰ ਸਿੰਘ ਸਰੀਂਹ ਜਿਹੜਾ ਬੜੇ ਪਿੰਡ ਦੀ ਸੀਟ (ਸੁਰਜੀਤ ਵਾਲੀ ਸੀਟ) ਉੱਤੇ ਡਿਊਟੀ ਦੇ ਰਿਹਾ ਸੀ, ਉਹ ਇਲੈਕਸ਼ਨ ਦੇ ਕੰਮ ਦੀ ਰਿਪੋਰਟ ਲੈਣ ਲਈ ਹਰ ਰੋਜ਼ ਸ਼ਾਮ ਨੂੰ ਬਾਗ ਵਿਚ ਆਉਂਦਾ (ਕਿਉਂਕਿ ਕਾ. ਸੁਤੰਤਰ ਦੀ ਇਲੈਕਸ਼ਨ ਦਾ ਆਫਿਸ ਬਾਗ਼ ਵਿਚ ਹੀ ਸੀ) ਅਤੇ ਸੀਟ ਉੱਤੇ ਚੱਲ ਰਹੇ ਕੰਮ ਦੀ ਰਿਪੋਰਟ ਸਾਡੇ ਕੋਲੋਂ ਸੁਣਦਾ, ਜਿਹੜੇ ਮਾਰਕਸੀ ਵਰਕਰਾਂ ਨੂੰ ਅਸੀਂ ਐਕਟਿਵ ਕਰਦੇ ਉਨ੍ਹਾਂ ਨੂੰ ਉਹ ਆਪਣੇ ਨਾਲ ਜੀਪ ਉੱਤੇ ਬਿਠਾ ਕੇ ਬੜੇ ਪਿੰਡ ਦੀ ਸੀਟ ਉੱਤੇ ਕੰਮ ਲਈ ਲੈ ਜਾਂਦਾ। ਉਹਦਾ ਇਹ ਕਰਮ ਰੋਜ਼ ਹੀ ਜਾਰੀ ਰਹਿੰਦਾ। ਇਸ ਤਰ੍ਹਾਂ ਨੂਰਮਹਿਲ ਦੀ ਸੀਟ ਦੇ ਸੀ.ਪੀ.ਆਈ. ਐਮ. ਦੇ ਕੰਮ ਲਈ ਐਕਟਿਵ ਕੀਤੇ ਗਏ ਬਹੁਤੇ ਵਰਕਰਾਂ ਨੂੰ ਉਹ ਬੜੇ ਪਿੰਡ ਦੀ ਸੀਟ ਉੱਤੇ ਕੰਮ ਕਰਨ ਲਈ ਲੈ ਗਿਆ। ਸਾਨੂੰ ਜ਼ਿਲ੍ਹਾ ਪਾਰਟੀ ਕਮੇਟੀ (ਮਾਰਕਸੀ) ਨੇ ਨੂਰਮਹਿਲ ਦੀ ਸੀਟ ਬਾਰੇ ਕੋਈ ਹਦਾਇਤ ਨਹੀ ਸੀ ਕੀਤੀ। ਨੂਰਮਹਿਲ ਸੀਟ ਉੱਤੇ ਇਲੈਕਸ਼ਨ ਲੜਨ ਲਈ ਕੰਮ ਕਰਨ ਵਾਲੇ ਵਰਕਰਾਂ ਅਤੇ ਫੰਡ ਦੀ ਕਮੀ ਦੇ ਬਾਵਜੂਦ ਪਿੰਡਾਂ ਵਿੱਚ ਬੈਠੇ ਪਾਰਟੀ ਹਮਦਰਦਾਂ ਨੇ ਪੂਰੇ ਜੋਸ਼ ਨਾਲ ਇਲੈਕਸ਼ਨ ਵਿੱਚ ਹਿੱਸਾ ਲਿਆ।

ਕਾਮਰੇਡ ਤੇਜਾ ਸਿੰਘ ਸੁਤੰਤਰ ਨੂੰ ਤਕਰੀਬਨ 17000 ਅਤੇ ਕਾਂਗਰਸੀ ਉਮੀਦਵਾਰ ਨੂੰ ਤਕਰੀਬਨ 21000 ਵੋਟਾਂ ਪਈਆਂ। 1957 ਅਤੇ 1962 ਦੀਆਂ ਇਲੈਕਸ਼ਨਾਂ ਵਿੱਚ ਕਾਮਰੇਡ ਸੁਰਜੀਤ ਅਤੇ ਦਰਬਾਰਾ ਸਿੰਘ ਦਾ ਮੁਕਾਬਲਾ ਵੀ ਵੋਟਾਂ ਦੇ ਇਸੇ ਅੰਤਰ ਨਾਲ ਹੋਇਆ ਸੀ। ਸੀ.ਪੀ.ਆਈ.ਐਮ. ਦੀ ਜ਼ਿਲ੍ਹਾ ਕਮੇਟੀ ਤੇ ਸੂਬਾ ਕਮੇਟੀ ਦਾ ਰਵੱਈਆ ਇਸ ਇਲੈਕਸ਼ਨ ਤੋਂ ਬਾਅਦ ਸਾਡੇ ਪ੍ਰਤੀ ਅਣਗੌਲਿਆ ਹੋ ਗਿਆ।

ਨੋਟ : ਕਾਫ਼ੀ ਸਾਲਾਂ ਬਾਅਦ ਦੇਸ਼ ਭਗਤ ਯਾਦਗਾਰ ਦੇ ਦਫ਼ਤਰ ਵਿੱਚ ਬੈਠਿਆਂ ਕਾਮਰੇਡ ਹਰਦਿਆਲ ਸਿੰਘ ਚੱਠਾ ਨੇ ਦੱਸਿਆ ਕਿ, "ਜ਼ਿਲ੍ਹਾ ਪਾਰਟੀ ਕਮੇਟੀ ਕਾ. ਤੇਜਾ ਸਿੰਘ ਸੁਤੰਤਰ ਦੀ ਇਲੈਕਸ਼ਨ ਲੜਨ ਕਰਕੇ ਤੁਹਾਡੇ ਉੱਤੇ ਐਕਸ਼ਨ ਲੈਣਾ ਚਾਹੁੰਦੀ ਸੀ।" ਉੱਥੇ ਕਾ. ਭਗਤ ਸਿੰਘ ਬਿਲਗਾ, ਕਾ. ਨੌਨਿਹਾਲ ਸਿੰਘ ਅਤੇ ਸੁਰਿੰਦਰ ਵੀ ਬੈਠੇ ਹੋਏ ਸਨ।

1967 ਵਿੱਚ ਕਲਕੱਤੇ ਦੀ ਫੇਰੀ

ਬਾਗ਼ ਦੀ ਅੰਗੂਰਾਂ ਦੀ ਫ਼ਸਲ ਅਸੀਂ ਨੂਰਮਹਿਲ, ਲੁਧਿਆਣਾ ਅਤੇ ਕਲਕੱਤੇ ਦੀ ਫ਼ਲ ਮੰਡੀ ਵਿਚ ਭੇਜਦੇ ਸੀ। ਅੰਗੂਰਾਂ ਦੀ ਫ਼ਸਲ ਦੇ ਪੈਸੇ ਲੈਣ ਲਈ (ਆੜ੍ਹਤੀਏ ਕੋਲੋਂ) ਅਸੀਂ ਕਲਕੱਤੇ ਗਏ। ਸੀ.ਪੀ.ਆਈ.ਐਮ. ਦੀ ਸੈਂਟਰਲ ਕਮੇਟੀ ਦਾ ਆਫਿਸ ਕਲਕੱਤੇ ਵਿੱਚ ਸੀ। ਉੱਥੇ ਆਫਿਸ ਨੂੰ ਜਾਂਦਿਆਂ ਰਸਤੇ ਵਿੱਚ ਬੜਾ ਬਾਜ਼ਾਰ ਵਿੱਚ ਗੁਜ਼ਰਦਿਆਂ ਹੋਇਆ ਦੇਖਿਆ ਕਿ ਬਜ਼ਾਰ ਬੰਦ ਸੀ, ਕਈ ਦੁਕਾਨਾਂ ਦੇ ਸ਼ੀਸ਼ੇ ਟੁੱਟੇ ਹੋਏ ਸਨ ਤਿੰਨ-ਚਾਰ ਟੈਕਸੀਆਂ ਨੂੰ ਅੱਗਾਂ ਵੀ ਲੱਗੀਆਂ ਹੋਈਆਂ ਸਨ। ਸੈਟਰਲ ਐਵੀਨਿਊ ਤੇ ਬੜੇ ਬਜ਼ਾਰ ਦੇ ਕੋਨੇ ਉੱਤੇ 'ਮਾਧੋ ਭਵਨ' ਬਿਲਡਿੰਗ ਨੂੰ (ਇੱਥੇ ਪੰਜਾਬ ਤੋਂ ਆਏ ਵਪਾਰੀ ਠਹਿਰਦੇ ਸਨ) ਬੰਗਾਲੀ ਲੋਕਾਂ ਦੀ ਭੀੜ ਨੇ ਘੇਰਿਆ ਹੋਇਆ ਸੀ।

ਇਕ ਮਾਰਵਾੜੀ ਦੁਕਾਨਦਾਰ ਨੇ ਸਾਨੂੰ ਰਾਹ ਵਿੱਚ ਰੋਕ ਕੇ ਕਿਹਾ ਕਿ ਤੁਸੀਂ ਜਲਦੀ ਹੀ ਏਥੋਂ ਚਲੇ ਜਾਓ, ਕਿਉਂਕਿ ਇਥੇ ਮੌਬ (ਭੀੜ) ਨੇ ਕੋਈ ਗੱਲ ਨਹੀਂ ਸੁਣਨੀ। ਪੰਜਾਬੀਆਂ ਦੇ ਖਿਲਾਫ਼ ਇਹ 'ਹਿਸਕ-ਮੂਡ' ਵਿੱਚ ਹਨ। ਅਸੀਂ ਜਲਦੀ ਨਾਲ ਸੈਂਟਰਲ ਕਮੇਟੀ ਦੇ ਦਫ਼ਤਰ ਨੂੰ ਚਲੇ ਗਏ। ਰਸਤੇ ਵਿੱਚ ਜਾਂਦਿਆਂ ਗਲੀਆਂ ਵਿੱਚ ਖੜ੍ਹੇ ਬੰਗਾਲੀ ਔਰਤਾਂ ਅਤੇ ਮਰਦਾਂ ਦੀਆਂ ਅੱਖਾਂ ਸਾਡੇ ਵੱਲ ਨੂੰ ਹੈਰਾਨੀ ਨਾਲ ਤੱਕਦੀਆਂ ਸਨ।

ਉੱਥੇ ਦਫ਼ਤਰ ਪਹੁੰਚਦਿਆਂ ਹੀ ਕਾਮਰੇਡ ਦੇਸ ਰਾਜ ਚੱਢਾ ਨੇ ਸਾਨੂੰ ਦੱਸਿਆ ਕਿ ਇਹ ਘਟਨਾ ਇਕ ਛੋਟੀ ਜਿਹੀ ਧਾਰਮਿਕ ਜਗ੍ਹਾ ਨੂੰ ਲੈ ਕੇ ਸਿੱਖਾਂ ਦਾ ਤੇ ਬੰਗਾਲੀਆਂ ਦਾ ਝਗੜਾ ਹੋ ਗਿਆ ਹੈ। ਸਿੱਖਾਂ ਨੇ ਕੁਝ ਬਜ਼ਾਰਾਂ ਵਿੱਚ ਨੰਗੀਆਂ ਤਲਵਾਰਾਂ ਲੈ ਕੇ ਜਲੂਸ ਕੱਢਿਆ। ਜਿਸ ਤੋਂ ਪ੍ਰਵੋਕ ਹੋ ਕੇ ਇਹ ਝਗੜਾ ਵੱਧ ਗਿਆ। ਉਸ ਵੇਲੇ ਕਾਮਰੇਡ ਜਯੋਤੀ ਬਾਸੂ ਬੰਗਾਲ ਦਾ ਡਿਪਟੀ ਚੀਫ ਮਨਿਸਟਰ ਸੀ। ਪਾਰਟੀ ਵਰਕਰਾਂ ਦਾ ਕਲਕੱਤੇ ਸ਼ਹਿਰ ਵਿੱਚ ਬਹੁਤ ਰਸੂਖ ਸੀ। ਇਸ ਲਈ ਪਾਰਟੀ ਵਰਕਰਾਂ ਨੇ ਘਰ-ਘਰ ਪਹੁੰਚ ਕੇ ਲੋਕਾਂ ਨੂੰ ਸਮਝਾ ਕੇ ਇਸ ਝਗੜੇ ਤੇ ਕਾਬੂ ਪਾ ਲਿਆ। ਅਸੀਂ ਕਾਮਰੇਡ ਜਯੋਤੀ ਬਾਸੂ ਨੂੰ ਮਿਲਣ ਲਈ ਬੰਗਾਲ ਦੀ ਸੂਬਾ ਕਮੇਟੀ ਦੇ ਦਫ਼ਤਰ ਆ ਗਏ। ਉੱਥੇ ਕਾ. ਪ੍ਰਮੋਦ ਦਾਸ ਗੁਪਤਾ ਅਤੇ ਕਾ. ਜਿਯੋਤੀ ਬਾਸੂ ਨੂੰ ਮਿਲੇ। ਕਾਮਰੇਡ ਜਯੋਤੀ ਬਾਬੂ ਮੀਟਿੰਗ ਵਿੱਚ ਵਿਅਸਥ ਸਨ (ਰੁੱਝੇ ਹੋਏ)। ਉਨ੍ਹਾਂ ਨੇ ਸਾਨੂੰ ਘਰ ਆਉਣ ਲਈ ਕਿਹਾ।

ਦੂਸਰੇ ਦਿਨ ਅਸੀਂ ਕਾਮਰੇਡ ਜਯੋਤੀ ਬਾਸੂ ਦੇ ਘਰ ਮਿਲਣ ਲਈ ਗਏ। ਕਾ. ਜਯੋਤੀ ਬਾਸੂ ਤਾਂ ਨਹੀਂ ਮਿਲ ਸਕੇ ਪਰ ਸ੍ਰੀਮਤੀ ਬਾਸੂ ਦੇ ਕੋਲ ਅੱਧਾ ਘੰਟਾ ਬੈਠ ਕੇ

ਵਾਪਿਸ ਆ ਗਏ ਪਰ ਸ੍ਰੀਮਤੀ ਬਾਸੂ ਨੇ ਸਾਡੇ ਵੱਲ ਜ਼ਿਆਦਾ ਧਿਆਨ ਨਹੀਂ ਦਿੱਤਾ। ਅਕਤੂਬਰ 1966 ਵਿੱਚ ਹੋਈ ਸੈਂਟਰਲ ਕਮੇਟੀ ਦੀ ਮੀਟਿੰਗ ਵੇਲੇ ਆਪਣੇ ਬੇਟੇ ਚੰਦਨ ਨਾਲ ਬੇਟੀ ਸੁਰਿੰਦਰ ਕੋਲ ਹੀ ਬਾਗ ਵਿਚ ਠਹਿਰੇ ਹੋਏ ਸਨ ਅਤੇ ਉਹ ਕਹਿ ਗਏ ਸੀ ਕਿ "ਜਦੋਂ ਵੀ ਕਲਕੱਤੇ ਆਓ ਤਾਂ ਸਾਡੇ ਕੋਲ ਜ਼ਰੂਰ ਆਉਣਾ।"

ਮੈਂ ਬੇਟੀ ਸੁਰਿੰਦਰ ਨੂੰ ਸਮਝਾਉਣਾ ਚਾਹੁੰਦਾ ਸੀ ਕਿ ਜਦੋਂ ਕੋਈ ਵੱਡਾ ਨੇਤਾ ਤੁਹਾਡੇ ਕੋਲ ਆਉਂਦਾ ਹੈ। ਉਹ ਤੁਹਾਡਾ ਪਿਆਰ ਤੇ ਵਿਵਹਾਰ ਦੇਖ ਕੇ ਤੁਹਾਨੂੰ ਪਿਆਰ ਨਾਲ ਕਦੇ ਆਪਣੇ ਕੋਲ ਆਉਣ ਲਈ ਕਹਿ ਜਾਂਦਾ ਹੈ। ਜਦ ਤੁਸੀਂ ਉਹਦੇ ਕੋਲ ਜਾਂਦੇ ਹੋ ਤਾਂ ਇਹ ਜ਼ਰੂਰੀ ਨਹੀਂ ਕਿ ਉਹ ਵੀ ਤੁਹਾਡੇ ਨਾਲ ਉਸੇ ਤਰ੍ਹਾਂ ਹੀ ਪੇਸ਼ ਆਵੇ।"

ਉਸ ਵੇਲੇ ਸੀ.ਪੀ.ਆਈ. ਐਮ. ਅਤੇ ਕਾਂਗਰਸ ਨਾਲੋਂ ਟੁੱਟੇ ਹੋਏ ਇਕ ਧੜੇ ਦੀ ਸਰਕਾਰ ਸੀ। ਕਾਂਗਰਸ ਦੇ ਮੁੱਖ ਮੰਤਰੀ ਅਜੈ ਮੁਖਰਜੀ ਸਨ ਅਤੇ ਸੀ.ਪੀ.ਆਈ.ਐਮ. ਦੇ ਜਯੋਤੀ ਬਸੂ ਉੱਪ ਮੁੱਖ ਮੰਤਰੀ ਸਨ।

ਨਕਸਲਬਾੜੀ ਲਹਿਰ ਵੱਲ ਝੁਕਾਅ

ਜੁਲਾਈ 1967 ਵਿੱਚ ਕਲਕੱਤੇ ਤੋਂ ਵਾਪਿਸ ਆ ਕੇ ਅਸੀਂ ਆਪਣੇ ਖੇਤੀ ਦੇ ਕੰਮ ਵਿੱਚ ਰੁੱਝ ਗਏ। ਸੂਬਾ ਪਾਰਟੀ ਕਮੇਟੀ (ਮਾਰਕਸੀ) ਨੇ ਸਾਰੇ ਜ਼ਿਲ੍ਹਿਆਂ ਦੇ ਐਕਟਿਵ ਵਰਕਰਾਂ ਦੀ ਮੀਟਿੰਗ ਬੁਲਾਈ ਅਤੇ ਦੇਸ਼ ਦੀ ਉਸ ਵੇਲੇ ਦੀ ਆਰਥਿਕ ਅਤੇ ਰਾਜਨੀਤਿਕ ਹਾਲਤ ਬਾਰੇ ਵਰਕਰਾਂ ਨੂੰ ਐਜੂਕੇਟ ਕੀਤਾ। ਪਾਰਟੀ ਦੇ ਬਹੁਤੇ ਵਰਕਰ ਪਾਰਟੀ ਦੀ ਪੋਲਿਟੀਕਲ ਲਾਈਨ ਨੂੰ ਸੀ.ਪੀ.ਆਈ. ਦੀ ਲਾਈਨ ਵਰਗਾ ਹੀ ਸਮਝਣ ਲੱਗ ਗਏ ਸਨ। ਇਸ ਲਈ ਵਰਕਰਾਂ ਨੇ ਪਾਰਟੀ ਦੀ ਪੋਲਿਟੀਕਲ ਲਾਈਨ ਉੱਤੇ ਬਹੁਤ ਸਵਾਲ ਪੁੱਛੇ। ਲੀਡਰਸ਼ਿਪ ਵੱਲੋਂ ਪਾਰਟੀ ਦੀ ਪੋਲਿਟੀਕਲ ਲਾਈਨ ਸਮਝਾਉਣ ਬਾਬਤ ਬਹੁਤੇ ਵਰਕਰਾਂ ਦੀ ਤਸੱਲੀ ਨਾ ਹੋਈ।

1967 ਵਿੱਚ ਬੰਗਾਲ ਵਿੱਚ ਅਜੈ ਮੁਖਰਜੀ (ਜਿਸ ਦੇ ਧੜੇ ਨੇ ਕਾਂਗਰਸ ਵਿਚੋਂ ਵਿਦਰੋਹ ਕੀਤਾ ਸੀ) ਨਾਲ ਮਿਲ ਕੇ ਸੀ.ਪੀ.ਆਈ.ਐਮ. ਨੇ ਸਰਕਾਰ ਬਣਾਈ ਸੀ। ਅਜੈ ਮੁਖਰਜੀ ਚੀਫ਼ ਮਨਿਸਟਰ ਸਨ ਅਤੇ ਕਾ. ਜਯੋਤੀ ਬਾਸੂ ਡਿਪਟੀ ਚੀਫ ਮਨਿਸਟਰ ਸਨ। ਸਿਲੀਗੁੜੀ ਦੇ ਇਲਾਕੇ 'ਨਕਸਲਬਾੜੀ' ਵਿੱਚ ਮੁਜ਼ਾਰਾ ਕਿਸਾਨਾਂ ਨੇ ਉਨ੍ਹਾਂ ਖੇਤਾਂ ਉੱਤੇ ਕਬਜ਼ਾ ਕਰ ਲਿਆ, ਜਿਹੜੀ ਜ਼ਮੀਨ ਉਹ ਜਗੀਰਦਾਰਾਂ ਦੀ ਬਟਾਈ ਉੱਤੇ ਵਾਂਹੁੰਦੇ ਸਨ, ਕਿਉਂਕਿ ਜਗੀਰਦਾਰਾਂ ਦੀ ਲੁੱਟ ਦੇ ਖ਼ਿਲਾਫ ਉੱਥੇ ਮੁਜ਼ਾਰਿਆਂ ਦਾ ਤਿੱਖਾ ਘੋਲ ਚੱਲਦਾ ਰਹਿੰਦਾ ਸੀ। ਮਾਰਕਸੀ ਪਾਰਟੀ 'ਜ਼ਮੀਨ ਹਲਵਾਹਕ ਦੀ' ਦਾ ਨਾਅਰਾ ਦਿੰਦੀ ਸੀ। ਉਸ ਜ਼ਮੀਨੀ-ਕਿਸਾਨੀ ਘੋਲ ਦੇ ਲੀਡਰ ਕਾ. ਚਾਰੂ ਮਜੂਮਦਾਰ, ਕਾ. ਕਾਨੂੰ ਸਾਨਿਆਲ ਅਤੇ ਕਾ. ਜੰਗਲ ਸੰਥਾਲ ਸਨ। 'ਚੀਨ ਦੇ ਪਾਰਟੀ' ਅਖ਼ਬਾਰ ਵਿਚ ਕਿਸਾਨ ਮੁਜ਼ਾਰਿਆਂ ਦੇ ਇਸ ਕਦਮ ਨੂੰ ਹਿੰਦੁਸਤਾਨ ਦੇ ਜ਼ਮੀਨੀ ਇਨਕਲਾਬ ਵਿੱਚ ਇਕ ਵੱਡਾ ਤੇ ਮੁੱਢਲਾ ਕਦਮ ਦੱਸਿਆ ਗਿਆ।

ਸੀ.ਪੀ.ਆਈ.ਐਮ. ਕਿਸਾਨਾਂ ਦੇ ਇਸ ਘੋਲ ਦੇ ਨਾਲ ਨਾ ਚੱਲ ਸਕੀ। ਇਸ ਲਈ ਉਸ ਨੇ ਪਾਰਟੀ ਅੰਦਰ ਇਸ ਘੋਲ ਨੂੰ ਬੰਗਾਲ ਦੀ ਸੀ.ਪੀ.ਅਈ.ਐਮ. ਦੀ ਸਰਕਾਰ ਨੂੰ ਗਿਰ਼ਾਉਣ ਦੀ ਸਾਜਿਸ਼ ਦੱਸਿਆ। ਪਰ ਦੇਸ਼ ਦਾ ਸੀ.ਪੀ.ਆਈ.ਐਮ. ਨਾਲ ਹਮਦਰਦੀ ਅਤੇ ਨੇੜਤਾ ਰੱਖਣ ਵਾਲਾ ਨੌਜਵਾਨ ਵਰਗ 'ਨਕਸਲਬਾੜੀ' ਦੇ ਕਿਸਾਨੀ ਘੋਲ ਦੇ ਹੱਕ ਵਿੱਚ ਸੀ। ਦੇਸ਼ ਦੇ ਸਾਰੇ ਸੂਬਿਆਂ ਵਿੱਚ ਮਾਰਕਸੀ ਪਾਰਟੀ ਦੇ ਕਈ ਮੈਂਬਰ ਨਕਸਲਬਾੜੀ ਦੇ ਇਸ ਮੁਜ਼ਾਰਾ ਘੋਲ ਦੇ ਪੱਖ ਵਿੱਚ ਖੜੇ ਹੋ ਗਏ। ਕ. ਚਾਰੂ ਮਜੂਮਦਾਰ

ਤੇ ਉਸ ਦੇ ਸਾਥੀਆਂ ਨੇ ਇਸ ਮੁਜ਼ਾਰਾ ਘੋਲ ਨੂੰ ਦੇਸ਼ ਦੇ ਕਿਸਾਨਾਂ ਦੇ ਜ਼ਮੀਨੀ ਇਨਕਲਾਬ ਨੂੰ ਸਿਰੇ ਚੜ੍ਹਾਉਣ ਲਈ ਸੱਦਾ ਦਿੱਤਾ।

ਪੰਜਾਬ ਦੀ ਸੀ.ਪੀ.ਆਈ.ਐਮ. ਦੇ ਥੋੜੇ ਵਰਕਰ ਚਾਰੂ ਮਜੂਮਦਾਰ ਦੀ ਇਸ ਲਾਈਨ ਨਾਲ ਚੱਲਣ ਲਈ ਤਿਆਰ ਹੋਏ। ਇਸ ਵਿੱਚ ਸੀ.ਪੀ.ਆਈ. ਐਮ. ਦੇ ਥੋੜੇ ਐਕਟਿਵ ਵਰਕਰ ਸਨ ਜ਼ਿਆਦਾ ਅਣਗੌਲੇ ਜਾਂ ਗੈਰ-ਸਰਗਰਮ ਵਰਕਰ ਸਨ, ਪਰ ਵਿਚਾਰਧਾਰਾ ਇਨਕਲਾਬੀ ਰੱਖਦੇ ਸਨ। ਇਕ ਹਿੱਸਾ ਕਾਲਜ-ਸਟੂਡੈਂਟਸ ਤੇ ਨੌਜਵਾਨ ਵਰਗ ਦਾ ਵੀ ਸੀ। ਇਸ ਵਿਚਾਰਧਾਰਾ ਦੇ ਐਕਟਿਵ ਵਰਕਰਾਂ ਨੇ ਇਕ ਸੂਬਾ ਕਮੇਟੀ (ਤਾਲਮੇਲ ਕਮੇਟੀ) ਬਣਾ ਕੇ ਚਾਰੂ ਮਜੂਮਦਾਰ ਨਾਲ ਸੰਪਰਕ ਜੋੜਿਆ ਹੋਇਆ ਸੀ। ਉਨ੍ਹਾਂ ਦੇ ਇਕ ਨੁਮਾਇੰਦੇ ਬਾਬੂ ਰਾਮ ਬੈਰਾਗੀ ਨੇ ਕਾ. ਬੂਝਾ ਸਿੰਘ ਚੱਕ ਮਾਈ ਦਾਸ ਨਾਲ ਸੰਪਰਕ ਕੀਤਾ।

ਕਾਮਰੇਡ ਬੂਝਾ ਸਿੰਘ ਤੇ ਮੈਂ ਇਨ੍ਹਾਂ ਵਿਚਾਰਾਂ ਦੇ ਤਾਂ ਸਾਂ, ਪਰ ਅਸੀਂ ਸ਼ੁਰੂ ਹੋਈ ਨਕਸਲਾਈਟ ਮੂਵਮੈਂਟ ਦੇ ਕਿਸੇ ਨੇਤਾ ਨਾਲ ਸੰਪਰਕ ਨਹੀਂ ਸੀ ਕੀਤਾ। ਪੰਜਾਬ ਦਾ ਨੌਜਵਾਨ ਵਰਗ ਜਿਹੜਾ ਇਨਕਲਾਬੀ ਮੂਵਮੈਂਟ ਨਾਲ ਜੁੜਿਆ ਸੀ ਉਸ ਨਾਲ ਬੈਰਾਗੀ ਦੇ ਜ਼ਰੀਏ ਸੰਪਰਕ ਹੋਣ ਤੋਂ ਬਾਅਦ ਮੈਂ ਤੇ ਕਾ. ਬੂਝਾ ਸਿੰਘ ਨੇ ਕਾ. ਭਗਤ ਸਿੰਘ ਬਿਲਗਾ ਅਤੇ ਕਾ. ਸਰਵਣ ਸਿੰਘ ਚੀਮਾ ਦੇ ਨਾਲ ਬਾਗ਼ ਵਿੱਚ ਬੈਠ ਕੇ ਇਸ ਇਨਕਲਾਬੀ ਮੂਵਮੈਂਟ ਉੱਤੇ ਵਿਚਾਰ-ਵਟਾਂਦਰਾ ਕੀਤਾ। ਮੈਂ ਤੇ ਕਾ. ਬੂਝਾ ਸਿੰਘ ਇਸ 'ਇਨਕਲਾਬੀ ਮੂਵਮੈਂਟ' ਨਾਲ ਚੱਲਣ ਲਈ ਤਿਆਰ ਹੋ ਗਏ। ਕਾ. ਭਗਤ ਸਿੰਘ ਬਿਲਗਾ ਇਸ ਮੂਵਮੈਂਟ ਨਾਲ ਹਮਦਰਦੀ ਤਾਂ ਰੱਖਦੇ ਸਨ ਪਰ ਮੂਵਮੈਂਟ ਨਾਲ ਚੱਲਣ ਲਈ ਤਿਆਰ ਨਹੀਂ ਹੋਏ। ਉਨ੍ਹਾਂ ਦਾ ਇਹ ਰਵੱਈਆ ਜ਼ਿੰਦਗੀ ਦੇ ਅਖੀਰ ਤੱਕ ਰਿਹਾ। ਕਾ. ਸਰਵਣ ਸਿੰਘ ਚੀਮਾ ਵਿਚਾਰਧਾਰਕ ਤੌਰ ਤੇ ਮੁਜ਼ਾਰਿਆਂ ਦੀ ਇਨਕਲਾਬੀ ਮੂਵਮੈਂਟ ਨਾਲ ਚੱਲਣ ਲਈ ਤਿਆਰ ਨਹੀਂ ਸੀ।

ਮੈਂ 1967 ਦੇ ਅਖੀਰ ਵਿੱਚ ਸੀ.ਪੀ.ਆਈ. ਐਮ. ਤੋਂ ਅਸਤੀਫ਼ਾ ਦੇ ਦਿੱਤਾ। ਕਲਕੱਤੇ ਤੋਂ ਨਕਸਲਾਈਟ ਅਖ਼ਬਾਰ 'ਲਿਬਰੇਸ਼ਨ' ਜੋ ਅੰਗਰੇਜ਼ੀ ਵਿੱਚ ਨਿਕਲਦਾ ਸੀ, ਉਸ ਵਿੱਚ ਭਾਰਤ ਦੇ ਆਰਥਿਕ ਤੇ ਰਾਜਨੀਤਿਕ ਹਾਲਾਤ ਬਾਰੇ ਗਹਿਰਾਈ ਨਾਲ ਪੜਚੋਲ ਕੀਤੀ ਹੁੰਦੀ ਸੀ। ਉਸ ਤੋਂ ਇਲਾਵਾ ਕੌਮਾਂਤਰੀ ਪੋਲਿਟੀਕਲ ਹਾਲਾਤ ਬਾਰੇ ਵੀ ਕਾਫੀ ਰੋਸ਼ਨੀ ਪਾਈ ਹੁੰਦੀ ਸੀ। ਕੌਮੀ ਅਤੇ ਕੌਮਾਂਤਰੀ ਇਨਕਲਾਬੀ ਜਦੋ ਜਹਿਦ ਦੇ ਲੇਖ ਹੁੰਦੇ ਸਨ। ਭਾਰਤ ਦੇਸ਼ ਕਿਸ ਤਰ੍ਹਾਂ ਦੇ ਵਰਗਾਂ ਤੇ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਹੈ, ਇਸ ਤਰ੍ਹਾਂ ਦੀ ਸੂਝ ਦੇਣ ਵਾਲੇ ਲੇਖ ਮੈਨੂੰ ਪੜ੍ਹਨ ਲਈ ਨਹੀਂ ਸੀ ਮਿਲੇ (ਅਤੇ ਇਸ ਤਰ੍ਹਾਂ ਦੀ ਸੂਝ ਦੇਣ ਵਾਲੇ ਲੇਖ 'ਕਿਰਤੀ ਲਹਿਰ', ਸੀ.ਪੀ.ਆਈ. ਦੇ 'ਨੈਸ਼ਨਲ ਫਰੰਟ', 'ਪੀਪਲਜ਼-ਵਾਰ' ਅਤੇ 'ਲਾਲ ਕਮਿਊਨਿਸਟ ਪਾਰਟੀ ਦੇ ਖੁਫ਼ੀਆ ਅਖਬਾਰ 'ਲਾਲ ਝੰਡਾ' ਵਿੱਚ ਵੀ ਮੈਂ ਕਦੇ ਨਹੀਂ ਦੇਖੇ)।

ਕਾਮਰੇਡ ਬੂਝਾ ਸਿੰਘ ਨੇ ਨਕਸਲਬਾੜੀ ਦੀ ਵਿਚਾਰਧਾਰਾ ਦੀ ਮੂਵਮੈਂਟ ਵਿੱਚ

ਆਏ ਨਵੇਂ ਨੌਜਵਾਨਾਂ ਦੇ ਕੁਝ ਜਗ੍ਹਾ ਉੱਤੇ ਮਾਰਕਸਵਾਦੀ ਵਿਚਾਰਧਾਰਾ ਦੀ ਸੂਝ ਦੇਣ ਲਈ ਸਟੱਡੀ ਸਰਕਲ ਲਾਏ, ਨੌਜਵਾਨਾਂ ਦੇ ਕੁਝ ਸਟੱਡੀ ਸਰਕਲ ਅਸੀਂ ਬਾਗ ਵਿੱਚ ਵੀ ਲਗਾਏ, ਕਿਉਂਕਿ ਉੱਥੇ ਸਾਨੂੰ ਹਰ ਤਰ੍ਹਾਂ ਦੀ ਸਹੂਲਤ ਸੀ। ਬਾਗ ਵਿੱਚ ਲਗਾਏ ਜਾਂਦੇ ਸਟੱਡੀ ਸਰਕਲਾਂ ਵਿਚ ਦਲਿਤ ਨੌਜਵਾਨ ਵਰਗ ਦੀ ਗਿਣਤੀ ਜ਼ਿਆਦਾ ਹੁੰਦੀ ਸੀ। 'ਲਿਬਰੇਸ਼ਨ' ਅਖ਼ਬਾਰ ਵਿੱਚੋਂ ਕੁਝ ਲੇਖ ਅਤੇ ਨਕਸਲਬਾੜੀ ਲਹਿਰ ਬਾਰੇ ਕੁਝ ਲੇਖਾਂ ਦਾ ਪੰਜਾਬੀ ਵਿੱਚ ਉਲੱਥਾ (ਅਨੁਵਾਦ) ਕਰਕੇ ਕਾ. ਹਰਦਿਆਲ ਪੂੰਨੀ ਨੇ ਇਕ ਛੋਟੀ ਜਿਹੀ ਕਿਤਾਬ ਦੀ ਸ਼ਕਲ ਵਿੱਚ ਬੰਗਿਆਂ ਤੋਂ ਮੇਰੇ ਨਾਮ ਤੇ ਛਪਵਾਇਆ ਸੀ। ਉਸ ਦੇ ਸਾਰੇ ਲੇਖ ਭਾਰਤ ਦੀ ਆਰਥਿਕ ਅਤੇ ਰਾਜਨੀਤਿਕ ਹਾਲਾਤ ਦੇ ਵਿਸ਼ਲੇਸ਼ਣ ਬਾਰੇ ਸਨ। ਪੰਜਾਬ ਦੀ ਨਕਸਲਾਈਟ ਤਾਲਮੇਟ ਕਮੇਟੀ ਵੱਲੋਂ ਆਪਣਾ ਕੋਈ ਲੇਖ ਨਹੀਂ ਸੀ ਲਿਖਿਆ ਹੁੰਦਾ; ਸਗੋਂ ਜੋ ਸੈਂਟਰਲ ਤਾਲਮੇਲ ਕਮੇਟੀ ਵੱਲੋਂ ਲਿਖਿਆ ਹੁੰਦਾ ਉਸ ਦਾ ਪੰਜਾਬੀ ਵਿੱਚ ਉਲੱਥਾ (ਅਨੁਵਾਦ) ਕਰਕੇ ਸਾਰੇ ਪਾਸੇ ਭੇਜਿਆ ਜਾਂਦਾ।

ਜੁਲਾਈ 1968 ਦੇ ਪਹਿਲੇ ਹਫ਼ਤੇ ਸਾਥੀ ਦਯਾ ਸਿੰਘ ਬਾਗ਼ ਵਿੱਚ ਸਾਡੇ ਕੋਲ ਆਇਆ ਅਤੇ ਉਨ੍ਹਾਂ ਨੇ ਕਿਹਾ ਕਿ, "ਕਲਕੱਤੇ ਦੋ ਸਾਥੀਆਂ ਨੇ ਜਾਣਾ ਹੈ।" "ਮੈਂ ਉਸ ਨੂੰ ਕਿਹਾ ਕਿ ਮੈਂ ਅੰਗੂਰਾਂ ਦੇ ਆੜ੍ਹਤੀਏ ਕੋਲੋਂ ਪੈਸੇ ਲੈਣ ਲਈ ਕਲਕੱਤੇ ਜਾ ਰਿਹਾ ਹਾਂ, ਜੇ ਤੁਸੀਂ ਮੁਨਾਸਿਬ ਸਮਝੋ! ਤਾਂ ਮੈਂ ਤਾਲਮੇਲ ਕਮੇਟੀ ਦਾ ਦਿੱਤਾ ਹੋਇਆ ਕੰਮ ਕਰ ਆਵਾਂਗਾ। ਇਸ ਤਰ੍ਹਾਂ ਤਾਲਮੇਲ ਕਮੇਟੀ ਦਾ ਪੈਸਾ (ਖਰਚਾ) ਬਚ ਜਾਵੇਗਾ। (ਕਾ. ਦਯਾ ਸਿੰਘ ਸਾਡੇ ਕੋਲੋਂ ਖੁਦ ਕਲਕੱਤੇ ਜਾਣ ਦਾ ਖਰਚ ਲੈਣ ਲਈ ਆਇਆ ਸੀ, ਜਿਹੜਾ ਕਿ ਉਹ ਉਸ ਵੇਲੇ ਕਹਿ ਨਹੀਂ ਸੀ ਸਕਿਆ, ਇਹ ਉਸ ਨੇ ਮੈਨੂੰ ਕਾਫੀ ਦੇਰ ਬਾਅਦ ਦੱਸਿਆ)

ਮੈਂ ਅਤੇ ਕਾਮਰੇਡ ਦਰਸ਼ਨ ਸਿੰਘ ਬਾਗੀ ਤਾਲਮੇਲ ਕਮੇਟੀ ਵੱਲੋਂ ਕਲਕੱਤੇ ਗਏ। ਕਾ. ਦਰਸ਼ਨ ਸਿੰਘ ਬਾਗੀ ਨੂੰ ਪਤਾ ਸੀ ਕਿ ਕਿੱਥੇ ਕੰਟਰੈਕਟ (ਸੰਪਰਕ) ਕਰਨਾ ਹੈ ਤੇ ਕਿੱਥੇ ਜਾਣਾ ਹੈ? ਮਿੱਥੇ ਹੋਏ ਦਿਨ ਉੱਤੇ ਅਸੀਂ ਉਸ ਮੀਟਿੰਗ ਵਿੱਚ ਪਹੁੰਚੇ ਜਿਸ ਨੂੰ ਕਾ. ਚਾਰੂ ਮਜੂਮਦਾਰ ਨੇ ਅਟੈਂਡ ਕਰਨਾ ਸੀ। ਉਸ ਮੀਟਿੰਗ ਵਿੱਚ ਕਾ. ਚਾਰੂ ਮਜੂਮਦਾਰ, ਕਾ. ਸ਼ੁਸ਼ੀਤਲ ਰਾਏ ਚੌਧਰੀ, ਬਿਹਾਰ ਤੋਂ ਕਾ. ਸੱਤਿਆ ਨਰਾਇਣ, ਯੂ.ਪੀ. ਤੋਂ ਕਾ. ਤਿਵਾੜੀ ਆਏ ਸਨ। (ਕਾ. ਤਿਵਾੜੀ ਬਾਪ ਅਤੇ ਬੇਟਾ 1941 ਵਿੱਚ ਦਿਓਲੀ ਕੈਂਪ ਜੇਲ੍ਹ ਵਿੱਚ ਮੇਰੇ ਨਾਲ ਡੀ.ਆਈ.ਆਰ (D.I.R. Defecne of India Rules) ਵਿਚ ਨਜ਼ਰਬੰਦ ਸਨ) ਦੋ ਸਾਥੀ ਕੇਰਲਾ ਤੋਂ, ਦੋ ਅਸੀਂ ਮੈਂ ਤੇ ਕਾਮਰੇਡ ਬਾਗੀ ਪੰਜਾਬ ਤੋਂ ਅਤੇ ਤਿੰਨ ਚਾਰ ਸਾਥੀ ਹੋਰ ਸਨ। ਆਂਧਰਾ, ਉੜੀਸਾ ਅਤੇ ਦੂਸਰੇ ਸੂਬਿਆਂ ਤੋਂ ਕੋਈ ਸਾਥੀ ਨਹੀਂ ਸਨ। ਮੀਟਿੰਗ ਵਿੱਚ ਮੁਜ਼ਾਰਿਆਂ ਦੀ ਇਨਕਲਾਬੀ ਲਹਿਰ ਨੂੰ ਸਾਰੇ ਦੇਸ਼ ਵਿੱਚ ਫੈਲਾਉਣ ਦੀਆਂ ਸੰਭਾਵਨਾਵਾਂ ਬਾਰੇ ਗੱਲਬਾਤ ਹੋਈ। ਇਹ ਮੀਟਿੰਗ ਬਿਨਾਂ ਕਿਸੇ ਨਤੀਜੇ ਦੇ ਹੀ ਖਤਮ ਹੋ ਗਈ। ਉੱਥੇ ਕਲਕੱਤੇ ਵਿੱਚ ਸਾਥੀਆਂ ਦੀਆਂ ਗੱਲਾਬਾਤਾਂ ਤੋਂ ਪਤਾ ਲਗਾ ਕਿ ਕਈ ਸੂਬਿਆਂ ਦੇ ਇਨਕਲਾਬੀ ਕਮਿਊਨਿਸਟਾਂ ਦੇ ਗਰੁੱਪ ਜਿਹੜੇ

'ਨਕਸਲੀ ਮੂਵਮੈਂਟ' ਨਾਲ ਹਮਦਰਦੀ ਰੱਖਦੇ ਸਨ, ਇਸ ਤਾਲਮੇਲ ਕਮੇਟੀ ਵਿੱਚ ਨਹੀਂ ਸਨ। ਮੇਰੇ ਉੱਤੇ ਕਲਕੱਤੇ ਵਾਲੀ ਮੀਟਿੰਗ ਦਾ ਕੋਈ ਚੰਗਾ ਪ੍ਰਭਾਵ ਨਹੀਂ ਸੀ ਪਿਆ, ਕਿਉਂਕਿ ਨਾ ਤਾਂ ਉਹ ਮੀਟਿੰਗ ਸਾਰੇ ਦੇਸ਼ ਦੀ 'ਮੁਜ਼ਾਰਾ-ਲਹਿਰ' ਬਾਰੇ ਪ੍ਰਭਾਵ ਦਿੰਦੀ ਸੀ ਅਤੇ ਨਾ ਹੀ ਉਸ ਮੀਟਿੰਗ ਵਿੱਚ ਦੇਸ਼ ਦੇ ਉਹ 'ਇਨਕਲਾਬੀ-ਮਾਰਕਸਵਾਦੀ' ਗਰੁੱਪ ਹੀ ਸ਼ਾਮਲ ਸਨ ਜੋ ਇਸ ਨਕਸਲਬਾੜੀ ਦੇ ਮੁਜਾਰਿਆਂ ਦੇ ਉਭਾਰ ਤੋਂ ਬਾਅਦ ਇਸ ਮੂਵਮੈਂਟ ਨਾਲ ਖੜੇ ਹੋਏ ਸਨ। ਮੈਂ ਪੰਜਾਬ ਆ ਕੇ ਕਾ. ਬੂਝਾ ਸਿੰਘ ਨੂੰ ਕਲਕੱਤੇ ਵਾਲੀ ਮੀਟਿੰਗ ਦੇ ਪ੍ਰਭਾਵ ਦੱਸੇ। ਕਲਕੱਤੇ ਕਾ. ਦਰਸ਼ਨ ਸਿੰਘ ਬਾਗੀ ਦੇ ਨਾਲ ਜਾਣ ਵੇਲੇ ਸੂਬੇ ਦੀ ਤਾਲਮੇਲ ਕਮੇਟੀ ਨੇ ਮੈਨੂੰ ਨਾ ਕੁਝ ਦੱਸਿਆ ਅਤੇ ਨਾ ਹੀ ਕੋਈ ਹਦਾਇਤ ਹੀ ਕੀਤੀ ਸੀ, ਇਹ ਸਾਰੀ ਜ਼ਿੰਮੇਵਾਰੀ ਕਾ. ਦਰਸ਼ਨ ਸਿੰਘ ਬਾਗੀ ਦੀ ਹੀ ਸੀ। ਇਸ ਲਈ ਵਾਪਸ ਆ ਕੇ ਤਾਲਮੇਲ ਕਮੇਟੀ ਨੂੰ ਰਿਪੋਰਟ ਉਸ ਨੇ ਹੀ ਕਰਨੀ ਸੀ।

ਕਲਕੱਤੇ ਤੋਂ ਵਾਪਿਸ ਆ ਕੇ ਮੈਂ ਬਾਗ਼ ਦੇ ਕੰਮ ਵਿੱਚ ਰੁਝ ਗਿਆ। ਤਾਲਮੇਲ ਕਮੇਟੀ ਨੇ ਮੈਨੂੰ ਪਾਰਟੀ ਦਾ ਖੁਫ਼ੀਆ ਅਖ਼ਬਾਰ 'ਲੋਕ-ਯੁੱਧ' ਛਾਪਣ ਦੀ ਡਿਊਟੀ ਦਿੱਤੀ। ਉਹ ਡਿਊਟੀ ਮੈਂ ਕਾ. ਸੁੱਚਾ ਸਿੰਘ ਸੇਖ਼ਾ ਦੇ ਖੂਹ ਉੱਪਰ ਨਿਭਾਈ ਅਤੇ ਬਾਅਦ ਵਿੱਚ ਨੂਰਮਹਿਲ ਬਾਗ ਵਿੱਚੋਂ 'ਲੋਕ-ਯੁੱਧ' ਅਖ਼ਬਾਰ ਛਪਦਾ ਰਿਹਾ।

ਗ੍ਰਿਫਤਾਰੀ ਤੋਂ ਬਚਣ ਲਈ ਮੈਨੂੰ ਦਸੰਬਰ 1968 ਵਿੱਚ ਅੰਡਰ ਗਰਾਊਂਡ ਹੋਣਾ ਪਿਆ। ਮੇਰੇ ਅੰਡਰ ਗਰਾਊਂਡ ਹੋਣ ਤੋਂ ਬਾਅਦ ਬਾਗ਼ ਦਾ ਸਾਰਾ ਕੰਮ ਸੰਭਾਲਣ ਤੇ ਪਾਰਟੀ ਪੇਪਰ 'ਲੋਕ-ਯੁੱਧ' ਛਾਪਣ ਦੀ ਡਿਊਟੀ ਬੇਟੀ ਸੁਰਿੰਦਰ ਤੇ ਕਾ. ਜਗਰੂਪ (ਜੋ ਸੰਗਰੂਰ ਦੇ ਨਜ਼ਦੀਕੀ ਪਿੰਡ ਦਾ ਰਹਿਣ ਵਾਲਾ ਸੀ) ਨੇ ਨਿਭਾਈ। ਕਾ. ਜਗਰੂਪ ਇਕ ਇਮਾਨਦਾਰ ਅਤੇ ਸਿੰਸੀਅਰ (Sincere-ਨਿਸ਼ਠਾਵਾਨ) ਵਰਕਰ ਸੀ। ਮੈਂ ਆਪਣੀ ਡਿਊਟੀ 1969 ਵਿੱਚ ਹੁਸ਼ਿਆਰਪੁਰ ਤੇ ਅੰਮ੍ਰਿਤਸਰ, ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਨਿਭਾਉਂਦਾ ਰਿਹਾ। ਪੇਪਰ ਨੂੰ ਛਾਪਣ ਲਈ ਜਿਸ ਵੀ ਸਮਾਨ ਦੀ ਜ਼ਰੂਰਤ ਹੁੰਦੀ ਉਹ ਮੈਂ ਪਹੁੰਚਾ ਜਾਂਦਾ ਅਤੇ ਜੋ ਪੇਪਰ ਛਪਿਆ ਹੋਇਆ ਹੁੰਦਾ ਉਹ ਲਿਜਾ ਕੇ ਜਗ੍ਹਾ-ਜਗ੍ਹਾ ਪਹੁੰਚਾ ਦਿੰਦਾ। ਕੰਪੋਜ਼ਇੰਗ ਅਤੇ ਛਾਪਣ (COMPOSING AND PRINTING) ਦਾ ਤਰੀਕਾ ਮੈਂ ਬੇਟੀ ਸੁਰਿੰਦਰ ਤੇ ਜਗਰੂਪ ਨੂੰ ਪਹਿਲਾਂ ਹੀ ਸਿਖਾ ਦਿੱਤਾ ਸੀ।

ਹੁਸ਼ਿਆਰਪੁਰ ਦੇ ਕੰਢੀ ਇਲਾਕੇ ਵਿੱਚ ਛੋਟੇ-ਛੋਟੇ ਲੈਂਡਲਾਰਡਾਂ ਦੇ ਮੁਜ਼ਾਰੇ ਸਨ। ਮੁਜ਼ਾਰਿਆਂ ਦੀ ਕੋਈ ਵੱਡੀ ਬੈਲਟ ਨਹੀਂ ਸੀ। 'ਨਕਸਲਵਾੜੀ-ਮੂਵਮੈਂਟ' ਵਿੱਚ ਬਹੁਤ ਥੋੜੇ ਤੇ ਪੁਰਾਣੇ ਵਰਕਰ ਸਨ, ਜਿਨ੍ਹਾਂ ਨੂੰ (ਜਨਤਕ ਘੋਲ) (MASS-MOVEMENT) ਦਾ ਕੁਝ ਤਜ਼ਰਬਾ ਸੀ। ਨਵੇਂ ਆਏ ਵਰਕਰਾਂ ਦੀ ਮਾਰਕਸਵਾਦ ਦੀ ਪੜ੍ਹਾਈ ਸਟੱਡੀ ਸਰਕਲ ਲਗਾ ਕੇ ਕਰਾਈ ਗਈ ਪਰ ਉਹ ਜਨਤਕ ਘੋਲ ਦਾ ਕੋਈ ਤਜ਼ਰਬਾ ਹਾਸਲ ਨਾ ਕਰ ਸਕੇ, ਕਿਉਂਕਿ ਤਾਲਮੇਲ ਕਮੇਟੀ ਖੁਫ਼ੀਆ ਕੰਮ ਕਰਦੀ ਸੀ, ਉਸ ਦੀ ਕੋਈ ਜਨਤਕ ਸੰਘਰਸ਼ ਦੀ ਜਦੋ ਜਹਿਦ ਨਹੀਂ ਸੀ ਚੱਲ ਰਹੀ। ਇਸ ਲਈ ਨਵੇਂ ਆਏ ਵਰਕਰਾਂ ਨੂੰ ਮਿਹਨਤਕਸ਼ ਜਨਤਾ ਦੇ ਆਰਥਿਕ ਤੇ ਰਾਜਨੀਤਿਕ ਘੋਲਾਂ ਨਾਲ ਜੋੜ ਕੇ

ਤਜ਼ਰਬਾ ਹਾਸਲ ਨਾ ਕਰਵਾ ਸਕੇ।

ਕਾਮਰੇਡ ਚਾਰੂ ਮਜੂਮਦਾਰ ਨੇ ਇਸ ਇਨਕਲਾਬੀ ਲਹਿਰ ਨੂੰ ਹੋਰ ਵਿਕਸਤ ਕਰਨ ਲਈ ਮੁਜ਼ਾਰਿਆਂ ਨੂੰ ਆਪਣੇ 'ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਲਾਈਨ' ਨੂੰ ਹੇਠਾਂ ਕਮੇਟੀਆਂ ਨੂੰ ਸਰਕੂਲੇਟ (ਭੇਜਿਆ) ਕੀਤਾ। ਇਸ ਲਾਈਨ ਉੱਤੇ ਚੱਲਦੇ ਹੋਏ ਪੰਜਾਬ ਵਿੱਚ ਦੋ-ਤਿੰਨ ਐਕਸ਼ਨ ਵੀ ਹੋਏ।

ਸਤੰਬਰ 1969 ਵਿੱਚ ਯੂ.ਪੀ. ਦੇ ਹਾਜੀਪੁਰ ਇਲਾਕੇ ਵਿੱਚ ਮੁਜ਼ਾਹਰਿਆਂ ਦਾ ਤਿੱਖਾ ਘੋਲ ਚੱਲਦਾ ਸੀ। ਉੱਥੋਂ ਦਾ ਇਕ ਸਰਗਰਮ ਸਾਥੀ ਮਹਿੰਦਰ ਸਿੰਘ ਜੋ ਕਿ ਜ਼ਿਲ੍ਹਾ ਜਲੰਧਰ ਦਾ ਰਹਿਣ ਵਾਲਾ ਸੀ, ਉਹ ਆ ਕੇ ਮੈਨੂੰ ਮਿਲਦਾ ਰਹਿੰਦਾ ਸੀ। ਉਸ ਨੇ ਹਾਜੀਪੁਰ (ਯੂ.ਪੀ.) ਦੀ ਮੂਵਮੈਂਟ ਵਿੱਚ ਕੰਮ ਕਰਨ ਲਈ ਇਕ ਸਮਝਦਾਰ ਪਾਰਟੀ ਮੈਂਬਰ 'ਨਰਸ' ਦੀ ਜ਼ਰੂਰਤ ਦੱਸੀ। ਇਸ ਕੰਮ ਲਈ ਉਸ ਨੇ ਬੇਟੀ ਸੁਰਿੰਦਰ ਨੂੰ ਕਾਬਲ ਸਮਝਿਆ ਤੇ ਉਸ ਦਾ ਨਾਮ ਪੇਸ਼ ਕੀਤਾ। ਸੁਰਿੰਦਰ ਨੇ ਇਹ ਡਿਊਟੀ ਕਰਨ ਲਈ ਆਪਣਾ ਇਰਾਦਾ ਬਣਾ ਲਿਆ ਅਤੇ ਬਾਗ਼ ਵਿੱਚ ਅੰਗੂਰ ਤੇ ਅਮਰੂਦ ਦੀ ਫ਼ਸਲ ਸੰਭਾਲ ਕੇ ਬਾਗ਼ ਦਾ ਚਾਰਜ ਆਪਣੇ ਤਾਇਆ ਜੀ (ਸ੍ਰੀ ਜਗਦੀਸ਼ ਚੰਦਰ ਕੋਛੜ ਜੀ) ਨੂੰ ਸੌਂਪਣ ਲਈ ਦਿੱਲੀ ਚਲੀ ਗਈ, ਕਿਉਂਕਿ ਇਹ ਬਾਗ਼ ਤੇ ਜ਼ਮੀਨ ਉਨ੍ਹਾਂ ਦੇ ਨਾਮ ਹੀ ਸੀ।

ਸੁਰਿੰਦਰ ਆਪ ਨਰਸਿੰਗ ਦਾ ਕੰਮ ਸਿੱਖਣ ਲਈ ਦਿੱਲੀ ਚਲੀ ਗਈ। ਸਤੰਬਰ 1969 ਦੇ ਤੀਸਰੇ ਹਫ਼ਤੇ ਗੁਰਦੇ ਦੀ ਤੇਜ਼ ਦਰਦ ਨਾਲ ਮੈਂ ਬੇਹੋਸ਼ ਹੋ ਕੇ ਫਰਵਾਲੇ ਦੇ ਨੇੜੇ ਨਹਿਰ ਉੱਤੇ ਸਾਈਕਲ ਤੋਂ ਡਿੱਗ ਪਿਆ। ਉੱਥੋਂ ਹੋਸ਼ ਆਉਣ ਤੇ ਕਾਮਰੇਡ ਬੰਤਾ ਸਿੰਘ ਫਰਵਾਲਾ ਦੇ ਖੂਹ ਉੱਤੇ ਪਹੁੰਚ ਗਿਆ। ਮੈਨੂੰ ਚਾਹ ਜਾਂ ਪਾਣੀ ਕੁਝ ਵੀ ਹਜ਼ਮ ਨਹੀਂ ਸੀ ਹੋ ਰਿਹਾ, ਪੀਂਦਿਆਂ ਹੀ ਉਲਟੀ ਆ ਜਾਂਦੀ ਸੀ। ਮੇਰੇ ਕਹਿਣ ਉੱਤੇ ਕਾ. ਬੰਤਾ ਸਿੰਘ ਮੈਨੂੰ ਟਰਾਲੀ ਵਿੱਚ ਬਿਠਾ ਕੇ ਰਾਤ ਨੂੰ ਬਾਗ਼ ਵਿੱਚ ਛੱਡ ਗਿਆ। ਬਾਗ਼ ਵਿਚ ਇਕ ਕਰਮਚਾਰੀ ਦੀ ਮਦਦ ਨਾਲ ਇਕ ਕਮਰੇ ਵਿੱਚ ਦੋ ਦਿਨ ਤੱਕ ਬੰਦ ਰਿਹਾ। ਬਾਗ਼ ਵਿੱਚ ਹੀ ਡਾਕਟਰ ਧਰਮਪਾਲ ਕੋਹਲੀ ਇਕ ਵਾਰ ਆ ਕੇ ਦੇਖ ਜਾਂਦੇ ਤੇ ਦਵਾਈ ਦੇ ਜਾਂਦੇ। ਉਸ ਵੇਲੇ ਮੇਰੇ ਬਾਗ ਵਿੱਚ ਰਹਿਣ ਦਾ ਨਾ ਤਾਂ ਘਰ ਵਿੱਚ ਅਤੇ ਨਾ ਹੀ ਬਾਹਰ ਹੋਰ ਕਿਸੇ ਨੂੰ ਵੀ ਪਤਾ ਨਹੀਂ ਲੱਗਾ। ਦੋ ਦਿਨ ਤੱਕ ਦਰਦ ਨੂੰ ਆਰਾਮ ਨਾ ਆਉਂਦਾ ਦੇਖ ਕੇ ਮੈਂ ਜੰਡਿਆਲੇ ਤੋਂ ਭਾਈ ਸ਼ੇਰ ਸਿੰਘ ਦੇ ਲੜਕੇ ਦੀ ਟੈਕਸੀ ਮੰਗਵਾਈ। ਟੈਕਸੀਵਾਲਾ ਮੈਨੂੰ ਫਿਲੌਰ ਦੇ ਫਾਟਕ ਤੱਕ ਛੱਡ ਕੇ ਆ ਗਿਆ। ਫਿਲੌਰ ਤੋਂ ਮੈਂ ਦੂਸਰੀ ਟੈਕਸੀ ਕਰਕੇ ਲੁਧਿਆਣਾ ਆਪਣੀ ਵੱਡੀ ਭੈਣ ਸ਼ਕੁੰਤਲਾ ਦੇ ਘਰ ਚਲਾ ਗਿਆ।

ਸੁਰਿੰਦਰ ਨੂੰ ਦਿੱਲੀ ਗਿਆ ਹੋਇਆ ਅਜੇ ਅੱਠ ਦਿਨ ਹੀ ਹੋਏ ਸਨ ਕਿ ਭੈਣ ਜੀ ਨੇ ਸੁਰਿੰਦਰ ਨੂੰ ਉੱਥੋਂ ਸੱਦ ਲਿਆ।

ਲੁਧਿਆਣੇ ਭੈਣ ਜੀ ਨੇ ਮੈਨੂੰ ਆਪਣੇ ਚਾਚੇ ਸਹੁਰੇ ਨੂੰ ਕਹਿ ਕੇ ਦਯਾਨੰਦ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ। ਕੁਝ ਦਿਨ ਇਲਾਜ ਕਰਵਾ ਕੇ ਗੁਰਦੇ ਦੀ

ਦਰਦ ਤਾਂ ਠੀਕ ਹੋ ਗਈ ਪਰ ਕਮਜ਼ੋਰੀ ਬਹੁਤ ਵਧ ਗਈ। ਡਾਕਟਰ ਨੇ ਕਿਹਾ ਕਿ "ਤੇਰਾ ਗੁਰਦਾ ਖ਼ਤਮ ਹੋ ਗਿਆ ਹੈ, ਜਦ ਵੀ ਕਮਜ਼ੋਰੀ ਘਟ ਹੋਈ, ਉਦੋਂ ਅਪ੍ਰੇਸ਼ਨ ਕਰਵਾ ਕੇ ਕਢਵਾ ਲਵੀਂ।" ਉਹ ਡਾ. ਸਾਰੇ ਹਸਪਤਾਲ ਦਾ ਇੰਚਾਰਜ ਸੀ।

ਹਸਪਤਾਲ ਵਿੱਚ ਇਲਾਜ ਦੇ ਦੌਰਾਨ ਕਾ. ਦਯਾ ਸਿੰਘ ਮਿਲਣ ਆਇਆ ਉਸ ਨੇ ਕਾਰਡ ਉੱਤੇ ਮੇਰਾ ਅਸਲੀ ਨਾਮ ਦੇਖਿਆ ਅਤੇ ਪੁੱਛਿਆ ਕਿ ਕਾਰਡ ਤੇ ਅਸਲੀ ਨਾਮ ਕਿਉਂ ਲਿਖਵਾਇਆ ਹੈ? ਤਾਂ ਮੈਂ ਉਸ ਨੂੰ ਜਵਾਬ ਦਿੱਤਾ ਕਿ ਮੈਨੂੰ ਇਥੇ ਦਾਖ਼ਲ ਕਰਵਾਉਣ ਵਾਲਾ ਮੇਰੀ ਭੈਣ ਦਾ ਚਾਚਾ ਸਹੁਰਾ ਹੈ ਅਤੇ ਉਹ ਹਸਪਤਾਲ ਦੀ ਪ੍ਰਬੰਧਕ ਕਮੇਟੀ ਦਾ ਚੇਅਰਮੈਨ ਹੈ। ਉਸ ਨੇ ਹੀ ਮੇਰਾ ਨਾਮ ਲਿਖਵਾਇਆ। ਉਹ ਮੇਰੇ ਅੰਡਰਗਰਾਊਂਡ ਹੋਣ ਬਾਰੇ ਨਹੀਂ ਜਾਣਦਾ।

ਸੁਰਿੰਦਰ ਨੂੰ ਮੇਰੇ ਵੱਡੇ ਭਾਈ ਸਾਹਿਬ ਨੇ ਕੁਝ ਪੈਸੇ ਦਿੱਤੇ ਅਤੇ ਸੁਰਿੰਦਰ ਮੈਨੂੰ ਟੈਕਸੀ ਵਿੱਚ ਲਿਟਾ ਕੇ ਦਿੱਲੀ ਲੈ ਗਈ।

ਦਿੱਲੀ ਤੋਂ ਮੈਂ ਵੱਡੇ ਭੈਣ ਜੀ ਗਾਰਗੀ ਦੇਵੀ ਕੋਲ ਗੁੜਗਾਵਾਂ ਚਲਾ ਗਿਆ। ਸੁਰਿੰਦਰ ਆਪਣੇ ਲਈ ਬਿਸਤਰ ਵਗੈਰਾ ਦਾ ਪ੍ਰਬੰਧ ਕਰਨ ਲਈ ਇਕ ਰਾਤ ਨੂੰ ਨੂਰਮਹਿਲ ਪਹੁੰਚੀ। ਉੱਥੇ ਮੇਰੇ ਵੱਡੇ ਭਰਾ ਵੇਦ ਪ੍ਰਕਾਸ਼ ਕੋਛੜ ਨੇ ਸੁਰਿੰਦਰ ਨੂੰ ਕਿਹਾ ਕਿ "ਹੁਣ ਜਿਹੜੀ ਲਾਈਨ 'ਜਮਾਤੀ ਸਫ਼ਾਏ' ਦੀ ਸ਼ੁਰੂ ਕੀਤੀ ਹੈ, ਉਸ ਨਾਲ ਤੁਸੀਂ ਆਮ ਲੋਕਾਂ ਵਿੱਚੋਂ ਨਿਖੜ ਰਹੇ ਹੋ। ਇਸ ਉੱਤੇ ਫਿਰ ਤੋਂ ਵਿਚਾਰ ਕਰ ਲਓ।" ਬਾਗ ਵਿੱਚ ਫ਼ਸਲ ਸੰਭਾਲਦੇ ਹੋਏ ਸੁਰਿੰਦਰ ਨੇ ਕੁਝ ਰੇਜਗਾਰੀ (ਭਾਨ) ਇਕ ਡੱਬੇ ਵਿੱਚ ਪਾ ਕੇ ਆਪਣੇ ਤਾਈ ਜੀ ਨੂੰ ਸੌਂਪੀ ਸੀ ਕਿ ਉਹ ਉਨ੍ਹਾਂ ਨੇ ਹੋਰ ਪੈਸੇ ਪਾ ਕੇ ਸੁਰਿੰਦਰ ਨੂੰ ਦੇ ਦਿੱਤੀ। ਉਹ ਪੈਸੇ ਤੇ ਬਿਸਤਰਾ ਵਗੈਰਾ ਲੈ ਕੇ ਦੋ ਲੜਕਿਆਂ ਨੂੰ ਨਾਲ ਲੈ ਕੇ ਸ਼ੰਕਰ ਸਟੇਸ਼ਨ ਉੱਤੇ ਜਲੰਧਰ ਨੂੰ ਜਾਣ ਵਾਲੀ ਗੱਡੀ ਫੜ ਕੇ ਦਿੱਲੀ ਪਹੁੰਚ ਗਈ।

ਅਸੀਂ ਜ਼ਿਆਦਾ ਦਿਨ ਗੁੜਗਾਵਾਂ ਵਿੱਚ ਨਹੀਂ ਠਹਿਰ ਸਕੇ। ਦਿੱਲੀ ਕਿੰਗਜ਼ਵੇ ਕੈਂਪ (King's way Camp) ਵਿੱਚ ਇਕ ਘੱਟ ਕਿਰਾਏ ਉੱਤੇ ਇਕ ਬੁਜ਼ਗਰ ਔਰਤ ਦਾ ਕਮਰਾ ਲੈ ਕੇ ਰਹੇ, ਕਿਉਂਕਿ ਕਮਜ਼ੋਰੀ ਜ਼ਿਆਦਾ ਹੋਣ ਕਰਕੇ ਚੱਲਣ ਫਿਰਨ ਵਿਚ ਦਿੱਕਤ ਆ ਰਹੀ ਸੀ। ਉਸ ਸਮੇਂ ਖਾਣ ਪੀਣ ਦਾ ਸਸਤਾ ਸਾਮਾਨ (ਸਬਜ਼ੀ ਫ਼ਲ ਆਦਿ) ਹੋਣ ਕਰਕੇ ਰੇਜ਼ਗਾਰੀ ਨਾਲ ਹੀ ਗੁਜ਼ਾਰਾ ਚੱਲਦਾ ਰਿਹਾ।

ਜਦ ਥੋੜੀ ਹਿੰਮਤ ਆ ਗਈ ਤਾਂ ਮੈਂ ਵਾਪਿਸ ਪੰਜਾਬ ਆ ਕੇ ਬੀਬੀ ਤੇਜਵੰਤੀ ਧੀਰ ਦੇ ਜ਼ਰੀਏ ਤਾਲਮੇਲ ਕਮੇਟੀ ਨਾਲ ਸੰਪਰਕ (ਕੰਟਰੈਕਟ) ਕੀਤਾ।

ਮੇਰੀ ਬਿਮਾਰੀ ਦੌਰਾਨ ਬਾਬੂ ਰਾਮ ਬੈਰਾਗੀ ਨੇ ਮੇਰੇ ਖਿਲਾਫ਼ ਮੇਰੇ ਉੱਤੇ ਗਲਤ ਦੂਸ਼ਣ ਲਾਏ ਹੋਏ ਸਨ। ਜਿਨ੍ਹਾਂ ਦੀ ਸਫਾਈ ਮੈਂ ਤਾਲਮੇਲ ਕਮੇਟ ਕੋਲ ਕਰ ਦਿੱਤੀ ਅਤੇ ਤਾਲਮੇਲ ਕਮੇਟੀ ਜਿਨ੍ਹਾਂ ਨੂੰ ਸੁਣ ਕੇ ਸੰਤੁਸ਼ਟ ਹੋ ਗਈ।

ਨੋਟ : (ਬੈਰਾਗੀ ਸਮੂਦਾਏ ਕਾਮਰੇਡ ਭਗਤ ਸਿੰਘ ਬਿਲਗਾ ਨੂੰ ਸਨਮਾਨਿਤ ਕਰਨ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਆਇਆ, ਜਿਸ ਦੀ ਸਵੀਕ੍ਰਿਤੀ

ਕਾ. ਭਗਤ ਸਿੰਘ ਬਿਲਗਾ ਨੇ ਦੇ ਰੱਖੀ ਸੀ। ਉਸ ਵੇਲੇ ਕਾ. ਬਿਲਗਾ ਜੀ ਕਮੇਟੀ (ਦੇਸ਼ ਭਗਤ ਯਾਦਗਾਰ ਕਮੇਟੀ) ਦੇ ਪ੍ਰਧਾਨ ਸੀ ਤੇ ਮੈਂ ਕਮੇਟੀ ਦਾ ਜਨਰਲ ਸੈਕਟਰੀ ਸੀ। ਉਸ ਵੇਲੇ ਅਸੀਂ ਕਾ. ਨੌਨਿਹਾਲ ਅਤੇ ਸੁਰਿੰਦਰ ਕੁਮਾਰੀ ਵੀ ਦਫ਼ਤਰ ਵਿੱਚ ਬੈਠੇ ਹੋਏ ਸਾਂ। ਬਾਬੂ ਰਾਮ ਬੈਰਾਗੀ ਜਿਸ ਨੇ ਉਸ ਵੇਲੇ ਦਾੜ੍ਹੀ ਕੇਸ ਰੱਖੇ ਹੋਏ ਸਨ। ਉਸ ਨੇ ਸਾਨੂੰ ਆਪਣੀ ਜਾਣ ਪਹਿਚਾਣ 'ਬੈਰਾਗੀ ਸਮੁਦਾਇ' ਦੇ ਜਨਰਲ ਸੈਕਟਰੀ ਵਜੋਂ ਦਿੱਤੀ। ਮੈਂ ਤੇ ਸੁਰਿੰਦਰ ਉਸ ਨੂੰ ਪੁਰਾਣੇ ਵੇਲੇ ਤੋਂ ਹੀ ਜਾਣਦੇ ਸੀ। ਉਸ ਨੇ ਖੁਦ ਹੀ ਗੱਲ ਸ਼ੁਰੂ ਕੀਤੀ ਕਿ " 'ਨਕਸਲਾਈਟ ਮੂਵਮੈਂਟ' ਵੇਲੇ 1969 ਵਿੱਚ ਸੂਬੇ ਦੀ ਤਾਲਮੇਲ ਕਮੇਟੀ ਕੋਲ ਜੋ ਦੂਸ਼ਣ ਮੈਂ ਤੁਹਾਡੇ ਉੱਤੇ ਲਾਏ ਸਨ ਉਹ ਬੇ-ਬੁਨਿਆਦ ਸਨ। ਉਨ੍ਹਾਂ ਲਈ ਮੈਂ ਮੁਆਫ਼ੀ ਮੰਗਦਾ ਹਾਂ।" ਮੈਂ ਉਸ ਨੂੰ ਜਵਾਬ ਵਿੱਚ ਕਿਹਾ ਕਿ "ਉਹ ਸਮਾਂ ਅਸੀਂ ਬਹੁਤ ਪਿੱਛੇ ਛੱਡ ਆਏ ਹਾਂ ਨਾ ਉਹ ਸਮਾਂ ਵਾਪਿਸ ਆਉਣੈ! ਅਤੇ ਨਾ ਹੀ ਉਹ ਕਦੇ ਕਹੇ ਹੋਏ ਸ਼ਬਦ ਹੀ ਵਾਪਿਸ ਹੋਣੇ ਹਨ")।

ਤਾਲਮੇਲ ਕਮੇਟੀ ਨੇ ਮੇਰੀ ਕਮਜ਼ੋਰ ਸਿਹਤ ਨੂੰ ਦੇਖਦੇ ਹੋਏ ਮੇਰੀ ਅਤੇ ਸੁਰਿੰਦਰ ਦੀ ਡਿਊਟੀ ਪ੍ਰੈਸ ਉੱਤੇ (ਪੇਪਰ ਲੋਕ ਯੁੱਧ ਛਾਪਣ ਦੀ) ਲਗਾ ਦਿੱਤੀ।

ਅਸੀਂ ਪ੍ਰੈਸ ਲਈ ਅੱਡਾ ਲੱਭਣ ਲਈ ਆਪਣੇ ਪੁਰਾਣੇ ਪੋਲਿਟੀਕਲ ਸਾਥੀ ਕਰਤਾਰ ਸਿੰਘ ਬੜੂੰਦੀ ਦੀ ਮਦਦ ਲਈ। ਲੁਧਿਆਣੇ ਵਿੱਚ ਅਸੀਂ ਕੁਝ ਪੇਪਰ ਪਹਿਲਾਂ ਸਾਈਕਲੋਸਟਾਈਲ (Cyclostyle) ਮਸ਼ੀਨ ਉੱਤੇ ਕੱਢੇ। ਫਿਰ ਕੁਝ ਸਮੇਂ ਤੋਂ ਬਾਅਦ ਪਰੂਫ਼ ਪ੍ਰੈਸ ਉੱਤੇ ਛਾਪਣ ਦਾ ਪ੍ਰਬੰਧ ਕਰ ਲਿਆ।

ਮੈਂ ਪਾਰਟੀ ਪੇਪਰ ਨੂੰ ਲੈ ਕੇ ਅੰਮ੍ਰਿਤਸਰ, ਗੁਰਦਾਸਪੁਰ, ਕਪੂਰਥਲਾ, ਹੁਸ਼ਿਆਰਪੁਰ ਤੇ ਜਲੰਧਰ ਦੇ ਕੁਝ ਇਕ ਅੱਡਿਆਂ ਉੱਤੇ ਪਹੁੰਚਾ ਆਉਂਦਾ ਤੇ ਉਨ੍ਹਾਂ ਇਲਾਕੇ ਦੇ ਸਾਥੀਆਂ ਨਾਲ ਸੰਪਰਕ ਵੀ ਰੱਖਦਾ। ਪਾਰਟੀ ਅੰਦਰ ਸਾਥੀਆਂ ਨੂੰ ਪੜ੍ਹਨ ਲਈ ਇਕ 'ਲਾਲ ਕਿਤਾਬ' ਵੀ ਵੰਡੀ ਗਈ ਜਿਸ ਵਿੱਚ ਕਾਮਰੇਡ ਮਾਓ-ਜੇ-ਤੁੰਗ ਦੇ ਵਰਕਸ (WORKS) (ਲਿਖਤਾਂ) ਵਿੱਚੋਂ ਵਿਸ਼ੇਸ਼ ਉਕਤੀਆਂ ਲਿਖੀਆਂ ਹੋਈਆਂ ਸਨ ਉਨ੍ਹਾਂ ਉੱਤੇ ਅਮਲ ਕਰਨ ਲਈ ਪਾਰਟੀ ਵਰਕਰਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ। ਮੈਂ ਸਾਥੀਆਂ ਨੂੰ ਆਪਣੀ ਰਾਏ ਦਿੰਦਾ ਅਤੇ ਆਪਣੇ ਵਿਚਾਰ ਦਸਦਾ ਕਿ ਕਾਮਰੇਡ ਮਾਓ ਜੇ ਤੁੰਗ ਦੀਆਂ ਪੂਰੀਆਂ ਲਿਖਤਾਂ ਪੜ੍ਹਨੀਆਂ ਚਾਹੀਦੀਆਂ ਹਨ ਤਾਂ ਹੀ ਅਸੀਂ ਸਮਝ ਸਕਾਂਗੇ ਕਿ ਇਹ ਉਕਤੀਆਂ ਉਸ ਨੇ ਕਿਸ ਹਾਲਾਤ ਵਿੱਚ ਅਤੇ ਕਿਸ ਸੰਦਰਭ ਵਿੱਚ ਕਹੀਆਂ ਸਨ। ਮੇਰੀ ਸਲਾਹ ਉਹ ਸਾਥੀ ਅਣਸੁਣੀ ਕਰ ਦਿੰਦੇ ਪਰ ਉਹ ਆਪਣਾ ਵਿਚਾਰ ਨਹੀਂ ਸੀ ਦੱਸਦੇ।

'ਜਮਾਤੀ ਦੁਸ਼ਮਣ ਦੇ ਸਫਾਏ' ਕਾ. ਮਾਓ ਜੇ ਤੁੰਗ ਨੂੰ ਚੇਅਰਮੈਨ ਮੰਨਣਾ ਅਤੇ ਕਾ. ਚਾਰੂ ਮਜੂਮਦਾਰ ਨਾਲ ਕੁਝ ਪੋਲਿਟੀਕਲ ਮਤਭੇਦਾਂ ਦੇ ਕਾਰਣ ਸੈਂਟਰਲ ਤਾਲਮੇਲ ਕਮੇਟੀ ਵਿੱਚ ਫੁੱਟ ਪੈ ਗਈ। ਇਸ ਨਾਲ ਨਕਸਲਾਈਟ ਮੂਵਮੈਂਟ ਸਾਰੇ ਸੂਬਿਆਂ ਵਿੱਚ ਕਈਆਂ ਗਰੁੱਪਾਂ ਵਿੱਚ ਵੰਡੀ ਗਈ। ਇਸ ਦਾ ਅਸਰ ਪੰਜਾਬ ਵਿਚ ਵੀ ਹੋਇਆ ਅਤੇ

ਇਥੇ ਨਕਸਲਾਈਟ ਤਾਲਮੇਲ ਕਮੇਟੀ ਦੇ ਤਿੰਨ ਗਰੁੱਪ ਫੰਕਸ਼ਨ ਕਰਨ ਲੱਗ ਪਏ।

ਉਨ੍ਹਾਂ ਦਿਨਾਂ ਵਿੱਚ ਪੰਜਾਬ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਚੰਡੀਗੜ੍ਹ ਵਿੱਚ ਹੋਈ। ਇਸ ਮੀਟਿੰਗ ਵਿੱਚ ਸੈਂਟਰਲ ਤਾਲਮੇਲ ਕਮੇਟੀ ਵੱਲੋਂ ਕਾ. ਰਾਮ ਪਿਆਰੇ ਸਰਾਫ਼ ਅਤੇ ਕਾ. ਸ਼ਿਵ ਕੁਮਾਰ ਮਿਸ਼ਰਾ ਸ਼ਾਮਲ ਹੋਏ। ਸ਼ਿਵ ਕੁਮਾਰ ਮਿਸ਼ਰਾ ਨੂੰ ਮੈਂ ਦੱਸਿਆ ਕਿ "ਯੂ.ਪੀ. ਦੇ ਹਾਜ਼ੀਪੁਰ ਦੇ ਇਲਾਕੇ ਵਿੱਚ ਪਾਰਟੀ ਦਾ ਜੋ ਸੰਘਰਸ਼ ਚੱਲ ਰਿਹਾ ਹੈ ਉੱਥੇ ਸੰਘਰਸ਼ ਵਿੱਚ ਨਰਸਿੰਗ ਦੀ ਡਿਊਟੀ ਦੇਣ ਲਈ ਯੂ.ਪੀ. ਤੋਂ ਸਾਥੀਆਂ (ਕਾ. ਮਹੇਂਦਰ ਸਿੰਘ) ਨੇ ਸੁਰਿੰਦਰ ਲਈ ਮੰਗ ਕੀਤੀ ਸੀ, ਸੋ ਸੁਰਿੰਦਰ ਹੁਣ ਇਸ ਕੰਮ ਲਈ ਤਿਆਰ ਹੈ। ਕਾਮਰੇਡ ਸ਼ਿਵ ਕੁਮਾਰ ਮਿਸ਼ਰਾ ਨੇ ਸਲਾਹ ਦਿੱਤੀ ਕਿ ਹੁਣ ਸੁਰਿੰਦਰ ਨੂੰ ਉੱਥੇ ਭੇਜਣਾ ਠੀਕ ਨਹੀਂ। ਕਾ. ਸ਼ਿਵ ਕੁਮਾਰ ਮਿਸ਼ਰਾ ਯੂ.ਪੀ. ਦੇ ਰਹਿਣ ਵਾਲੇ ਸਨ ਅਤੇ ਉਹ ਹਾਜ਼ੀਪੁਰ ਦੇ ਚੱਲ ਰਹੇ ਸੰਘਰਸ਼ ਦੀ ਪੂਰੀ ਜਾਣਕਾਰੀ ਰੱਖਦੇ ਸਨ। ਸੈਂਟਰਲ ਤਾਲਮੇਲ ਕਮੇਟੀ ਨਾਲੋਂ ਕਾ. ਸਤਿਆ ਨਰਾਇਣ ਗਰੁੱਪ ਪੋਲਿਟੀਕਲ ਲਾਈਨ ਅਤੇ ਨਕਸਲਾਈਟ ਲਹਿਰ ਨੂੰ ਵਿਕਸਤ ਕਰਨ ਦੇ ਤਰੀਕਿਆਂ ਕਾਰਣ ਇਤਖ਼ਿਲਾਫ਼ ਰੱਖਦੇ ਸਨ।

ਪੰਜਾਬ ਵਿੱਚ ਜਿਹੜੇ ਨਕਸਲਾਈਟ ਗਰੁੱਪ ਕੰਮ ਕਰ ਰਹੇ ਸਨ, ਉਹ ਕੋਈ ਵੀ ਮੁਜ਼ਾਹਰਿਆਂ ਦੀ ਲਹਿਰ ਖੜੀ ਨਹੀਂ ਸੀ ਕਰ ਸਕੇ। ਜਦੋ ਜਹਿਦ ਵਿੱਚ ਨਵੇਂ ਆਏ ਹੋਏ ਨੌਜਵਾਨਾਂ ਨੂੰ ਮਾਰਕਸਵਾਦ ਦਾ ਸਿਧਾਂਤਕ ਗਿਆਨ ਅਤੇ ਨਕਸਲਾਈਟ ਲਹਿਰ (ਮੂਵਮੈਂਟ) ਬਾਬਤ ਹੀ ਕੁਝ ਦੱਸਿਆ ਜਾਂਦਾ ਸੀ। ਉਸ ਵੇਲੇ ਤੱਕ ਚੱਲ ਰਹੀ ਜਮਾਤੀ ਦੁਸ਼ਮਣਾਂ ਦੇ ਸਫਾਏ ਦੀ ਲਾਈਨ ਦਾ ਮੁਜ਼ਾਰਿਆਂ ਉੱਤੇ ਗਲਤ ਪ੍ਰਭਾਵ ਪਿਆ। ਉਹ ਇਸ ਲਹਿਰ ਨਾਲ ਹਮਦਰਦੀ ਤਾਂ ਰੱਖਦੇ ਸਨ ਅਤੇ ਸੋਚਦੇ ਸਨ ਕਿ ਇਹ ਇਨਕਲਾਬੀ ਲੋਕ ਸਾਨੂੰ ਜ਼ਮੀਨਾਂ ਦੁਆ ਦੇਣਗੇ। ਉਨ੍ਹਾਂ ਨੂੰ ਸਿਆਣੇ ਕਰਕੇ ਇਸ ਲਹਿਰ ਦਾ ਹਿੱਸਾ ਨਹੀਂ ਬਣਾਇਆ ਜਾ ਸਕਿਆ।

ਪੰਜਾਬ ਵਿੱਚ ਮੁਜ਼ਾਰੇ ਘੱਟ ਤੇ ਖਿੰਡੇ ਹੋਏ ਸਨ। ਇਸ ਲਈ ਮਿਹਨਤਕਸ਼ ਜਨਤਾ ਦੀ ਖਾਸ ਮਾਸ ਮੂਵਮੈਂਟ ਨਾ ਹੋਣ ਕਰਕੇ ਨਕਸਲਾਈਟ ਮੂਵਮੈਂਟ ਵਿੱਚ ਕੰਮ ਕਰ ਰਹੇ ਸਾਥੀਆਂ ਦੀ ਆਪਣੀ ਸੋਚ ਵੀ ਤੰਗਨਜ਼ਰੀ ਵਾਲੀ ਹੀ ਹੋ ਗਈ। ਮੂਵਮੈਂਟ ਵਿੱਚ ਕਈ ਤਰ੍ਹਾਂ ਦੇ ਨੌਜਵਾਨ ਆ ਗਏ ਜਿਨ੍ਹਾਂ ਦੀ ਰੁਚੀ ਐਕਸ਼ਨ ਕਰਨ ਵਾਲੀ ਹੀ ਸੀ। ਉਨ੍ਹਾਂ ਅੰਦਰ ਮਾਰਕਸਵਾਦੀ ਵਿਚਾਰਧਾਰਾ ਨੂੰ ਸਮਝਣ ਦੀ ਕੋਈ ਰੁਚੀ ਨਹੀਂ ਸੀ। ਪੁਰਾਣੇ ਸਾਥੀ ਅਤੇ ਨਵੇਂ ਆਏ ਨੌਜਵਾਨਾਂ ਨੂੰ ਵਿਗਿਆਨਕ ਸੋਚ ਹਾਸਲ ਕਰਨ ਲਈ ਪੰਜਾਬੀ ਵਿੱਚ ਕੋਈ ਵੀ ਲਿਟਰੇਚਰ ਉਪਲਭਦ ਨਹੀਂ ਸੀ ਅਤੇ ਭਾਰਤ ਦੇ ਸਮਾਜਿਕ ਵਿਕਾਸ ਨੂੰ ਸਮਝਣ ਲਈ ਵੀ ਕੋਈ ਲਿਟਰੇਚਰ ਨਹੀਂ ਸੀ। ਇਸ ਲਈ ਚਲੀ ਆ ਰਹੀ ਸਾਮੰਤਵਾਦੀ ਮਾਨਸਿਕਤਾ ਤੋਂ ਛੁਟਕਾਰਾ ਹਾਸਲ ਨਾ ਕਰ ਸਕੇ।

1970 ਵਿੱਚ ਕਾ. ਚਾਰੂ ਮਜੂਮਦਾਰ ਵਾਲੀ ਤਾਲਮੇਲ ਕਮੇਟੀ ਨੂੰ ਬਕਾਇਦਾ ਪੋਲਿਟੀਕਲ ਜੱਥੇਬੰਦੀ ਬਣਾਉਣ ਦਾ ਫ਼ੈਸਲਾ ਕੀਤਾ। ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਕੰਮ ਕਰ ਰਹੇ ਨਕਸਲਾਈਟ ਵਿਚਾਰਧਾਰਾ ਦੇ ਸਾਥੀਆਂ ਨੇ ਆਪਣੀਆਂ ਜ਼ਿਲ੍ਹਾ ਕਮੇਟੀਆਂ

ਚੁਣੀਆਂ ਅਤੇ ਸੂਬਾ ਕਮੇਟੀ ਲਈ ਡੈਲੀਗੇਟ ਚੁਣੇ। ਜ਼ਿਲ੍ਹਾ ਜਲੰਧਰ ਦੀ ਵੀ ਜ਼ਿਲ੍ਹਾ ਕਮੇਟੀ ਚੁਣੀ ਗਈ ਅਤੇ ਸੂਬੇ ਲਈ ਡੈਲੀਗੇਟ ਚੁਣੇ ਗਏ। ਜਿਨ੍ਹਾਂ ਵਿੱਚ ਕਾ. ਬੂਝਾ ਸਿੰਘ, ਮੈਨੂੰ ਅਤੇ ਸੁਰਿੰਦਰ ਨੂੰ ਵੀ ਡੈਲੀਗੇਟਾਂ ਵਿੱਚ ਚੁਣਿਆ ਗਿਆ। ਸਾਰੇ ਜ਼ਿਲ੍ਹਿਆਂ ਤੋਂ ਆਏ ਡੈਲੀਗੇਟ ਇਕੱਠੇ ਹੋਏ, ਡੈਲੀਗੇਟਾਂ ਨੂੰ ਕਾ. ਚਾਰੂ ਮਜੂਮਦਾਰ ਨੇ ਸੰਬੋਧਨ ਕੀਤਾ। ਹੁਸ਼ਿਆਰਪੁਰ ਤੇ ਅੰਮ੍ਰਿਤਸਰ ਤੋਂ ਆਏ ਡੈਲੀਗੇਟਾਂ (ਮਾਸਟਰ ਬਚਿੱਤਰ ਸਿੰਘ ਤੇ ਇਕ-ਦੋ ਹੋਰ ਸਾਥੀ) ਨੇ ਮੇਰੇ ਦੁਆਰਾ (ਉਹਨਾਂ ਕੋਲ ਜਮਾਤੀ-ਦੁਸ਼ਮਣਾਂ ਦੇ ਸਫ਼ਾਏ ਬਾਰੇ ਮਤਭੇਦ ਉੱਤੇ) ਪ੍ਰਗਟ ਕੀਤੇ ਵਿਚਾਰਾਂ ਉੱਤੇ ਇਤਰਾਜ ਕਰਨ ਦੀ ਕੋਸ਼ਿਸ਼ ਕੀਤੀ, (ਕਿਉਂਕਿ ਉਹ ਆਪਣੇ ਲੀਡਰ ਦੇ ਪੋਲਿਟੀਕਲ ਵਿਚਾਰਾਂ ਦੀ ਮੁਖ਼ਾਲਫ਼ਤ ਨਹੀਂ ਸੀ ਝੱਲ ਸਕਦੇ) ਪਰ ਕਾਮਰੇਡ ਚਾਰੂ ਮਜੂਮਦਾਰ ਨੇ ਉਨ੍ਹਾਂ ਨੂੰ ਉਸੇ ਵੇਲੇ ਬਿਠਾ ਦਿੱਤਾ। ਦੁਬਾਰਾ ਕਾ. ਬਚਿੱਤਰ ਸਿੰਘ ਹੋਰਾਂ ਦੀ ਉੱਠ ਕੇ ਬੋਲਣ ਦੀ ਜੁਅਰਤ ਨਹੀਂ ਹੋਈ। ਇਹ ਗੱਲ ਸਾਥੀਆਂ ਦੀ ਭੀਰੂ-ਮਾਨਸਿਕਤਾ (Timid-Feudal) ਨੂੰ ਦਰਸਾਉਂਦੀ ਹੈ। ਜੇ ਉਹ ਮਾਰਕਸਵਾਦੀ ਸਿਧਾਂਤ ਦੁਆਰਾ ਗ੍ਰਹਿਣ ਕੀਤੀ ਗਈ ਵਿਗਿਆਨਕ ਸੋਚ ਤੋਂ ਚੰਗੀ ਤਰ੍ਹਾਂ ਜਾਣੂ ਹੁੰਦੇ ਤੇ ਖੁਦ ਸੋਚਣ ਦੇ ਕਾਬਲ ਹੁੰਦੇ ਤਾਂ ਆਪਣੇ ਵਿਚਾਰ ਨਿਰਭੈਅ ਹੋ ਕੇ ਰੱਖਦੇ।

ਇਕੱਠੇ ਹੋਏ ਡੈਲੀਗੇਟਾਂ ਨੇ ਸੂਬਾ ਕਮੇਟੀ ਦੀ ਚੋਣ ਕੀਤੀ ਉਸ ਵਿੱਚ ਸਾਥੀਆਂ ਨੇ ਮੈਨੂੰ ਸੂਬਾ ਕਮੇਟੀ ਦਾ ਮੈਂਬਰ ਲੈਣਾ ਚਾਹਿਆ, ਪਰ ਮੈਂ ਇਨਕਾਰ ਕਰ ਦਿੱਤਾ।

ਨਵੀਂ ਸੂਬਾ ਕਮੇਟੀ ਨੇ ਪਾਰਟੀ ਪੇਪਰ ਛਾਪਣ ਦੀ ਡਿਊਟੀ ਮੈਨੂੰ ਦੇ ਦਿੱਤੀ। ਮੇਰੇ ਨਾਲ ਸੁਰਿੰਦਰ ਤੇ ਜਗਰੂਪ ਦਾ (ਸੰਗਰੂਰ ਤੋਂ) ਯੂਨਿਟ ਬਣਾ ਦਿੱਤਾ। ਸੈਂਟਰਲ ਕਮੇਟੀ ਦੇ ਅਖ਼ਬਾਰ ਵਿੱਚ ਦੇਸ਼ ਦੀ ਪੋਲਿਟੀਕਲ ਤੇ ਆਰਥਿਕ ਹਾਲਤ ਬਾਰੇ ਜੋ ਲੇਖ ਆਉਂਦੇ ਉਨ੍ਹਾਂ ਦਾ ਉਲੱਥਾ (ਅਨੁਵਾਦ) ਕਰਕੇ ਪੰਜਾਬੀ ਵਿੱਚ ਛਾਪ ਦਿੰਦੇ, ਅਤੇ ਪਾਰਟੀ ਵੱਲੋਂ ਦੱਸੇ ਹੋਏ ਕੁਝ ਨੀਯਤ ਅੱਡਿਆਂ ਉੱਪਰ ਪਹੁੰਚਾ ਦਿੰਦੇ। ਜੇ ਕਿਤੇ ਸਾਡਾ ਅੱਡਾ ਲੀਕ ਹੋਣ ਦਾ ਥੋੜ੍ਹਾ ਖ਼ਤਰਾ ਵੀ ਮਹਿਸੂਸ ਹੁੰਦਾ ਤਾਂ ਅਸੀਂ ਥੋੜ੍ਹੇ ਸਮੇਂ ਵਿੱਚ ਹੀ ਜਗ੍ਹਾ ਬਦਲ ਲੈਂਦੇ। ਪੇਪਰ ਛਾਪਣ ਦਾ ਕੰਮ ਸੁਚਾਰੂ ਰੂਪ ਨਾਲ ਚੱਲਦਾ ਰਿਹਾ। ਪੰਜਾਬ ਵਿੱਚ 'ਨਕਸ਼ਲਾਈਟ ਮੂਵਮੇਂਟ' ਸ਼ੁਰੂ ਹੋਣ ਤੋਂ ਹੀ ਸਾਥੀਆਂ ਉੱਤੇ ਤਸ਼ੱਦਦ ਦਾ ਕਹਿਰ ਵਰਸਦਾ ਰਿਹਾ। ਪੰਜਾਬ ਪੁਲਿਸ ਜਿਸ ਵੀ ਸਾਥੀ ਨੂੰ ਫੜ ਲੈਂਦੀ ਉਸ ਨੂੰ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਮਾਰ ਹੀ ਦਿੰਦੀ। ਪਾਰਟੀ ਦੀ 'ਜਮਾਤੀ ਦੁਸ਼ਮਣਾਂ' ਦੇ ਸਫ਼ਾਏ ਦੀ ਲਾਈਨ ਸ਼ੁਰੂ ਹੋਣ ਤੋਂ ਬਾਅਦ ਇਹ ਸਰਕਾਰੀ ਤਸ਼ੱਦਦ ਬਹੁਤ ਜ਼ਿਆਦਾ ਵੱਧ ਗਿਆ। ਹਰ ਰੋਜ਼ ਆਲ ਇੰਡੀਆ ਰੇਡੀਓ ਚੰਡੀਗੜ੍ਹ ਤੋਂ ਸ਼ਾਮ ਨੂੰ ਨਸ਼ਰ ਹੋਣ ਵਾਲੇ ਸਰਕਾਰੀ ਬੁਲਿਟਨ ਵਿੱਚ ਇਕ ਜਾਂ ਦੋ ਨਕਸਲਾਈਟ ਕਾਮਰੇਡਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਜਾਣ ਦੀ ਖ਼ਬਰ ਆਉਂਦੀ ਰਹਿੰਦੀ।

ਪੰਜਾਬ ਦੀ ਸੂਬਾ ਪਾਰਟੀ ਕਮੇਟੀ ਬਣਨ ਦੇ ਦੋ ਢਾਈ ਮਹੀਨੇ ਬਾਅਦ ਹੀ ਜੁਲਾਈ 1970 ਵਿੱਚ ਕਾਮਰੇਡ ਬੂਝਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਉਹਦੇ ਉੱਤੇ

ਪਾਰਟੀ ਦੇ ਰਾਜ ਜਾਨਣ ਲਈ ਬਹੁਤ ਜ਼ਿਆਦਾ ਅੱਤ ਦਾ ਤਸ਼ੱਦਦ ਕਰਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਤੇ ਪਿੱਛੋਂ ਝੂਠਾ ਪੁਲਿਸ ਮੁਕਾਬਲਾ ਬਣਾ ਕੇ ਉਨ੍ਹਾਂ ਦੀ ਲਾਸ਼ ਨਹਿਰ ਦੀ ਪਟੜੀ ਉੱਤੇ ਸੁੱਟ ਦਿੱਤੀ ਤੇ ਉੱਪਰ ਪੱਗੜੀ ਵੀ ਸੁੱਟ ਦਿੱਤੀ। ਇਸ ਖ਼ਬਰ ਨਾਲ ਸਾਰੇ ਸਾਥੀਆਂ ਵਿੱਚ ਗੁੱਸੇ ਦੀ ਲਹਿਰ ਦੌੜ ਗਈ।

ਪੰਜਾਬ ਵਿੱਚ ਕਾਮਰੇਡ ਚਾਰੂ ਮਜੂਮਦਾਰ ਦੀ ਤਾਲਮੇਲ ਕਮੇਟੀ ਨਾਲੋਂ ਜਿਹੜੇ ਸਾਥੀ ਅਲੱਗ ਹੋ ਚੁੱਕੇ ਸਨ, ਉਹ ਵੀ ਮਿਹਨਤਕਸ਼ਾਂ ਦੀ ਕੋਈ ਜਥੇਬੰਦੀ ਨਹੀਂ ਉਸਾਰ ਸਕੇ। ਗਰੁੱਪਾਂ ਦੇ ਆਪਸ ਵਿੱਚੀਂ ਦੇ ਸਿਆਸੀ ਤੇ ਟੈਕਨੀਕਲ ਦਾਅਪੇਚ, ਮਤਭੇਦ ਦੁਸ਼ਮਣਾਨਾ ਵਿਰੋਧਤਾਈ ਵਿਚ ਤਬਦੀਲ ਹੋ ਗਏ। ਇਸ ਤਰ੍ਹਾਂ ਦੀਆਂ ਖ਼ਬਰਾਂ ਅਖ਼ਬਾਰਾਂ ਵਿੱਚ ਇਕ ਦੋ ਸੂਬਿਆਂ ਵਿੱਚੋਂ ਆਉਂਦੀਆਂ ਰਹਿੰਦੀਆਂ। ਪਾਰਟੀ ਅੰਦਰ ਸਾਥੀਆਂ ਵਿੱਚ ਇਹ ਵਿਚਾਰ ਭਾਰੂ ਹੋ ਗਿਆ ਕਿ "ਜਿਹੜਾ ਵੀ ਪਾਰਟੀ ਮੈਂਬਰ 'ਜਮਾਤੀ ਦੁਸ਼ਮਣ ਦੇ ਖ਼ੂਨ ਨਾਲ ਹੱਥ ਨਹੀਂ ਰੰਗਦਾ, ਉਹ ਪਾਰਟੀ ਮੈਂਬਰ ਹੋਣ ਦੇ ਕਾਬਲ ਨਹੀਂ।"

ਇਹ ਸਵਾਲ ਪਾਰਟੀ ਦੀ ਖ਼ੁਫੀਆ ਪ੍ਰੈਸ ਵਿੱਚ ਆਏ ਹੋਏ ਪਾਰਟੀ ਸੈਕਟਰੀ ਤੋਂ ਸੁਰਿੰਦਰ ਤੇ ਜਗਰੂਪ (ਸੰਗਰੂਰ) ਨੇ ਪੁੱਛਿਆ ਕਿ "ਕੀ ਅਸੀਂ ਇੱਥੇ ਕੰਮ ਕਰਦੇ ਹੋਏ ਵਰਕਰ ਪਾਰਟੀ ਮੈਂਬਰ ਨਹੀਂ ਹੋ ਸਕਦੇ" ਅਤੇ ਸੁਰਿੰਦਰ ਨੇ ਇਹ ਵੀ ਪੁੱਛਿਆ ਕਿ ਬਜ਼ੁਰਗ ਕਾਮਰੇਡਾਂ ਬਾਰੇ ਤੁਹਾਡਾ ਕੀ ਖਿਆਲ ਹੈ? ਪਰ ਉਸ ਕੋਲੋਂ ਕੋਈ ਤਸੱਲੀਬਖਸ਼ ਜਵਾਬ ਨਹੀਂ ਮਿਲ ਸਕਿਆ।

ਪਾਰਟੀ ਪੇਪਰ ਛਾਪਣ ਲਈ ਸਾਨੂੰ ਅੱਡੇ ਬਦਲਣੇ ਪੈਂਦੇ ਰਹਿੰਦੇ। ਛਪਿਆ ਹੋਇਆ ਪੇਪਰ ਮੈਂ ਨਿਸ਼ਚਿਤ ਜਗ੍ਹਾ ਉੱਤੇ ਪਹੁੰਚਾ ਦਿੰਦਾ। ਦੋ ਵਾਰ ਆਪਣੇ ਅੱਡੇ ਨੂੰ ਵਾਪਸ ਆਉਂਦਿਆਂ ਮੈਂ ਦੂਰੋਂ ਹੀ ਆਪਣੇ ਰਸਤੇ ਉੱਤੇ ਪੁਲਿਸ ਦਾ ਪਹਿਰਾ ਦੇਖਿਆ, ਜਿਸ ਤੋਂ ਬਚਣ ਵਿੱਚ ਮੈਂ ਕਾਮਯਾਬ ਹੋ ਗਿਆ ਅਤੇ ਮੈਂ ਦੂਸਰਾ ਰਸਤਾ ਫੜ ਕੇ ਅੱਗੇ ਨਿਕਲ ਗਿਆ। ਪਾਰਟੀ ਦੇ ਕੰਮ ਦੇ ਢੰਗਾਂ ਉੱਤੇ ਵੀ ਮੈਨੂੰ ਇਤਰਾਜ਼ ਸਨ, ਉਹ ਇਤਰਾਜ਼ ਮੈਂ ਸੂਬਾ ਪਾਰਟੀ ਸੈਕਟਰੀ ਅੱਗੇ ਦੋ-ਤਿੰਨ ਵਾਰ ਰੱਖੇ। ਉਹ ਇਤਰਾਜ਼ ਇਹ ਸਨ :-

1. ਜਮਾਤੀ-ਦੁਸ਼ਮਣਾਂ ਦੇ ਸਫ਼ਾਏ ਦੀ ਲਾਈਨ ਨਾਲ ਪਾਰਟੀ ਵਰਕਰਾਂ ਵਿੱਚ ਮਾਅਰਕੇਬਾਜ਼ੀ (Adventurism) ਦਾ ਰੁਝਾਨ ਉੱਭਰ ਰਿਹਾ ਹੈ।
2. ਕਾ. ਚੇਅਰਮੈਨ 'ਮਾਓ' ਚਾਈਨਾ ਦੀ ਕਮਿਊਨਿਸਟ ਪਾਰਟੀ ਦਾ ਚੇਅਰਮੈਨ ਹੈ, ਅਸੀਂ ਚੀਨ ਦੀ ਪਾਰਟੀ ਦੇ ਕੋਈ ਯੂਨਿਟ ਨਹੀਂ ਹਾਂ। ਅਸੀਂ ਭਾਰਤ ਦੇਸ਼ ਦੇ ਹਾਲਾਤ ਦੇ ਮੁਤਾਬਿਕ ਮਾਰਕਸਵਾਦੀ ਵਿਚਾਰਧਾਰਾ ਦੀ ਪਾਰਟੀ ਬਣਾ ਕੇ ਕੰਮ ਕਰਦੇ ਹਾਂ। ਦੂਜੇ ਦੇਸ਼ਾਂ ਦੀਆਂ ਮਾਰਕਸਵਾਦੀ ਪਾਰਟੀਆਂ ਨਾਲ ਸਾਡੇ ਵਿਚਾਰਧਾਰਕ ਸੰਬੰਧ ਹੋ ਸਕਦੇ ਹਨ।
3. ਪਾਰਟੀ ਵਿੱਚ ਜੋ ਪ੍ਰਚਾਰ ਹੋ ਰਿਹਾ ਹੈ ਕਿ ਬਿਹਾਰ ਤੇ ਬੰਗਾਲ ਵਿਚ 'ਲਾਲ ਫੌਜ' ਮਾਰਚ ਕਰ ਰਹੀ ਹੈ। ਇਹ ਅੰਦਾਜ਼ਾ ਠੀਕ ਨਹੀਂ, ਇਹ ਪ੍ਰਚਾਰ ਬੇ-ਬੁਨਿਆਦ

ਹੈ।

4. ਸੀ.ਪੀ.ਆਈ.ਐਮ. ਦੇ ਵਰਕਰ ਸਾਡੇ ਜਮਾਤੀ ਦੁਸ਼ਮਣ ਨਹੀਂ ਹਨ।

5. ਬੰਗਲਾ ਦੇਸ਼ ਦੀ ਲੜਾਈ ਦੇ ਦੋ ਪਹਿਲੂ ਹਨ:-

ਮਜੀਬੋ ਰਹਿਮਾਨ ਦੀ ਰਹਿਨੁਮਾਈ ਵਿੱਚ 'ਮੁਕਤੀ-ਵਾਹਿਨੀ' ਦੀ ਆਜ਼ਾਦੀ ਦੀ ਲੜਾਈ ਪਾਕਿਸਤਾਨ ਦੁਆਰਾ ਪੂਰਬੀ ਬੰਗਾਲ (ਬੰਗਲਾ ਦੇਸ਼) ਨੂੰ ਆਪਣੀ ਕਲੋਨੀ ਬਣਾ ਕੇ ਉਸ ਦੀ ਆਰਥਿਕ ਲੁੱਟ ਕਰਨ ਅਤੇ ਪਾਕਿਸਤਾਨੀ ਫੌਜ ਦੇ ਘੋਰ ਅੱਤਿਆਚਾਰ ਦੇ ਵਿਰੁੱਧ ਸੀ। ਭਾਰਤੀ ਸਰਕਾਰ ਦਾ ਹਿੱਤ ਪੂਰਬੀ ਬੰਗਾਲ ਨੂੰ ਪਾਕਿਸਤਾਨ ਨਾਲੋਂ ਤੋੜ ਕੇ (ਮੁਕਤੀ ਦਿਵਾ ਕੇ) ਇਕ ਅਜ਼ਾਦ ਦੇਸ਼ ਬਣਾਉਣਾ ਸੀ ਅਤੇ ਇਸ ਤਰ੍ਹਾਂ ਪਾਕਿਸਤਾਨ ਦੀ ਤਾਕਤ ਨੂੰ ਕਮਜ਼ੋਰ ਕਰਨਾ ਸੀ। ਚੀਨ ਦੀ ਪਾਲਿਸੀ (ਆਪਣੇ ਕੌਮੀ ਹਿੱਤ) ਪਾਕਿਸਤਾਨ ਨੂੰ ਇਕੱਠਾ ਰੱਖ ਕੇ ਭਾਰਤ ਦੇ ਖਿਲਾਫ਼ ਖੜਾ ਰੱਖਣਾ ਸੀ। ਸਾਨੂੰ ਮੁਕਤੀ ਵਾਹਿਨੀ ਦੀ ਅਜ਼ਾਦੀ ਦੀ ਲੜਾਈ ਦੀ ਮੁਖਾਲਫ਼ਤ ਨਹੀਂ ਕਰਨੀ ਚਾਹੀਦੀ।

ਮੈਂ ਪਾਰਟੀ ਸੈਕਟਰੀ ਅੱਗੇ ਸਾਰੇ ਇਤਰਾਜ਼ ਰੱਖੇ, ਕਿਉਂਕਿ ਪਾਰਟੀ ਦੀਆਂ ਇਨ੍ਹਾਂ ਪਾਲਸੀਆਂ ਕਾਰਨ ਹੀ ਨਾ ਤਾਂ ਕੋਈ ਜਨਤਕ ਜਥੇਬੰਦੀ ਹੀ ਖੜੀ ਕਰ ਸਕੇ ਹਾਂ ਅਤੇ ਲੋਕਾਂ ਵਿੱਚੋਂ ਵੀ ਨਿਖੜਦੇ ਜਾ ਰਹੇ ਹਾਂ।

ਸੂਬਾ ਪਾਰਟੀ ਸੈਕਟਰੀ ਨੇ ਕਿਹਾ ਕਿ ਮੈਂ ਤੁਹਾਨੂੰ ਪਾਰਟੀ ਲਾਈਟ ਉੱਤੇ ਕਨਵਿੰਸ ਨਹੀਂ ਕਰ ਸਕਦਾ ਅਤੇ ਤੁਹਾਡੇ ਇਤਰਾਜ਼ ਮੈਨੂੰ ਮਨਜ਼ੂਰ ਨਹੀਂ; ਇਸ ਲਈ ਮੈਨੂੰ ਪਾਰਟੀ ਸੈਕਟਰੀ ਨੇ ਕਿਹਾ ਕਿ "ਬੇਹਤਰ ਹੈ ਤੁਸੀਂ ਪਾਰਟੀ ਛੱਡ ਕੇ ਚਲੇ ਜਾਓ।" ਫਿਰ ਸੁਰਿੰਦਰ ਨੇ ਕਿਹਾ ਕਿ ਮੈਂ ਵੀ ਇਨ੍ਹਾਂ ਵਿਚਾਰਾਂ ਦੀ ਧਾਰਨੀ ਹਾਂ ਤਾਂ ਪਾਰਟੀ ਸੈਕਟਰੀ ਨੇ ਜਵਾਬ ਦਿੱਤਾ ਕਿ ਤੁਹਾਡੇ ਲਈ ਵੀ ਬਿਹਤਰ ਹੈ ਕਿ ਤੁਸੀਂ ਵੀ ਚਲੇ ਜਾਓ।

ਅਸੀਂ ਪ੍ਰੈਸ ਦਾ ਸਾਰਾ ਸਮਾਨ ਪਾਰਟੀ ਸੈਕਟਰੀ ਨੂੰ ਸੌਂਪ ਕੇ ਉੱਥੋਂ ਚਲੇ ਗਏ। ਜਿਹੜਾ ਪ੍ਰੈਸ ਦਾ ਸਾਮਾਨ ਦੂਸਰੇ ਅੱਡੇ ਤੇ ਪਿਆ ਸੀ ਉਹ ਵੀ ਕੁਝ ਦਿਨ ਬਾਅਦ ਪਾਰਟੀ ਨੂੰ ਸੌਂਪ ਦਿੱਤਾ। ਸਾਡੇ ਜਾਣ ਤੋਂ ਬਾਅਦ ਉਹ ਅੱਡੇ ਪਾਰਟੀ ਨੇ ਕਾਫ਼ੀ ਦੇਰ ਤੱਕ ਵਰਤੇ।

ਅੰਡਰਗਰਾਊਂਡ ਰਹਿੰਦੇ ਹੋਏ ਆਪਣੀ ਜੀਵਿਕਾ ਕਮਾਉਣਾ

ਸੂਬਾ-ਪਾਰਟੀ ਸੈਕਟਰੀ ਦੇ ਸੁਣਾਏ ਫੈਸਲੇ ਤੋਂ ਬਾਅਦ ਅਸੀਂ ਉਸ ਅੱਡੇ ਤੋਂ ਆਪਣਾ ਬੋਰੀਆ ਬਿਸਤਰਾ ਚੁੱਕ ਕੇ ਚਲੇ ਗਏ। ਅਸੀਂ ਰਸਤੇ ਵਿੱਚ ਸੋਚਦੇ ਜਾਂਦੇ ਸਾਂ ਕਿ 'ਕਮਿਊਨਿਸਟ ਮੂਵਮੈਂਟ' ਵਿਚ ਤੇ ਵਿਚਾਰਾਂ ਵਿੱਚ ਆਪਸੀ ਫਰਕ ਆਉਣ ਤੇ ਏਨੀਆਂ ਦੂਰੀਆਂ ਕਿਉਂ ਹੋ ਜਾਂਦੀਆਂ ਹਨ? ਜਿਹਦੇ ਨਤੀਜੇ ਦੇ ਤੌਰ 'ਤੇ ਪਾਰਟੀ ਵਿੱਚ ਫੁੱਟ ਪੈ ਜਾਂਦੀ ਹੈ ਅਤੇ ਉਹ ਅਲੱਗ-ਅਲੱਗ ਖੜੇ ਹੋ ਜਾਂਦੇ ਨੇ ਖਾਸ ਤੌਰ ਉੱਤੇ ਇਨਕਲਾਬੀ ਖਾਸੇ ਵਾਲੀ ਕਮਿਊਨਿਸਟ ਪਾਰਟੀ ਵਿੱਚ ਜਦ ਵਿਚਾਰਾਂ ਦਾ ਫ਼ਰਕ ਆਉਂਦਾ ਹੈ, ਉਦੋਂ ਉਨ੍ਹਾਂ ਸਾਥੀਆਂ ਵਿੱਚ ਸਹਿਣਸ਼ੀਲਤਾ ਦੀ ਘਾਟ ਕਿਉਂ ਆ ਜਾਂਦੀ ਹੈ? ਬਹੁਤੀ ਵਾਰੀ ਆਪਸ ਵਿੱਚ ਵੀ ਵਿਰੋਧਤਾਈ ਤਿੱਖਾ ਰੂਪ ਧਾਰਨ ਕਰ ਲੈਂਦੀ ਹੈ? ਜਿਸ ਵੇਲੇ ਇਕੱਲੇ-ਦੁਕੱਲੇ ਵਿਅਕਤੀ ਨੂੰ ਜਦੋਂ ਪਾਰਟੀ ਵਰਕ (ਕੰਮ) ਤੋਂ ਪਰੇ ਕਰ ਦਿੱਤਾ ਜਾਵੇ ਤਾਂ ਉਹ ਵਿਅਕਤੀ ਕਿਹੜਾ ਰਸਤਾ ਅਖਤਿਆਰ ਕਰੇ, ਖਾਸ ਤੌਰ ਤੇ ਜਿੰਦਾਂ ਦੀ ਸਥਿਤੀ ਦੇ ਵਿੱਚ ਅਸੀਂ ਉਸ ਵੇਲੇ ਸਾਂ ਤਾਂ ਸਾਡੇ ਵਰਗੇ ਵਿਅਕਤੀਆਂ ਨੂੰ ਕੀ ਰਸਤਾ ਅਖ਼ਤਿਆਰ ਕਰਨਾ ਚਾਹੀਦਾ ਹੈ?

ਅਸੀਂ (ਮੈਂ ਤੇ ਸੁਰਿੰਦਰ) ਮਾਰਕਸਵਾਦੀ ਦੀ ਵਿਚਾਰਧਾਰਾ ਉੱਤੇ ਕਨਵਿੰਸ ਹੋ ਕੇ ਆਪਣੇ ਭਾਰਤੀ ਸਮਾਜ ਨੂੰ ਤਬਦੀਲ ਕਰਨ ਦੇ ਰਾਹ ਉੱਤੇ ਚੱਲੇ ਸਾਂ। ਜਿਹੜੀ ਸਥਿਤੀ ਸਾਡੇ ਅੱਗੇ ਹੁਣ ਆ ਗਈ ਸੀ ਤਾਂ ਸਾਨੂੰ ਕੀ ਰਸਤਾ ਅਖ਼ਤਿਆਰ ਕਰਨਾ ਚਾਹੀਦਾ ਹੈ? ਅਸੀਂ ਆਪਣੀ ਮਾਰਕਸਵਾਦੀ ਵਿਚਾਰਧਾਰਾ ਦੀ ਕਨਵਿਕਸ਼ਨ ਛੱਡਣ ਲਈ ਤਿਆਰ ਨਹੀਂ ਸਾਂ। ਜਿਸ ਨਕਸਲਾਈਟ ਲਹਿਰ ਨਾਲ ਹੁਣ ਚੱਲੇ ਸਾਂ, ਕਿਸੇ ਦੂਸਰੀ ਪਾਰਟੀ ਜਾਂ ਗਰੁੱਪ ਵਿੱਚ ਸ਼ਾਮਿਲ ਹੋ ਕੇ ਫੁੱਟ ਪਾਉਣ ਦੇ ਸ਼ਿਕਾਰ ਵੀ ਨਹੀਂ ਬਣਨਾ ਚਾਹੁੰਦੇ ਸਾਂ ਅਤੇ ਨਾ ਹੀ ਸਰਕਾਰ ਅੱਗੇ ਝੁਕਣ ਲਈ ਤਿਆਰ ਸਾਂ। ਇਸ ਲਈ ਅਸੀਂ ਇਹ ਬਿਹਤਰ ਸਮਝਿਆ ਕਿ ਆਪਣੀ ਕੋਈ ਇਸ ਤਰ੍ਹਾਂ ਦੀ ਕਿਰਤ ਕਰੀਏ ਜਿਸ ਨਾਲ ਖੁਫ਼ੀਆ ਰਹਿੰਦੇ ਹੋਏ ਆਪਣਾ ਜੀਵਨ ਬਤੀਤ ਕਰ ਸਕੀਏ ਅਤੇ ਲੋਕਾਂ ਵਿੱਚ ਆਪਣਾ ਚੰਗਾ ਪ੍ਰਭਾਵ ਦੇ ਸਕੀਏ, ਕਿਉਂਕਿ ਸਾਡੇ ਪਿਛਲੇ ਜੀਵਨ ਦੇ ਅਮਲ ਨੇ ਸਾਨੂੰ ਇਹੀ ਸਿਖਾਇਆ ਸੀ। ਇਸ ਲਈ ਅਸੀਂ ਇਹ ਫੈਸਲਾ ਕੀਤਾ ਕਿ ਅਸੀਂ ਦਿੱਲੀ ਵਿੱਚ ਕੋਈ ਟਿਕਾਣਾ ਲੱਭ ਕੇ ਕਿਰਤ ਕਰਦੇ ਹੋਏ ਅੰਡਰਗਰਾਊਂਡ ਰਹਿ ਸਕਦੇ ਹਾਂ।

ਸਤੰਬਰ 1971 ਵਿੱਚ ਮੈਂ ਬਹੁਤ ਸਖ਼ਤ ਬਿਮਾਰ ਹੋ ਗਿਆ। ਵੱਡੇ ਭਰਾ ਜਗਦੀਸ਼

ਚੰਦਰ ਕੋਲੋਂ ਜੋ ਪੈਸੇ ਮਿਲੇ ਸਨ, ਉਹ ਵੀ ਖਤਮ ਹੋ ਰਹੇ ਸਨ। ਸੁਰਿੰਦਰ ਨੇ ਕੁਝ ਸਮਾਂ ਪਹਿਲਾਂ ਸਵੈਟਰ (Knitting) ਬੁਨਣ ਦਾ ਕੰਮ ਸਿੱਖਿਆ ਸੀ, ਸੋ ਦੁਕਾਨ ਤੋਂ (ਜੋ ਕਿ ਦੁਕਾਨਦਾਰ ਆਪਣੀ ਹੀ ਮਸ਼ੀਨ ਕਿਰਾਏ ਉੱਤੇ ਦੇ ਕੇ ਆਪਣੀ ਹੀ ਉਨ ਦੇ ਸਵੈਟਰ ਬਣਾਉਂਦਾ ਸੀ) ਲੈ ਕੇ ਸਵੈਟਰ ਬਣਾਉਣ ਦਾ ਕੰਮ ਕਰਨ ਲਗ ਪਈ।

ਸਾਨੂੰ ਆਪਣੀ ਰਿਹਾਇਸ਼ ਦੇ ਅੱਡੇ ਜਲਦੀ ਵਿੱਚ ਬਦਲਣੇ ਪੈਂਦੇ ਸਨ। ਇਸ ਲਈ ਖੁਦ ਆਪਣੀ ਮਸ਼ੀਨ ਲੈਣੀ ਜ਼ਰੂਰੀ ਹੋ ਗਈ। ਇਸ ਲਈ ਹਜ਼ਾਰ ਬਾਰਾਂ ਸੌ ਰੁਪਏ ਦੀ ਜ਼ਰੂਰਤ ਸੀ। ਇਸ ਸਿਲਸਿਲੇ ਵਿੱਚ ਆਪਣੇ ਪੋਲਿਟੀਕਲ ਦੋਸਤਾਂ ਅਤੇ ਰਿਸ਼ਤੇਦਾਰਾਂ ਤੋਂ ਕੁਝ ਮਦਦ ਮੰਗੀ ਤਾਂ ਉਹ ਕੰਨੀ ਕਤਰਾਉਣ ਲੱਗੇ। ਸਾਡੇ ਉੱਤੇ ਹੋ ਰਹੇ ਸਰਕਾਰੀ ਜਬਰ ਤੋਂ ਉਹ ਡਰ ਗਏ। ਸੋ ਅਸੀਂ ਸਖ਼ਤ ਮਿਹਨਤ ਕਰਕੇ ਪੈਸੇ ਇਕੱਠੇ ਕੀਤੇ ਤੇ 800 ਰੁ: ਦੀ ਆਪਣੀ ਨਿਟਿੰਗ ਮਸ਼ੀਨ ਖਰੀਦ ਲਈ। ਸਖ਼ਤ ਬੀਮਾਰੀ (ਟਾਈਫਾਈਡ ਮਲੇਰੀਏ) ਕਰਕੇ ਮੇਰੀ ਖੱਬੀ ਅੱਖ ਕਾਲੇ ਮੋਤੀਏ ਨਾਲ ਖ਼ਤਮ ਹੋ ਗਈ। ਅਸੀਂ ਇਕ ਨਵੀਂ ਬਣੀ ਪੌਸ਼ ਕਲੋਨੀ ਵਿਚ ਕਿਰਾਏ ਉੱਤੇ ਕਮਰਾ ਲੈ ਲਿਆ, ਹਾਲਾਂਕਿ ਕਿਰਾਇਆ ਕੁਝ ਜ਼ਿਆਦਾ ਸੀ ਤੇ ਉੱਥੇ ਔਰਤਾਂ ਨੇ ਸੁਰਿੰਦਰ ਨੂੰ ਕਿਹਾ ਕਿ 'ਲੋਕਾਂ ਨੇ ਕਰਜ਼ ਚੁੱਕ ਕੇ ਮਕਾਨ ਬਣਾਏ ਹਨ ਸੋ ਤੁਹਾਡੇ ਤੋਂ ਸਵੈਟਰ ਕੌਣ ਬਣਵਾਏਗਾ? ਪਰ ਅਸੀਂ ਮਾਰਕਸਵਾਦੀ ਜਾਣਦੇ ਸਾਂ ਕਿ ਮੰਡੀ ਵਿੱਚ ਅੱਛਾ ਤੇ ਸਸਤਾ ਮਾਲ ਦੇ ਕੇ ਜਗ੍ਹਾ ਬਣਾਈ ਜਾ ਸਕਦੀ ਹੈ। ਫਿਰ ਜਿਨ੍ਹਾਂ ਨੇ ਵਧੀਆ ਮਕਾਨ ਬਣਾਏ ਹਨ, ਉਹ ਕਪੜੇ ਵੀ ਵਧੀਆ ਹੀ ਪਾਉਣਗੇ।

ਸੁਰਿੰਦਰ ਨੇ ਬਚਪਨ ਤੋਂ ਹੀ ਹੱਥਾਂ ਦੀ ਸਖ਼ਤ ਮਿਹਨਤ ਕੀਤੀ ਸੀ, ਸੋ ਹੱਥਾਂ ਵਿੱਚ ਸਥਿਰਤਾ (STEADINESS) ਤੇ ਤੇਜ਼ੀ (FASTNESS) ਸੀ ਅਤੇ ਦ੍ਰਿੜਤਾ ਵੀ ਬਹੁਤ ਸੀ। ਆਪਣੇ ਕੰਮ ਨੂੰ ਸੁੰਦਰ ਤੇ ਨਫ਼ੀਸ ਢੰਗ ਨਾਲ ਕਰਕੇ ਆਪਣੀ ਜਗ੍ਹਾ ਬਣਾ ਲਈ। ਬੁਣਾਈ ਦਾ ਰੇਟ ਵੀ ਸ਼ਹਿਰ ਨਾਲੋਂ ਘੱਟ ਰੱਖਿਆ ਸੀ ਸੋ ਕੁਝ ਔਰਤਾਂ ਮਰਦਾਂ ਨੇ ਬਣੇ ਸਵੈਟਰ ਦੇਖੇ ਤੇ ਦੂਸਰਿਆਂ ਕੋਲ ਵੀ ਨਫ਼ੀਸ ਕੰਮ ਦੀ ਤਾਰੀਫ਼ ਕੀਤੀ, ਕੁਝ ਸਮੇਂ ਵਿੱਚ ਹੀ ਕੰਮ ਬਹੁਤ ਆ ਗਿਆ।

ਸੁਰਿੰਦਰ ਨੂੰ ਰੋਜ਼ ਸੋਲਾਂ-ਸਤਾਰਾਂ ਘੰਟੇ ਤੱਕ ਕੰਮ ਕਰਦਾ ਦੇਖ ਕੇ ਇਕ ਕੇਨਰਾ ਬੈਂਕ ਦਾ ਮੈਨੇਜਰ ਤੇ ਪਤਨੀ ਨੇ ਸਾਨੂੰ ਸੁਝਾਅ ਦਿੱਤਾ ਕਿ "ਅਸੀਂ ਬੈਂਕ ਤੋਂ ਲੋਨ ਲੈ ਕੇ ਦੇਣ ਵਿੱਚ ਮਦਦ ਕਰ ਸਕਦੇ ਹਾਂ। ਗਰਮੀਆਂ ਵਿੱਚ ਥੋਕ ਉਨ ਲੈ ਕੇ ਆਪਣੇ ਸਵੈਟਰ ਬਣਾ ਕੇ ਸਰਦੀ ਵਿੱਚ ਵੇਚ ਸਕਦੇ ਹੋ। ਇਸ ਨਾਲ ਤੁਹਾਡੀ ਮਿਹਨਤ ਵੀ ਘੱਟ ਜਾਵੇਗੀ। ਲੋਨ ਦੀਆਂ ਕਿਸ਼ਤਾਂ ਸਰਦੀਆਂ ਵਿੱਚ ਦਿੰਦੇ ਜਾਣਾ। ਗੁਜ਼ਾਰਾ ਤੇ ਕੰਮ ਆਸਾਨ ਹੋ ਜਾਵੇਗਾ।"

ਪਰ ਸੁਰਿੰਦਰ ਨੇ ਕਿਹਾ ਕਿ ਮੈਂ ਸ਼ਾਦੀ ਨਹੀਂ ਕਰਵਾਈ ਤੇ ਮੈਂ ਕਿਸੇ ਦੀ ਗਰੰਟੀ ਬੈਂਕ ਨੂੰ ਨਹੀਂ ਦੇ ਸਕਦੀ ਫਿਰ ਮੈਂ ਕਿਸੇ ਉੱਤੇ ਬੋਝ ਵੀ ਨਹੀਂ ਬਣਨਾ ਚਾਹੁੰਦੀ। ਬੈਂਕ ਮੈਨੇਜਰ ਨੇ ਆਪਣੇ ਹੀ ਰਿਸਕ ਉੱਤੇ ਲੋਨ ਲੈ ਦਿੱਤਾ।

ਚੰਗਾ ਕੰਮ ਦੇਖ ਕੇ ਕੁਝ ਲੜਕੀਆਂ ਕੰਮ ਸਿੱਖਣ ਲਈ ਵੀ ਆ ਗਈਆਂ ਉਨ੍ਹਾਂ ਦੀ ਫ਼ੀਸ ਅਤੇ ਉਨ ਦੇ ਮੁਨਾਫ਼ੇ ਨਾਲ ਸਾਡਾ ਗੁਜ਼ਾਰਾ ਚੰਗਾ ਹੋ ਗਿਆ।

ਬੀਮਾਰੀ ਤੋਂ ਠੀਕ ਹੋ ਕੇ ਮੈਂ ਸੁਰਿੰਦਰ ਨਾਲ ਮਦਦ ਕਰਨ ਲੱਗ ਪਿਆ। ਸੁਰਿੰਦਰ ਮੈਨੂੰ ਲਿਖਵਾ ਦਿੰਦੀ ਕਿ ਕਿੰਨੇ ਜੋੜ ਲਾਉਣੇ ਹਨ ਤੇ ਕਿੰਨੀਆਂ ਸਿਲਾਈਆਂ ਪੈਣੀਆਂ ਹਨ ਤੇ ਕਿੰਨੇ ਇੰਚ ਸਵੈਟਰ ਬਨਣਾ ਹੈ। ਇਸ ਤੋਂ ਛੋਟਾ-ਵੱਡਾ ਮੈਂ ਆਪ ਹੀ ਲਿਖਣ ਲੱਗ ਪਿਆ।

ਇਹ ਸਵੈਟਰ ਲਿਖ ਕੇ ਲੜਕੀਆਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਹੀ ਪਹੁੰਚਾ ਆਉਂਦਾ ਤੇ ਦੂਸਰੇ ਦਿਨ ਲੈ ਵੀ ਆਉਂਦਾ। ਸਵੈਟਰ ਸੀਊਣ ਵਾਲੀ, ਕਢਾਈ ਵਾਲੀ ਲੜਕੀ ਨੂੰ ਵੀ ਸੁਰਿੰਦਰ ਸਿਖਾ ਦਿੰਦੀ ਤੇ ਉਨ੍ਹਾਂ ਨੂੰ ਸਵੈਟਰ ਉਨ੍ਹਾਂ ਦੇ ਘਰ ਪਹੁੰਚਾ ਕੇ ਦੂਸਰੇ ਦਿਨ ਲਿਆਉਣ ਦਾ ਕੰਮ ਮੈਂ ਤੜਕੇ ਹੀ ਪੈਦਲ ਜਾ ਕੇ ਕਰ ਲੈਂਦਾ ਤੇ ਇਸ ਤਰ੍ਹਾਂ ਸੈਰ ਵੀ ਹੋ ਜਾਂਦੀ।

ਸੁਰਿੰਦਰ ਸਵੇਰੇ ਸਵੈਟਰ ਬਣਾਉਂਦੀ ਹੁੰਦੀ, ਮੈਂ ਕਮਰੇ ਦੀ ਤੇ ਰਸੋਈ ਦੀ ਸਫ਼ਾਈ ਦਾ, ਬਰਤਨ ਸਾਫ਼ ਕਰਨ ਦਾ ਕੰਮ ਕਰ ਲੈਂਦਾ। ਮੈਨੂੰ ਘਰ ਦਾ ਕੰਮ ਕਰਦਾ ਦੇਖ ਕੇ ਆਸ-ਪਾਸ ਦੇ ਕਈ ਆਦਮੀ ਵੀ ਆਪਣੇ ਘਰ ਵਿੱਚ ਮਦਦ ਕਰਨ ਲੱਗ ਪਏ।

ਬੈਂਕ ਦੀਆਂ ਕਿਸ਼ਤਾਂ ਅਸੀਂ ਮਿੱਥੇ ਹੋਏ ਸਮੇਂ ਉੱਤੇ ਉਤਾਰਦੇ ਰਹੇ। ਸੋ 6 ਸਾਲ ਤੱਕ ਸਾਡਾ ਲੋਨ ਚੱਲਦਾ ਰਿਹਾ। ਫਿਰ ਮਕਾਨ ਜ਼ਰਾ ਦੂਰ ਲੈਣ ਉੱਤੇ ਪੰਜਾਬ ਨੈਸ਼ਨਲ ਬੈਂਕ ਦੇ ਇਕ ਬ੍ਰਾਂਚ ਮੈਨੇਜਰ ਨੇ ਲੋਨ ਦੇਣਾ ਸ਼ੁਰੂ ਕਰ ਦਿੱਤਾ। ਜਦ ਵੀ ਮਕਾਨ ਮਾਲਕ ਨੂੰ ਕਮਰਾ ਚਾਹੀਦਾ ਹੁੰਦਾ ਅਸੀਂ ਦੂਸਰੀ ਜਗ੍ਹਾ ਕਮਰਾ ਲੈ ਲੈਂਦੇ, ਇਸ ਦੀ ਮਦਦ ਕਈ ਵਾਰ ਮਕਾਨ ਮਾਲਕ ਨਾਲ ਜਾ ਕੇ ਕਰ ਦਿੰਦੇ। ਪਰ ਜਦ ਵੀ ਅਸੀਂ ਕਮਰਾ ਬਦਲਦੇ ਕਮਰਾ ਛੋਟਾ ਹੋ ਜਾਂਦਾ ਤੇ ਕਿਰਾਇਆ ਵਧਿਆ ਹੁੰਦਾ।

ਅਸੀਂ ਜਦ ਵੀ ਨਵੀਂ ਜਗ੍ਹਾ ਜਾਂਦੇ (ਨਵੇਂ ਮੁਹੱਲੇ ਵਿੱਚ) ਸਾਡਾ ਕੰਮ ਵਧ ਜਾਂਦਾ। ਹਾਲਾਂਕਿ ਅਸੀਂ ਮਸ਼ਹੂਰੀ ਨਹੀਂ ਸੀ ਕਰਦੇ ਅਤੇ ਨਾ ਹੀ ਘਰ ਅੱਗੇ ਬੋਰਡ ਹੀ ਲਗਾਉਂਦੇ। ਔਰਤਾਂ ਹੀ ਇਕ ਦੂਸਰੇ ਨੂੰ ਦੱਸ ਦਿੰਦੀਆਂ ਕਿ "ਇਸ ਬਲਾਕ ਦੀ ਬੈਕ ਸਾਈਡ ਦੀ ਜੋ ਵੀ ਗਲੀ ਸਾਫ਼ ਸੁਥਰੀ ਹੋਵੇਗੀ ਤੇ ਉਸ ਗਲੀ ਵਿੱਚ ਚਲੇ ਜਾਣਾ ਫਿਰ ਜਿਸ ਘਰ ਵਿੱਚ (ਵਿਹੜੇ ਵਿੱਚ) ਸੁੰਦਰ ਫੁੱਲ, ਮਨੀ ਪਲਾਂਟ ਲਗਾ ਕੇ ਗਮਲੇ ਪਏ ਹੋਣਗੇ ਉੱਥੇ ਚਲਾ ਜਾਣਾ।"

ਅਸੀਂ ਆਪਣੀ ਉਨ ਦੇ ਸਵੈਟਰ ਬਣਾ ਕੇ ਵੇਚਦੇ ਸਾਂ, ਉਸ ਦਾ ਵਜ਼ਨ ਕਰਕੇ (ਉਨ ਦੇ ਪੈਸੇ+ਬਟਨ+ਸਿਲਾਈ+ਕਢਾਈ ਲਗਾ ਕੇ) ਕੁੱਲ ਖ਼ਰਚ ਦੀ ਪਰਚੀ ਦੇ ਦਿੰਦੇ ਤੇ ਪੈਸੇ ਲੈ ਲੈਂਦੇ, ਕਦੇ ਵੀ ਕਿਸੇ ਦਾ ਇਤਰਾਜ਼ ਨਹੀਂ ਆਇਆ। ਕਿਸੇ ਵੀ ਮਿਹਨਤਕਸ਼ ਔਰਤ ਦੀ ਬੁਨਾਈ ਛੱਡਣੀ ਪੈਂਦੀ ਤਾਂ ਅਸੀਂ ਉਹ ਵੀ ਛੱਡ ਦਿੰਦੇ।

ਸੁਰਿੰਦਰ ਦਾ ਸੱਭਿਆ ਵਿਵਹਾਰ ਤੇ ਰਹਿਣ-ਸਹਿਣ ਔਰਤਾਂ ਨੂੰ ਅੱਛਾ ਲੱਗਦਾ। ਸਵੈਟਰ ਬਣਾਉਣ ਵਾਲੀਆਂ ਲੜਕੀਆਂ ਸੁਰਿੰਦਰ ਦੀਆਂ ਸਹੇਲੀਆਂ ਬਣ ਗਈਆਂ।

ਬਹੁਤੀਆਂ ਲੜਕੀਆਂ ਨੇ ਉਨ੍ਹਾਂ ਨੂੰ ਹੀ ਸਾਡੇ ਰਿਸ਼ਤੇਦਾਰ ਸਮਝਿਆ। ਕਈ ਲੜਕੀਆਂ ਤਾਂ ਸੁਰਿੰਦਰ ਕੋਲ ਹੁਣ ਵੀ ਆਉਂਦੀਆਂ ਹਨ। ਇਸ ਤਰ੍ਹਾਂ ਅਸੀਂ ਉੱਥੇ ਸਮਾਜਿਕ ਜੀਵਨ ਵਿੱਚ ਖਪ ਗਏ ਸੀ, ਜੋ ਸਾਡੇ ਲਈ ਜ਼ਰੂਰੀ ਸੀ।

ਅੰਡਰਗਰਾਊਂਡ ਰਹਿੰਦੇ ਹੋਏ ਮੈਂ ਤਿੰਨ-ਚਾਰ ਵਾਰ ਸਖ਼ਤ ਬਿਮਾਰੀ ਨੂੰ ਝੱਲਦਾ ਹੋਇਆ ਆਪਣਾ ਇਲਾਜ ਨੇਚਰ ਕੇਅਰ ਦੀਆਂ ਕਿਤਾਬਾਂ ਅਤੇ ਹੋਮਿਓਪੈਥੀ ਦੀਆਂ ਕਿਤਾਬਾਂ ਪੜ੍ਹ ਕੇ ਹੀ ਕਰਦਾ ਰਿਹਾ। ਇਹ ਕਿਤਾਬਾਂ ਸਨ ... Every body's guide to Nature Care by Harri Benjamin, Your Diet in Health and Direase.

(Homeopathic Books, Dr. Kents Materia Medica & Repotry by Dr. Bhattachary) Biochemic Dr. Schussalar's Twelve Tissue Remedies)

ਸਵੈਟਰ ਜ਼ਿਆਦਾ ਦੇਰ ਤੱਕ ਬੁਣਦੇ ਰਹਿਣ ਕਰਕੇ ਉਨ ਦੀ ਧੂੜ ਚੜ੍ਹਣ ਕਰਕੇ ਸੁਰਿੰਦਰ ਨੂੰ ਵੀ ਟਾਈਫਾਈਡ ਹੋ ਗਿਆ ਜੋ ਤਿੰਨ ਮਹੀਨੇ ਬਾਅਦ ਠੀਕ ਹੋਇਆ ਪਰ ਕਮਜ਼ੋਰੀ ਬਹੁਤ ਹੋ ਗਈ। ਛਾਤੀ ਰੁਕਣ ਕਰਕੇ ਅਸੀਂ ਸਵੈਟਰ ਬੁਣਨ ਵਾਲੀ ਮਸ਼ੀਨ ਅਤੇ ਉਨ ਨਾਲ ਹੀ ਲੈ ਕੇ ਪਹਾੜ ਉੱਤੇ ਚਲੇ ਗਏ, ਉੱਥੇ ਕੁਝ ਠੀਕ ਹੋ ਕੇ ਸਵੈਟਰ ਬਣਾਏ ਉਹ ਵੇਚ ਕੇ ਆਪਣਾ ਖ਼ਰਚ ਚਲਾ ਲਿਆ ਤੇ ਸਰਦੀ ਆਉਣ ਤੋਂ ਪਹਿਲਾਂ ਹੀ ਆਪਣੇ ਅੱਡੇ ਉੱਤੇ ਆ ਗਏ।

ਦਿੱਲੀ ਪਹੁੰਚ ਕੇ ਕੰਮ ਸ਼ੁਰੂ ਕਰ ਦਿੱਤਾ, ਪਰ ਮੇਰੀ ਦੂਸਰੀ ਅੱਖ ਵਿੱਚ ਵੀ ਕਾਲੇ ਮੋਤੀਏ ਦਾ ਅਸਰ ਦੇਖ ਕੇ ਡਾ. ਨੇ ਛੇਤੀ ਅਪ੍ਰੇਸ਼ਨ ਲਈ ਕਿਹਾ ਤੇ ਅੱਖਾਂ ਦਾ ਡਾ. ਅਪਰੇਸ਼ਨ ਦਾ ਸਾਮਾਨ ਲੈ ਕੇ ਸਾਡੇ ਘਰ ਹੀ ਆ ਗਿਆ। ਸੁਰਿੰਦਰ ਨੇ ਪੈਸੇ ਆਪਣੀ ਸਹੇਲੀ ਤੋਂ ਲੈ ਕੇ ਦਿੱਤੇ। ਸੋ ਅੱਖ ਬਚ ਗਈ। ਅਪਰੇਸ਼ਨ ਕਾਮਯਾਬ ਰਿਹਾ।

ਵਾਰੰਟ ਮਨਸੂਖ਼ ਹੋਣ 'ਤੇ ਨੂਰਮਹਿਲ ਵਾਪਸੀ

1982 ਵਿੱਚ ਬੀਬੀ ਤੇਜਵੰਤੀ ਧੀਰ (ਨਕੋਦਰ) ਨੇ ਕਾ. ਭਗਤ ਸਿੰਘ ਬਿਲਗਾ ਜੀ ਦੇ ਕਹਿਣ ਉੱਤੇ ਸਾਡੇ ਨਾਲ ਸੰਪਰਕ ਕੀਤਾ ਅਤੇ ਦੱਸਿਆ ਕਿ ਜਿਹੜੇ ਕੇਸ ਤੇਰੇ ਉੱਤੇ ਹਨ, ਉਨ੍ਹਾਂ ਕੇਸਾਂ ਵਾਲੇ ਦੂਸਰੇ ਸਾਰੇ ਸਾਥੀ ਬਰੀ ਹੋ ਚੁੱਕੇ ਹਨ। ਅਸੀਂ ਤੇਰੇ ਕੇਸ ਪੰਜਾਬ ਹਾਈਕੋਰਟ ਵਿੱਚ ਲੜਨਾ ਚਾਹੁੰਦੇ ਹਾਂ। ਜ਼ਿਲ੍ਹਾ ਕਾਂਗੜੇ ਵਾਲੇ ਕੇਸ ਦੇ ਸਾਥੀ ਵੀ ਬਰੀ ਹੋ ਚੁੱਕੇ ਹਨ। ਮੈਂ ਜੁਆਬ ਦਿੱਤਾ ਕਿ ਮੈਂ ਹਾਈਕੋਰਟ ਵਿੱਚ ਪੇਸ਼ ਨਹੀਂ ਹੋਣਾ। ਸੋ ਕਾ. ਬਿਲਗਾ ਜੀ ਨੇ ਇਕ ਹਮਦਰਦ ਡਾਕਟਰ ਦੇ ਜ਼ਰੀਏ ਮੈਨੂੰ ਦਿਖਾ ਕੇ ਮੇਰੀ ਬਿਮਾਰੀ ਦਾ ਸਰਟੀਫਿਕੇਟ ਬਣਵਾ ਕੇ ਐਡਵੋਕੇਟ ਹਰਭਜਨ ਸਿੰਘ ਸੰਘਾ ਨੇ ਹਾਈਕੋਰਟ ਵਿੱਚ ਕੇਸ ਕਰ ਦਿੱਤਾ। ਕਿਉਂਕਿ ਮੈਂ ਅਕਸਰ ਬੀਮਾਰ ਰਹਿੰਦਾ ਸਾਂ। ਐਡਵੋਕੇਟ ਹਰਭਜਨ ਸਿੰਘ ਸੰਘਾ ਨੇ ਮੇਰਾ ਕੇਸ ਹਾਈਕੋਰਟ ਵਿੱਚ ਕਾਮਯਾਬੀ ਨਾਲ ਲੜਿਆ (PLEAD) ਕੀਤਾ। ਮੈਂ ਉਨ੍ਹਾਂ ਕੇਸਾਂ ਵਿੱਚੋਂ ਬਰੀ ਹੋ ਗਿਆ।

ਇਹ ਇਤਲਾਹ ਸਾਨੂੰ ਅਕਤੂਬਰ 1982 ਦੇ ਪਹਿਲੇ ਹਫ਼ਤੇ ਹੀ ਪਹੁੰਚ ਗਈ।

ਮੇਰੇ ਵੱਡੇ ਭਰਾ ਜਗਦੀਸ਼ ਚੰਦਰ ਤੇ ਭਾਬੀ ਪ੍ਰਤਿਮਾ ਦੇਵੀ ਜੀ ਨੇ ਕਿਹਾ ਕਿ ਬਾਗ ਦਾ ਕੰਮ ਬਹੁਤ ਖਰਾਬ ਹੋ ਚੁੱਕਾ ਹੈ, ਇਸ ਲਈ ਤੁਸੀਂ ਨੂਰਮਹਿਲ ਜਾ ਕੇ ਬਾਗ ਨੂੰ ਫਿਰ ਤੋਂ ਸੰਭਾਲੋ। ਇਸ ਲਈ ਅਸੀਂ ਨੂਰਮਹਿਲ ਆਉਣ ਦਾ ਫੈਸਲਾ ਕਰ ਲਿਆ।

ਅਕਤੂਬਰ 1982 ਦੇ ਦੂਸਰੇ ਹਫ਼ਤੇ ਆਪਣਾ ਥੋੜ੍ਹਾ ਜਿਹਾ ਸਾਮਾਨ ਲੈ ਕੇ ਅਸੀਂ ਨੂਰਮਹਿਲ ਆ ਗਏ। 15 ਦਿਨ ਬਾਗ਼ ਦੇ ਕਮਰੇ ਦੀ ਸਫਾਈ ਵਗੈਰਾ ਕਰਕੇ ਵਾਪਸ ਦਿੱਲੀ ਨੂੰ ਚਲੇ ਗਏ ਤਾਂ ਕਿ ਆਪਣਾ ਬਾਕੀ ਦਾ ਸਮਾਨ ਲੈ ਆਈਏ। ਦਿੱਲੀ ਜਾ ਕੇ ਅਸੀਂ ਉਨ੍ਹਾਂ ਲੋਕਾਂ ਦੇ ਐਡਵਾਂਸ ਆਏ ਹੋਏ ਪੈਸੇ ਵਾਪਸ ਕੀਤੇ, ਜਿਨ੍ਹਾਂ ਨੇ ਆਪਣੇ ਸਵੈਟਰ ਬਣਾਉਣ ਲਈ ਪੈਸੇ ਦੇ ਰੱਖੇ ਸਨ ਅਤੇ ਪੰਜਾਬ ਨੈਸ਼ਨਲ ਬੈਂਕ ਤੋਂ ਜਿਹੜਾ ਲੋਨ ਲਿਆ ਸੀ, ਉਹ ਵੀ ਜਾ ਕੇ ਵਾਪਸ ਕੀਤਾ। ਇਸ ਤਰ੍ਹਾਂ ਸਾਰਿਆਂ ਦਾ ਹਿਸਾਬ-ਕਿਤਾਬ ਕਲੀਅਰ ਕਰਕੇ ਅਸੀਂ ਆਪਣਾ ਸਮਾਨ ਚੁੱਕ ਕੇ ਵਾਪਸ ਨੂਰਮਹਿਲ ਆ ਗਏ।

ਨੂਰਮਹਿਲ ਬਾਗ਼ ਦੀ ਮੁੜ ਸੁਰਜੀਤੀ

ਨਵੰਬਰ 1982 ਵਿੱਚ ਅਸੀਂ ਬਾਗ਼ ਤੇ ਖੇਤੀ ਨੂੰ ਮੁੜ ਸੁਰਜੀਤ ਕਰਨਾ ਸ਼ੁਰੂ ਕੀਤਾ। ਸਾਡੀ ਗੈਰ ਹਾਜ਼ਰੀ ਵਿੱਚ ਪਿੱਛੇ ਰਹਿੰਦੇ ਬਾਗ ਵਿੱਚ ਬੈਠੇ ਕਰਮਚਾਰੀਆਂ ਨੇ ਬਾਗ ਵਿੱਚੋਂ ਬਾਹਰਲੇ ਮੁਲਕਾਂ ਨੂੰ ਲੇਬਰ ਭੇਜਣ ਦਾ ਵਪਾਰ (ਦਲਾਲੀ) ਸ਼ੁਰੂ ਕੀਤਾ ਹੋਇਆ ਸੀ। ਬਾਗ਼ ਦੀ ਪੁਰਾਣੀ ਪੋਲਿਟੀਕਲ ਦਿੱਖ ਖ਼ਤਮ ਹੋ ਚੁੱਕੀ ਸੀ। ਅਸੀਂ ਸਖ਼ਤੀ ਨਾਲ ਇਸ ਚੱਲ ਰਹੇ ਧੰਦੇ ਨੂੰ ਬੰਦ ਕਰਵਾਇਆ, ਜਿਸ ਨਾਲ ਬਦਨਾਮੀ ਹੋ ਰਹੀ ਸੀ। ਬਾਗ਼ ਨੂੰ ਆਪਣੀ ਪਹਿਲੀ ਸ਼ਕਲ ਅਤੇ ਆਮਦਨ ਦੇਣ ਯੋਗ ਬਣਾਉਣ ਲਈ (ਸਖ਼ਤ ਮਿਹਨਤ ਨਾਲ) ਦੋ ਸਾਲ ਲੱਗ ਗਏ।

ਨੂਰਮਹਿਲ ਆਉਣ ਉੱਤੇ ਸਾਨੂੰ ਸੀ.ਪੀ.ਆਈ., ਸੀ.ਪੀ.ਆਈ.ਐਮ. ਦੇ ਸਾਥੀ ਅਤੇ ਨਕਸਲਾਈਟ ਗਰੁੱਪ ਦੇ ਸਾਥੀ ਮਿਲਣ ਲਈ ਆਉਂਦੇ ਰਹਿੰਦੇ। ਜੇ ਉਹ ਕਿਸੇ ਵੀ ਪਾਰਟੀ ਦੇ ਸਾਥੀ ਸਾਨੂੰ ਫੰਡ ਇਕੱਠਾ ਕਰਨ ਜਾਂ ਕਿਸੇ ਲੋਕਾਂ ਦੇ ਮਸਲੇ ਨੂੰ ਲੈ ਕੇ ਐਜੀਟੇਸ਼ਨ ਨੂੰ ਵੀ ਕਹਿੰਦੇ ਤਾਂ ਅਸੀਂ ਉਨ੍ਹਾਂ ਦੇ ਨਾਲ ਸਹਿਯੋਗ ਦਿੰਦੇ। ਭਾਵੇਂ ਵਿਚਾਰਧਾਰਕ ਤੌਰ 'ਤੇ ਉਨ੍ਹਾਂ ਨਾਲ ਇਤਖ਼ਲਾਫ਼ (ਮਤਭੇਦ) ਤਾਂ ਸੀ ਪਰ ਮੈਂ ਭਾਰਤ ਵਿੱਚ ਕਮਿਊਨਿਸਟ ਲਹਿਰ ਲਈ ਉਨ੍ਹਾਂ ਸਭ ਦਾ ਯੋਗਦਾਨ ਸਮਝਦਾ ਸੀ। ਇਸ ਲਈ ਮੈਨੂੰ ਉਨ੍ਹਾਂ ਨਾਲ ਕੋਈ ਤੁਅੱਸਬ (Prejudice) ਨਹੀਂ ਸੀ। ਕਮਿਊਨਿਸਟ ਲਹਿਰ ਵਿੱਚ ਜਿੰਨੇ ਵੀ ਸਾਥੀ ਆਏ ਸਨ, ਉਹ ਮਾਰਕਸਵਾਦੀ ਵਿਚਾਰਧਾਰਾ ਦੇ ਧਾਰਨੀ ਹੋ ਕੇ ਆਏ ਸਨ ਅਤੇ ਇਮਾਨਦਾਰੀ ਨਾਲ ਕੰਮ ਕਰਦੇ ਰਹੇ ਸਨ, ਪਰ ਉਹ ਆਪਣੇ ਦੇਸ਼ ਦੇ ਆਰਥਿਕ, ਸਮਾਜਿਕ, ਦਾਰਸ਼ਨਿਕ ਅਤੇ ਰਾਜਨੀਤਿਕ ਵਿਕਾਸ ਨੂੰ ਚੰਗੀ ਤਰ੍ਹਾਂ ਨਹੀਂ ਸਮਝਦੇ ਸਨ। ਨਾ ਹੀ ਕਮਿਊਨਿਸਟ ਪਾਰਟੀ ਦੇ ਉਨ੍ਹਾਂ ਲੀਡਰਾਂ, ਜਿਹੜੇ ਖ਼ੁਦ ਮਾਰਕਸਿਜ਼ਮ ਨੂੰ ਸਮਝਣ ਦਾ ਦਾਅਵਾ ਕਰਦੇ ਸਨ, ਨੇ ਆਪਣੇ ਆਮ ਪਾਰਟੀ ਵਰਕਰਾਂ ਨੂੰ ਗਹਿਰਾਈ ਨਾਲ ਸੂਝਵਾਨ ਬਣਾਉਣ ਦੀ ਕੋਸ਼ਿਸ਼ ਕੀਤੀ। ਇਸ ਲਈ ਆਮ ਪਾਰਟੀ ਵਰਕਰ ਉੱਪਰਲੀਆਂ ਕਮੇਟੀਆਂ ਤੋਂ ਆਈਆਂ ਹਦਾਇਤਾਂ ਉੱਤੇ ਹੀ ਚੱਲਦੇ ਰਹਿੰਦੇ। ਇਸ ਤਰ੍ਹਾਂ ਭਾਰਤੀ ਪੋਲਿਟੀਕਲ ਹਾਲਾਤ ਦਾ ਵਿਸ਼ਲੇਸ਼ਣ (ANALYSIS) ਜਾਇਜ਼ਾ ਉਹ ਖ਼ੁਦ ਲਗਾਉਣ ਦੇ ਕਾਬਲ ਨਾ ਬਣ ਸਕਦੇ। ਉਨ੍ਹਾਂ ਦਾ ਬੌਧਿਕ ਸਤਰ ਗਹਿਰਾ ਨਾ ਬਣਦਾ। ਭਾਵੇਂ ਉਹ ਸਾਰੀ ਉਮਰ ਇਮਾਨਦਾਰੀ ਨਾਲ ਪਾਰਟੀ ਵਿੱਚ ਕੰਮ ਕਰਦੇ ਰਹੇ।

1984 ਦੇ ਬਲਿਊ ਸਟਾਰ ਅਪਰੇਸ਼ਨ ਤੋਂ ਬਾਅਦ ਪੰਜਾਬ ਵਿੱਚ ਹਾਲਾਤ ਖਰਾਬ ਹੋਣ ਕਾਰਨ ਪੰਜਾਬ ਦਾ ਰਾਜਨੀਤਿਕ ਮਾਹੌਲ ਵਿਗੜ ਗਿਆ ਸੀ। ਇਸ ਨੂੰ ਰੋਕਣ ਤੇ ਇਸ ਵਿਗੜ ਰਹੇ ਮਾਹੌਲ ਨੂੰ ਠੀਕ ਕਰਨ ਵਿੱਚ ਸੀ.ਪੀ.ਆਈ., ਸੀ.ਪੀ.ਆਈ.ਐਮ. ਤੇ ਨਕਸਲਾਈਟ ਗਰੁੱਪਾਂ ਦੇ ਸਾਥੀਆਂ ਨੇ ਆਪਣੀਆਂ ਜ਼ਿੰਦਗੀ ਦੀਆਂ ਕੁਰਬਾਨੀਆਂ ਦੇ ਕੇ ਇਸ ਮਾਹੌਲ ਨੂੰ ਠੀਕ ਕਰਨ ਵਿੱਚ ਯੋਗਦਾਨ ਪਾਇਆ।

ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੀ ਜ਼ਿੰਮੇਵਾਰੀ

1984-85 ਵਿੱਚ ਕਾ. ਭਗਤ ਸਿੰਘ ਬਿਲਗਾ ਜੀ ਦੇ ਸੁਝਾਅ ਉੱਤੇ ਮੈਨੂੰ ਦੇਸ਼ ਭਗਤ ਯਾਦਗਾਰ ਕਮੇਟੀ ਦਾ ਮੈਂਬਰ ਲੈ ਲਿਆ ਗਿਆ। ਮੈਂ ਸੁਰਿੰਦਰ ਦੇ ਨਾਲ ਬਾਗ਼ ਦਾ ਕੰਮ ਵੀ ਵੇਖਦਾ (ਕਿਉਂਕਿ ਬਾਗ ਦੀ ਮੁੱਖ ਜ਼ਿੰਮੇਵਾਰੀ ਉਹ ਨਿਭਾਅ ਰਹੀ ਸੀ) ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਜੋ ਵੀ ਡਿਊਟੀ ਦਿੱਤੀ ਜਾਂਦੀ ਉਹ ਮੈਂ ਨਿਭਾਉਂਦਾ।

1987 ਵਿੱਚ ਦੇਸ਼ ਦੀ ਆਜਾਦੀ ਦੀ 50ਵੀਂ ਵਰ੍ਹੇਗੰਢ ਉੱਤੇ ਕੇਂਦਰੀ ਸਰਕਾਰ ਵੱਲੋਂ ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਤਕਰੀਬਨ 10 ਲੱਖ ਰੁ: 'ਬਾਬਾ ਜਵਾਲਾ ਸਿੰਘ ਆਡੀਟੋਰੀਅਮ' ਨੂੰ ਸਾਊਂਡ ਪਰੂਫ ਤੇ ਏਅਰ ਕੰਡੀਸ਼ਨਡ ਕਰਨ ਲਈ ਮਿਲੇ। ਇਸ ਕੰਮ ਨੂੰ ਠੀਕ ਢੰਗ ਨਾਲ ਕਰਵਾਉਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਮੇਰੀ ਡਿਊਟੀ ਲਗਾਈ ਗਈ।

ਮੈਂ ਦੂਸਰੇ ਮੈਂਬਰਾਂ ਨਾਲ ਦਿੱਲੀ ਜਾ ਕੇ ਇਸ ਕੰਮ ਦੇ ਮਾਹਿਰ ਆਰਕੀਟੈਕਟ ਤੋਂ ਨਕਸ਼ੇ ਬਣਵਾਏ। ਨਕਸ਼ੇ ਸਮਝਣ ਲਈ ਇਕ ਮਾਹਰ ਡਰਾਫਟਸਮੈਨ (DRAFTS-MAN) ਤੋਂ ਮਦਦ ਲਈ ਗਈ। ਇਲੈਕਟਰਿਕ (ELECTRIC) ਫਿਟਿੰਗ ਦਾ ਸਾਰਾ ਕੰਮ ਮਾਹਿਰ ਐਸ.ਡੀ.ਓ. ਦੀ ਮਦਦ ਨਾਲ ਕਰਵਾਇਆ ਗਿਆ। ਦੋਨਾਂ ਮਾਹਿਰਾਂ ਨੇ ਬਿਨਾਂ ਕੁਝ ਇਵਜ਼ਾਨਾ ਲੈਣ ਦੇ ਜ਼ਿੰਮੇਵਾਰੀ ਨਾਲ ਸੇਵਾ ਕੀਤੀ। ਲੱਕੜੀ ਆਦਿ ਫਿਟਿੰਗ ਦਾ ਕੰਮ ਮਾਹਿਰ ਮਿਸਤਰੀਆਂ ਨੇ ਕੀਤਾ। ਸਾਰਾ ਕੰਮ ਮੁਕੰਮਲ ਕਰਨ ਲਈ ਤਕਰੀਬਨ ਦੋ ਸਾਲ ਲੱਗ ਪਏ। ਇਸ ਕੰਮ ਲਈ ਮੈਨੂੰ ਰੋਜ਼ਾਨਾ ਦੇਸ਼ ਭਗਤ ਯਾਦਗਾਰ ਜਲੰਧਰ ਜਾਣਾ ਪੈਂਦਾ। ਆਪਣੇ ਬਾਗ ਦੀ ਖੇਤੀ ਦੀ ਫ਼ਸਲ ਤੇ ਫ਼ਲ ਆਦਿ ਆੜ੍ਹਤੀਏ ਕੋਲ ਵੇਚ ਕੇ ਆਪਣੀ ਰੋਟੀ ਨਾਲ ਲੈ ਕੇ ਜਲੰਧਰ ਬੱਸ ਰਾਹੀਂ ਜਾਂਦਾ ਤੇ ਆਪਣੀ ਡਿਊਟੀ ਨਿਭਾਅ ਕੇ ਸ਼ਾਮ ਨੂੰ ਬਾਗ ਵਿਚ ਆ ਕੇ ਸਾਰੀ ਫ਼ਸਲ ਦੇਖਦਾ ਤੇ ਸੁਰਿੰਦਰ ਨਾਲ ਦੂਸਰੇ ਦਿਨ ਕੀਤੇ ਜਾਣ ਵਾਲੇ ਕੰਮਾਂ ਦਾ ਪ੍ਰੋਗਰਾਮ ਬਣਾ ਲੈਂਦਾ।

ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਰਾਜਨੀਤਿਕ ਤੇ ਸਭਿਆਚਾਰਕ ਸਰਗਰਮੀਆਂ

1992 ਵਿੱਚ ਜਰਨਲ ਬਾਡੀ ਨੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕੈਸ਼ੀਅਰ ਦੀ ਡਿਊਟੀ ਲਈ ਮੇਰੀ ਚੋਣ ਕੀਤੀ। ਕਾ. ਭਗਤ ਸਿੰਘ ਬਿਲਗਾ ਸੈਕਟਰੀ ਅਤੇ ਸਰਦਾਰ ਕਰਮ ਸਿੰਘ ਕਿਰਤੀ ਕਮੇਟੀ ਦੇ ਪ੍ਰਧਾਨ ਚੁਣੇ ਗਏ।

ਉਸ ਸਮੇਂ ਪੰਜਾਬ ਵਿੱਚ ਜੋ ਸਭਿਆਚਾਰਕ ਮੇਲੇ ਲੱਗਦੇ ਸਨ, ਉਨ੍ਹਾਂ ਦੀਆਂ ਸਟੇਜਾਂ ਉੱਤੇ ਜਿਸ ਢੰਗ ਦੇ ਸਭਿਆਚਾਰ ਦੀ ਪੇਸ਼ਕਾਰੀ ਹੁੰਦੀ ਸੀ, ਉਹ ਨੌਜਵਾਨ ਪੀੜ੍ਹੀ ਉੱਤੇ ਚੰਗੇ ਅਸਰ ਨਹੀਂ ਸੀ ਪਾ ਰਹੀ। ਜਿਸ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਨੇ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ। ਕਮੇਟੀ ਨੇ ਫੈਸਲਾ ਕੀਤਾ ਕਿ ਨੌਜਵਾਨ ਪੀੜ੍ਹੀ ਨੂੰ ਚੰਗਾ ਸਭਿਆਚਾਰ ਦੇਣ ਲਈ ਸਾਨੂੰ ਵੀ ਮੇਲਾ ਆਯੋਜਿਤ ਕਰਨਾ ਚਾਹੀਦਾ ਹੈ ਅਤੇ ਇਹ ਪਹਿਲੀ ਨਵੰਬਰ ਨੂੰ ਮਨਾਉਣ ਦਾ ਫੈਸਲਾ ਕੀਤਾ ਗਿਆ, ਕਿਉਂਕਿ ਪਹਿਲੀ ਨਵੰਬਰ 1913 ਨੂੰ ਗ਼ਦਰ ਪਾਰਟੀ ਨੇ ਲੋਕਾਂ ਨੂੰ ਭਾਰਤ ਦੇਸ਼ ਦੀ ਗੁਲਾਮੀ ਵਿਰੁੱਧ ਸੰਘਰਸ਼ ਕਰਨ ਲਈ ਅਤੇ ਚੇਤਨਾ ਦੇਣ ਲਈ 'ਸਾਨਫਰਾਂਸਿਸਕੋ' (ਅਮਰੀਕਾ) ਵਿੱਚ ਗ਼ਦਰ ਪਾਰਟੀ ਦਾ ਅਖ਼ਬਾਰ ਛਾਇਆ ਕੀਤਾ ਸੀ ਜਿਸ ਦਾ ਨਾਮ ਗ਼ਦਰ ਰੱਖਿਆ ਸੀ। ਇਸ ਲਈ ਕਮੇਟੀ ਨੇ ਪਹਿਲੀ ਨਵੰਬਰ ਦਾ ਦਿਨ ਸਭਿਆਚਾਰਕ ਮੇਲੇ ਲਈ ਨਿਸ਼ਚਿਤ ਕੀਤਾ।

1992 ਦੀ ਪਹਿਲੀ ਨਵੰਬਰ ਨੂੰ ਮੇਲੇ ਦੀ ਹਾਜ਼ਰੀ ਵਿੱਚ ਕੇਵਲ ਉਹ ਪੁਰਾਣੇ ਸਾਥੀ ਹੀ ਜ਼ਿਆਦਾ ਆਏ ਜਿਹੜੇ ਹੁਣ ਸਰਗਰਮ ਨਹੀਂ ਸਨ, ਪਰ ਉਹ ਇਸ ਲਹਿਰ ਦੇ ਹਮਦਰਦ ਜ਼ਰੂਰ ਸਨ। ਉਹ ਆਜ਼ਾਦੀ ਲਈ ਕੁਰਬਾਨ ਹੋਏ 'ਗ਼ਦਰ ਪਾਰਟੀ' ਦੇ ਸ਼ਹੀਦਾਂ ਦੀ ਯਾਦਗਾਰ ਨੂੰ ਆਪਣੇ ਵਿਚਾਰਾਂ ਦਾ ਕੇਂਦਰ ਸਮਝਦੇ ਸਨ। ਇਸ ਪਹਿਲੇ ਮੇਲੇ ਨੂੰ ਕਾਮਯਾਬ ਕਰਨ ਲਈ ਫੰਡ ਇਕੱਠਾ ਕਰਨ ਅਤੇ ਜਥੇਬੰਦ ਕਰਨ ਲਈ ਪੰਜ-ਛੇ ਕਮੇਟੀ ਮੈਂਬਰਾਂ ਨੇ ਹੀ ਜ਼ਿਆਦਾ ਯੋਗਦਾਨ ਪਾਇਆ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਫੈਸਲਾ ਕੀਤਾ ਕਿ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਏ ਸਾਡੇ ਦੇਸ਼ ਦੇ ਇਨਕਲਾਬੀ ਸ਼ਹੀਦਾਂ ਦੀਆਂ ਤਸਵੀਰਾਂ ਇਕੱਠੀਆਂ ਕਰਕੇ ਫੋਟੋ ਗੈਲਰੀ ਨੂੰ ਮੁਕੰਮਲ ਕੀਤਾ ਜਾਵੇ।

ਸ੍ਰੀ ਸੂਰਜ ਪ੍ਰਕਾਸ਼ ਆਨੰਦ ਜਿਹੜੇ ਪੁਰਾਣੇ ਫ਼ਰੀਡਮ ਫਾਈਟਰ ਸਨ, ਉਨ੍ਹਾਂ ਨੇ

ਇਸ ਸੰਬੰਧ ਵਿੱਚ ਬਹੁਤ ਕੰਮ ਕੀਤਾ ਸੀ। ਉਹ ਕਲਕੱਤੇ ਰਹਿੰਦੇ ਸਨ। ਕਮੇਟੀ ਵੱਲੋਂ ਮੇਰੀ ਅਤੇ ਕਾ. ਚੈਨ ਸਿੰਘ ਚੈਨ ਦੀ ਡਿਊਟੀ ਲੱਗੀ ਕਿ ਉਨ੍ਹਾਂ ਤੋਂ ਇਸ ਕੰਮ ਲਈ ਸਹਾਇਤਾ ਲਈ ਜਾਵੇ। ਮੈਂ ਅਤੇ ਚੈਨ ਸਿੰਘ ਚੈਨ ਉਨ੍ਹਾਂ ਕੋਲ ਕਲਕੱਤੇ ਗਏ। ਉਨ੍ਹਾਂ ਨੇ ਆਪਣੇ ਸਾਰੇ ਘਰ ਨੂੰ ਦੇਸ਼ ਦੀ ਆਜ਼ਾਦੀ ਲਈ ਕੁਰਬਾਨ ਹੋਏ ਇਨਕਲਾਬੀਆਂ ਦੀਆਂ ਫੋਟੋਜ਼ ਨਾਲ ਸਜਾਇਆ ਹੋਇਆ ਸੀ ਕਲਕੱਤੇ ਵਿੱਚ ਆਰਟਿਸਟ ਬਹੁਤ ਹਨ, ਉਨ੍ਹਾਂ ਦੇ ਜ਼ਰੀਏ 12×15 ਦੇ ਸਾਈਜ਼ ਦੀਆਂ ਫੋਟੋ ਤਿਆਰ ਕਰਵਾਈਆਂ ਅਤੇ ਕੀਮਤ ਅਦਾ ਕਰਕੇ ਪੰਜਾਬ ਲੈ ਆਏ ਅਤੇ ਹੋਰ ਫੋਟੋ ਜੋ ਜ਼ਰੂਰੀ ਸਨ, ਉਨ੍ਹਾਂ ਨੂੰ ਤਿਆਰ ਕਰਨ ਲਈ ਕਹਿ ਆਏ।

ਪਹਿਲੇ ਮੇਲੇ ਉੱਤੇ ਨਾਟਕਕਾਰ ਕਾ. ਗੁਰਸ਼ਰਨ ਸਿੰਘ (ਭਾਈ ਮੰਨਾ ਸਿੰਘ) ਦੇ ਛੋਟੇ-ਛੋਟੇ ਨਾਟਕ ਬਹੁਤ ਆਕਰਸ਼ਕ ਤੇ ਪ੍ਰਭਾਵਸ਼ਾਲੀ ਰਹੇ। ਕਲਚਰਲ ਫਰੰਟ ਦਾ ਇੰਚਾਰਜ ਕਾ. ਗੁਰਮੀਤ ਨੂੰ ਬਣਾਇਆ ਗਿਆ ਸੀ। ਨਾਟਕਕਾਰ ਟੀਮਾਂ ਨਾਲ ਸੰਪਰਕ ਕਰਨ ਦੀ ਤੇ ਨਾਟਕਾਂ ਨੂੰ ਸਿਲੈਕਟ (SELECT) ਕਰਨ ਦੀ ਡਿਊਟੀ ਕਾ. ਅਮੋਲਕ ਸਿੰਘ ਦੀ ਸੀ, ਕਿਉਂਕਿ ਉਹ ਕਾਫੀ ਦੇਰ ਤੋਂ ਪਲਸ ਮੰਚ (PULS MANCH) ਦੇ ਜ਼ਰੀਏ ਇਨ੍ਹਾਂ ਸਾਰੇ ਨਾਟਕਕਾਰਾਂ ਨਾਲ ਸੰਪਰਕ ਵਿੱਚ ਸੀ।

ਨਾਟਕਾਂ ਵਿੱਚ ਅੱਛੀਆਂ ਪੇਸ਼ਕਾਰੀਆਂ ਕਰਕੇ ਮੇਲੇ ਦੀਆਂ ਰਾਤਾਂ ਨੂੰ ਹਾਜ਼ਰੀ ਵਧਣੀ ਸ਼ੁਰੂ ਹੋ ਗਈ। ਦਿਨ ਦੇ ਪ੍ਰੋਗਰਾਮ ਨੂੰ ਵਿਕਸਤ ਕਰਨ ਲਈ 'ਗ਼ਦਰੀ ਬਾਬਿਆਂ ਦਾ ਮੇਲਾ' 30 ਅਕਤੂਬਰ ਤੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ।

30 ਅਕਤੂਬਰ ਨੂੰ ਸਕੂਲਾਂ ਦੇ ਬੱਚਿਆਂ ਦੇ ਪੇਂਟਿੰਗ ਮੁਕਾਬਲੇ ਜਿਹਦੇ ਵਿੱਚ ਗ਼ਦਰੀ ਬਾਬਿਆਂ ਦੀਆਂ ਮੂਹਰੇ ਫੋਟੋ ਰੱਖ ਕੇ ਪੇਂਟਿੰਗ, ਵੱਡੇ ਬੱਚਿਆਂ ਲਈ ਵਾਤਾਵਰਣ ਤੇ ਸਮਾਜਿਕ ਸਮੱਸਿਆਵਾਂ ਉੱਤੇ ਪੇਂਟਿੰਗ ਕਰਵਾਈਆਂ ਜਾਂਦੀਆਂ। ਇਸ ਤਰ੍ਹਾਂ ਬੱਚਿਆਂ ਦੀਆਂ ਪ੍ਰਤੀਯੋਗਿਤਾ ਕਰਵਾਈ ਜਾਂਦੀ। 31 ਅਕਤੂਬਰ ਨੂੰ ਬੱਚਿਆਂ ਦੇ ਗਾਇਨ ਮੁਕਾਬਲੇ ਕਰਵਾਏ ਜਾਂਦੇ। ਪੇਂਟਿੰਗ ਮੁਕਾਬਲੇ ਅਤੇ ਗਾਇਕ ਮੁਕਾਬਲਿਆਂ ਦੇ ਫ਼ੈਸਲੇ ਜੱਜ (JUDGES) ਕਰਦੇ। ਫਸਟ-ਸੈਕਿੰਡ-ਥਰਡ ਆਉਣ ਵਾਲੇ ਬੱਚਿਆਂ ਨੂੰ ਇਨਾਮ ਦਿੱਤੇ ਜਾਂਦੇ। ਇਹ ਕ੍ਰਮ ਮੇਲੇ ਦਾ ਆਕਰਸ਼ਨ ਬਣ ਗਿਆ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਵਿਧਾਨ ਵਿੱਚ ਕੁਝ ਤਬਦੀਲੀ ਕਰਨ ਦਾ ਫੈਸਲਾ (ਸਮੇਂ ਅਨੁਸਾਰ) ਕਰਨ ਲਈ ਕਾ. ਜਗਜੀਤ ਸਿੰਘ ਲਾਇਲਪੁਰੀ, ਕਾ. ਦਰਬਾਰਾ ਸਿੰਘ ਢਿੱਲੋਂ ਅਤੇ ਕਾ. ਹਰਦਿਆਲ ਸਿੰਘ ਚੱਠਾ ਦੀ ਡਿਊਟੀ ਕਮੇਟੀ ਦੀ ਜਰਨਲ ਬਾਡੀ ਨੇ ਲਗਾਈ ਸੀ। ਉਨ੍ਹਾਂ ਦੇ ਸੁਝਾਓ ਅਨੁਸਾਰ ਕਮੇਟੀ (ਦੇਸ਼ ਭਗਤ ਯਾਦਗਾਰ) ਦੇ ਕੰਮ ਚਲਾਉਣ ਦੇ ਫ਼ੈਸਲੇ ਕਰਨ ਦੀ ਜ਼ਿੰਮੇਵਾਰੀ ਕਮੇਟੀ ਦੇ ਪ੍ਰੈਜੀਡੈਂਟ ਨੂੰ ਵੀ ਦਿੱਤੀ ਗਈ, ਕਿਉਂਕਿ ਇਹ ਸਾਰੀ ਜ਼ਿੰਮੇਵਾਰੀ ਪਹਿਲਾਂ ਸੈਕਟਰੀ ਨਿਭਾਉਂਦਾ ਸੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸੈਕਟਰੀ ਦੀ ਜ਼ਿੰਮੇਵਾਰੀ

ਫਰਵਰੀ 1995 ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਕਾ. ਭਗਤ ਸਿੰਘ ਬਿਲਗਾ ਪ੍ਰਧਾਨ, ਕਾ. ਨੌਨਿਹਾਲ ਸਿੰਘ ਖਜ਼ਾਨਚੀ ਤੇ ਮੈਨੂੰ ਜਨਰਲ ਸੈਕਟਰੀ ਚੁਣਿਆ ਗਿਆ (ਕਮੇਟੀ ਦੇ ਚੁਣਾਓ ਦੀ ਮੀਟਿੰਗ ਹਰ ਤਿੰਨ ਸਾਲ ਬਾਅਦ ਹੋਇਆ ਕਰਦੀ ਹੈ)।

ਕਮੇਟੀ ਦਾ ਜਨਰਲ ਸੈਕਟਰੀ ਚੁਣੇ ਜਾਣ ਤੇ ਮੈਂ ਇਹ ਸੋਚਿਆ ਕਿ 'ਯਾਦਗਾਰ ਕਮੇਟੀ' ਦਾ ਕੀ ਉਦੇਸ਼ ਹੋਣਾ ਚਾਹੀਦਾ ਹੈ? ਕਮੇਟੀ ਦੇ ਸਾਰੇ 37 ਮੈਂਬਰ ਮੁਕਤਲਿਫ਼ ਕਮਿਊਨਿਸਟ ਪਾਰਟੀਆਂ ਦੇ ਵਿੱਚੋਂ ਆਏ ਸਨ, ਦੋ-ਤਿੰਨ ਅਜਿਹੇ ਮੈਂਬਰ ਵੀ ਸਨ ਜਿਹੜੇ ਇਨ੍ਹਾਂ ਪਾਰਟੀਆਂ ਦੇ ਹਮਦਰਦ ਸਨ। ਮੈਂ ਮੈਂਬਰ ਸਾਥੀਆਂ ਨਾਲ ਵਿਚਾਰ ਕਰਦਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਕੋਈ ਰਾਜਨੀਤਕ ਪਾਰਟੀ ਨਹੀਂ ਹੈ, ਇਹ ਇਕ ਸੋਸ਼ਲ ਸੰਸਥਾ ਹੈ, ਜਿਹੜੀ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਦੀ ਯਾਦਗਾਰ ਸੰਸਥਾ ਹੈ। ਇਸ ਦੇ ਮੋਹਰਲੇ ਬੈਨਰ ਉੱਤੇ ਲਿਖਿਆ ਹੈ "ਗ਼ਦਰ ਪਾਰਟੀ ਸ਼ਹੀਦੀ ਯਾਦਗਾਰ" (GHADR PARTY MARTYR MEMORIAL)

ਗ਼ਦਰ ਪਾਰਟੀ ਭਾਰਤ ਨੂੰ ਹਥਿਆਰਬੰਦ ਇਨਕਲਾਬ ਦੇ ਜ਼ਰੀਏ ਆਜ਼ਾਦ ਕਰਾਉਣਾ ਚਾਹੁੰਦੀ ਸੀ। ਪਹਿਲੀ ਸੰਸਾਰ ਜੰਗ ਲੱਗਣ ਕਰਕੇ ਉਸ ਨੂੰ ਦੇਸ਼ ਦੀ ਜਨਤਾ ਵਿੱਚ ਰਾਜਨੀਤਿਕ ਪ੍ਰਚਾਰ ਕਰਕੇ ਲੋਕਾਂ ਨੂੰ ਇਸ ਜਦੋ ਜਹਿਦ ਵਿੱਚ ਸ਼ਾਮਲ ਕਰਨ ਦਾ ਮੌਕਾ ਨਾ ਮਿਲਿਆ। ਇਸ ਤਰ੍ਹਾਂ ਉਹ ਆਪਣਾ ਜਨਤਕ ਅਧਾਰ ਨਾ ਬਣਾ ਸਕੀ। ਗ਼ਦਰ ਪਾਰਟੀ ਦੇ ਦੇਸ਼ ਭਗਤਾਂ ਨੇ ਆਪਣੇ ਜੀਵਨ ਦੀਆਂ ਕੁਰਬਾਨੀਆਂ ਦੇ ਦਿੱਤੀਆਂ ਪਰ ਹਥਿਆਰ ਨਾ ਸੁੱਟੇ।

ਗ਼ਦਰ ਪਾਰਟੀ ਅਮਰੀਕਾ ਦੇ ਵਿੱਚ ਭਾਰਤੀ ਪ੍ਰਵਾਸੀ ਮਜ਼ਦੂਰਾਂ ਨੇ ਬਣਾਈ ਸੀ, ਉਹ ਰੂਸ ਦੇ 1917 ਦੇ ਸੋਸ਼ਲਿਸਟ ਇਨਕਲਾਬ ਤੋਂ ਪ੍ਰਭਾਵਿਤ ਹੋ ਕੇ ਸੋਸ਼ਲਿਜ਼ਮ ਵੱਲ ਨੂੰ ਝੁੱਕ ਗਈ। ਗ਼ਦਰ-ਪਾਰਟੀ ਦੇ ਵਿਚਾਰਧਾਰਕ ਵਿਕਾਸ ਦੀ ਨਿਰੰਤਰਤਾ ਇਸ ਤੋਂ ਜ਼ਾਹਰ ਹੁੰਦੀ ਹੈ। ਸੋ, ਅਸੀਂ ਕਮੇਟੀ ਮੈਂਬਰਾਂ ਨੇ ਸੋਚਿਆ ਕਿ "ਇਸ ਸਮਾਜਿਕ ਜਥੇਬੰਦੀ ਦਾ ਉਦੇਸ਼ ਇਸ ਤਰ੍ਹਾਂ ਦਾ ਹੋਵੇ ਜਿਸ ਨਾਲ ਨੌਜਵਾਨ ਵਰਗ ਨੂੰ (ਆਪਣੀਆਂ ਸੀਮਾਵਾਂ ਦੇਖਦੇ ਹੋਏ) ਸਿਆਣੇ ਤੇ ਸੁਚੇਤ ਕਰੀਏ ਜਿਸ ਨਾਲ ਆਪਣੇ ਦੇਸ਼ ਦੀਆਂ

ਸਮੱਸਿਆਵਾਂ ਸਮਝ ਕੇ ਉਹ ਭਾਰਤੀ ਸਮਾਜ ਨੂੰ ਤਬਦੀਲ ਕਰਕੇ ਸੋਸ਼ਲਿਜ਼ਮ ਦੇ ਰਾਹ ਆਪਣਾ ਯੋਗਦਾਨ ਕਿਸ ਤਰ੍ਹਾਂ ਪਾ ਸਕਦੇ ਹਨ?

ਦੇਸ਼ ਭਗਤ ਯਾਦਗਾਰ ਕਮੇਟੀ ਦੇ ਕੰਮਾਂ ਵਿੱਚ ਸਾਰੇ ਮੈਂਬਰਾਂ ਦੀ ਦਿਲਚਸਪੀ ਨੂੰ ਕਿਸ ਤਰ੍ਹਾਂ ਵਧਾਇਆ ਜਾਵੇ? ਜਿਸ ਨਾਲ ਉਹ ਇਹ ਮਹਿਸੂਸ ਕਰਨ ਕਿ ਜਿਸ ਉਦੇਸ਼ ਲਈ ਉਹ ਜਦੋ ਜਹਿਦ ਕਰਦੇ ਹਨ, ਕਮੇਟੀ ਦਾ ਕੰਮ ਆਪਣੀਆਂ ਸੀਮਾਵਾਂ ਵਿੱਚ ਰਹਿੰਦੇ ਹੋਏ ਕੁਝ ਹੱਦ ਤੱਕ ਉਹ ਪੂਰਾ ਹੋ ਰਿਹਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਟਰੱਸਟ ਦੀ ਜਨਰਲ ਬਾਡੀ ਦੀਆਂ ਮੀਟਿੰਗਾਂ ਵਿੱਚ ਹਰ ਮਸਲੇ ਤੇ ਹਰ ਪ੍ਰੋਗਰਾਮ ਉੱਤੇ ਪੂਰੀ ਤਰ੍ਹਾਂ ਵਿਚਾਰ-ਵਿਮਰਸ਼ ਕਰਕੇ ਸਰਬਸੰਮਤੀ ਨਾਲ ਫੈਸਲੇ ਲੈਣੇ ਸ਼ੁਰੂ ਕੀਤੇ। ਇਸ ਤਰ੍ਹਾਂ ਜਿਹੜਾ 'ਗ਼ਦਰੀ ਬਾਬਿਆਂ ਦਾ ਮੇਲਾ' ਕਰਦੇ ਸਾਂ ਉਸ ਵਿੱਚ ਸਾਰੇ ਮੈਂਬਰਾਂ ਦੀ ਦਿਲਚਸਪੀ ਵਧਣੀ ਸ਼ੁਰੂ ਹੋ ਗਈ। 31 ਅਕਤੂਬਰ ਦੀ ਰਾਤ ਤੇ ਪਹਿਲੀ ਨਵੰਬਰ ਦੀ ਰਾਤ ਸਟੇਜ ਉੱਤੇ ਨਾਟਕਾਂ ਦਾ ਸਤਰ ਜ਼ਿਆਦਾ ਪ੍ਰਭਾਵਸ਼ਾਲੀ (STANDARD) ਹੋਣਾ ਸ਼ੁਰੂ ਹੋਇਆ। ਨਾਟਕ ਕੁਝ ਆਜ਼ਾਦੀ ਦੀ ਮੂਵਮੈਂਟ ਦੇ ਇਤਿਹਾਸਕ ਪਿਛੋਕੜ ਅਤੇ ਜ਼ਿਆਦਾਤਰ ਸਮਕਾਲੀਨ ਸਮੱਸਿਆਵਾਂ ਉੱਪਰ ਹੁੰਦੇ। ਦਰਸ਼ਕਾਂ ਦੀ ਹਾਜ਼ਰੀ ਬਹੁਤ ਵਧਣ ਲੱਗ ਗਈ ਕਿਉਂਕਿ ਆਡੀਟੋਰੀਅਮ (AUDITORIUM) ਵਿੱਚ ਕੇਵਲ ਇੱਕ ਹਜ਼ਾਰ ਦੇ ਕਰੀਬ ਦਰਸ਼ਕ ਆ ਸਕਦੇ ਸੀ ਸੋ ਇਸ ਲਈ ਮੇਲੇ ਦੀਆਂ ਪੇਸ਼ਕਾਰੀਆਂ ਲਈ 'ਦੇਸ਼ ਭਗਤ ਯਾਦਗਾਰ' ਦੇ ਕੰਪਲੈਕਸ ਦੇ ਵੱਡੇ ਵਿਹੜੇ ਵਿੱਚ ਸਾਰਾ ਪ੍ਰਬੰਧ ਸ਼ੁਰੂ ਕਰ ਲਿਆ।

ਗ਼ਦਰੀ ਬਾਬਿਆਂ ਦੇ ਮੇਲੇ ਦੇ ਦੋ ਦਿਨ ਹੋਰ ਵਧਾਉਣ ਦਾ ਕਮੇਟੀ ਨੇ ਫੈਸਲਾ ਕੀਤਾ। ਇਕ ਦਿਨ ਆਪਣੇ ਨੌਜਵਾਨ ਵਰਗ ਨੂੰ ਆਪਣੇ ਦੇਸ਼ ਦੇ ਇਨਕਲਾਬੀ ਭੂਤਕਾਲ (Revolutionary Past) ਦਾ ਗਿਆਨ ਵਧਾਉਣ ਲਈ ਉਨ੍ਹਾਂ ਦੀ ਪ੍ਰਤੀਯੋਗਤਾ ਕਰਾਈ ਜਾਂਦੀ। ਮੇਲੇ ਦਾ ਪਹਿਲਾ ਦਿਨ ਔਰਤ ਦੀਆਂ ਸਮਾਜਿਕ, ਰਾਜਨੀਤਿਕ ਤੇ ਆਰਥਿਕ ਸਮੱਸਿਆਵਾਂ ਕੀ ਹਨ? ਉਹ ਖੁਦ ਇਨ੍ਹਾਂ ਨੂੰ ਸਮਝਣ ਦੇ ਕਾਬਲ ਹੋਣ ਤੇ ਉਸ ਦਾ ਹਲ ਕਿਵੇਂ ਹੋਵੇ? ਇਹ ਪ੍ਰਤੀਯੋਗਤਾ 18 ਤੋਂ 30 ਸਾਲ ਦੀ ਉਮਰ ਦੀਆਂ ਲੜਕੀਆਂ ਵਿੱਚ ਕਰਵਾਈ ਜਾਂਦੀ। ਸਾਰੀਆਂ ਪ੍ਰਤੀਯੋਗਤਾਵਾਂ ਵਿੱਚ ਫੈਸਲਾ ਕਰਨ ਲਈ ਜੱਜਾਂ ਨੂੰ ਨਿਯੁਕਤ ਕੀਤਾ ਜਾਂਦਾ। ਪਹਿਲੇ ਨੰਬਰ ਤੇ ਆਉਣ ਵਾਲਿਆਂ ਪ੍ਰਤੀਯੋਗੀਆਂ ਨੂੰ ਇਨਾਮ ਦੇ ਕੇ ਉਤਸ਼ਾਹਿਤ ਕੀਤਾ ਜਾਂਦਾ।

ਪਹਿਲੀ ਨਵੰਬਰ ਨੂੰ ਸਵੇਰੇ ਸਭ ਤੋਂ ਪਹਿਲਾਂ 'ਝੰਡੇ' ਦਾ ਗੀਤ ਹੁੰਦਾ। ਇਸ ਨੂੰ ਤਿਆਰ ਕਰਨ ਦੀ ਜ਼ਿੰਮੇਵਾਰੀ ਸ਼ੁਰੂ ਤੋਂ ਹੀ ਕਾ. ਅਮੋਲਕ ਸਿੰਘ ਦੀ ਰਹੀ। ਝੰਡੇ ਦਾ ਗੀਤ ਸਾਰੇ ਮੇਲੇ ਦਾ ਪਹਿਲਾ ਮੁੱਖ ਆਕਰਸ਼ਣ ਬਣ ਗਿਆ।

ਮੇਲਾ ਸ਼ੁਰੂ ਹੋਣ ਤੇ ਪ੍ਰਗਤੀਸ਼ੀਲ ਤੇ ਮਾਰਕਸਵਾਦ ਦੀਆਂ ਕਿਤਾਬਾਂ ਦੇ ਛੋਟੇ-ਛੋਟੇ ਸਟਾਲ ਲੱਗਣੇ ਸ਼ੁਰੂ ਹੋ ਗਏ। ਕਮੇਟੀ ਨੇ ਇਨ੍ਹਾਂ ਨੂੰ ਬਹੁਤ ਉਤਸ਼ਾਹਿਤ ਕੀਤਾ। ਇਨ੍ਹਾਂ ਵਿੱਚੋਂ 90 ਫੀਸਦੀ ਸਟਾਲ ਉਹ ਵਿਅਕਤੀ ਲਗਾਉਂਦੇ ਜਿਹੜੇ ਜ਼ਮੀਨ ਤੇ

ਫੜੀਆਂ ਲਾ ਕੇ ਇਸ ਗਿਆਨ ਨੂੰ ਫੈਲਾਉਂਦੇ ਸਨ। ਇਸ ਦੇ ਨਾਲ ਉਹ ਆਪਣਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਕੱਢ ਸਕਦੇ ਸਨ। ਇਹ ਉਨ੍ਹਾਂ ਦਾ ਸਮਾਜ ਨੂੰ ਵਿਗਿਆਨਕ ਸੋਚ ਦੇ ਕੇ ਸਮਾਜ ਨੂੰ ਸੂਝਵਾਨ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਣ ਦਾ ਇਕ ਯਤਨ ਹੈ। ਕਮੇਟੀ ਦੁਆਰਾ ਇਨ੍ਹਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ ਹੌਲੀ-ਹੌਲੀ ਇਹ ਛੋਟੇ-ਛੋਟੇ ਸਟਾਲ ਜਿਨ੍ਹਾਂ ਦੀ ਗਿਣਤੀ ਸੱਠਾਂ ਤੋਂ ਉੱਪਰ ਹੋ ਗਈ। 'ਗ਼ਦਰੀ ਬਾਬਿਆਂ' ਦੇ ਮੇਲੇ ਵਿੱਚ ਇਹ ਇਕ ਕਿਤਾਬ ਮੇਲਾ ਲੱਗ ਗਿਆ। ਇਨ੍ਹਾਂ ਸਟਾਲਾਂ ਤੇ ਵਿਗਿਆਨਕ ਸੋਚ ਲੈਣ ਵਾਲੇ ਪਾਠਕਾਂ ਦੀ ਭੀੜ ਲੱਗੀ ਰਹਿੰਦੀ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਫ਼ੈਸਲਾ ਕੀਤਾ ਕਿ ਦੇਸ਼ ਦਾ ਇਨਕਲਾਬੀ ਇਤਿਹਾਸ ਆਮ ਲੋਕਾਂ ਤਾਈਂ ਪਹੁੰਚਾਇਆ ਜਾਵੇ। ਇਸ ਉਦੇਸ਼ ਨੂੰ ਪੂਰਾ ਕਰਨ ਲਈ ਇਕ 'ਹਿਸਟਰੀ ਸਬ-ਕਮੇਟੀ' ਬਣਾਉਣ ਦਾ ਫ਼ੈਸਲਾ ਕੀਤਾ। ਇਸ ਕੰਮ ਲਈ ਕਾ. ਐਨ. ਕੇ. ਜੋਸ਼ੀ ਨੂੰ ਚੰਡੀਗੜ੍ਹ ਤੋਂ ਬੁਲਾਇਆ ਗਿਆ। ਉਹ ਮਾਰਕਸਵਾਦੀ ਵਿਚਾਰਧਾਰਾ ਦਾ ਧਾਰਨੀ ਤੇ ਚੰਗਾ ਬੁੱਧੀਜੀਵੀ ਸੀ। ਉਸ ਨੇ ਸਾਡੀ ਤਜਵੀਜ਼ ਮਨਜ਼ੂਰ ਕਰ ਲਈ ਤੇ ਆਪਣੀ ਚੰਗੀ ਨੌਕਰੀ ਛੱਡ ਕੇ ਹਿਸਟਰੀ ਸਬ ਕਮੇਟੀ ਦੇ ਕੰਮ ਕਰਨ ਲਈ ਤਿਆਰ ਹੋ ਗਿਆ। ਕਮੇਟੀ ਨੇ ਆਪਣਾ ਇਕ ਬੁਲਿਟਨ ਕੱਢਣ ਦਾ ਫੈਸਲਾ ਕੀਤਾ। ਜਿਸ ਦੀ ਸੰਪਾਦਨਾ ਦਾ ਮੁੱਖ ਐਡੀਟਰ ਕਾ. ਜੋਸ਼ੀ ਨੂੰ ਰੱਖਿਆ। ਉਪ ਸੰਪਾਦਕ ਕਾ. ਗੁਰਬਖ਼ਸ਼ ਸਿੰਘ ਬੰਨੋਆਣਾ, ਦੇਸ ਰਾਜੀ ਕਾਲੀ, ਕਾ. ਨੌਨਿਹਾਲ ਸਿੰਘ ਚੱਠਾ, ਕਾ. ਚੈਨ ਸਿੰਘ ਚੈਨ ਆਦਿ ਐਡੀਟੋਰੀਅਲ (EDITORIAL) ਬੋਰਡ ਵਿੱਚ ਰੱਖੇ।

'ਹਿਸਟਰੀ ਸਬ-ਕਮੇਟੀ' ਨੇ ਪੰਜਾਬੀ ਦਾ ਵਿਰਸਾ, ਅੰਗਰੇਜ਼ੀ ਦਾ ਹੈਰੀਟੇਜ਼ (HERITAGE) ਛਾਇਆ ਕਰਨੇ ਸ਼ੁਰੂ ਕੀਤੇ। ਇਨ੍ਹਾਂ ਵਿੱਚ ਗ਼ਦਰ ਪਾਰਟੀ ਦਾ ਇਤਿਹਾਸ ਅਤੇ ਹਿੰਦੋਸਤਾਨ ਦੀਆਂ ਬਾਕੀ ਇਨਕਲਾਬੀ ਲਹਿਰਾਂ ਦੇ ਖੋਜ ਭਰੇ ਲੇਖ ਛਾਇਆ ਕਰਨੇ ਸ਼ੁਰੂ ਕਰ ਦਿੱਤੇ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਆਪਣੀ 'ਹਿਸਟਰੀ ਸਬ ਕਮੇਟੀ' ਦੇ ਜ਼ਰੀਏ ਆਪਣੇ ਦੇਸ਼ ਦੇ ਕ੍ਰਾਂਤੀਕਾਰੀ ਇਤਿਹਾਸ ਨੂੰ ਸੰਭਾਲਣ ਦੇ ਨਾਲ ਆਪਣੇ ਸਭਿਆਚਾਰਕ ਵਿੰਗ ਦੁਆਰਾ ਨੌਜਵਾਨਾਂ ਦੀ ਚੇਤੰਨਤਾ ਦਾ ਅੰਗ ਬਣਾਉਣ ਲਈ ਸਮਕਾਲੀਨ ਮਸਲਿਆਂ ਉੱਤੇ ਸੈਮੀਨਾਰਾਂ ਦੁਆਰਾ ਲੈਕਚਰ ਤੇ ਗੋਸ਼ਟੀਆਂ ਕਰਾਉਣੀਆਂ ਸ਼ੁਰੂ ਕੀਤੀਆਂ। ਜਿਨ੍ਹਾਂ ਵਿੱਚ ਕਸ਼ਮੀਰ ਸਮੱਸਿਆ ਉੱਤੇ ਐਨ. ਕੇ. ਜੋਸ਼ੀ, 'ਸੋਵੀਅਤ ਯੂਨੀਅਨ ਦੇ ਖਿੰਡਾਅ' ਤੇ 'ਭਾਰਤੀ ਖੱਬੇਪੱਖ ਲਈ ਸਬਕ' ਦੇ ਮੁੱਖ ਵਕਤਾ ਡਾ. ਭੁਪਿੰਦਰ ਬਰਾੜ, '1857 ਦੇ ਗ਼ਦਰ ਵਿਦਰੋਹ ਦਾ ਇਤਿਹਾਸਕ ਪ੍ਰਸੰਗ' ਉੱਤੇ ਡਾ. ਪ੍ਰੇਮ ਸਿੰਘ ਨੇ ਪਰਚਾ ਪੜ੍ਹਿਆ। ਇਸ ਉਪਰੰਤ 'ਭਾਰਤੀ ਸੰਘਵਾਦ' (FEDERALISM) : 'ਪ੍ਰਸਥਿਤੀ ਤੇ ਸੰਭਾਵਨਾ' ਦੇ ਵਿਸ਼ੇ ਉੱਤੇ ਪ੍ਰੋ. ਪਿਆਰਾ ਸਿੰਘ ਭੋਗਲ, 'ਭਾਰਤੀ ਰਾਜਨੀਤੀ ਦੀ ਸੂਝ' ਦੇ ਵਿਸ਼ੇ ਉੱਤੇ ਪ੍ਰੋ: ਰਣਧੀਰ ਸਿੰਘ ਜੀ ਦਾ ਭਾਸ਼ਨ ਆਦਿ ਹੋਏ।

ਇਸ ਉਪਰੰਤ ਵਿਦੇਸ਼ੀ ਧਰਤੀ ਉੱਤੇ ਜਾ ਕੇ ਸਾਮਰਾਜ ਦੇ ਘ੍ਰਿਣਤ ਪ੍ਰਤੀਕਾਂ ਦਾ

ਸਫ਼ਾਇਆ ਕਰਨ ਵਾਲੇ ਤਿੰਨ ਸ਼ਹੀਦਾਂ ਮਦਨ ਲਾਲ ਢੀਂਗਰਾ, ਮੇਵਾ ਸਿੰਘ ਲੋਪੋਕੇ ਅਤੇ ਊਧਮ ਸਿੰਘ ਦਾ ਸ਼ਹੀਦੀ ਦਿਵਸ ਮਨਾਇਆ ਗਿਆ। ਇਸ ਮੌਕੇ ਉੱਤੇ ਸ੍ਰੀ ਐਨ. ਕੇ. ਜੋਸ਼ੀ ਨੇ 'ਕ੍ਰਾਂਤੀਕਾਰੀ ਵਿਰਾਸਤ' : ਵਰਤੋਂ ਤੇ ਕੁਵਰਤੋਂ" ਸਿਰਲੇਖ ਹੇਠ ਪਹੁੰਚ ਪੇਪਰ ਪੇਸ਼ ਕੀਤਾ।

ਕਾ. ਐਨ. ਕੇ ਜੋਸ਼ੀ 1996 ਦੇ ਅਕਤੂਬਰ ਵਿੱਚ ਇਕ ਭਿਆਨਕ ਸੜਕ ਹਾਦਸੇ ਵਿੱਚ ਮਾਰੇ ਗਏ। ਜਿਸ ਨਾਲ ਕਮੇਟੀ ਨੂੰ ਇੱਕ ਵੱਡੀ ਬੌਧਿਕ ਘਾਟ ਝੱਲਣੀ ਪਈ। 'ਹਿਸਟਰੀ ਸਬ-ਕਮੇਟੀ' ਦਾ ਐਡੀਟਰ ਕਾ: ਗੁਰਬਖਸ਼ ਸਿੰਘ ਬੰਨੂਆਣਾ ਨੂੰ ਬਣਾਇਆ ਗਿਆ। ਉਨ੍ਹਾਂ ਦੀ ਸੰਪਾਦਨਾ ਹੇਠ 'ਵਿਰਸੇ ਅਤੇ ਹੈਰੀਟੇਜ਼' ਦਾ ਕੰਮ ਸੁਚਾਰੂ ਰੂਪ ਨਾਲ ਚੱਲਦਾ ਰਿਹਾ।

ਦੇਸ਼ ਭਗਤ ਯਾਦਗਾਰ ਕੰਪਲੈਕਸ ਵਿੱਚ 'ਪੰਜਾਬੀ ਭਾਸ਼ਾ ਅਕੈਡਮੀ' (ਪੰਜਾਬ ਅਕੈਡਮੀ ਆਫ਼ ਸ਼ੋਸ਼ਲ ਸਾਇੰਸਿਜ਼, ਲਿਟਰੇਚਰ ਐਂਡ ਕਲਚਰ) (PUNJAB ACADEMY OF SOCIAL SCIENCES, LITRATURE AND CULTURE) ਨੂੰ ਆਪਣੇ ਦਫ਼ਤਰ ਲਈ ਇੱਕ ਕਮਰਾ ਦਿੱਤਾ ਗਿਆ। 'ਪੰਜਾਬੀ ਭਾਸ਼ਾ ਅਕੈਡਮੀ' ਨੇ ਪੰਜਾਬੀ ਭਾਸ਼ਾ ਦੇ ਪੱਖ ਵਿੱਚ ਕਾਫੀ ਲਿਟਰੇਚਰ ਛਪਾ ਕੇ ਵੰਡਿਆ। ਅਕੈਡਮੀ ਨੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਭਾਰਤ ਦੀਆਂ ਰਾਜਨੀਤਕ, ਆਰਥਿਕ ਤੇ ਸਮਾਜਿਕ ਸਮੱਸਿਆਵਾਂ ਉੱਪਰ ਕਈ ਸੈਮੀਨਾਰ ਕਰਵਾਏ। ਇਨ੍ਹਾਂ ਸੈਮੀਨਾਰਾਂ ਵਿੱਚ ਅੱਛੇ ਵਿਦਵਾਨ ਹਿੱਸਾ ਲੈਂਦੇ ਤੇ ਸਰੋਤੇ (Audiance) ਵੀ ਚੰਗੇ ਉੱਚੇ ਪੱਧਰ ਦੇ ਤੇ ਜ਼ਿਆਦਾ ਹੁੰਦੇ।

ਕਮੇਟੀ ਨੇ ਫ਼ੈਸਲਾ ਕੀਤਾ ਕਿ ਮਿਹਨਤਕਸ਼ ਵਰਗ ਦੇ ਨੌਜਵਾਨਾਂ ਨੂੰ ਵਿਗਿਆਨਕ ਸੋਚ ਦਿੱਤੀ ਜਾਵੇ, ਤਾਂ ਕਿ ਉਹ ਆਪਣੇ ਤੇ ਦੇਸ਼ ਦੇ ਮਸਲਿਆਂ ਨੂੰ ਸਮਝ ਸਕਣ ਕਿ ਭਾਰਤੀ ਸਮਾਜ ਨੂੰ ਕਿਸ ਤਰ੍ਹਾਂ ਸੋਸ਼ਲਿਜ਼ਮ ਦੀ ਤਰਫ਼ ਲਿਜਾਣਾ ਹੈ। ਇਸ ਸਿਲਸਿਲੇ ਵਿੱਚ ਨੌਜਵਾਨਾਂ ਲਈ 'ਚੇਤਨਾ ਕੈਂਪ' ਦਾ ਆਯੋਜਨ ਕਰਨ ਦਾ ਫ਼ੈਸਲਾ ਕੀਤਾ। ਪੰਜਾਬ ਦੇ ਖੱਬੇ ਪੱਖੀ ਸੋਚ ਦੇ ਬੁੱਧੀਜੀਵੀਆਂ ਦੇ ਭਾਰਤ ਦੇ ਸਮਕਾਲੀਨ ਮਸਲਿਆਂ 'ਤੇ ਲੈਕਚਰ ਕਰਾਉਣੇ ਸ਼ੁਰੂ ਕੀਤੇ। ਭਾਰਤੀ ਇਤਿਹਾਸ ਦਾ ਕਿਸ ਤਰ੍ਹਾਂ ਵਿਕਾਸ ਹੋਇਆ, ਇਸ ਵਿੱਚ ਵਰਣ ਵਿਵਸਥਾ ਤੇ ਜਾਤੀਵਾਦ ਕਿਉਂ ਤੇ ਕਿਸ ਤਰ੍ਹਾਂ ਪੈਦਾ ਹੋਇਆ। ਭਾਰਤੀ-ਦਰਸ਼ਨ ਕੀ ਹੈ? ਜਿਸ ਨੇ ਲੋਕਾਂ ਦੀ ਮਾਨਸਿਕਤਾ ਜਕੜ ਰੱਖੀ ਹੈ। ਆਮ ਗਰੀਬ ਵਰਗ ਦੇ ਲੋਕ ਆਪਣੀ ਸਮਾਜਿਕ ਸਥਿਤੀ ਨੂੰ ਮਨਜ਼ੂਰ ਕਰਕੇ ਆਪਣੀ ਗੁਲਾਮਾਨਾ ਜ਼ਹਿਨੀਅਤ ਨੂੰ ਕਿਉਂ ਤਿਆਗ ਨਹੀਂ ਰਹੇ। ਇਸ ਤਰ੍ਹਾਂ ਇਹ ਸਾਰਾ ਕੁਝ ਵਿਗਿਆਨਕ (ਮਾਰਕਸੀ) ਨਜ਼ਰੀਏ ਤੋਂ ਸਮਝਾਇਆ ਜਾਵੇ। ਇਸ ਵਿਸ਼ੇ ਉੱਤੇ ਚੇਤਨਾ ਕੈਂਪ ਵਿੱਚ ਤਿੰਨ-ਚਾਰ ਸਾਲ ਬੁੱਧੀਜੀਵੀਆਂ ਦੇ ਲੈਕਚਰ ਕਰਵਾਏ ਗਏ। ਪਰ, ਕੋਈ ਬੁੱਧੀਜੀਵੀ ਵੀ ਭਾਰਤੀ ਇਤਿਹਾਸ ਦੇ ਵਿਕਾਸ ਨੂੰ ਮਾਰਕਸੀ ਨਜ਼ਰੀਏ ਤੋਂ ਸਮਝਾ ਨਾ ਸਕਿਆ।

ਭਾਰਤੀ ਇਤਿਹਾਸ ਦੇ ਉੱਪਰ ਹੁਣ ਮਾਰਕਸੀ ਨਜ਼ਰੀਏ ਤੋਂ ਕਾਫ਼ੀ ਵਿਦਵਾਨਾਂ

ਦੁਆਰਾ ਖੋਜ ਭਰਪੂਰ ਲਿਟਰੇਚਰ ਉਪਲਬੱਧ ਹੈ। 2006 ਦੇ ਚੇਤਨਾ ਕੈਂਪ ਦੇ ਆਖਰੀ ਦਿਨ ਦੇਸ਼ ਭਗਤ ਯਾਦਗਾਰ ਹਾਲ ਵਿੱਚ ਜੁੜ ਬੈਠੇ ਕਮਿਊਨਿਸਟ ਪਾਰਟੀਆਂ ਦੇ ਕੁਝ ਜ਼ਿੰਮੇਵਾਰ ਲੀਡਰਾਨ ਅਤੇ ਨੌਜਵਾਨ ਵਿਦਿਆਰਥੀਆਂ ਅੱਗੇ ਤਜਵੀਜ਼ ਰੱਖੀ ਕਿ ਆਪਣੇ ਪੰਜ-ਛੇ ਗਰੁੱਪ ਬਣਾ ਲਈਏ ਤੇ ਭਾਰਤੀ ਇਤਿਹਾਸ ਦੇ ਅਲੱਗ-ਅਲੱਗ ਵਿਸ਼ਿਆਂ ਉੱਤੇ ਸਟੱਡੀ ਕਰੀਏ ਅਤੇ ਕਿਸੇ ਦਿਨ ਦੁਬਾਰਾ ਇਕੱਠੇ ਹੋ ਕੇ ਆਪਣੇ-ਆਪਣੇ ਵਿਸ਼ਿਆਂ ਉੱਪਰ ਪੇਪਰ ਪੜ੍ਹੀਏ। ਉਸ ਡਿਸਕਸ਼ਨ ਵਿੱਚੋਂ ਜੋ ਸਵਾਲ ਪੈਦਾ ਹੋਣ, ਉਨ੍ਹਾਂ ਉੱਤੇ ਉਨ੍ਹਾਂ ਵਿਦਵਾਨਾਂ ਦੀ ਗਾਈਡੈਂਸ (GUIDANCE) ਲਈਏ, ਜਿਨ੍ਹਾਂ ਨੇ ਮਾਰਕਸੀ ਨਜ਼ਰੀਏ ਤੋਂ 'ਭਾਰਤੀ ਇਤਿਹਾਸ' ਦੀ ਖੋਜ ਕੀਤੀ ਹੈ। ਇਨ੍ਹਾਂ ਵਿਦਵਾਨਾਂ ਦੀਆਂ ਖੋਜ ਭਰਪੂਰ ਕਿਤਾਬਾਂ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬ੍ਰੇਰੀ ਵਿੱਚ ਖਰੀਦ ਕੇ ਬਹੁਤ ਸਾਰੀਆਂ ਰੱਖੀਆਂ ਹੋਈਆਂ ਹਨ। ਪਰ ਸਾਰੇ ਸਾਥੀਆਂ ਨੇ ਕੋਈ ਰਾਏ ਨਾ ਦਿੱਤੀ। ਸੋ ਇਹ ਕੰਮ ਅਧੂਰਾ ਹੀ ਰਹਿ ਗਿਆ!

ਦੇਸ਼ ਭਗਤ ਯਾਦਗਾਰ ਕਮੇਟੀ ਨੇ ਫੈਸਲਾ ਕੀਤਾ ਕਿ ਆਮ ਲੋਕਾਂ ਵਿੱਚ ਮੁਖ਼ਤਲਿਫ਼ (ਅਲੱਗ-ਅਲੱਗ) ਵਿਸ਼ਿਆਂ ਉੱਤੇ ਗਿਆਨ ਪ੍ਰਾਪਤ ਕਰਨ ਲਈ ਇੱਛਾ ਨੂੰ ਵਧਾਉਣਾ ਚਾਹੀਦਾ ਹੈ। ਇਸ ਸਿਲਸਿਲੇ ਵਿੱਚ ਪੰਜਾਬ ਭਾਸ਼ਾ ਵਿਭਾਗ ਵੱਲੋਂ ਕਿਤਾਬ ਮੇਲਾ ਲਗਵਾਇਆ ਗਿਆ। ਇਸ ਕਿਤਾਬ ਮੇਲੇ ਵਿੱਚ ਥੋੜੇ ਵਿਸ਼ਿਆਂ ਉੱਤੇ ਬੁੱਕ ਸਟਾਲ ਲੱਗੇ। ਜਲੰਧਰ ਦੇ ਲੋਕਾਂ ਨੇ ਕਿਤਾਬਾਂ ਖਰੀਦਣ ਦੀ ਘੱਟ ਦਿਲਚਸਪੀ ਦਿਖਾਈ। ਪੰਜਾਬ ਭਾਸ਼ਾ ਵਿਭਾਗ ਤੋਂ ਜੋ ਕਿਰਾਇਆ ਪੱਚੀ ਹਜ਼ਾਰ (25000/-) ਰੁਪਇਆ ਯਾਦਗਾਰ ਕਮੇਟੀ ਨੇ ਲੈਣਾ ਸੀ, ਉਸ ਸਾਰੀ ਰਕਮ ਦੀਆਂ ਭਾਸ਼ਾ ਵਿਭਾਗ ਦੀਆਂ ਛਪੀਆਂ ਹੋਈਆਂ ਕਿਤਾਬਾਂ (ਪੰਜਾਬ ਭਾਸ਼ਾ ਵਿਭਾਗ ਬਹੁਮੂਲਯ ਸਮੱਗਰੀ ਥੋੜ੍ਹੇ ਪੈਸਿਆਂ ਵਿੱਚ ਵੇਚਦੀ ਹੈ।) ਇਸ ਤੋਂ ਇਲਾਵਾ ਦੂਸਰੇ ਕਿਤਾਬ ਵਿਕਰੇਤਾਵਾਂ ਤੋਂ ਵੀ ਕਿਤਾਬਾਂ ਖਰੀਦ ਕੇ ਦੇਸ਼ ਭਗਤ ਯਾਦਗਾਰ ਕਮੇਟੀ ਦੀ ਲਾਇਬ੍ਰੇਰੀ ਨੂੰ ENRICH (ਅਮੀਰ) ਕੀਤਾ ਗਿਆ।

ਨੈਸ਼ਨਲ ਬੁਕ ਟਰੱਸਟ ਆਫ ਇੰਡੀਆ (N.B.T) ਦੁਆਰਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਕੰਪਲੈਕਸ ਵਿੱਚ ਤਿੰਨ ਵੱਡੇ ਪੁਸਤਕ ਮੇਲੇ (BOOK- FAIR) ਲਗਵਾਏ। ਇਨ੍ਹਾਂ ਵਿੱਚ ਦੇਸ਼ ਭਰ ਤੋਂ ਆਏ ਪ੍ਰਕਾਸ਼ਕ ਤੇ ਪੁਸਤਕ ਵਿਕਰੇਤਾਵਾਂ ਨੇ ਆਪਣੇ ਸਟਾਲ ਲਗਾਏ। ਇਨ੍ਹਾਂ ਸਟਾਲਾਂ ਉੱਤੇ ਸਾਇੰਸ, ਸਾਹਿਤ, ਇਤਿਹਾਸ ਅਤੇ ਰਾਜਨੀਤੀ ਤੇ ਆਮ ਗਿਆਨ (GENERAL KNOWLEDGE) ਆਦਿ ਮੁਖ਼ਤਲਿਫ਼ (ਅਲੱਗ-ਅਲੱਗ) ਵਿਸ਼ਿਆਂ ਉੱਤੇ ਕਿਤਾਬਾਂ ਦੇ ਸਟਾਲ ਸਨ।

ਐਨ.ਬੀ.ਟੀ. ਦੇ ਪਹਿਲੇ ਦੋ ਪੁਸਤਕ ਮੇਲਿਆਂ ਉੱਤੇ ਤੀਹ-ਤੀਹ ਲੱਖ ਰੁਪਏ ਮੁੱਲ ਦੀਆਂ ਕਿਤਾਬਾਂ ਵਿਕੀਆਂ। ਐਨ.ਬੀ.ਟੀ. ਦੇ ਤੀਸਰੇ ਪੁਸਤਕ ਮੇਲੇ ਉੱਤੇ ਜਲੰਧਰ ਦੇ ਪਾਠਕਾਂ ਨੇ ਕੁਲ ਪੰਜਾਹ ਲੱਖ ਰੁਪਏ ਦੇ ਕਰੀਬ ਮੁੱਲ ਦੀਆਂ ਕਿਤਾਬਾਂ ਖਰੀਦੀਆਂ। ਦੇਸ਼ ਭਗਤ ਯਾਦਗਾਰ ਦੀ ਲਾਇਬ੍ਰੇਰੀ ਲਈ ਵੀ ਇਤਿਹਾਸ, ਸਾਹਿਤ, ਸਮਾਜ ਸ਼ਾਸ਼ਤਰ,

ਰਾਜਨੀਤੀ ਅਤੇ ਸਾਮਾਨਾਯ ਗਿਆਨ ਦੀਆਂ (ਗਿਆਨ ਵਰਧਕ) ਬਹੁਤ ਜ਼ਿਆਦਾ ਕਿਤਾਬਾਂ ਖਰੀਦ ਕੇ ਲਾਇਬ੍ਰੇਰੀ ਨੂੰ ENRICH (ਅਮੀਰ) ਕੀਤਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਵੱਡੇ ਇਕੱਠਾਂ ਦਾ ਪ੍ਰਬੰਧ ਕਰਨ ਲਈ ਇਕ ਵੱਡੇ ਹਾਲ ਦੀ ਜ਼ਰੂਰਤ ਮਹਿਸੂਸ ਹੋਣ ਉੱਤੇ ਫੈਸਲਾ ਕੀਤਾ ਕਿ ਇਕ ਨਵਾਂ ਵੱਡਾ ਹਾਲ ਬਣਾਇਆ ਜਾਵੇ। ਇਸ ਲਈ ਕਾ. ਭਗਤ ਸਿੰਘ ਬਿਲਗਾ ਇੰਗਲੈਂਡ ਗਏ ਅਤੇ ਸ਼ਹੀਦ ਊਧਮ ਸਿੰਘ ਟਰੱਸਟ ਦੀ ਸਹਾਇਤਾ ਨਾਲ ਨਵੇਂ ਹਾਲ ਲਈ ਤਕਰੀਬਨ ਪੰਦਰਾਂ ਲੱਖ ਰੁਪਏ ਫੰਡ ਇਕੱਠਾ ਕੀਤਾ। ਇਸ ਵਿੱਚ ਵੱਡਾ ਹਿੱਸਾ (ਪੰਜ ਲੱਖ) ਕਾ. ਅਜੀਤ ਕੌਰ ਤੇ ਚੰਚਲ ਸਿੰਘ ਬਾਬਕ ਦਾ ਸੀ। ਬਾਵਕ ਦੰਪਤੀ ਨੇ ਦੁਬਾਰਾ ਵੀ ਇਸ ਫੰਡ ਲਈ ਦੋ ਲੱਖ ਰੁਪਏ ਕਮੇਟੀ ਨੂੰ ਦਿੱਤੇ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਂ ਨੇ ਤੇ ਹੋਰ ਸਥਾਨਕ ਹਮਦਰਦ ਸਾਥੀਆਂ ਨੇ ਇਸ ਫੰਡ ਲਈ ਦਸ ਲੱਖ ਦੇ ਕਰੀਬ ਰਕਮ ਦਿੱਤੀ। ਇਸ ਤੋਂ ਇਲਾਵਾ ਕਮੇਟੀ ਦੇ ਰਿਜ਼ਰਵ ਫੰਡ ਅਤੇ ਆਡੀਟੋਰੀਅਮ ਦੇ ਆਉਣ ਵਾਲੇ ਕਿਰਾਏ ਤੋਂ ਲਗਾ ਕੇ ਨਵੇਂ ਹਾਲ ਦੀ ਬਿਲਡਿੰਗ ਮੁਕੰਮਲ ਕਰਵਾਈ ਗਈ। ਇਹ ਵੱਡਾ ਹਾਲ 120 ਫੁੱਟ ਲੰਬਾ ਅਤੇ 80 ਫੁੱਟ ਚੌੜਾ ਹੈ। ਇਸ ਦੇ ਨਾਲ ਸੱਤ-ਅੱਠ ਰਿਹਾਇਸ਼ ਦੇ ਕਮਰੇ ਤੇ ਇਕ ਵੱਡੀ ਰਸੋਈ ਤੇ ਇਕ ਵੱਡੀ ਲੌਬੀ ਵੀ ਉਸਾਰੀ ਗਈ। ਜ਼ਰੂਰਤ ਲਈ ਨੌ-ਦਸ ਬਾਥਰੂਮ ਵੀ ਬਣਾਏ ਗਏ।

ਦੇਸ਼ ਭਗਤ ਯਾਦਗਾਰ ਦੇ ਕੰਪਲੈਕਸ ਦੀ ਉੱਤਰ ਵਾਲੀ ਬਿਲਡਿੰਗ ਖਸਤਾਹਾਲ ਹੋ ਚੁੱਕੀ ਸੀ, ਉਹ ਗਿਰਾ ਕੇ ਉਸ ਦੀ ਜਗ੍ਹਾ ਦੋਬਾਰਾ ਨਵੀਂ ਵੱਡੀ ਬਿਲਡਿੰਗ ਬਣਵਾਈ ਗਈ। ਕਮੇਟੀ ਨੂੰ ਇਸ ਦਾ ਕਾਫ਼ੀ ਕਿਰਾਇਆ ਆ ਜਾਂਦਾ ਹੈ। ਜਿਸ ਨਾਲ ਕਮੇਟੀ ਦੇ ਖਰਚੇ ਕਾਫ਼ੀ ਹੱਦ ਤੱਕ ਪੂਰੇ ਹੋ ਜਾਂਦੇ ਹਨ।

ਦੇਸ਼ ਭਗਤ ਯਾਦਗਾਰ ਕੰਪਲੈਕਸ ਵਿੱਚ ਖੁੱਲ੍ਹੀ ਪਈ ਜਗ੍ਹਾ ਉੱਤੇ ਪੱਕੇ ਫਰਸ਼ ਲਗਵਾਏ ਗਏ। ਜਿਸ ਨਾਲ ਕਾਰ ਪਾਰਕਿੰਗ ਦੇ ਨਾਲ-ਨਾਲ ਛੋਟੇ-ਵੱਡੇ ਖੁੱਲ੍ਹੇ ਫੰਕਸ਼ਨ (FUNCTION) ਚੰਗੀ ਤਰ੍ਹਾਂ ਹੋਣ ਲੱਗ ਪਏ।

ਪੁਨਰ ਮੁਲਾਂਕਣ

1938-39 ਵਿੱਚ ਮੈਂ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿੱਚ ਸ਼ਾਮਿਲ ਹੋਣ ਦਾ ਫ਼ੈਸਲਾ ਕਰ ਲਿਆ ਸੀ। ਉਸ ਵੇਲੇ ਤੱਕ ਮੇਰੇ ਖ਼ਿਆਲਾਤ ਸੋਸ਼ਲਿਸਟ ਵਿਚਾਰਧਾਰਾ ਦੇ ਹੋ ਚੁੱਕੇ ਸਨ। ਇਸੇ ਲਈ ਮੈਂ 1939 ਦੀਆਂ ਗਰਮੀਆਂ ਵਿੱਚ ਮਜ਼ਦੂਰ ਜਥੇਬੰਦੀਆਂ ਵਿੱਚ ਕੰਮ ਕਰਨ ਲਈ (ਇੱਕ ਮਜ਼ਦੂਰ ਬਣ ਕੇ) ਕਾਨਪੁਰ ਗਿਆ ਸੀ। ਪਰ ਕਿਤੇ ਕੰਮ ਨਾ ਮਿਲਣ ਕਰਕੇ ਮੈਂ ਨੂਰਮਹਿਲ ਆ ਗਿਆ ਤੇ ਇਲਾਕੇ ਦੇ ਗ਼ਦਰ ਪਾਰਟੀ ਦੇ ਪੁਰਾਣੇ ਗ਼ਦਰੀ ਬਾਬਿਆਂ (ਬਾਬਾ ਕਰਮ ਸਿੰਘ ਚੀਮਾ ਅਤੇ ਬਾਬਾ ਭਾਗ ਸਿੰਘ ਕਨੇਡੀਅਨ) ਨਾਲ ਮਿਲ ਕੇ ਕਿਸਾਨ ਅੰਦੋਲਨ ਵਿੱਚ ਕੰਮ ਕਰਨ ਲੱਗਾ, ਕਿਉਂਕਿ ਉਹ ਦੇਸ਼ ਦੀ ਆਜ਼ਾਦੀ ਦੇ ਘੋਲ ਵਿੱਚ ਵੀ ਸ਼ਾਮਿਲ ਸਨ ਤੇ ਕਿਸਾਨ ਅੰਦੋਲਨ ਵਿੱਚ ਦੇਸ਼ ਦੀ ਆਜ਼ਾਦੀ ਅਤੇ ਸੋਸ਼ਲਿਜ਼ਮ ਦੀ ਪ੍ਰਾਪਤੀ ਲਈ ਗ਼ਰੀਬ ਕਿਸਾਨੀ ਨੂੰ ਜਾਗ੍ਰਿਤ ਕਰਦੇ ਸਨ। ਉਨ੍ਹਾਂ ਦੀ ਜਥੇਬੰਦੀ ਵਿੱਚ, ਜਿਸ ਦਾ ਨਾਮ 'ਕਿਰਤੀ ਪਾਰਟੀ' ਸੀ, ਜਿਹੜੇ ਸਾਥੀ ਕੰਮ ਕਰਦੇ ਸਨ, ਉਹ ਬਹੁਤ ਇਮਾਨਦਾਰੀ ਤੇ ਤਿਆਗ ਦੇ ਨਾਲ ਸਾਦਾ ਜੀਵਨ ਬਤੀਤ ਕਰਦੇ ਸਨ। ਜਿਹੜੇ ਵਰਕਰ ਪਿੰਡਾਂ ਵਿੱਚ ਆਪਣੀ ਖੇਤੀ ਕਰਕੇ ਆਪਣਾ ਸਮਾਂ ਪੋਲਿਟੀਕਲ ਕੰਮ ਕਰਨ ਲਈ ਲਾਉਂਦੇ ਸਨ ਉਹ ਵੀ ਬਹੁਤ ਇਮਾਨਦਾਰੀ ਨਾਲ ਕੰਮ ਕਰਦੇ ਸਨ। ਉਨ੍ਹਾਂ ਦੇ ਪ੍ਰਭਾਵ ਥੱਲੇ ਮੇਰਾ ਮਾਸ ਵਰਕ (MASS WORK) ਕਰਨ ਦਾ ਤਜ਼ਰਬਾ ਸ਼ੁਰੂ ਹੋਇਆ। ਇਹ ਪ੍ਰਭਾਵ ਜੀਵਨ ਭਰ ਲਈ ਮੇਰੇ ਉੱਪਰ ਰਿਹਾ।

ਕਿਰਤੀ ਪਾਰਟੀ ਵਿੱਚ ਕੰਮ ਕਰਦਿਆਂ ਮਾਰਕਸਵਾਦੀ ਵਿਚਾਰਧਾਰਾ ਦੀ ਸੂਝ ਰੱਖਣ ਵਾਲੇ ਸਾਥੀਆਂ ਤੋਂ ਜੋ ਸੂਝ ਲਈ ਉਸ ਅਨੁਸਾਰ ਜ਼ਿਲ੍ਹੇ ਦੀ ਕਿਸਾਨ ਸਭਾ ਪਿੰਡਾਂ ਵਿੱਚ ਘੁੰਮ ਘੁੰਮ ਕੇ ਦੂਸਰੇ ਸਾਥੀਆਂ ਨਾਲ ਮਿਲ ਕੇ ਕੰਮ ਕਰਦਾ ਰਿਹਾ। MASS WORK (ਜਨਤਕ ਜਥੇਬੰਦੀਆਂ ਵਿਚ ਕੰਮ) ਏਨਾ ਕਰਨਾ ਪੈਂਦਾ ਕਿ ਮਾਰਕਸਵਾਦ ਦੀਆਂ ਹੋਰ ਕਿਤਾਬਾਂ ਪੜ੍ਹ ਕੇ ਆਪਣਾ ਬੌਧਿਕ ਗਿਆਨ ਗਹਿਰਾ ਕਰਨ ਦਾ ਮੌਕਾ ਨਾ ਮਿਲਦਾ। ਇਹੀ ਸਥਿਤੀ ਕਿਸਾਨ ਸਭਾ ਵਿੱਚ ਦੂਸਰੇ ਕੰਮ ਕਰ ਰਹੇ ਵਰਕਰਾਂ ਦੀ ਵੀ ਸੀ।

1941 ਦੇ ਸ਼ੁਰੂ ਵਿੱਚ ਗ੍ਰਿਫਤਾਰੀ ਤੋਂ ਬਾਅਦ ਜਿਹੜੇ ਸਾਥੀ ਮੇਰੇ ਨਾਲ ਜੇਲ੍ਹ ਵਿੱਚ ਨਜ਼ਰਬੰਦ ਸਨ, ਉਨ੍ਹਾਂ ਵਿੱਚੋਂ ਵੱਡੀ ਤਾਦਾਦ ਦਾ ਮਾਰਕਸਵਾਦ ਬਾਰੇ ਬੌਧਿਕ ਗਿਆਨ ਗਹਿਰਾ ਨਹੀਂ ਸੀ। ਜਿਹੜੇ ਸਾਥੀ ਜ਼ਿਆਦਾ ਪੜ੍ਹੇ-ਲਿਖੇ ਸਨ ਜਾਂ ਕਮਿਊਨਿਸਟ ਲਹਿਰ ਦੇ ਲੀਡਰ ਸਨ, ਉਹ ਵੀ ਆਪਣੇ ਦੇਸ਼ ਦੇ ਆਰਥਿਕ, ਸਮਾਜਿਕ ਤੇ ਰਾਜਨੀਤਕ

ਇਤਿਹਾਸ ਦੇ ਵਿਕਾਸ ਬਾਰੇ ਆਮ ਸਾਥੀਆਂ ਨੂੰ ਸਮਝਾ ਨਾ ਸਕੇ। ਕਿਉਂਕਿ ਮਾਰਕਸਵਾਦ ਦੇ ਵਿਸ਼ੇ 'ਤੇ ਬਹੁਤ ਘੱਟ ਕਿਤਾਬਾਂ ਉਪਲਬੱਧ ਸਨ। ਜੋ ਮਿਲਦੀਆਂ ਵੀ ਸਨ, ਉਹ ਸਾਡੇ ਦੇਸ਼ ਦੇ ਵਿਕਾਸ (ਸ਼ੁਰੂ ਤੋਂ ਲੈ ਕੇ) ਉੱਤੇ ਰੋਸ਼ਨੀ ਨਹੀਂ ਪਾਉਂਦੀਆਂ ਸਨ। ਉਹ ਬਾਹਰਲੇ ਦੇਸ਼ਾਂ ਵਿੱਚ ਇਨਸਾਨੀ ਸਮਾਜ ਦਾ ਕਿਸ ਤਰ੍ਹਾਂ ਵਿਕਾਸ ਹੋਇਆ ਇਹੀ ਸਮਝਾਉਂਦੀਆਂ ਸਨ।

ਜਦ ਮੈਂ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਸ਼ਾਮਿਲ ਹੋਇਆ, ਪੰਜਾਬ ਦੀ ਕਮਿਊਨਿਸਟ ਲਹਿਰ ਵਿੱਚ ਦੋ ਕਮਿਊਨਿਸਟ ਪਾਰਟੀਆਂ ਕੰਮ ਕਰਦੀਆਂ ਸਨ। ਇਕ ਕਿਰਤੀ ਪਾਰਟੀ, ਦੂਜੀ ਆਲ ਇੰਡੀਆ ਕਮਿਊਨਿਸਟ ਪਾਰਟੀ ਦਾ ਪੰਜਾਬ ਯੂਨਿਟ, ਜਿਸ ਨੂੰ ਜੋਸ਼ ਗਰੁੱਪ ਕਿਹਾ ਜਾਂਦਾ ਸੀ। ਦੋਹਾਂ ਪਾਰਟੀਆਂ ਦੇ ਇਕੋ ਜਗ੍ਹਾ 'ਤੇ ਕੰਮ ਕਰਨ ਕਰਕੇ ਆਪਸ ਵਿੱਚ ਦੇ ਮੁਕਾਬਲੇ ਕਾਰਨ ਆਮ ਸਾਥੀਆਂ ਵਿੱਚ CONFUSION (ਉਲਝਣ) ਪੈਦਾ ਹੋ ਜਾਂਦੀ ਤੇ ਜੱਥੇਬੰਦੀ ਨੂੰ ਨੁਕਸਾਨ ਹੁੰਦਾ ਸੀ। ਜਦ ਦਿਓਲੀ ਕੈਂਪ ਜੇਲ੍ਹ ਵਿੱਚ ਇਕੱਠੇ ਹੋਏ ਤਾਂ ਉੱਥੇ ਸੈਂਟਰਲ ਪਾਰਟੀ ਕਮੇਟੀ ਦੀਆਂ ਕੋਸ਼ਿਸ਼ਾਂ ਨਾਲ ਆਪਸ ਵਿੱਚ ਦੀਆਂ ਸ਼ੰਕਾਵਾਂ ਦੂਰ ਕਰਵਾਈਆਂ ਤੇ ਪੰਜਾਬ ਦੇ ਦੋਵੇਂ ਕਮਿਊਨਿਸਟ ਗਰੁੱਪ ਇਕੱਠੇ ਹੋ ਗਏ।

1942-43 ਵਿੱਚ ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਦੋਵੇਂ ਗਰੁੱਪ ਪਾਰਟੀ ਦਾ ਕੰਮ ਭਾਵੇਂ ਇਕੱਠੇ ਕਰਦੇ ਰਹੇ ਪਰ ਆਪਸ ਵਿੱਚ ਦਾ ਤਣਾਓ ਬਣਿਆ ਰਿਹਾ।

ਜੁਲਾਈ 1941 ਵਿੱਚ ਸੋਵੀਅਤ ਰੂਸ (ਸਮਾਜਵਾਦੀ ਰੂਸ) ਉੱਪਰ ਫਾਸ਼ਿਸ਼ਟ-ਜਰਮਨੀ ਦੇ ਹਮਲੇ ਤੋਂ ਬਾਅਦ ਕਮਿਊਨਿਸਟ ਪਾਰਟੀ ਆਫ਼ ਇੰਡੀਆ ਦੀ ਪੋਲਿਟੀਕਲ ਲਾਈਨ ਬਦਲ ਚੁੱਕੀ ਸੀ। ਫਾਸ਼ਿਸ਼ਟ-ਜਰਮਨੀ ਦੇ ਖਿਲਾਫ਼ ਲੜਾਈ ਨੂੰ ਇਸ ਨੇ ਮੁੱਖ ਲੜਾਈ ਸਮਝਿਆ ਤੇ ਅੰਗਰੇਜ਼ੀ ਸਾਮਰਾਜ ਦੇ ਖਿਲਾਫ਼ ਆਪਣੇ ਦੇਸ਼ ਦੀ ਆਜ਼ਾਦੀ ਦੀ ਲੜਾਈ ਨੂੰ ਪਿੱਛੇ ਪਾ ਦਿੱਤਾ। ਕਿਉਂਕਿ 1942 ਦੇ ਅਗਸਤ ਤੋਂ ਬਾਅਦ ਆਲ ਇੰਡੀਆ ਨੈਸ਼ਨਲ ਕਾਂਗਰਸ ਤੇ ਕਾਂਗਰਸ ਸੋਸ਼ਲਿਸਟ ਪਾਰਟੀ ਦੇਸ਼ ਦੀ ਆਜ਼ਾਦੀ ਲਈ ਸਰਗਰਮ ਜਦੋ ਜਹਿਦ ਕਰ ਰਹੀਆਂ ਸਨ। ਪਰ ਕਮਿਊਨਿਸਟ ਪਾਰਟੀ ਨੇ ਇਸ ਵਿਚ ਹਿੱਸਾ ਨਾ ਲਿਆ। ਉਲਟਾ ਇਸ ਦੀ ਮੁਖ਼ਾਲਫ਼ਿਤ ਕੀਤੀ। ਜਿਸ ਨੂੰ ਲੋਕਾਂ ਨੇ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਗ਼ੱਦਾਰੀ ਸਮਝਿਆ।

ਇਸ ਤੋਂ ਬਾਅਦ ਕਮਿਊਨਿਸਟ ਪਾਰਟੀ ਆਫ਼ ਇੰਡੀਆ ਨੇ ਦੇਸ਼ ਦੀ ਧਾਰਮਿਕ ਆਧਾਰ ਉੱਤੇ ਤਕਸੀਮ (ਵੰਡ) ਕਰਨ ਦੇ ਪਾਕਿਸਤਾਨ ਦੇ ਨਾਅਰੇ ਦੀ ਅਮਲੀ ਤੌਰ 'ਤੇ ਹਮਾਇਤ ਕੀਤੀ। ਜਿਹੜਾ ਮਾਰਕਸਵਾਦੀ ਸਿਧਾਂਤ ਦੇ ਮੁਤਾਬਿਕ ਕੌਮੀ ਆਤਮ ਨਿਰਣੇ ਦੇ ਹੱਕ ਦੀ ਨਿਖੇਧੀ ਕਰਦਾ ਸੀ।

ਕਮਿਊਨਿਸਟ ਪਾਰਟੀ ਵਿੱਚ ਕੰਮ ਕਰਦਿਆਂ ਇਨ੍ਹਾਂ ਸੱਤ ਅੱਠ ਸਾਲਾਂ ਵਿੱਚ ਮੈਂ ਮਹਿਸੂਸ ਕੀਤਾ ਕਿ ਪਾਰਟੀ ਦਾ, ਗ਼ਰੀਬ ਮਿਹਨਤਕਸ਼ ਲੋਕਾਂ ਵਿੱਚ (ਜਿਸ ਵਿੱਚ ਦਲਿਤ, ਪੇਂਡੂ ਗ਼ਰੀਬ, ਆਦਿਵਾਸੀ ਅਤੇ ਭਾਰਤੀ ਸਮਾਜ ਦੀਆਂ ਹੋਰ ਗ਼ਰੀਬ ਸ਼੍ਰੇਣੀਆਂ

ਜੋ ਬਹੁਤ ਵੱਡੀ ਤਾਦਾਦ ਵਿੱਚ ਸਨ) ਪਾਰਟੀ ਦਾ ਉਨ੍ਹਾਂ ਵਿਚ ਕੋਈ ਆਧਾਰ ਨਹੀਂ ਸੀ ਅਤੇ ਨਾ ਹੀ ਪਾਰਟੀ ਵਿੱਚ ਇਨ੍ਹਾਂ ਵਰਗਾਂ ਦੀ ਆਰਥਿਕ ਤੇ ਸਮਾਜਕ ਵਰਗ ਚੇਤਨਾ ਦੀ ਸੂਝ ਬਾਰੇ ਵੀ ਕੋਈ ਗੱਲਬਾਤ ਨਹੀਂ ਸੀ ਹੁੰਦੀ ਅਤੇ ਨਾ ਹੀ ਕੋਈ ਪਾਰਟੀ ਲਿਟਰੇਚਰ ਲਿਖਿਆ ਜਾਂਦਾ ਸੀ।

1947 ਦੇ ਜੂਨ-ਜੁਲਾਈ ਵਿੱਚ ਦੇਸ਼ ਨੂੰ ਦੋਂਹ ਹਿੱਸਿਆਂ ਵਿੱਚ ਪਾੜਨ ਦੇ ਵਾਇਸਰਾਏ ਮਾਊਂਟਬੈਟਨ (VICEROY MOUNT BATTON) ਦੇ ਐਲਾਨ ਤੋਂ ਬਾਅਦ ਸੈਂਟਰਲ ਪਾਰਟੀ ਦੇ ਜਨਰਲ ਸੈਕਟਰੀ ਪੀ.ਸੀ. ਜੋਸ਼ੀ ਦੇ ਦੁਆਰਾ ਵਾਇਸਰਾਇ ਦੇ ਐਲਾਨ ਨੂੰ ਮਨਜ਼ੂਰ ਕਰਨਾ ਤੇ ਕਾਂਗਰਸ ਦਾ ਜਵਾਹਰ ਲਾਲ ਨਹਿਰੂ ਤੇ ਸਰਦਾਰ ਵੱਲਭ ਭਾਈ ਪਟੇਲ ਦੀ ਅਗਵਾਈ ਵਿੱਚ ਦੇਸ਼ ਦੀ ਵੰਡ ਨੂੰ ਕਬੂਲਣਾ ਅਤੇ ਪੀ.ਸੀ. ਜੋਸ਼ੀ ਦਾ ਜਵਾਹਰ ਲਾਲ ਤੇ ਪਟੇਲ ਦੀ ਇਸ ਨੀਤੀ ਦੇ ਪਿੱਛੇ ਚੱਲਣ ਦੀ ਪਾਰਟੀ ਪਾਲਿਸੀ ਨਾਲ ਸਾਡੇ ਵਿੱਚ, ਪੁਰਾਣੇ ਕਿਰਤੀਆਂ ਵਿੱਚ ਕਾਫ਼ੀ ਮਾਯੂਸੀ ਆਈ। ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਦਾ ਪੁਰਾਣੇ ਕਿਰਤੀਆਂ ਬਾਬਤ ਜੋ ਰਵੱਈਆ ਰਿਹਾ, ਉਸ ਨੇ ਵੀ ਪਾਰਟੀ ਦੀ ਲੀਡਰਸ਼ਿਪ ਉੱਤੇ ਸਾਡਾ ਵਿਸ਼ਵਾਸ ਨਾ ਰਹਿਣ ਦਿੱਤਾ। ਇਸ ਲਈ ਪੁਰਾਣੇ ਕਿਰਤੀ ਪਾਰਟੀ ਦੇ ਇਕ ਵੱਡੇ ਧੜੇ ਨੇ ਇਕੱਠੇ ਹੋ ਕੇ ਫੈਸਲਾ ਕੀਤਾ ਕਿ ਅਸੀਂ ਆਪਣੀ ਵੱਖਰੀ ਪੋਲਿਟੀਕਲ ਪਾਰਟੀ ਬਣਾ ਕੇ ਭਾਰਤੀ ਇਨਕਲਾਬ ਲਈ ਆਪਣੇ ਕੰਮ ਦਾ ਯੋਗਦਾਨ ਪਾਈਏ। ਇਸ ਲਈ ਅਸੀਂ 'ਲਾਲ ਕਮਿਊਨਿਸਟ' ਪਾਰਟੀ ਦਾ ਗਠਨ ਕੀਤਾ।

ਮੈਂ 'ਲਾਲ ਕਮਿਊਨਿਸਟ ਪਾਰਟੀ' ਵਿੱਚ ਸ਼ੁਰੂ ਤੋਂ ਹੀ ਸਾਥੀਆਂ ਵਿੱਚ ਬੌਧਿਕ ਸਤਰ ਦੀ ਘਾਟ ਮਹਿਸੂਸ ਕੀਤੀ ਭਾਵੇਂ ਇਹ ਸਾਰੇ ਕਮਿਊਨਿਸਟ (ਕਿਰਤੀ) ਵਰਕਰ ਇਮਾਨਦਾਰ ਅਤੇ ਚੰਗੇ MASS WORKER ਸਨ ਪਰ ਲਾਲ ਕਮਿਊਨਿਸਟ ਪਾਰਟੀ ਦੇ ਵਿਧਾਨ ਲਈ ਤੇ ਨਾ ਹੀ ਪੋਲਿਟੀਕਲ ਲਾਈਨ ਬਣਾਉਣ ਲਈ ਆਪਣੇ ਇਜਲਾਸ ਵਿੱਚ ਕੋਈ ਲੰਬਾ ਅਤੇ ਗਹਿਰਾ ਵਿਚਾਰ-ਵਟਾਂਦਰਾ ਨਹੀਂ ਸੀ ਕਰ ਸਕੇ। ਇਹ ਸਾਰੀ ਜ਼ਿੰਮੇਵਾਰੀ ਸਿਰਫ਼ ਕਾ. ਤੇਜਾ ਸਿੰਘ ਸੁਤੰਤਰ ਉੱਤੇ ਛੱਡ ਦਿੱਤੀ ਗਈ। ਇਹ ਲਾਲ ਕਮਿਊਨਿਸਟ ਪਾਰਟੀ ਦੀ ਬੁਨਿਆਦੀ ਕਮਜ਼ੋਰੀ ਸੀ ਜਿਹੜੀ ਪੋਲਿਟੀਕਲ ਲਾਈਨ ਬਣਾਈ ਉਸ ਤੋਂ ਦੋ-ਤਿੰਨ ਸਾਲ ਬਾਅਦ ਹੀ ਦੇਖਿਆ ਕਿ ਭਾਰਤੀ ਸਮਾਜ ਵਿੱਚ ਉਸ ਪੋਲਿਟੀਕਲ ਲਾਈਨ ਦੇ ਚੱਲਦਿਆਂ ਪਾਰਟੀ ਦਾ ਵਿਆਪਕ ਫੈਲਾਓ ਨਹੀਂ ਹੋ ਰਿਹਾ ਕਿਉਂਕਿ ਭਾਰਤ ਦੇ ਲੋਕ-ਜਮਹੂਰੀ ਇਨਕਲਾਬ (PEOPLE'S DEMOCRATIC REVOLUTION) ਦੇ ਕੰਮ ਉਸ ਲਾਈਨ ਤੇ ਚੱਲਦਿਆਂ ਇਹ ਰਾਏ ਕਮਿਊਨਿਸਟ ਇੰਟਰਨੈਸ਼ਨਲ ਨੇ ਆਲ ਇੰਡੀਆ ਕਮਿਊਨਿਸਟ ਪਾਰਟੀ ਅਤੇ ਲਾਲ ਕਮਿਊਨਿਸਟ ਪਾਰਟੀ ਦੇ ਸਾਥੀਆਂ ਨੂੰ ਦਿੱਤੀ ਸੀ।

ਕਾ. ਤੇਜਾ ਸਿੰਘ ਸੁਤੰਤਰ ਦੀ ਅਗਵਾਈ ਵਿੱਚ ਚੱਲਦੀ ਹੋਈ ਲਾਲ ਕਮਿਊਨਿਸਟ ਪਾਰਟੀ ਨੇ ਫੰਡ ਇਕੱਠਾ ਕਰਨ ਲਈ ਮਾਅਰਕੇਬਾਜ਼ੀ (ADVENTURISM) ਦੇ

ਗ਼ਲਤ ਰਸਤੇ ਅਖ਼ਤਿਆਰ ਕਰ ਲਏ। ਇਸ ਨਾਲ ਪਾਰਟੀ ਵਿੱਚ ਗ਼ਲਤ ਰੁਚੀਆਂ ਪੈਦਾ ਹੋ ਗਈਆਂ। ਸੋ ਪਾਰਟੀ ਨੂੰ DISSOLVE (ਤੋੜ ਕੇ) ਕਰਕੇ ਦੁਬਾਰਾ ਸੀ.ਪੀ.ਆਈ. ਵਿੱਚ ਸਾਰੇ ਸਾਥੀ ਸ਼ਾਮਲ ਹੋ ਗਏ।

ਸੀ.ਪੀ.ਆਈ. ਭਾਰਤ ਦੀ ਪਾਰਲੀਮੈਂਟ ਦੇ ਬਣਾਏ ਗਏ ਸੰਵਿਧਾਨ ਦੇ ਮੁਤਾਬਿਕ ਚੱਲਣ ਲੱਗ ਗਈ। ਹੌਲੀ-ਹੌਲੀ ਉਹ ਸਾਥੀ ਜਿਹੜੇ 1948 ਦੇ ਸ਼ੁਰੂ ਵਿੱਚ ਪੁਰਾਣੀ ਪੀ.ਸੀ. ਜੋਸ਼ੀ ਦੀ ਸੋਧਵਾਦੀ ਪੋਲਿਟੀਕਲ ਲਾਈਨ ਤਬਦੀਲ ਕਰਕੇ ਨਵੀਂ ਇਨਕਲਾਬੀ ਪੋਲਿਟੀਕਲ ਲਾਈਨ ਚਲਾਉਣ ਦੇ ਮੋਹਰੀ ਸਨ, ਉਨ੍ਹਾਂ ਦਾ ਵੱਡਾ ਹਿੱਸਾ ਹੁਣ ਆਪ ਸੋਧਵਾਦੀ ਬਣ ਚੁੱਕਾ ਸੀ। ਕਾ. ਤੇਜਾ ਸਿੰਘ ਸੁਤੰਤਰ ਵੀ ਜਵਾਹਰ ਲਾਲ ਨਹਿਰੂ ਦੀ ਪਾਲਿਸੀ ਦੇ ਪਿੱਛੇ ਚੱਲਣ ਦਾ ਪ੍ਰਚਾਰ ਕਰ ਰਿਹਾ ਸੀ। ਇਸ ਦਾ ਮਤਲਬ ਇਹ ਸੀ ਕਿ ਜੋ ਭਾਰਤੀ ਸਰਮਾਏਦਾਰ ਵਿਵਸਥਾ ਨੇ ਵਿਧਾਨ ਬਣਾਇਆ ਉਸ 'ਤੇ ਚੱਲਦੇ ਹੋਏ ਪਾਰਲੀਮੈਂਟਰੀ ਢੰਗ ਨਾਲ ਅਸੀਂ ਇਸ ਦੇਸ਼ ਵਿੱਚ ਸੋਸ਼ਲਿਜ਼ਮ ਲਿਆ ਸਕਦੇ ਹਾਂ। ਇਸ ਤਰ੍ਹਾਂ ਕਮਿਊਨਿਸਟ ਮੂਵਮੈਂਟ ਦਾ ਇਨਕਲਾਬੀ ਖ਼ਾਸਾ ਖਤਮ ਕਰਨ ਦੀ ਰੁਚੀ ਵੱਡੇ ਪੈਮਾਨੇ ਤੇ ਪਾਰਟੀ ਵਿੱਚ ਆ ਗਈ।

ਇਸ ਸੋਧਵਾਦੀ ਰੁਚੀ ਤੋਂ ਛੁਟਕਾਰਾ ਪਾਉਣ ਲਈ ਪਾਰਟੀ ਦੇ ਇਕ ਵੱਡੇ ਧੜੇ ਨੇ ਨਵੀਂ ਕਮਿਊਨਿਸਟ ਪਾਰਟੀ ਬਣਾਈ ਜਿਸ ਦਾ ਨਾਮ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਵਾਦੀ) ਰੱਖਿਆ। ਮੈਂ ਵੀ ਆਪਣੇ ਕ੍ਰਾਂਤੀਕਾਰੀ ਉਦੇਸ਼ ਦੀ ਪੂਰਤੀ ਲਈ ਇਸ ਪਾਰਟੀ ਵਿੱਚ ਚਲਾ ਗਿਆ।

1967 ਵਿੱਚ ਬੰਗਾਲ ਦੇ ਸਿਲੀਗੁੜੀ ਇਲਾਕੇ ਦੇ 'ਨਕਸਲਵਾੜੀ' ਪਿੰਡ ਵਿੱਚ ਮੁਜ਼ਾਰਾ ਕਿਸਾਨਾਂ ਦਾ ਜਗੀਰਦਾਰਾਂ ਦੇ ਖਿਲਾਫ਼ ਵਿਦਰੋਹ ਹੋਇਆ ਜਿਸ ਵਿੱਚ ਮੁਜ਼ਾਰਿਆਂ ਨੇ ਉਨ੍ਹਾਂ ਜ਼ਮੀਨਾਂ ਉੱਤੇ ਕਬਜ਼ਾ ਕਰ ਲਿਆ ਜਿਹੜੀ ਜ਼ਮੀਨ ਉੱਤੇ ਉਹ ਵਾਹੀ ਕਰਦੇ ਸਨ। ਇਹ ਪ੍ਰੋਗਰਾਮ ਤੇ ਨਾਅਰਾ (ਜ਼ਮੀਨ ਹਲਵਾਹਕ ਦੀ) ਸੀ.ਪੀ.ਆਈ. ਐਮ. ਦਾ ਸੀ, ਜਿਸ ਨੂੰ ਮੁਜ਼ਾਰਿਆਂ ਨੇ ਚਾਰੂ ਮਜੂਮਦਾਰ ਦੀ ਅਗਵਾਈ ਵਿੱਚ ਹਾਸਲ ਕੀਤਾ, ਪਰ ਸੀ.ਪੀ.ਆਈ. ਐਮ. ਨੇ ਇਸ ਦੀ ਮੁਖਾਲਫ਼ਤ ਕੀਤੀ ਤੇ ਮੁਜ਼ਾਰਿਆਂ ਦੇ ਇਸ ਸੰਘਰਸ਼ ਨੂੰ ਦਬਾਇਆ। ਸਾਰੇ ਦੇਸ਼ ਵਿੱਚ ਸੀ.ਪੀ.ਆਈ.ਐਮ. ਵਿੱਚ ਇਸ ਸੰਘਰਸ਼ ਕਰਕੇ ਫੁੱਟ ਪੈ ਗਈ ਤੇ ਨਵੀਂ ਨਕਸਲਾਈਟ ਮੂਵਮੈਂਟ ਦੀ ਕਾ. ਚਾਰੂ ਮਜੂਮਦਾਰ ਦੀ ਅਗਵਾਈ ਵਿੱਚ ਇਕ ਤਾਲਮੇਲ ਕਮੇਟੀ ਬਣੀ। ਜਿਸ ਦਾ ਉਦੇਸ਼ ਭਾਰਤ ਵਿੱਚ ਜ਼ਮੀਨੀ ਇਨਕਲਾਬ ਲਿਆਉਣ ਦਾ ਸੀ। ਮੈਂ ਵੀ ਕੁਝ ਦੂਸਰੇ ਸਾਥੀਆਂ ਨਾਲ ਇਸ ਮੂਵਮੈਂਟ ਵਿੱਚ ਸ਼ਾਮਿਲ ਹੋ ਗਿਆ, ਕਿਉਂਕਿ ਸੀ.ਪੀ.ਆਈ.ਐਮ. ਦੇ ਕੰਮ ਨੂੰ ਵੀ ਸੀ.ਪੀ.ਆਈ. ਵਰਗਾ ਸੋਧਵਾਦੀ ਹੀ ਸਮਝ ਰਿਹਾ ਸਾਂ।

ਨਕਸਲਾਈਟ ਮੂਵਮੈਂਟ ਵਿਚ ਦੇਸ਼ ਦਾ ਮਾਰਕਸਵਾਦੀ ਵਿਚਾਰਧਾਰਾ ਵਾਲਾ ਨੌਜਵਾਨ-ਵਰਗ ਵੱਡੀ ਤਾਦਾਦ ਵਿੱਚ ਆਕਰਸ਼ਿਤ ਹੋਇਆ, ਪਰ ਇਹ ਕੇਵਲ ਮੁਜ਼ਾਰਾ ਸੰਘਰਸ਼ ਦੀ ਲਹਿਰ, ਵਿਆਪਕ ਆਧਾਰ ਨਾ ਬਣਾ ਸਕੀ ਕਿਉਂਕਿ ਦੇਸ਼ ਵਿੱਚ ਬਹੁਤ

ਵੱਡੀ ਤਾਦਾਦ ਪੇਂਡੂ ਗਰੀਬ, ਜਨਜਾਤੀ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਆਪਣੇ ਸੰਘਰਸ਼ ਵਿੱਚ ਸ਼ਾਮਿਲ ਨਾ ਕਰ ਸਕੀ। ਇਨ੍ਹਾਂ ਵਰਗਾਂ ਨੂੰ ਲੁਟੇਰੇ ਵਰਗਾਂ ਦੀਆਂ ਜਮਾਤਾਂ ਰਾਜਨੀਤਿਕ ਤੌਰ ਤੇ ਇਸਤੇਮਾਲ ਕਰਦੀਆਂ ਰਹੀਆਂ।

ਨਕਸਲਾਈਟ ਮੂਵਮੈਂਟ ਨੂੰ ਫੈਲਾਉਣ ਲਈ ਕਾ. ਚਾਰੂ ਮਜੂਮਦਾਰ ਦੀ ਅਗਵਾਈ ਵਿੱਚ ਤਾਲਮੇਲ ਕਮੇਟੀ ਨੇ ਮਾਅਰਕੇਬਾਜ਼ੀ ਦਾ ਰਸਤਾ (ਜਮਾਤੀ ਦੁਸ਼ਮਣਾਂ ਦੇ ਸਫਾਏ ਦਾ ਰਸਤਾ) ਅਖ਼ਤਿਆਰ ਕੀਤਾ। ਇਸ ਨਾਲ ਪਾਰਟੀ ਅੰਦਰ ਤੰਗਨਜ਼ਰੀ ਵਧੀ ਤੇ ਤਾਲਮੇਲ ਕਮੇਟੀ ਵਿੱਚ ਫੁੱਟ ਵੀ ਪੈ ਗਈ ਅਤੇ ਭਾਰਤ ਸਰਕਾਰ ਨੂੰ ਇਸ ਮੂਵਮੈਂਟ ਉੱਪਰ ਘੋਰ ਤਸ਼ੱਦਦ ਕਰਨ ਦਾ ਮੌਕਾ ਮਿਲਿਆ।

1970 ਵਿੱਚ ਕਾ: ਚਾਰੂ ਮਜੂਮਦਾਰ ਦੀ ਅਗਵਾਈ ਵਿੱਚ ਬਕਾਇਦਾ ਕਮਿਊਨਿਸਟ ਪਾਰਟੀ (ਨਕਸਲਵਾਦੀ M.L) ਬਣਾਈ ਗਈ। ਇਕ ਸਾਲ ਮੈਂ ਇਸ ਵਿੱਚ ਪਾਰਟੀ ਪੇਪਰ ਛਾਪਣ ਦਾ ਕੰਮ ਨਿਭਾਉਂਦਾ ਰਿਹਾ। ਪਰ ਪਾਰਟੀ ਦੀ ਪੋਲਿਟੀਕਲ ਲਾਈਨ ਦੇ ਕੰਮ ਕਰਨ ਦੇ ਦਾਅ ਪੇਚਾਂ ਨਾਲ ਸਹਿਮਤ ਨਾ ਹੋ ਸਕਿਆ ਕਿਉਂਕਿ ਇਹ ਮਾਰਕਸਵਾਦੀ ਸਿਧਾਂਤ ਦੇ ਅਨੁਸਾਰ ਨਹੀਂ ਸਨ। ਪਾਰਟੀ ਦੀ ਪੋਲਿਟੀਕਲ ਲਾਈਨ ਵਿਆਪਕ ਜਨਤਕ ਆਧਾਰ ਨਾ ਬਣਾ ਸਕੀ ਅਤੇ ਸਗੋਂ ਇਸ ਵਿੱਚ ਫੁੱਟ ਪੈ ਕੇ ਕਈ ਟੁਕੜਿਆਂ ਵਿੱਚ ਵੰਡੀ ਗਈ ਅਤੇ ਤੰਗਨਜ਼ਰੀ ਵੀ ਵਧੀ। ਜਿਸ ਕਾਰਨ ਮੇਰੀਆਂ ਸ਼ੰਕਾਵਾਂ (ਇਤਰਾਜ਼ਾਤ) ਨੂੰ ਪਾਰਟੀ ਦੂਰ ਨਾ ਕਰ ਸਕੀ ਤੇ ਮੈਨੂੰ ਪਾਰਟੀ ਛੱਡ ਕੇ ਜਾਣ ਲਈ ਕਿਹਾ ਗਿਆ।

ਕਾਫੀ ਸਾਲ ਖੁਫ਼ੀਆ ਰਹਿੰਦੇ ਹੋਏ ਮੈਂ ਤੇ ਸੁਰਿੰਦਰ ਆਪਣੀ ਕਿਰਤ ਕਰਕੇ ਗੁਜ਼ਾਰਾ ਕਰਦੇ ਰਹੇ। 1982 ਦੇ ਅਖੀਰ ਵਿਚ ਜਦ ਗ੍ਰਿਫ਼ਤਾਰੀ ਵਾਰੰਟ ਮਨਸੂਖ਼ ਹੋਏ ਤਾਂ ਵਾਪਿਸ ਨੂਰਮਹਿਲ ਆ ਕੇ ਕਿਰਤ ਕਰਦੇ ਹੋਏ ਆਪਣੀ ਜੀਵਿਕਾ ਕਮਾਉਣ ਲੱਗੇ ਤੇ ਕਮਿਊਨਿਸਟ ਲਹਿਰ ਵਿਚ ਮੈਂ ਤੇ ਸੁਰਿੰਦਰ ਆਪਣਾ ਯੋਗਦਾਨ ਪਾਉਣ ਲੱਗੇ। ਇਸ ਦੌਰਾਨ ਕਮਿਊਨਿਸਟ ਲਹਿਰ ਵਿੱਚ ਕੰਮ ਕਰਦਿਆਂ ਜੋ ਅਨੁਭਵ ਕੀਤੇ ਸਨ ਉਨ੍ਹਾਂ ਦਾ ਗਹਿਰਾਈ ਨਾਲ ਅਧਿਐਨ ਕੀਤਾ।

ਸਾਰੀ ਕਮਿਊਨਿਸਟ ਲਹਿਰ ਵਿੱਚ ਕੰਮ ਕਰਦੇ ਹੋਏ ਆਪਣੇ ਅਨੁਭਵ ਅਤੇ ਅਧਿਐਨ ਤੋਂ ਬਾਅਦ ਗਹਿਰਾਈ ਨਾਲ ਸੋਚਦਿਆਂ ਮੇਰੇ ਅੱਗੇ ਜੋ ਕਈ ਸਵਾਲ ਖੜ੍ਹੇ ਹੋ ਗਏ ਉਹ ਇਸ ਤਰ੍ਹਾਂ ਹਨ:-

1. ਕਮਿਊਨਿਸਟ ਲਹਿਰ ਨੂੰ ਅਸੀਂ ਕਿਉਂ ਵਿਆਪਕ ਨਹੀਂ ਬਣਾ ਸਕੇ?
2. ਕਮਿਊਨਿਸਟ ਪਾਰਟੀ ਵਿੱਚ ਕੰਮ ਕਰਦੇ ਹੋਏ ਜਦ ਆਪਸ ਵਿੱਚ ਮਤਭੇਦ (DIFFERENCES) ਪੈਦਾ ਹੋ ਜਾਂਦੇ ਨੇ ਤੇ ਆਪਸ ਵਿਚ ਦੀਆਂ ਦੂਰੀਆਂ ਜ਼ਿਆਦਾ ਕਿਉਂ ਵੱਧ ਜਾਂਦੀਆਂ ਹਨ?
3. ਜੋ ਕਮਿਊਨਿਸਟ ਸਾਥੀ ਇਕ ਵੇਲੇ ਰੈਵੋਲਿਊਸ਼ਨਰੀ (ਕ੍ਰਾਂਤੀਕਾਰੀ) ਵਿਚਾਰਾਂ ਦੇ ਦਿਖਾਈ ਦਿੰਦੇ ਨੇ ਤੇ ਦੂਜੇ ਵੇਲੇ ਉਹ ਕਿਉਂ ਸੋਧਵਾਦੀ ਬਣ ਜਾਂਦੇ ਹਨ?

ਜਿਵੇਂ :- ਕਾ. ਤੇਜਾ ਸਿੰਘ ਸੁਤੰਤਰ ਨੇ 1948 ਦੇ ਸ਼ੁਰੂ ਵਿੱਚ ਲਾਲ ਕਮਿਊਨਿਸਟ ਪਾਰਟੀ ਦੀ ਪੋਲਿਟੀਕਲ ਲਾਈਨ, 'ਸਮਾਜਵਾਦੀ ਇਨਕਲਾਬ' ਦੀ ਬਣਾਈ, ਪਰ 1961-62 ਵਿੱਚ ਵਾਰੰਟ ਮਨਸੂਖ਼ ਹੋਣ ਤੋਂ ਬਾਅਦ ਪੰ. ਜਵਾਹਰ ਲਾਲ ਨਹਿਰੂ ਦੇ ਪਿੱਛੇ ਚੱਲਣ ਲਈ ਕਮਿਊਨਿਸਟਾਂ ਨੂੰ ਕਨਵਿੰਸ ਕਰਨ ਲੱਗ ਪਿਆ।

1948 ਦੇ ਸੀ.ਪੀ.ਆਈ. ਦੇ ਕਲਕੱਤਾ ਇਜਲਾਸ ਵਿੱਚ ਕਾ. ਐਸ.ਏ.ਡਾਂਗੇ, ਕਾ. ਅਜੇ ਕੁਮਾਰ ਘੋਸ਼, ਕਾ. ਅਵਤਾਰ ਸਿੰਘ ਮਲਹੋਤਰਾ, ਕਾ. ਰਾਜੇਸ਼ਵਰ ਰਾਓ ਨੇ ਕਾ. ਪੀ. ਸੀ. ਜੋਸ਼ੀ (ਜਿਹੜਾ 1934 ਤੋਂ 1948 ਤੱਕ ਸੀ.ਪੀ.ਆਈ. ਦਾ ਜਨਰਲ ਸੈਕਟਰੀ ਚਲਿਆ ਆ ਰਿਹਾ ਸੀ, ਉਸ ਦੀ ਸੋਧਵਾਦੀ ਪੋਲਿਟੀਕਲ ਲਾਈਨ ਨੂੰ ਨਕਾਰਿਆ ਸੀ) ਅਤੇ ਆਪ ਭਾਰਤ ਵਿੱਚ ਸਮਾਜਵਾਦੀ ਇਨਕਲਾਬ ਦੇ ਹੱਕ ਵਿਚ ਖੜ੍ਹੇ ਹੋਏ ਸਨ ਪਰ ਕੁਝ ਸਾਲਾਂ ਬਾਅਦ ਹੀ ਆਪ ਵੀ ਸੋਧਵਾਦੀ ਬਣ ਕੇ ਜਵਾਹਰ ਲਾਲ ਨਹਿਰੂ ਦੇ ਪਿੱਛੇ ਹੀ ਚੱਲਣ ਲੱਗ ਪਏ ਅਤੇ ਇਹ ਸੋਧਵਾਦੀ ਸੋਵੀਅਤ ਰੂਸ ਦੀਆਂ ਕਾਮਰੇਡ ਸਟਾਲਿਨ ਦੇ ਸਮੇਂ ਅਪਣਾਈਆਂ ਗਈਆਂ ਪਾਲਸੀਆਂ ਨੂੰ ਨਿੰਦਣ (CONDEMN) ਲੱਗ ਪਏ।

ਕਾ. ਅਜੈ ਕੁਮਾਰ ਘੋਸ਼ ਨੇ 1961-62 ਵਿੱਚ ਜੰਡਿਆਲਾ ਮੰਜਕੀ (ਜ਼ਿਲ੍ਹਾ ਜਲੰਧਰ) ਵਿੱਚ ਪਾਰਟੀ ਵਰਕਰਾਂ ਦੇ ਇਕ ਵੱਡੇ ਇਕੱਠ ਵਿੱਚ ਕਾ. ਸਟਾਲਿਨ ਉੱਪਰ ਗੰਭੀਰ ਦੋਸ਼ ਲਗਾ ਕੇ ਪਾਰਟੀ ਵਰਕਰਾਂ ਨੂੰ ਸੰਬੋਧਨ ਕੀਤਾ। ਕਾ. ਏ. ਕੇ. ਘੋਸ਼ ਸੀ.ਪੀ.ਐਸ.ਯੂ. ਵਿਚ ਸ਼ਾਮਲ ਹੋ ਕੇ ਆਇਆ, ਦੀ 22ਵੀਂ ਪਾਰਟੀ ਕਾਂਗਰਸ, ਜੋ ਕਿ ਨਵੰਬਰ 1961 ਵਿੱਚ ਹੋਈ ਸੀ। ਉਸ ਵੇਲੇ ਕਾ. ਏ. ਕੇ. ਘੋਸ਼ ਸੀ.ਪੀ.ਆਈ. ਦਾ ਜਨਰਲ ਸੈਕਟਰੀ ਸੀ। ਉਸ ਇਕੱਠ ਵਿੱਚ ਕਾ. ਬੂਝਾ ਸਿੰਘ ਤੇ ਮੈਂ ਵੀ ਉੱਥੇ ਮੌਜੂਦ ਸਾਂ।

4. ਕਮਿਊਨਿਸਟ ਵਰਕਰਾਂ ਅੰਦਰ ਅਧਿਐਨ ਕਰਨ ਦੀ ਘਾਟ ਕਿਉਂ ਹੈ?
5. ਕਮਿਊਨਿਸਟ ਲਹਿਰ ਵਿੱਚ ਆਏ ਸਾਰੇ ਵਰਕਰ ਤੇ ਲੀਡਰ ਆਪਣੇ ਦੇਸ਼ ਦੇ ਸਮਾਜਿਕ ਵਿਕਾਸ ਨੂੰ "ਇਤਿਹਾਸਕ ਭੌਤਿਕਵਾਦ" ਦੇ ਨਜ਼ਰੀਏ ਤੋਂ ਕਿਉਂ ਨਹੀਂ ਦੇਖਦੇ ਅਤੇ ਸਮਝਦੇ? ਸਾਡੇ ਦੇਸ਼ ਵਿਚ ਵਰਣ ਵਿਵਸਥਾ ਕਿਉਂ ਸ਼ੁਰੂ ਹੋਈ ਅਤੇ ਜਾਤੀਵਾਦ ਕਿਉਂ ਸ਼ੁਰੂ ਹੋਇਆ?
6. ਜਿਸ ਮਿਹਨਤਕਸ਼ ਜਨਤਾ ਨੇ ਆਪਣੇ ਹਿੱਤਾਂ ਲਈ ਇਸ ਲੁਟੇਰੀ ਵਿਵਸਥਾ ਨੂੰ ਖਤਮ ਕਰਨਾ ਹੈ ਉਸ ਦੇ ਨੌਜਵਾਨ ਵਰਗ ਨੂੰ ਅਸੀਂ ਵਰਗ ਚੇਤਨਾ ਦੇਣ ਦੇ ਉਪਰਾਲੇ ਕਿਉਂ ਨਹੀਂ ਕਰਦੇ?
7. ਆਮ ਕਮਿਊਨਿਸਟ ਪਾਰਟੀ ਵਰਕਰ ਲੀਡਰਾਂ ਦੇ ਪਿਛਲੱਗੂ (FOLLOWERS) ਬਣ ਕੇ ਹੀ ਕਿਉਂ ਰਹਿ ਜਾਂਦੇ ਹਨ?
8. **Democratic Centralism**-ਮਾਰਕਸੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਦੇ ਅੰਦਰ ਕੇਂਦਰੀਵਾਚ (CENTRALISM) ਦੇ ਨਾਲ-ਨਾਲ ਜਮਹੂਰੀਅਤ (Democracy) ਥੱਲੇ ਦੀਆਂ ਇਕਾਈਆਂ (UNITS) ਤੱਕ ਜਮਹੂਰੀਅਤ

ਸੁਨਿਸ਼ਚਿਤ ਕਰਨ ਦੇ ਉਪਰਾਲੇ ਕਿਉਂ ਨਹੀਂ ਕੀਤੇ ਜਾਂਦੇ?

ਜਿਸ ਵਕਤ ਦੇਸ਼ ਭਗਤ ਯਾਦਗਾਰ ਕਮੇਟੀ ਨੇ ਮੈਨੂੰ ਕਮੇਟੀ ਦੇ ਜਨਰਲ ਸੈਕਟਰੀ ਦੀ ਜ਼ਿੰਮੇਵਾਰੀ ਦਿੱਤੀ, ਉਸ ਵੇਲੇ ਮੈਂ ਕਮੇਟੀ ਦੇ ਉਦੇਸ਼ ਕੀ ਹੋਣੇ ਚਾਹੀਦੇ ਹਨ, ਇਹ ਕਮੇਟੀ ਦੀ ਮੀਟਿੰਗ ਵਿਚ ਡਿਸਕਸ ਕੀਤੇ ਕਿ ਗ਼ਦਰ ਪਾਰਟੀ ਦੀ ਰਾਜਨੀਤਕ ਤੇ ਸਮਾਜਿਕ ਸੂਝ ਦੀ ਨਿਰੰਤਰਤਾ ਨੂੰ ਕਿਸ ਤਰ੍ਹਾਂ ਵਧਾਇਆ ਜਾਵੇ।

ਅਸੀਂ ਸਾਰੇ ਸਮਝਦੇ ਸਾਂ ਕਿ ਦੇਸ਼ ਭਗਤ ਯਾਦਗਾਰ ਕਮੇਟੀ ਕੋਈ ਰਾਜਨੀਤਕ ਸੰਸਥਾ ਤਾਂ ਨਹੀਂ ਹੈ, ਪਰ ਮਿਹਨਤਕਸ਼ ਜਨਤਾ ਦੇ ਨੌਜਵਾਨ ਵਰਗ ਨੂੰ ਵਿਗਿਆਨਕ ਤੇ ਸੋਸ਼ਲਿਸਟ (ਮਾਰਕਸਵਾਦੀ) ਵਿਚਾਰਾਂ ਦੀ ਸੂਝ ਦੇ ਸਕਦੀ ਹੈ, ਅਤੇ ਦੇਸ਼ ਦੇ ਲੋਕਾਂ ਅੱਗੇ ਦਰਪੇਸ਼ ਸਮੱਸਿਆਵਾਂ ਨੂੰ ਕਿਸ ਤਰ੍ਹਾਂ ਸੁਲਝਾਇਆ ਜਾਵੇ? ਇਸ ਦਾ ਉਪਰਾਲਾ ਕਰ ਸਕਦੇ ਹਾਂ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਫੈਸਲਾ ਕੀਤਾ ਕਿ ਚੇਤਨਾ ਕੈਂਪ ਲਗਾ ਕੇ ਨੌਜਵਾਨ ਵਰਗ ਨੂੰ ਸੂਝਵਾਨ ਬਣਾਇਆ ਜਾਵੇ। ਚੇਤਨਾ ਕੈਂਪ ਰਾਹੀਂ ਨੌਜਵਾਨ ਵਰਗ ਨੂੰ ਭਾਰਤੀ ਸਮਾਜ ਦੇ ਵਿਕਾਸ ਕ੍ਰਮ ਨੂੰ ਇਤਿਹਾਸਕ ਭੌਤਿਕਵਾਦ ਦੇ ਨਜ਼ਰੀਏ ਤੋਂ ਸਮਝਾਇਆ ਜਾਵੇ ਕਿ ਸਾਡੇ ਦੇਸ਼ ਵਿਚ ਕਬੀਲਾਦਾਰੀ ਤੋਂ ਟੱਬਰ, ਨਿੱਜੀ ਜਾਇਦਾਦ ਤੇ ਰਾਜ (FAMILY-PRIVATE-PROPERTY AND STATE) ਕਿਸ ਤਰ੍ਹਾਂ ਵਿਕਸਤ ਹੋਏ? ਇਥੇ ਵਰਣ ਵਿਵਸਥਾ ਤੇ ਜਾਤੀਵਾਦ ਕਿਉਂ ਅਤੇ ਕਿਸ ਤਰ੍ਹਾਂ ਪੈਦਾ ਹੋਏ ਜਿਸ ਕਰਕੇ ਰਾਜ ਸੱਤਾ ਉਤੇ ਕਾਬਜ਼ ਲੁਟੇਰੀਆਂ ਜਮਾਤਾਂ ਮਿਹਨਤਕਸ਼ ਜਨਤਾ ਵਿੱਚ ਹਰ ਤਰੀਕੇ ਨਾਲ ਫੁੱਟ ਪਾਉਣ ਵਿੱਚ ਕਾਮਯਾਬ ਹੋ ਜਾਂਦੀਆਂ ਹਨ?

ਅਧਿਆਤਮਵਾਦ ਨੇ ਲੋਕਾਂ ਦੀ ਮਾਨਸਿਕਤਾ ਨੂੰ ਕਿਉਂ ਜਕੜਿਆ ਹੋਇਆ ਹੈ?

ਦੇਸ਼ ਦੇ ਲੋਕ, ਖਾਸ ਤੌਰ ਤੇ ਮਿਹਨਤਕਸ਼ ਲੋਕ ਆਪਣੀ ਕਿਸਮਤ ਨੂੰ ਹੀ ਆਪਣੀ ਸਮਾਜਿਕ ਸਥਿਤੀ ਦਾ ਕਾਰਣ ਕਿਉਂ ਸਮਝਦੇ ਹਨ?

ਦੇਸ਼ ਦੀਆਂ ਸਮਾਜਿਕ ਅਤੇ ਰਾਜਨੀਤਿਕ ਸਮੱਸਿਆਵਾਂ ਨੂੰ ਸਮਝਾਉਣ ਲਈ (ਦੇਸ਼ ਭਗਤ ਯਾਦਗਾਰ ਕਮੇਟੀ ਨੂੰ) ਅੱਛੇ ਬੁੱਧੀਜੀਵੀ ਤਾਂ ਮਿਲੇ। ਪਰ ਇਤਿਹਾਸਕ ਭੌਤਿਕਵਾਦੀ ਨਜ਼ਰੀਏ ਤੋਂ ਭਾਰਤੀ ਸਮਾਜ ਦੇ ਵਿਕਾਸ ਕ੍ਰਮ ਨੂੰ ਸਮਝਾਉਣ ਵਾਲਾ ਕੋਈ ਬੁੱਧੀਜੀਵੀ ਚੇਤਨਾ ਕੈਂਪ ਲਈ ਨਾ ਮਿਲ ਸਕਿਆ।

ਮੈਂ ਮਹਿਸੂਸ ਕਰਦਾ ਸਾਂ ਕਿ ਇਸ ਤਰ੍ਹਾਂ ਦੇ ਬੁੱਧੀਜੀਵੀ ਕਮਿਊਨਿਸਟ ਪਾਰਟੀਆਂ ਦੇ ਲੀਡਰਾਂ ਨੂੰ ਖੁਦ ਬਨਣਾ ਚਾਹੀਦਾ ਹੈ ਤਾਂ ਕਿ ਉਹ ਮਿਹਨਤਕਸ਼ ਜਨਤਾ ਦੇ ਨੌਜਵਾਨ ਵਰਗ ਨੂੰ ਵਿਗਿਆਨਕ ਸੋਚ ਦੇਣ ਤੇ ਉਹ ਨੌਜਵਾਨ ਵਰਗ ਮਾਰਕਸਵਾਦੀ ਨਜ਼ਰੀਏ ਤੋਂ ਆਪਣੇ ਜਨਤਕ ਘੋਲਾਂ ਦਾ ਵਿਸ਼ਲੇਸ਼ਣ ਕਰ ਸਕਣ ਤੇ ਇਹ ਰਾਜਨੀਤਿਕ ਸੂਝ ਲੈ ਸਕਣ ਕਿ ਇਸ ਸਰਮਾਏਦਾਰਾਨਾ ਲੁਟੇਰੀ ਵਿਵਸਥਾ ਨੂੰ ਖਤਮ ਕਰਕੇ ਸੋਸ਼ਲਿਸਟ (ਸਮਾਜਵਾਦੀ) ਵਿਵਸਥਾ ਕਿਸ ਤਰ੍ਹਾਂ ਲਿਆਉਣੀ ਹੈ? ਜਿਸ ਵਿਚ ਕਿਰਤੀ ਵਰਗ

ਆਪਣੀ ਕਿਰਤ ਦਾ ਫ਼ਲ ਖੁਦ ਭੋਗ ਸਕੇ; ਕਿਉਂਕਿ ਸਰਮਾਏਦਾਰਾਨਾ ਲੁਟੇਰੀ ਵਿਵਸਥਾ ਵਿੱਚ ਕਿਰਤ ਕਰਨ ਵਾਲੇ ਲੋਕਾਂ ਦੀ ਮਿਹਨਤ ਦਾ ਵੱਡਾ ਹਿੱਸਾ ਸਰਮਾਏਦਾਰ ਹੀ ਹੜੱਪ ਲੈਂਦੇ ਹਨ।

ਮਿਹਨਤਕਸ਼ ਵਰਗ ਦੇ ਨੌਜਵਾਨਾਂ ਨੂੰ ਇਹ ਵਰਗ ਚੇਤਨਾ ਦੇਣਾ ਬਹੁਤ ਜ਼ਰੂਰੀ ਹੈ ਤਾਂ ਹੀ ਉਹ ਇਸ ਲੁਟੇਰੀ ਵਿਵਸਥਾ ਨੂੰ ਬਦਲ ਸਕਣ ਦੇ ਕਾਬਲ ਹੋ ਸਕਣਗੇ।

ਸੰਨ 1947 ਵਿਚ ਜਿਹੜੀ ਅਜ਼ਾਦੀ ਭਾਰਤ ਨੂੰ ਮਿਲੀ ਇਹ ਦੇਸ਼ ਦੇ ਦਲਾਲ ਪੂੰਜੀਪਤੀ ਵਰਗ ਅਤੇ ਬ੍ਰਿਟਿਸ਼ ਸਾਮਰਾਜ ਦੇ ਵਿਚ ਹੋਏ ਸਮਝੌਤੇ ਦਾ ਨਤੀਜਾ ਸੀ। ਇਸ ਸਮਝੌਤੇ ਨੂੰ ਕਾਂਗਰਸ ਲੀਡਰਸ਼ਿਪ ਨੇ ਮਨਜ਼ੂਰ ਕੀਤਾ। ਉਸ ਦੀ ਪਹਿਲੀ ਸ਼ਰਤ ਇਹ ਸੀ ਕਿ ਵਿਦੇਸ਼ੀ ਪੂੰਜੀ ਦੀ ਸੁਰੱਖਿਆ ਅਤੇ ਹਿਫ਼ਾਜ਼ਤ ਕੀਤੀ ਜਾਵੇਗੀ। ਸੰਨ 1947 ਦੀ ਪਹਿਲੀ ਸਾਮਰਾਜੀ ਵਿਵਸਥਾ ਅਤੇ ਬਾਅਦ ਦੀ ਰਾਜ-ਸੱਤਾ ਵਿਚ ਕੋਈ ਅੰਤਰ ਨਹੀਂ ਆਇਆ। ਸਾਮਰਾਜਵਾਦ ਦੇ ਪੁਰਾਣੇ ਸ਼ਾਸਨ-ਤੰਤਰ ਨੂੰ ਹੀ ਅਪਣਾ ਲਿਆ ਗਿਆ। ਰਾਜ ਮਸ਼ੀਨਰੀ ਦੀ ਬਣਤਰ ਵੀ ਉਹੀ ਰਹੀ, ਨੌਕਰਸ਼ਾਹੀ, ਨਿਆਂ ਵਿਵਸਥਾ ਅਤੇ ਫੌਜੀ ਢਾਂਚਾ ਵੀ ਉਹੀ ਰਿਹਾ। ਇਥੋਂ ਤੱਕ ਕਿ ਮਿਹਨਤੀ ਵਰਗ ਦੀ ਲੁੱਟ-ਖਸੁੱਟ ਦਾ ਤਰੀਕਾ ਵੀ ਉਹੀ ਰਿਹਾ ਜਿਹੜਾ ਕਿ ਪਹਿਲਾਂ ਅੰਗਰੇਜ਼ੀ ਸ਼ਾਸਕਾਂ ਵੇਲੇ ਸੀ।

ਦੇਸ਼ ਦੀ ਸਮਾਜਿਕ, ਆਰਥਿਕ, ਪ੍ਰਸ਼ਾਸਨਿਕ ਢਾਂਚੇ ਉੱਤੇ ਅੰਤਰ-ਰਾਸ਼ਟਰੀ ਵਿੱਤੀ ਪੂੰਜੀ ਦਾ ਦਬਦਬਾ (Domination) ਵੀ ਉਸੇ ਤਰ੍ਹਾਂ ਰਿਹਾ। ਹੁਣ ਵੀ ਭਾਰਤੀ ਅਰਥ-ਵਿਵਸਥਾ ਅਤੇ ਰਾਜਨੀਤੀ ਉੱਤੇ ਸਾਮਰਾਜੀਆਂ ਦਾ ਪ੍ਰਭੁਤਵ (Domination) ਕਾਇਮ ਹੈ। ਇਸ ਦੇ ਨਤੀਜੇ ਦੇ ਤੌਰ 'ਤੇ ਦੇਸ਼ ਦੇ ਲੋਕਾਂ ਨੂੰ ਬੇਕਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਆਪਣੇ ਲੰਬੇ ਸਿਆਸੀ ਜੀਵਨ ਵਿਚ ਮੈਂ ਅਨੁਭਵ ਕੀਤਾ ਹੈ ਕਿ ਅਸੀਂ ਆਪਣੇ ਭਾਰਤੀ ਸਮਾਜ ਨੂੰ ਇਤਿਹਾਸਕ ਭੌਤਿਕਵਾਦੀ ਦ੍ਰਿਸ਼ਟੀਕੋਣ ਤੋਂ ਸਮਝਣ ਦੀ ਬਜਾਏ ਕਦੇ ਅਸੀਂ ਸੋਵੀਅਤ ਰੂਸ ਦੀ ਕਮਿਊਨਿਸਟ ਪਾਰਟੀ ਵੱਲ ਵੇਖਦੇ ਰਹੇ ਅਤੇ ਕਦੇ ਚੀਨ ਦੀ ਕਮਿਊਨਿਸਟ ਪਾਰਟੀ ਦੀਆਂ ਪਾਲਸੀਆਂ ਦੀ ਨਕਲ ਕਰਦੇ ਰਹੇ। ਜਿਹੜੀਆਂ ਸਾਡੀਆਂ ਲਹਿਰਾਂ (Movements) ਨੂੰ ਅੱਗੇ ਲੈ ਕੇ ਜਾਣ ਵਿਚ ਸਹਾਈ ਨਹੀਂ ਹੋ ਸਕੀਆਂ।

ਭਾਵੇਂ ਕਿਰਤੀ ਪਾਰਟੀ ਅਤੇ ਭਾਵੇਂ ਸੀ. ਪੀ. ਆਈ. ਦੇ ਕਮਿਊਨਿਸਟ ਲੀਡਰ ਅਤੇ ਵਰਕਰ ਈਮਾਨਦਾਰ ਸਨ ਅਤੇ ਆਪਣੇ ਘਰ ਬਾਰ ਛੱਡ ਕੇ ਤੁਰੇ ਸਨ। ਨਾ ਕਿਰਤੀ ਪਾਰਟੀ ਦੀ ਲੀਡਰਸ਼ਿਪ ਅਤੇ ਨਾ ਹੀ ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਵੇਲੇ ਸਿਰ ਠੀਕ ਫ਼ੈਸਲੇ ਲੈ ਸਕੀ। ਵਕਤ ਵਕਤ ਦੀ ਲੀਡਰਸ਼ਿਪ ਆਪਣੇ ਦੇਸ਼ ਦੇ ਆਰਥਿਕ, ਰਾਜਨੀਤਕ ਅਤੇ ਸਮਾਜਿਕ ਹਲਾਤਾਂ ਦਾ ਠੀਕ ਨਿਰਨਾ ਨਹੀਂ ਲੈ ਸਕੀ ਅਤੇ ਠੀਕ ਫ਼ੈਸਲੇ ਨਾ ਲਏ ਜਾ ਸਕੇ। ਇਸ ਕਰਕੇ ਜਿਹੜੀਆਂ ਵੱਖ ਵੱਖ ਕਮਿਊਨਿਸਟ ਪਾਰਟੀਆਂ ਬਣੀਆਂ, ਧੜੇ ਬਣੇ ਅਤੇ ਵੱਖ-ਵੱਖ ਹੋਈਆਂ ਪਾਰਟੀਆਂ ਦੇ ਲੀਡਰ ਆਪਣੇ

ਵਰਕਰਾਂ ਨੂੰ ਠੀਕ ਸੇਧ ਨਾ ਦੇ ਸਕੇ। ਇਸ ਕਰਕੇ ਭਾਰਤੀ ਸਮਾਜ ਦੇ ਠੀਕ ਨਿਰਣੇ ਨਾ ਲੈ ਸਕਣ ਕਰਕੇ ਕਮਿਊਨਿਸਟ ਮੂਵਮੈਂਟ ਦਾ ਫੈਲਾਉ ਨਹੀਂ ਹੋ ਸਕਿਆ ਅਤੇ ਜਿਹੜੀਆਂ ਵੱਖ-ਵੱਖ ਪਾਰਟੀਆਂ ਬਣਦੀਆਂ ਰਹੀਆਂ ਉਨ੍ਹਾਂ ਦਾ ਖ਼ਾਸਾ ਇਕ ਧੜੇ ਦੇ ਤੌਰ 'ਤੇ ਚੱਲਣ ਦਾ ਬਣ ਗਿਆ।

ਇਸ ਲੋਟੂ ਵਿਵਸਥਾ ਨੂੰ ਬਦਲਣ ਲਈ ਜਿਨ੍ਹਾਂ ਨੇ ਮੁੱਖ ਰੋਲ ਅਦਾ ਕਰਨਾ ਹੈ। ਉਨ੍ਹਾਂ ਲਈ ਪ੍ਰੋਲੇਤਾਰੀ ਦੇ ਮੁੱਖ ਸਾਥੀ ਸਨਅਤੀ ਮਜ਼ਦੂਰ, ਪੇਂਡੂ ਗਰੀਬ ਮਜ਼ਦੂਰ, ਗ਼ਰੀਬ ਕਿਸਾਨ, ਮੁਜ਼ਾਰਾ, ਆਦਿਵਾਸੀ, ਸ਼ਹਿਰੀ ਗਰੀਬ ਮਜ਼ਦੂਰ, ਉੱਜੜੇ ਹੋਏ ਮਜ਼ਦੂਰ, ਫੇਰੀ ਲਾਉਣ ਵਾਲੇ ਗਰੀਬ, ਤਰਖਾਣ, ਲੁਹਾਰ, ਰਾਜ ਮਿਸਤਰੀ, ਸਫਾਈ ਕਰਮਚਾਰੀ, ਭੂਮੀ ਹੀਣ ਗਰੀਬ ਕਿਸਾਨ, ਛੋਟੇ ਕਾਰੀਗਰ, ਕੁਲੀ, ਰਿਕਸ਼ਾ ਚਾਲਕ, ਦੁਕਾਨਾਂ 'ਤੇ ਕੰਮ ਕਰਨ ਵਾਲੇ ਕਰਮਚਾਰੀ ਆਦਿ ਹਨ।

ਸਰਕਾਰੀ ਰਿਪੋਰਟਾਂ ਮੁਤਾਬਕ ਸਾਡੇ ਦੇਸ਼ ਦੇ 40% ਲੋਕ ਗਰੀਬੀ ਰੇਖਾ ਤੋਂ ਥੱਲੇ ਹਨ। ਹੋਰ ਸੰਸਥਾਵਾਂ ਦੇ ਡਾਟਾ ਮੁਤਾਬਕ 80% ਗਰੀਬੀ ਰੇਖਾ ਤੋਂ ਥੱਲੇ ਇਹ ਗਿਣਤੀ ਬਣ ਜਾਂਦੀ ਹੈ ਜਿਹੜੀ ਕਿ ਮੁਸ਼ਕਿਲ ਨਾਲ ਆਪਣਾ ਅਤੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਦੀ ਹੈ। ਉਹ ਕੁਪੋਸ਼ਣ ਦਾ ਸ਼ਿਕਾਰ ਹਨ। ਉਹ ਆਪਣਾ ਅਤੇ ਆਪਣੇ ਪਰਿਵਾਰ ਦਾ ਬਿਮਾਰੀ ਸਮੇਂ ਇਲਾਜ ਨਹੀਂ ਕਰਵਾ ਸਕਦੇ। ਨਾ ਹੀ ਬੱਚਿਆਂ ਨੂੰ ਚੰਗੀ ਵਿੱਦਿਆ ਦਿਵਾ ਸਕਦੇ ਹਨ। ਵਿਗਿਆਨ ਅਤੇ ਮਸ਼ੀਨਰੀ (ਸਾਇੰਸ ਅਤੇ ਟੈਕਨੀਕ) ਦੀ ਤਰੱਕੀ ਦੇ ਨਾਲ ਘੱਟ ਲੇਬਰ ਰੱਖ ਕੇ ਪੈਦਾਵਾਰ ਬਹੁਤ ਜ਼ਿਆਦਾ ਵੱਧ ਰਹੀ ਹੈ। ਨਤੀਜੇ ਦੇ ਤੌਰ 'ਤੇ ਸਰਮਾਏਦਾਰ ਦਾ ਮੁਨਾਫਾ ਜ਼ਿਆਦਾ ਵੱਧ ਰਿਹਾ ਹੈ ਅਤੇ ਦੂਸਰੇ ਪਾਸੇ ਬੇਰੁਜ਼ਗਾਰੀ ਵਧ ਰਹੀ ਹੈ। ਇਸ ਦੇ ਨਾਲ ਮਿਹਨਤਕਸ਼ ਜਨਤਾ ਕੰਮ ਦੀ ਭਾਲ ਵਿਚ ਸ਼ਹਿਰਾਂ ਵੱਲ ਨੂੰ ਕੂਚ ਕਰ ਰਹੀ ਹੈ ਪਰ ਉਥੇ ਵੀ ਉਨ੍ਹਾਂ ਨੂੰ ਕੰਮ ਨਹੀਂ ਮਿਲਦਾ।

ਇਸ ਲਈ ਮਾਰਕਸਵਾਦੀ ਪਾਰਟੀਆਂ ਅੱਗੇ ਇਹ ਮੁੱਖ ਸਵਾਲ ਆ ਗਿਆ ਹੈ ਕਿ ਮਿਹਨਤਕਸ਼ ਜਨਤਾ ਦੇ ਨੌਜਵਾਨ ਵਰਗ ਨੂੰ ਇਹ ਚੇਤਨਾ ਦਿੱਤੀ ਜਾਵੇ ਕਿ ਤੁਹਾਡੀ ਇਹ ਦਸ਼ਾ ਕਿਉਂ ਹੈ? ਇਸ ਲਈ ਇਨ੍ਹਾਂ ਨੂੰ ਵਰਗ ਚੇਤਨਾ ਦੇਣੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੂੰ ਇਹ ਸਮਝਾਉਣਾ ਪਵੇਗਾ ਕਿ ਤੁਹਾਡੀ ਦਸ਼ਾ ਤੁਹਾਡੀ ਕਿਸਮਤ ਕਰਕੇ ਨਹੀਂ। ਇਹ ਉਸ ਵਿਵਸਥਾ (System) ਕਰਕੇ ਹੈ-ਜਿਸ ਨੇ ਤੁਹਾਡੀ ਮਿਹਨਤ ਦੇ ਫ਼ਲ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ, ਜਿਨ੍ਹਾਂ (ਥੋੜ੍ਹੇ ਜਿਹੇ ਲੋਕਾਂ) ਨੇ ਪੈਦਾਵਾਰੀ ਸਾਧਨਾਂ 'ਤੇ ਕਬਜ਼ਾ ਕਰ ਲਿਆ ਹੈ, ਜਿਹੜੇ ਉਨ੍ਹਾਂ ਰਾਹੀਂ ਰਾਜ ਸੱਤਾ ਉੱਤੇ ਕਾਬਜ਼ ਹਨ-ਅਤੇ ਖ਼ੁਦ ਵੱਡੀਆਂ ਜਾਇਦਾਦਾਂ ਦੇ ਮਾਲਕ ਬਣ ਗਏ ਹਨ। ਇਸ ਲਈ ਇਸ ਵਰਗ ਨੂੰ ਚੇਤਨਾ ਦੇਣ ਲਈ ਭਾਰਤੀ ਸਮਾਜ ਨੂੰ ਆਰਥਿਕ, ਰਾਜਨੀਤਕ, ਦਾਰਸ਼ਨਿਕ ਤੋਂ (ਯਾਨੀ ਇਤਿਹਾਸਕ ਪਦਾਰਥਵਾਦੀ ਮਾਰਕਸੀ ਨਜ਼ਰੀਏ ਤੋਂ) ਭਾਰਤੀ ਇਤਿਹਾਸ ਦੇ ਵਿਕਾਸ ਨੂੰ ਸਮਝਾਉਣਾ ਜ਼ਰੂਰੀ ਹੈ। ਭਾਰਤੀ ਸਮਾਜ ਦੀ ਵਰਣ-ਵਿਵਸਥਾ ਜਾਤੀਵਾਦ ਕੀ ਹੈ, ਕਿਉਂ ਅਤੇ ਕਿਸ ਤਰ੍ਹਾਂ ਪੈਦਾ ਹੋਈ ਜਿਸ ਕਾਰਨ

ਸਮਾਜ ਦੇ ਇਕ ਵੱਡੇ ਹਿੱਸੇ ਤੋਂ ਪੈਦਾਵਾਰੀ ਦੇ ਸਾਧਨ ਖੋਹ ਕੇ ਉਨ੍ਹਾਂ ਨੂੰ ਕਾਮਿਆਂ (Labour) ਦੀ ਸ਼ਕਲ ਵਿਚ ਸਦੀਆਂ ਲਈ ਆਪਣੇ ਸੇਵਕ ਬਣਾ ਕੇ ਗੁਲਾਮ ਬਣਾ ਦਿੱਤਾ। ਇਸ ਲਈ ਮਿਹਨਤਕਸ਼ ਜਨਤਾ ਨੂੰ ਇਹ ਸਮਝਾਉਣਾ ਜ਼ਰੂਰੀ ਹੈ ਕਿ ਸਦੀਆਂ ਤੋਂ ਚੱਲੀ ਆ ਰਹੀ ਇਸ ਲੁਟੇਰੀ ਵਿਵਸਥਾ ਨੂੰ ਜਿਹੜੀ ਬਹੁਤ ਵਿਕਰਾਲ ਰੂਪ ਅਖਤਿਆਰ ਕਰ ਚੁੱਕੀ ਹੈ, ਨੂੰ ਖਤਮ ਕਰਕੇ ਇਸ ਤਰ੍ਹਾਂ ਦਾ ਸਮਾਜ ਬਨਾਉਣ ਦੀ ਜ਼ਰੂਰਤ ਹੈ ਜਿਸ ਵਿਚ ਸਾਰੇ ਲੋਕ ਮਿਹਨਤ ਕਰਨ (ਜਿਸਮਾਨੀ ਜਾਂ ਦਿਮਾਗੀ), ਉਸ ਦਾ ਫਲ ਉਨ੍ਹਾਂ ਨੂੰ ਮਿਲ ਸਕੇ। ਇਹ ਤਾਂ ਹੀ ਸੰਭਵ ਹੈ ਕਿ ਜੇ ਇਸ ਲੁਟੇਰੀ ਵਿਵਸਥਾ ਨੂੰ ਖ਼ਤਮ ਕਰਕੇ ਸੋਸ਼ਲਿਸਟ (ਸਮਾਜਵਾਦੀ) ਵਿਵਸਥਾ ਲਿਆਂਦੀ ਜਾਵੇ। ਮਿਹਨਤਕਸ਼ ਜਨਤਾ ਕੋਲ ਆਪਣੀ ਹਾਲਤ ਸੁਧਾਰਨ ਲਈ ਇਸ ਤੋਂ ਸਿਵਾ ਹੋਰ ਕੋਈ ਚਾਰਾ ਨਹੀਂ ਹੈ। ਤਾਂ ਹੀ ਇਸ ਮਿਹਨਤਕਸ਼ ਨੌਜਵਾਨ ਵਰਗ ਨੂੰ ਵਰਗ-ਚੇਤਨਾ ਦੇਣੀ ਬਹੁਤ ਜ਼ਰੂਰੀ ਹੈ-ਤਾਂ ਜੋ ਆਪਣੇ ਹਿੱਤ ਹਾਸਲ ਕਰਨ ਲਈ ਖੁਦ ਸੰਘਰਸ਼ ਕਰਨ ਅਤੇ ਇਸ ਲੁਟੇਰੀ ਵਿਵਸਥਾ ਨੂੰ ਖਤਮ ਕਰਕੇ ਸੋਸ਼ਲਿਸਟ ਸਮਾਜ ਲਿਆਉਣ ਅਤੇ ਬਣਾਉਣ ਦੇ ਕਾਬਲ ਹੋ ਸਕਣ। ਇਹ ਲੁਟੇਰੀ ਵਿਵਸਥਾ ਆਪਣੇ ਆਪ ਖ਼ਤਮ ਨਹੀਂ ਹੋਣੀ ਮਿਹਨਤਕਸ਼ ਜਨਤਾ ਆਪਣੀ ਰਾਜਨੀਤਿਕ ਪਾਰਟੀ (ਮਾਰਕਸਵਾਦੀ ਵਿਚਾਰਧਾਰਾ ਵਾਲੀ ਪਾਰਟੀ) ਦੀ ਅਗਵਾਈ ਵਿੱਚ ਸੰਘਰਸ਼ ਕਰਕੇ ਆਪਣਾ ਉਦੇਸ਼ ਪੂਰਾ ਕਰ ਸਕਦੀ ਹੈ। ਇਸ ਤਰ੍ਹਾਂ ਉਹ ਸਾਰੇ ਸਮਾਜ ਵਿਚੋਂ ਦੂਸਰੇ ਦੀ ਮਿਹਨਤ ਹੜੱਪ ਕਰਨ ਵਾਲੀ ਵਿਵਸਥਾ (System) ਨੂੰ ਖਤਮ ਕਰ ਸਕਦਾ ਹੈ। ਇਹੀ ਉਸ ਦਾ ਇਤਿਹਾਸਕ ਫਰਜ਼ ਹੈ। ਇਹ ਤਾਂ ਹੀ ਸੰਭਵ ਹੈ ਜੇ ਉਹ ਪਹਿਲਾਂ ਭਾਰਤ ਵਿਚ ਲੋਕ ਜਮਹੂਰੀ ਇਨਕਲਾਬ (People's Democratic Revolution) ਦੇ ਅਧੂਰੇ ਕਾਜ ਨੂੰ ਪੂਰਾ ਕਰੇ।

ਮੈਂ ਆਪਣੀ ਜ਼ਿੰਦਗੀ ਦੇ ਸਿਆਸੀ ਅਨੁਭਵ ਅਤੇ ਤਜ਼ਰਬੇ ਆਪਣੇ ਸਾਥੀਆਂ, ਦੋਸਤਾਂ ਅਤੇ ਸੰਘਰਸ਼ੀਲ ਧਿਰਾਂ ਨਾਲ ਸਾਂਝੇ ਕੀਤੇ ਹਨ। ਸਿਆਸਤ ਵਿੱਚ ਆਏ ਉਤਰਾਵਾਂ, ਚੜ੍ਹਾਵਾਂ ਦਾ ਜ਼ਿਕਰ ਕੀਤਾ ਹੈ। ਪਾਰਟੀਆਂ ਅੰਦਰਲੇ ਹਾਲਾਤ, ਪੈਦਾ ਹੁੰਦੇ ਮਤਭੇਦ, ਫੁੱਟਾਂ ਅਤੇ ਰਲੇਵਿਆਂ ਦਾ ਜ਼ਿਕਰ ਕੀਤਾ ਹੈ। ਮੈਂ ਆਪਣੇ ਵਿਚਾਰਧਾਰਕ ਸਿਆਸੀ ਵਿਕਾਸ-ਕ੍ਰਮ ਬਾਰੇ ਵੀ ਆਪਣਾ ਤਜ਼ਰਬਾ ਸਾਂਝਾ ਕੀਤਾ ਹੈ। ਹਾਲਾਤ ਦੀ ਦਾਬ ਥੱਲੇ ਕਈ ਅਜਿਹੇ ਮੌਕੇ ਆਏ, ਜਿਨ੍ਹਾਂ 'ਚ ਮੈਂ ਸਿਰਫ਼ ਕਿਰਤ ਕੀਤੀ ਪਰ ਅਪਣਾਏ ਹੋਏ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਕਦੇ ਨਹੀਂ ਥਿੜਕਿਆ! ਕਦੇ ਨਿਰਾਸ਼ ਨਹੀਂ ਹੋਇਆ! ਅਹੁਦਿਆਂ-ਪਦਵੀਆਂ ਦੀ ਕਦੇ ਲਾਲਸਾ ਨਾ ਪਾਲੀ ਅਤੇ ਨਾ ਕਦੇ ਝਾਕ ਹੀ ਰੱਖੀ। ਇਸ ਕਰਕੇ ਆਪਣੇ ਬਾਰੇ ਕੁਝ ਕਹਿਣ... ਲਿਖਣ ਦੀ ਕਦੇ ਜ਼ਰੂਰਤ ਨਾ ਸਮਝੀ। ਪ੍ਰੰਤੂ ਬੇਟੀ ਸੁਰਿੰਦਰ ਆਪਣੇ ਤੌਰ ਤੇ ਮੈਨੂੰ ਦੱਸੇ ਬਗੈਰ ਹੀ ਸਾਥੀਆਂ ਨਾਲ ਹੁੰਦੀ ਗੱਲਬਾਤ ਰਿਕਾਰਡ ਕਰਦੀ ਰਹੀ। ਫਿਰ ਉਸ ਨੇ ਇਸ ਨੂੰ ਲਿਖਤੀ ਰੂਪ ਦੇਣ ਲਈ ਮੇਰੀ ਪ੍ਰਵਾਨਗੀ ਲਈ ਜ਼ੋਰ ਪਾਇਆ। ਮੈਂ ਉਸ ਦੀਆਂ ਭਾਵਨਾਵਾਂ ਨੂੰ, ਪਿਆਰ ਨੂੰ ਨਾਂਹ ਨਹੀਂ ਕਹਿ ਸਕਿਆ। ਮੇਰੇ ਅਨੁਭਵਾਂ ਦਾ ਲਿਖਤੀ ਰੂਪ ਤੁਹਾਡੇ ਸਾਹਮਣੇ ਹੈ।

ਸਿਆਸੀ ਤਜਰਬਿਆਂ ਦਾ ਮੁਲਾਂਕਣ: 'ਅਨੁਭਵ ਤੇ ਅਧਿਐਨ'

-ਡਾ. ਭੀਮ ਇੰਦਰ ਸਿੰਘ

ਲੋਕ-ਪੱਖੀ ਲਹਿਰਾਂ ਨੂੰ ਸਮਰਪਿਤ ਕਾਮਰੇਡ ਗੰਧਰਵ ਸੈਨ ਕੋਛੜ ਨੇ ਆਪਣੀ ਸਵੈਜੀਵਨੀ 'ਅਨੁਭਵ ਤੇ ਅਧਿਐਨ' ਰਾਹੀਂ ਆਪਣੀ ਜ਼ਿੰਦਗੀ ਦੇ ਸਿਆਸੀ ਅਨੁਭਵਾਂ ਤੇ ਤਜਰਬਿਆਂ ਨੂੰ ਅਗਾਹਵਧੂ ਸਿਆਸੀ ਕਾਰਕੁਨਾਂ, ਬੁੱਧੀਜੀਵੀਆਂ, ਪਾਰਟੀਆਂ, ਗਰੁੱਪਾਂ ਆਦਿ ਨਾਲ ਸਾਂਝਾ ਕਰਨ ਦਾ ਯਤਨ ਕੀਤਾ ਹੈ। ਲੇਖਕ ਨੇ ਆਪਣੀ ਵਿਸ਼ਾਲ ਸਿਆਸੀ ਤੇ ਸਮਾਜਿਕ ਸੂਝ ਰਾਹੀਂ ਭਾਰਤ ਤੇ ਪੰਜਾਬ ਦੀ ਖੱਬੇ-ਪੱਖੀ ਸਿਆਸਤ ਵਿੱਚ ਸਮੇਂ-ਸਮੇਂ ਆਏ ਉਤਾਰ-ਚੜਾਅ, ਸਿਆਸੀ ਤੇ ਵਿਚਾਰਧਾਰਕ ਕਮਜ਼ੋਰੀਆਂ, ਗੁਟਬੰਦੀਆਂ ਆਦਿ ਦਾ ਗੰਭੀਰਤਾ ਨਾਲ ਵਿਸ਼ਲੇਸ਼ਣ ਕੀਤਾ ਹੈ। ਇੱਕ ਲੋਕ-ਪੱਖੀ ਕਾਮੇ (MASS WORKER) ਦੇ ਨਜ਼ਰੀਏ ਤੋਂ ਲਿਖੀ ਗਈ ਇਹ ਸਵੈ-ਜੀਵਨੀ ਕੇਵਲ ਲੇਖਕ ਦੀਆਂ ਯਾਦਾਂ ਦਾ ਸੰਗ੍ਰਹਿ ਹੀ ਨਹੀਂ ਬਲਕਿ ਸਮਾਜਕ ਤੇ ਸਿਆਸੀ ਬਦਲਾਓ ਲਈ ਲੋੜੀਂਦੀ ਵਿਚਾਰਧਾਰਕ ਸਮਝ ਦਾ ਦਸਤਾਵੇਜ਼ ਵੀ ਹੈ। ਲੇਖਕ ਹਰ ਹਾਲਤ ਵਿੱਚ ਭਾਰਤ ਦੀ ਗਲੀ-ਸੜੀ ਸਮਾਜਿਕ ਵਿਵਸਥਾ ਨੂੰ ਬਦਲਣ ਦਾ ਚਾਹਵਾਨ ਹੈ। ਪਰ ਇਸ ਬਦਲਾਅ ਲਈ ਉਹ ਜਿਸ ਵਿਚਾਰਧਾਰਕ ਹਥਿਆਰ ਦਾ ਸਹਾਰਾ ਲੈਣਾ ਚਾਹੁੰਦਾ ਹੈ ਉਹ ਮਾਰਕਸਵਾਦ ਹੈ। ਸਮਝਣ ਵਾਲਾ ਨੁਕਤਾ ਇਹ ਹੈ ਕਿ ਲੇਖਕ ਦਾ ਮਾਰਕਸਵਾਦ ਉਹ ਨਹੀਂ ਜੋ ਭਾਰਤੀ ਤੇ ਪੰਜਾਬ ਦੀਆਂ ਵੱਖ-ਵੱਖ ਸਿਆਸੀ ਪਾਰਟੀਆਂ ਜਾਂ ਗਰੁੱਪਾਂ ਵੱਲੋਂ ਅਪਨਾਇਆ ਜਾਂਦਾ ਰਿਹਾ ਹੈ, ਬਲਕਿ ਲੇਖਕ ਉਸ ਮਾਰਕਸਵਾਦ ਨੂੰ ਅਪਨਾਉਣ 'ਤੇ ਜ਼ੋਰ ਦਿੰਦਾ ਹੈ ਜੋ ਭਾਰਤੀ ਸਮਾਜਿਕ ਵਿਵਸਥਾਂ ਵਿੱਚੋਂ ਪਨਪਿਆ ਹੋਵੇ। ਮਾਰਕਸਵਾਦ ਨੂੰ ਭਾਰਤੀ ਠੋਸ ਹਕੀਕਤਾਂ ਅਨੁਸਾਰ ਸਮਝਣ ਦਾ ਸੰਦੇਸ਼ ਦੇਣਾ ਹੀ ਇਸ ਪੁਸਤਕ ਦਾ ਮੂਲ ਮਕਸਦ ਹੈ।

ਪੂਰਵ-ਸੁਤੰਤਰਤਾ ਕਾਲ ਦੀਆਂ ਲੋਕ ਲਹਿਰਾਂ ਤੋਂ ਲੈ ਕੇ ਮੌਜੂਦਾ ਵਿਸ਼ਵੀਕਰਨ ਦੇ ਦੌਰ ਦੀਆਂ ਚੁਣੌਤੀਆਂ ਨੂੰ ਇਹ ਪੁਸਤਕ ਬਹੁਤ ਹੀ ਸਪੱਸ਼ਟ ਸ਼ਬਦਾਂ ਵਿੱਚ ਬਿਆਨਦੀ ਹੈ। ਲੇਖਕ ਇਹ ਮੰਨਦਾ ਹੈ ਕਿ ਵਿਸ਼ਵੀਕਰਨ ਦੇ ਅਜੋਕੇ ਦੌਰ ਵਿੱਚ ਭਾਰਤੀ ਅਰਥ-ਵਿਵਸਥਾ ਤੇ ਰਾਜਨੀਤੀ ਉਪਰ ਸਾਮਰਾਜਵਾਦੀਆਂ ਦਾ ਪ੍ਰਭੁਤਵ (Domination) ਕਾਇਮ ਹੈ। ਸਿੱਟੇ ਵਜੋਂ ਸਾਡੇ ਮੁਲਕ ਦੇ ਸਧਾਰਨ ਲੋਕ ਬੇਕਾਰੀ, ਮਹਿੰਗਾਈ, ਭ੍ਰਿਸ਼ਟਾਚਾਰ ਆਦਿ ਅਲਾਮਤਾਂ ਦਾ ਸ਼ਿਕਾਰ ਬਹੁਤ ਤੇਜ਼ੀ ਨਾਲ ਹੋ ਰਹੇ ਹਨ। ਇਸ ਤੋਂ

ਇਲਾਵਾ ਜ਼ਾਤ-ਪਾਤ ਦਾ ਕੋਹੜ ਅਜੇ ਵੀ ਭਾਰਤੀ ਸਮਾਜ ਨੂੰ ਤਬਾਹ ਕਰ ਰਿਹਾ ਹੈ। ਕਾਮਰੇਡ ਗੰਧਰਵ ਸੈਨ ਜੀ ਦੀ ਧਾਰਨਾ ਹੈ ਕਿ ਇਨ੍ਹਾਂ ਸਭ ਬਿਮਾਰੀਆਂ ਦਾ ਹੱਲ ਜਮਾਤੀ-ਸੰਘਰਸ਼ ਰਾਹੀਂ ਕੀਤਾ ਜਾਣਾ ਚਾਹੀਦਾ ਹੈ। ਪਰ ਉਨ੍ਹਾਂ ਦਾ ਇਹ ਫਿਕਰ ਵੀ ਜਾਇਜ਼ ਹੈ ਕਿ ਜਿੰਨੀ ਦੇਰ ਭਾਰਤੀ ਸਮਾਜ ਦੀਆਂ ਇਤਿਹਾਸਕ, ਸਮਾਜਿਕ, ਭੂਗੋਲਿਕ, ਰਾਜਨੀਤਕ ਆਦਿ ਪ੍ਰਸਥਿਤੀਆਂ ਨੂੰ ਸਮਝਿਆ ਨਹੀਂ ਜਾਂਦਾ ਉਨੀ ਦੇਰ ਜਮਾਤੀ ਸੰਘਰਸ਼ ਨੂੰ ਮੁਕੰਮਲ ਤੌਰ 'ਤੇ ਸਿਰਜਿਆ ਨਹੀਂ ਜਾ ਸਕਦਾ।

ਕਾਮਰੇਡ ਆਪਣੇ ਲੰਬੇ ਸਿਆਸੀ ਜੀਵਨ ਵਿੱਚ ਅਨੁਭਵ ਕਰਦੇ ਹਨ ਕਿ ਸਾਡੀਆਂ ਖੱਬੇ ਪੱਖੀ ਸਿਆਸੀ ਪਾਰਟੀਆਂ ਜਾਂ ਗਰੁੱਪ ਭਾਰਤੀ ਸਮਾਜ ਨੂੰ ਇਤਿਹਾਸਕ-ਭੌਤਿਕਵਾਦੀ ਦ੍ਰਿਸ਼ਟੀਕੋਣ ਤੋਂ ਸਮਝ ਨਹੀਂ ਸਕੇ। ਭਾਰਤੀ ਖੱਬੇ ਪੱਖੀ ਸਿਆਸਤ ਕਦੇ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਵੱਲ ਵੇਖਦੀ ਰਹੀ ਹੈ ਅਤੇ ਕਦੇ ਇਹ ਚੀਨ ਦੀਆਂ ਕਮਿਊਨਿਸਟ ਪਾਲਸੀਆਂ ਦੀ ਨਕਲ ਕਰਦੀ ਰਹੀ ਹੈ। ਇਹੋ ਕਾਰਨ ਸੀ ਕਿ ਸਾਡੀ ਖੱਬੇ-ਪੱਖੀ ਸਿਆਸਤ ਭਾਰਤ ਵਿੱਚ ਵੱਖ-ਵੱਖ ਸਮੇਂ ਉਠੀਆਂ ਲੋਕ ਲਹਿਰਾਂ ਨੂੰ ਬਹੁਤਾ ਅਗਾਂਹ ਨਾ ਲਿਜਾ ਸਕੀ। ਪੁਸਤਕ ਦੇ ਹੇਠ ਲਿਖੇ ਸ਼ਬਦ ਇਸ ਗੱਲ ਦੀ ਹੀ ਗਵਾਹੀ ਭਰਦੇ ਹਨ:

> ਕਮਿਊਨਿਸਟ ਪਾਰਟੀ ਦੀ ਲੀਡਰਸ਼ਿਪ ਆਪਣੇ ਪਾਰਟੀ ਵਰਕਰਾਂ ਦੀ ਮਾਰਕਸੀ ਨਜ਼ਰੀਏ ਤੋਂ ਬੌਧਿਕ ਸੂਝ ਉੱਚਾ ਕਰਨ ਦੀ ਬਹੁਤ ਘੱਟ ਕੋਸ਼ਿਸ਼ ਕਰਦੀ ਸੀ। ਸਿਰਫ਼ ਰੂਸ ਦੀ ਕਮਿਊਨਿਸਟ ਪਾਰਟੀ (ਬਾਲਸ਼ਵਿਕ) ਦਾ ਪਾਰਟੀ ਇਤਿਹਾਸ ਹੀ ਪੜ੍ਹਾਇਆ ਜਾਂਦਾ ਸੀ। ਭਾਰਤੀ ਸਮਾਜ ਦਾ ਵਿਕਾਸ ਕਿਵੇਂ ਹੋਇਆ? ਇਹ ਇਤਿਹਾਸ (ਆਰਥਿਕ ਤੇ ਸਮਾਜਿਕ) ਮਾਰਕਸੀ ਨਜ਼ਰੀਏ ਤੋਂ ਕਦੇ ਨਹੀਂ ਸੀ ਪੜ੍ਹਾਇਆ ਜਾਂਦਾ। ਵਰਕਰਾਂ ਦੀ ਸਾਰੀ ਤਾਕਤ 'ਕਿਸਾਨ ਕਮੇਟੀ' ਬਣਾਉਣ, ਉਗਰਾਹੀ ਕਰਕੇ ਸਿਆਸੀ ਕਾਨਫ੍ਰੰਸ ਕਰਨ (ਉਥੇ ਲੰਗਰ ਚਲਾਉਣ) ਜਿਥੇ ਮਜ਼ਦੂਰ ਸੈਂਟਰ ਸਨ ਉਥੇ ਮਜ਼ਦੂਰ ਜਥੇਬੰਦੀਆਂ ਬਣਾਉਣ ਤੇ ਮਜ਼ਦੂਰਾਂ ਕਿਸਾਨਾਂ ਦੀਆਂ ਮੰਗਾਂ ਲੈ ਕੇ ਪ੍ਰਚਾਰ ਤੇ ਸੰਘਰਸ਼ ਕਰਨ 'ਤੇ ਹੀ ਲੱਗ ਜਾਂਦੀ। (ਪੰਨਾ-85)

ਉਪਰੋਕਤ ਸਤਰਾਂ ਤੋਂ ਸਪੱਸ਼ਟ ਹੈ ਕਿ ਲੇਖਕ ਕਿਸਾਨ ਤੇ ਮਜ਼ਦੂਰਾਂ ਦਾ ਆਰਥਿਕ ਸੰਘਰਸ਼ ਲੜਨ ਦੇ ਨਾਲ-ਨਾਲ ਉਨ੍ਹਾਂ ਨੂੰ ਭਾਰਤੀ ਵਿਵਸਥਾ ਅਨੁਸਾਰ ਮਾਰਕਸਵਾਦ ਦੀ ਸਿੱਖਿਆ ਦੇਣ ਦੇ ਮੁੱਦਈ ਹਨ। ਆਪ ਦਾ ਮੰਨਣਾ ਹੈ ਕਿ ਵੱਖ-ਵੱਖ ਖੱਬੇ-ਪੱਖੀ ਪਾਰਟੀਆਂ ਦੀ ਲੀਡਰਸ਼ਿਪ ਤੇ ਵਰਕਰ ਬੜੀ ਇਮਾਨਦਾਰੀ ਨਾਲ, ਆਪਣੇ ਘਰ-ਬਾਰ ਤਿਆਗ ਕੇ ਲੋਕ-ਪੱਖੀ ਸਿਆਸਤ ਨਾਲ ਜੁੜੇ। ਇਸ ਦੇ ਬਾਵਜੂਦ ਇਨ੍ਹਾਂ ਪਾਰਟੀਆਂ ਦੀ ਲੀਡਰਸ਼ਿਪ ਆਪਣੀ ਵਿਚਾਰਧਾਰਕ ਕਮਜ਼ੋਰੀ ਸਦਕਾ ਸਮੇਂ ਸਿਰ ਸਹੀ

ਫੈਸਲੇ ਨਾ ਲੈਣ ਕਰਕੇ ਬਹੁਤੀ ਸਫਲ ਨਾ ਹੋ ਸਕੀ। ਸਾਡੀ ਇਹ ਲੀਡਰਸ਼ਿਪ ਦੇਸ਼ ਦੀਆਂ ਆਰਥਿਕ, ਸਿਆਸੀ ਤੇ ਸਮਾਜਿਕ ਹਾਲਤਾਂ ਨੂੰ ਗਹਿਰਾਈ ਨਾਲ ਨਾ ਸਮਝ ਸਕੀ। ਇਹੋ ਕਾਰਨ ਸੀ ਕਿ ਵੱਖ-ਵੱਖ ਸਮੇਂ ਬਣੀਆਂ ਵੱਖ-ਵੱਖ ਕਮਿਊਨਿਸਟ ਪਾਰਟੀਆਂ ਜਾਂ ਗਰੁੱਪਾਂ ਦੀ ਲੀਡਰਸ਼ਿਪ ਆਪਣੇ ਵਰਕਰਾਂ ਨੂੰ ਸਹੀ ਸੇਧ ਦੇਣ ਤੋਂ ਅਸਮਰੱਥ ਰਹੀ। ਇਨ੍ਹਾਂ ਵੱਖ-ਵੱਖ ਪਾਰਟੀਆਂ ਦਾ ਖਾਸਾ ਕੇਵਲ ਇਕ ਧੜੇ ਦੇ ਤੌਰ 'ਤੇ ਚੱਲਣ ਦਾ ਬਣ ਗਿਆ।

ਇਸ ਤਰ੍ਹਾਂ ਕਾਮਰੇਡ ਗੰਧਰਵ ਸੈਨ ਜੀ ਜਿਥੇ ਵੱਖ-ਵੱਖ ਪਾਰਟੀਆਂ ਦੀ ਸਿਆਸਤ ਦਾ ਵਿਸ਼ਲੇਸ਼ਣ ਤੇ ਵਿਵੇਚਨ ਕਰਦੇ ਹਨ ਉਥੇ ਆਪਣੀ ਨਿੱਜੀ ਜ਼ਿੰਦਗੀ ਵਿੱਚ ਇਨ੍ਹਾਂ ਪਾਰਟੀਆਂ ਦੇ ਪ੍ਰਭਾਵ ਦਾ ਮੁਲਾਂਕਣ ਵੀ ਕਰਦੇ ਹਨ। ਆਪ ਦਾ ਸੰਬੰਧ ਕਿਰਤੀ ਪਾਰਟੀ, ਪਰਜਾ ਮੰਡਲ, ਕਿਸਾਨ ਸਭਾ, ਭਾਰਤੀ ਕਮਿਊਨਿਸਟ ਪਾਰਟੀ (C.P.I.), ਮਾਰਕਸਵਾਦੀ ਕਮਿਊਨਿਸਟ ਪਾਰਟੀ (C.P.I.M.), ਭਾਰਤੀ ਕਮਿਊਨਿਸਟ ਪਾਰਟੀ (ਐਮ. ਐਲ.) ਆਦਿ ਨਾਲ ਰਿਹਾ। ਇਸ ਤੋਂ ਇਲਾਵਾ ਆਪਦੀ ਕਾਮਰੇਡ ਬੂਝਾ ਸਿੰਘ ਜੀ, ਬਾਬਾ ਕਰਮ ਸਿੰਘ ਚੀਮਾ ਜੀ, ਬਾਬਾ ਬਿਲਗਾ ਜੀ, ਕਾਮਰੇਡ ਗੁਰਚਰਨ ਸਿੰਘ ਰੰਧਾਵਾ ਜੀ, ਕਾਮਰੇਡ ਰਾਜਿੰਦਰ ਸਿੰਘ ਸਰੀਂਹ ਆਦਿ ਨਾਲ ਬਹੁਤ ਨੇੜਤਾ ਰਹੀ। ਆਪਣੀ ਲੰਬੀ ਸਿਆਸੀ ਸਰਗਰਮੀ ਵਾਲੀ ਜ਼ਿੰਦਗੀ ਵਿੱਚ ਕਈ ਅਜਿਹੇ ਮੌਕੇ ਵੀ ਆਏ ਜਦੋਂ ਆਪ ਨੂੰ ਕਿਰਤ ਕਰਕੇ ਰੋਜ਼ੀ-ਰੋਟੀ ਕਮਾਉਣੀ ਪਈ। ਅੰਡਰ-ਗਰਾਊਂਡ ਦੇ ਦਿਨਾਂ ਵਿੱਚ ਜਾਂ ਅੰਗੂਰਾਂ ਦੇ ਬਾਗ ਵਿੱਚ ਖੇਤੀ ਕਰਦਿਆਂ ਕਾਮਰੇਡ ਜੀ ਨੇ ਕਦੇ ਵੀ ਵਿਗਿਆਨਕ ਦ੍ਰਿਸ਼ਟੀਕੋਣ ਦਾ ਪੱਲਾ ਨਹੀਂ ਛੱਡਿਆ। ਆਪ ਕਦੇ ਨਿਰਾਸ਼ ਨਾ ਹੋਏ ਅਤੇ ਕਦੇ ਵੀ ਅਹੁਦਿਆਂ ਜਾਂ ਪਦਵੀਆਂ ਦੇ ਮਗਰ ਨਾ ਦੌੜੇ। ਆਪ ਦੀ ਨਿਰਾਸ਼ਤਾ ਦੇ ਕਾਰਨ ਹੋਰ ਹਨ। ਆਪ ਦੀ ਨਿਰਾਸ਼ਤਾ ਦਾ ਇੱਕ ਕਾਰਨ ਭਾਰਤ ਦੀਆਂ ਖੱਬੇ-ਪੱਖੀ ਤਾਕਤਾਂ ਦੀ ਵਿਚਾਰਧਾਰਕ ਕਮਜ਼ੋਰੀ ਹੈ ਜਾਂ ਫਿਰ ਸਟੱਡੀ ਸਰਕਲਾਂ ਵਿੱਚ ਭਾਰਤ ਦੀ ਦਲਿਤ ਵਸੋਂ ਦੇ ਨਾ ਜ਼ਿਕਰ ਹੋਣ ਕਾਰਨ ਹੁੰਦੀ ਸੀ। ਇਸ ਨਿਰਾਸ਼ਤਾ ਨੂੰ ਆਪ ਨੇ ਹੇਠ ਲਿਖੇ ਸ਼ਬਦਾਂ ਵਿੱਚ ਵਿਅਕਤ ਕੀਤਾ ਹੈ:

> ਉਸ ਵੇਲੇ ਦੇ ਸਟੱਡੀ ਸਰਕਲਾਂ ਦੀ ਪੜ੍ਹਾਈ ਵਿੱਚ ਜੋ ਪੇਂਡੂ, ਗਰੀਬ, ਦਲਿਤ, ਸ਼ਹਿਰੀ ਗਰੀਬ ਦਲਿਤ, ਛੋਟਾ ਦਸਤਕਾਰ ਅਤੇ ਉਹ ਜਾਤੀਆਂ ਜਿਹੜੀਆਂ ਇਸ ਦੇਸ਼ ਦੀ ਵਰਣ-ਵਿਵਸਥਾ ਨੇ ਪੈਦਾਵਾਰ ਦੇ ਸਾਧਨਾਂ ਤੋਂ, ਆਪਣੀ ਕਮਾਈ ਅਤੇ ਕੰਮ ਦੇ ਸਾਧਨਾਂ ਤੋਂ ਵਾਂਝੀਆਂ ਕੀਤੀਆਂ ਹੋਈਆਂ ਸਨ, ਉਨ੍ਹਾਂ ਨੂੰ ਇਸ ਤਰ੍ਹਾਂ ਆਪਣੀ ਕਮਾਈ ਦਾ ਪੂਰਾ ਫਲ ਭੋਗਣ ਤੋਂ ਵੰਚਿਤ ਕੀਤਾ ਗਿਆ ਸੀ (ਉਨ੍ਹਾਂ ਨੂੰ ਕੰਮੀ ਕਿਹਾ ਜਾਂਦਾ ਸੀ) ਇਸ ਦਾ ਜ਼ਿਕਰ ਨਹੀਂ ਸੀ ਆਉਂਦਾ। (ਪੰਨਾ-51)

ਕਾਮਰੇਡ ਗੰਧਰਵ ਸੈਨ ਜੀ ਨੂੰ ਇਹ ਗੱਲ ਵੀ ਨਿਰਾਸ਼ ਕਰਦੀ ਸੀ ਕਿ ਸਾਡੇ

ਸਟੱਡੀ ਸਰਕਲਾਂ ਵਿੱਚ ਦੇਸ਼ ਦੀ ਵੱਡੀ ਗਿਣਤੀ ਵਿੱਚ ਮੌਜੂਦ ਆਦਿ-ਵਾਸੀਆਂ ਦੇ ਸ਼ੋਸ਼ਣ ਦਾ ਜ਼ਿਕਰ ਵੀ ਕਦੇ ਨਹੀਂ ਸੀ ਆਇਆ। ਭਾਵੇਂ ਕਿ ਇਹ ਆਦਿਵਾਸੀ ਅੱਜ ਵੀ ਸਮਾਜਿਕ ਵਿਕਾਸ ਦੀ ਮੁਢੀਲੀ ਤਹਿ 'ਤੇ ਹੀ ਬੈਠੇ ਹਨ। ਅੱਜ ਦਾ ਕਾਰਪੋਰੇਟ ਪੂੰਜੀਵਾਦ ਇਨ੍ਹਾਂ ਨੂੰ ਉਜਾੜਨ ਦੇ ਰਾਹ 'ਤੇ ਤੁਰਿਆ ਹੋਇਆ ਹੈ। ਆਪ ਦਾ ਇਹ ਫਿਕਰ ਵੀ ਵਾਜਬ ਹੈ ਕਿ ਅਜ਼ਾਦੀ ਦੇ ਲੰਮੇ ਅਰਸੇ ਤੋਂ ਬਾਅਦ ਵੀ ਦੇਸ਼ ਦੀ ਵੱਡੀ ਗਿਣਤੀ ਨੂੰ ਆਪਣੀ ਆਰਥਿਕ ਤੇ ਸਮਾਜਿਕ ਸਥਿਤੀ ਬਾਰੇ ਗਿਆਨ ਪ੍ਰਾਪਤ ਨਹੀਂ ਹੋ ਸਕਿਆ। ਇਸੇ ਤਰ੍ਹਾਂ ਪਾਰਟੀ ਵਰਕਰਾਂ ਵਿੱਚ ਰਾਜਨੀਤੀ ਤੇ ਸਾਹਿਤ ਨੂੰ ਪੜ੍ਹਨ ਦੀ ਰੁਚੀ ਦੀ ਘਾਟ ਵੀ ਆਪ ਨੂੰ ਰੜਕਦੀ ਹੈ। ਇਹੋ ਕਾਰਨ ਹੈ ਕਿ ਪਾਰਟੀ ਵਰਕਰ ਪਾਰਟੀ ਦੀ ਰਾਜਨੀਤਕ ਲਾਈਨ ਬਣਾਉਣ ਵਿੱਚ ਆਪਣਾ ਕੋਈ ਅਹਿਮ ਯੋਗਦਾਨ ਨਹੀਂ ਪਾਉਂਦੇ। ਆਪ ਮੰਨਦੇ ਹਨ ਕਿ ਬਹੁਤੇ ਸਰਗਰਮ ਸਾਥੀਆਂ ਦੀ ਸੂਝ ਦਾ ਪੱਧਰ ਬਹੁਤਾ ਉੱਚਾ ਨਹੀਂ ਸੀ। ਕਿਰਤੀ ਪਾਰਟੀ ਦੀ ਵਿਚਾਰਧਾਰਕ ਕਮਜ਼ੋਰੀ ਦਾ ਜ਼ਿਕਰ ਕਰਦਿਆਂ ਆਪ ਲਿਖਦੇ ਹਨ ਕਿ ਪੰਜਾਬ ਵਿੱਚ ਕਿਸਾਨ ਅੰਦੋਲਨ ਦੀ ਸਭ ਤੋਂ ਵੱਡੀ ਘਾਟ ਇਹ ਰਹੀ ਕਿ ਅਸੀਂ ਮੁਸਲਿਮ ਕਿਸਾਨੀ ਨੂੰ ਅੰਦੋਲਨ ਦਾ ਹਿੱਸਾ ਨਾ ਬਣਾ ਸਕੇ। ਇਸ ਤੋਂ ਪਹਿਲਾਂ ਕਿਰਤੀ ਪੇਂਡੂ ਮਜ਼ਦੂਰ ਨੂੰ ਆਪਣੇ ਅੰਦੋਲਨ ਨਾਲ ਨਾ ਜੋੜ ਸਕੇ।

ਕਿਰਤੀ ਪਾਰਟੀ ਤੋਂ ਇਲਾਵਾ ਆਪ ਭਾਰਤੀ ਕਮਿਊਨਿਸਟ ਪਾਰਟੀ (C.P.I.) ਦੀਆਂ ਵਿਚਾਰਧਾਰਕ ਕਮਜ਼ੋਰੀਆਂ 'ਤੇ ਵੀ ਉਂਗਲ ਰੱਖਦੇ ਹੋਏ ਲਿਖਦੇ ਹਨ ਕਿ 1942 ਵਿੱਚ ਆਲ ਇੰਡੀਆ ਕਾਂਗਰਸ ਕਮੇਟੀ ਜਿਥੇ 'ਅੰਗਰੇਜ਼ ਸਰਕਾਰ ਭਾਰਤ ਛੱਡੋ' ਅਤੇ 'ਕਰੋ ਜਾਂ ਮਰੋ' ਵਰਗੇ ਨਾਅਰੇ ਦੇ ਰਹੀ ਸੀ ਉਥੇ ਉਸ ਸਮੇਂ ਸੀ. ਪੀ. ਆਈ. ਆਪਣੀ ਪਾਰਟੀ ਲਾਈਨ ਮੁਤਾਬਕ ਲੋਕਾਂ ਨੂੰ ਫਾਸ਼ੀਵਾਦ ਵਿਰੋਧੀ ਸੰਸਾਰ ਜੰਗ ਨੂੰ 'ਪੀਪਲਜ਼ ਵਾਰ' ਦਾ ਨਾਅਰਾ ਦੇ ਰਹੀ ਸੀ। ਭਾਰਤੀ ਲੋਕਾਂ ਨੇ ਸੀ. ਪੀ. ਆਈ. ਦੇ ਇਸ ਨਾਅਰੇ ਦਾ ਕੇਵਲ ਵਿਰੋਧ ਹੀ ਨਾ ਕੀਤਾ ਸਗੋਂ ਇਸ ਨੂੰ ਦੇਸ਼ ਦੀ ਅਜ਼ਾਦੀ ਦੇ ਵਿਰੋਧ ਵਿੱਚ ਅਤੇ ਲੋਕਾਂ ਨਾਲ ਗ਼ਦਾਰੀ ਦੇ ਰੂਪ ਵਿੱਚ ਸਮਝਿਆ, ਜਿਸ ਦਾ ਪਾਰਟੀ ਨੂੰ ਲੰਮੇ ਸਮੇਂ ਤੱਕ ਖ਼ਮਿਆਜ਼ਾ ਭੁਗਤਣਾ ਪਿਆ। ਇਸ ਸਿਆਸੀ ਤੇ ਵਿਚਾਰਧਾਰਕ ਕਮਜ਼ੋਰੀ ਦਾ ਜ਼ਿਕਰ ਕਰਦਿਆਂ ਆਪ ਲਿਖਦੇ ਹਨ:

> ਲੋਕਾਂ ਵਿੱਚ ਕੰਮ ਕਰਦਿਆਂ ਪਾਰਟੀ ਦੀ ਪੋਲੀਟੀਕਲ ਲਾਈਨ ਜੋ ਕਿ ਮੁੱਖ ਤੌਰ 'ਤੇ 'ਪੀਪਲਜ਼ ਵਾਰ' ਦਾ ਨਾਹਰਾ ਦੇ ਕੇ ਫਾਸ਼ਿਜ਼ਮ ਵਿਰੁੱਧ ਹੋ ਗਈ ਸੀ। (ਇਸ ਨੇ ਦੇਸ਼ ਦੀ ਅਜ਼ਾਦੀ ਲਾਈਨ ਨੂੰ ਪਿਛੇ ਪਾ ਦਿੱਤਾ ਸੀ)। ਸਾਡੇ ਇਸ ਨਜ਼ਰੀਏ ਤੋਂ ਆਮ ਲੋਕੀ ਬਹੁਤ ਨਾਰਾਜ਼ ਸਨ ਕਿਉਂਕਿ ਕਾਂਗਰਸ ਤੇ ਅਕਾਲੀ ਵਰਕਰਾਂ ਨੂੰ ਸਾਡੇ ਖਿਲਾਫ ਪ੍ਰਚਾਰ ਕਰਨ ਦਾ ਇੱਕ ਵੱਡਾ ਹਥਿਆਰ ਮਿਲ ਗਿਆ ਸੀ। ਇਹ ਦੂਸ਼ਣ ਹਮੇਸ਼ਾ ਹੀ ਸਾਡੇ ਉਤੇ ਲੱਗਦਾ ਰਿਹਾ। ਲੋਕਾਂ ਦੇ ਆਰਥਿਕ ਘੋਲਾਂ ਨੂੰ ਇਮਾਨਦਾਰੀ ਨਾਲ ਲੜਦਿਆਂ ਲੋਕ ਇਤਬਾਰ

> ਤਾਂ ਕਰਦੇ ਸਨ ਅਤੇ ਸਾਡੀ ਇਜ਼ਤ ਵੀ ਕਰਦੇ ਸਨ, ਪਰ ਲੋਕਾਂ ਦਾ ਪੋਲੀਕਲ ਭਰੋਸਾ ਅਸੀਂ ਨਾ ਜਿੱਤ ਸਕੇ। (ਪੰਨਾ-85)

ਇਸੇ ਤਰ੍ਹਾਂ ਸੀ. ਪੀ. ਆਈ. ਵੱਲੋਂ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਨੂੰ ਉਚਿਤ ਠਹਿਰਾਇਆ ਗਿਆ ਅਤੇ ਪਾਰਟੀ ਵਰਕਰਾਂ ਨੂੰ ਪਾਕਿਸਤਾਨ ਦੀ ਹਮਾਇਤ ਕਰਨ ਅਤੇ ਇਸ ਦਾ ਪ੍ਰਚਾਰ ਕਰਨ ਦੀ ਤਾਕੀਦ ਕੀਤੀ ਗਈ। ਕਾਮਰੇਡ ਗੰਧਰਵ ਸੈਨ ਜੀ ਦਾ ਸੀ. ਪੀ. ਆਈ. ਦੇ ਇਸ ਫੈਸਲੇ ਸੰਬੰਧੀ ਵਿਚਾਰ ਹੈ ਕਿ ਧਾਰਮਿਕ ਅਕੀਦੇ ਉਤੇ ਪਾਕਿਸਤਾਨ ਦੀ ਹਮਾਇਤ ਕਰਨਾ ਮਾਰਕਸਵਾਦੀ ਨਜ਼ਰੀਏ ਤੋਂ ਠੀਕ ਨਹੀਂ ਸੀ। ਆਪ ਦਾ ਗਿਲਾ ਹੈ ਕਿ ਅਸੀਂ ਮੁਸਲਿਮ ਭਾਈਚਾਰੇ ਨੂੰ ਆਪਣੇ ਅਸਰ ਹੇਠ ਨਹੀਂ ਲਿਆ ਸਕੇ ਜਿਸ ਕਾਰਨ ਉਹ ਧਰਮ ਅਧਾਰਤ ਸਿਆਸਤ ਦਾ ਸ਼ਿਕਾਰ ਹੋ ਗਏ। ਇਸ ਤੋਂ ਇਲਾਵਾ ਖੱਬੇ ਪੱਖੀ ਸਿਆਸਤ ਵੱਲੋਂ ਸਮਾਜ ਦੀ ਅੱਧੀ ਵਸੋਂ ਭਾਵ ਔਰਤਾਂ ਨੂੰ ਆਪਣੇ ਨਾਲ ਨਾ ਜੋੜ ਸਕਣ ਦਾ ਮੁੱਦਾ ਵੀ ਆਪ ਬਾਰ-ਬਾਰ ਉਠਾਉਂਦੇ ਹਨ। ਉਹ ਸਮਝਣ ਦਾ ਯਤਨ ਕਰਦੇ ਹਨ ਕਿ ਭਾਰਤੀ ਸਮਾਜ ਵਿੱਚ ਔਰਤ ਦੀ ਸਥਿਤੀ ਏਨੀ ਤਰਸਯੋਗ ਕਿਉਂ ਹੈ ਭਾਰਤੀ ਔਰਤ ਆਪਣੇ ਪਤੀ ਦੀਆਂ ਜ਼ਿੰਮੇਵਾਰੀਆਂ ਨਿਭਾਉਣ ਤੱਕ ਹੀ ਸੀਮਤ ਹੋ ਕੇ ਕਿਉਂ ਰਹਿ ਜਾਂਦੀ ਹੈ? ਉਹ ਦੂਹਰੀ ਗੁਲਾਮੀ ਦੀ ਮਾਰ ਸਹਿੰਦੀ ਹੋਈ ਵੀ ਆਪਣੀ ਤ੍ਰਾਸਦਿਕ ਸਥਿਤੀ ਬਾਰੇ ਸਵਾਲ ਨਹੀਂ ਕਰਦੀ? ਜੇ ਕਦੇ ਉਹ ਆਪਣਾ ਮੂੰਹ ਖੋਲਦੀ ਵੀ ਹੈ ਤਾਂ ਮਰਦ-ਪ੍ਰਧਾਨ ਸਮਾਜ ਦਾ ਉਸਨੂੰ ਜ਼ੁਲਮ ਸਹਿਣਾ ਪੈਂਦਾ ਹੈ। ਆਪ ਦਾ ਇਹ ਸ਼ਿਕਵਾ ਵੀ ਜਾਇਜ਼ ਲੱਗਦਾ ਹੈ ਕਿ ਕਮਿਊਨਿਸਟ ਧਿਰਾਂ ਅੰਦਰ ਔਰਤ ਦੀ ਦਸ਼ਾ ਦੇ ਦਿਸ਼ਾ ਬਾਰੇ ਚਰਚਾ ਬਹੁਤ ਘੱਟ ਹੁੰਦੀ ਹੈ। ਕਿਰਤੀ ਪਾਰਟੀ ਦੇ ਹਵਾਲੇ ਨਾਲ ਆਪ ਲਿਖਦੇ ਹਨ:

> ਔਰਤਾਂ ਦੇ ਮਸਲਿਆਂ ਨੂੰ ਲੈ ਕੇ ਔਰਤਾਂ ਨੂੰ ਜਾਗਰਿਤ ਕਰਨਾ, ਔਰਤਾਂ ਦੇ ਇਨ੍ਹਾਂ ਸਾਰੇ ਮਸਲਿਆਂ ਨੂੰ ਔਰਤ ਵਰਕਰ ਪਹਿਲਾਂ ਆਪ ਸਮਝਣ ਤੇ ਆਪਣੇ ਮਸਲਿਆਂ ਨੂੰ ਹੱਲ ਕਰਨ ਲਈ ਆਪਣੀ ਸਮਾਜਿਕ ਜਥੇਬੰਦੀ ਖੜ੍ਹੀ ਕਰਨ ਤਾਂ ਕਿ ਔਰਤ ਆਪਣੇ ਹੱਕ ਦੀ ਲੜਾਈ ਆਪ ਲੜ ਸਕੇ। ਇਸ ਮਸਲੇ ਬਾਰੇ ਕਿਰਤੀ ਪਾਰਟੀ ਵਿੱਚ ਪਹਿਲਾਂ ਕਦੇ ਵਿਚਾਰ ਵਟਾਂਦਰਾ ਨਹੀਂ ਸੀ ਹੋਇਆ। ਔਰਤ ਦੇ ਮਸਲੇ ਕੀ ਹਨ? ਉਹ ਕਿਸ ਤਰ੍ਹਾਂ ਹੱਲ ਕੀਤੇ ਜਾ ਸਕਦੇ ਹਨ? ਇਸ ਮਸਲੇ 'ਤੇ ਕਿਰਤੀ ਪਾਰਟੀ ਦੀ ਲੀਡਰਸ਼ਿਪ ਨੇ ਲੜਕੀਆਂ ਦਾ ਕਦੇ ਕੋਈ ਸਟੱਡੀ ਸਰਕਲ ਨਹੀਂ ਸੀ ਲਾਇਆ। (ਪੰਨਾ- 85)

ਸਪੱਸ਼ਟ ਹੈ ਕਿ ਲੇਖਕ ਆਪਣੇ ਵਿਸ਼ਾਲ ਸਿਆਸੀ ਤਜਰਬਿਆਂ ਰਾਹੀਂ ਭਾਰਤੀ ਸਮਾਜ ਵਿਚਲੇ ਵੱਖ-ਵੱਖ ਵਰਗਾਂ, ਧਰਮਾਂ, ਜ਼ਾਤਾਂ ਆਦਿ ਦੀਆਂ ਸਮੱਸਿਆਵਾਂ ਨਾਲ ਵਿਚਾਰਧਾਰਕ ਸਾਂਝ ਪਾਉਣੀ ਚਾਹੁੰਦਾ ਹੈ ਅਤੇ ਉਹ ਇਨ੍ਹਾਂ ਸਮੱਸਿਆਵਾਂ ਦਾ ਹੱਲ

ਮਾਰਕਸਵਾਦ ਰਾਹੀ ਪੇਸ਼ ਕਰਨ ਦਾ ਚਾਹਵਾਨ ਹੈ। ਉਹ ਖੁਦ ਇੱਕ ਖੱਬੇ-ਪੱਖੀ ਸਿਆਸੀ ਕਾਰਕੁਨ ਹੈ ਅਤੇ ਬਚਪਨ ਤੋਂ ਹੀ ਉਸ ਦਾ ਝੁਕਾਅ ਖੱਬੇ-ਪੱਖੀ ਸਿਆਸਤ ਵੱਲ ਰਿਹਾ ਹੈ। ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ, ਸੁਖਦੇਵ, ਲਾਲਾ ਲਾਜਪਤਰਾਏ ਆਦਿ ਦੀਆਂ ਸ਼ਹੀਦੀਆਂ ਨੇ ਆਪ ਦੇ ਬਾਲਮਨ ਉਪਰ ਗਹਿਰਾ ਅਸਰ ਪਾਇਆ ਹੈ। ਉਹ ਖੁਦ ਨੂਰਮਹਿਲ ਮਿਊਸਪਲ ਕਮੇਟੀ ਦਾ ਪ੍ਰਧਾਨ ਰਿਹਾ ਹੈ। ਆਪਣੇ ਵਿਸ਼ਾਲ ਸਿਆਸੀ ਤਜਰਬੇ ਸਦਕਾ ਹੀ ਉਹ ਕਮਿਊਨਿਸਟ ਪਾਰਟੀਆਂ ਦੀਆਂ ਵਿਚਾਰਧਾਰਕ ਕਮਜ਼ੋਰੀਆਂ ਬਾਰੇ ਗੰਭੀਰ ਸਵਾਲ ਉਠਾਉਂਦਾ ਹੈ। ਲੇਖਕ ਨਕਸਲਬਾੜੀ ਲਹਿਰ ਵੱਲ ਝੁਕਾਅ ਤੋਂ ਬਾਅਦ ਪਾਰਟੀ ਲਾਈਨ ਬਾਰੇ ਸੂਬਾ ਪਾਰਟੀ ਸੈਕਟਰੀ ਅੱਗੇ ਹੇਠ ਲਿਖੇ ਇਤਰਾਜ਼ ਰੱਖਦਾ ਹੈ:

1) ਜਮਾਤੀ ਦੁਸ਼ਮਣਾਂ ਦੇ ਸਫ਼ਾਏ ਦੀ ਲਾਈਨ ਨਾਲ ਪਾਰਟੀ ਵਰਕਰਾਂ ਵਿੱਚ ਮਾਰਕੇਬਾਜ਼ੀ (Adventurism) ਦਾ ਰੁਝਾਨ ਉਭਰ ਰਿਹਾ ਹੈ।
2) ਕਾਮਰੇਡ ਚੇਅਰਮੈਨ 'ਮਾਓ' ਚੀਨ ਦੀ ਕਮਿਊਨਿਸਟ ਪਾਰਟੀ ਦਾ ਚੇਅਰਮੈਨ ਹੈ, ਅਸੀਂ ਚੀਨ ਦੀ ਪਾਰਟੀ ਦੇ ਕੋਈ ਯੂਨਿਟ ਨਹੀਂ ਹਾਂ। ਅਸੀਂ ਭਾਰਤ ਦੇਸ਼ ਦੇ ਹਾਲਾਤ ਦੇ ਮੁਤਾਬਿਕ ਮਾਰਕਸਵਾਦੀ ਵਿਚਾਰਧਾਰਾ ਦੀ ਪਾਰਟੀ ਬਣਾ ਕੇ ਕੰਮ ਕਰਦੇ ਹਾਂ। ਦੂਜੇ ਦੇਸ਼ਾਂ ਦੀਆਂ ਮਾਰਕਸਵਾਦੀ ਪਾਰਟੀਆਂ ਨਾਲ ਸਾਡੇ ਵਿਚਾਰਧਾਰਕ ਸੰਬੰਧ ਹੋ ਸਕਦੇ ਹਨ।
3) ਪਾਰਟੀ ਵਿੱਚ ਜੋ ਪ੍ਰਚਾਰ ਹੋ ਰਿਹਾ ਹੈ ਕਿ ਬਿਹਾਰ ਤੇ ਬੰਗਾਲ ਵਿੱਚ 'ਲਾਲ ਫੌਜ' ਮਾਰਚ ਕਰ ਰਹੀ ਹੈ। ਇਹ ਅੰਦਾਜ਼ਾ ਠੀਕ ਨਹੀਂ, ਇਹ ਪ੍ਰਚਾਰ ਬੇ-ਬੁਨਿਆਦ ਹੈ।
4) ਸੀ. ਪੀ. ਆਈ. ਐਮ. ਦੇ ਵਰਕਰ ਸਾਡੇ ਜਮਾਤੀ ਦੁਸ਼ਮਣ ਨਹੀਂ ਹਨ।
5) ਸਾਨੂੰ ਮੁਕਤੀ ਵਾਹਿਨੀ (ਬੰਗਲਾਦੇਸ਼) ਦੀ ਅਜ਼ਾਦੀ ਦੀ ਲੜਾਈ ਦੀ ਮੁਖਾਲਫ਼ਤ ਨਹੀਂ ਕਰਨੀ ਚਾਹੀਦੀ। (ਪੰਨਾ-142)

ਪਰ ਸੂਬਾ ਕਮੇਟੀ ਨੇ ਆਪ ਦੇ ਇਨ੍ਹਾਂ ਇਤਰਾਜ਼ਾਂ ਨੂੰ ਅਣਸੁਣੇ ਕਰ ਦਿੱਤਾ 'ਤੇ ਆਪ ਨੂੰ ਪਾਰਟੀ ਛੱਡਣ ਦੇ ਫੁਰਮਾਨ ਸੁਣਾ ਦਿੱਤੇ। ਇਸ ਤਰ੍ਹਾਂ ਕਾਮਰੇਡ ਗੰਧਰਵ ਸੈਨ ਜੀ ਅਤੇ ਭੈਣ ਸੁਰਿੰਦਰ ਕੌਰ ਜੀ ਆਪਣੀ ਵਿਚਾਰਧਾਰਕ ਪ੍ਰਤੀਬੱਧਤਾ ਨੂੰ ਕਾਇਮ ਰੱਖਦੇ ਹੋਏ ਕਈ ਸਾਲ ਅੰਡਰ-ਗਰਾਊਂਡ ਰਹੇ। ਸਮਾਜ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਲਈ ਉਹ ਸਾਰੀ ਉਮਰ ਖੱਬੇ ਪੱਖੀ ਸੋਚ ਅਤੇ ਵਿਚਾਰਾਂ ਰਾਹੀਂ ਲੋਕ ਜਮਹੂਰੀਅਤ ਵੱਲ ਵਧਣ ਲਈ ਲੜਾਈ ਲੜਦੇ ਰਹੇ। ਇਸ ਮਕਸਦ ਲਈ ਉਹ ਸਾਮਰਾਜੀ ਵਿਵਸਥਾ ਦਾ ਖ਼ਾਤਮਾ ਕਰਨ ਲਈ ਵਰਗ ਸੰਘਰਸ਼ ਦਾ ਨਾਅਰਾ ਦਿੰਦੇ ਰਹੇ। ਉਹ ਹਮੇਸ਼ਾ ਹਿੰਦੁਸਤਾਨੀ ਸਮਾਜ ਵਿਚਲੀਆਂ ਗਰੀਬ ਜਮਾਤਾਂ ਦੀ ਨਿਸ਼ਾਨਦੇਹੀ ਕਰਦੇ ਹੋਏ ਇਨ੍ਹਾਂ ਜਮਾਤਾਂ ਵਿੱਚ ਜਮਾਤੀ ਚੇਤਨਾਂ ਦਾ ਬੀਜ ਬੀਜਣ ਵੱਲ ਅਗਰਸਰ ਰਹੇ। ਉਹ ਹੇਠ ਲਿਖੀਆਂ ਜਮਾਤਾਂ ਨੂੰ ਭਵਿੱਖ ਦੇ ਭਾਰਤੀ ਸਮਾਜਵਾਦ ਦਾ ਹਰਿਆਵਲ ਦਸਤਾ ਮੰਨਦੇ ਹਨ:

ਪੇਂਡੂ ਗਰੀਬ ਮਜ਼ਦੂਰ, ਛੋਟਾ ਤੇ ਭੂਮੀਹੀਣ ਕਿਸਾਨ, ਮੁਜ਼ਾਰਾ, ਆਦਿਵਾਸੀ, ਸ਼ਹਿਰੀ ਗਰੀਬ, ਉਜੜੇ ਹੋਏ ਮਜ਼ਦੂਰ, ਫੇਰੀ ਲਾਉਣ ਵਾਲੇ, ਗਰੀਬ ਤਰਖਾਣ, ਲੁਹਾਰ, ਰਾਜ ਮਿਸਤਰੀ, ਸਫ਼ਾਈ ਕਰਮਚਾਰੀ, ਛੋਟੇ ਦੁਕਾਨਦਾਰ ਤੇ ਕਾਰੀਗਰ, ਰਿਕਸ਼ਾ ਚਾਲਕ, ਦੁਕਾਨ 'ਤੇ ਕੰਮ ਕਰਲ ਵਾਲੇ ਮੁਲਾਜ਼ਮ ਆਦਿ।

ਆਪ ਜੀ ਦਾ ਵਿਚਾਰ ਹੈ ਕਿ ਇਨ੍ਹਾਂ ਲੋਕਾਂ ਨੂੰ ਜਮਾਤੀ ਤੌਰ 'ਤੇ ਚੇਤੰਨ ਕਰਨ ਦੇ ਨਾਲ-ਨਾਲ ਭਾਰਤੀ ਸਮਾਜ ਨੂੰ ਇਤਿਹਾਸਕ-ਪਦਾਰਥਵਾਦੀ-ਮਾਰਕਸਵਾਦੀ ਨਜ਼ਰੀਏ ਤੋਂ ਸਮਝਦਿਆਂ ਭਾਰਤੀ ਸਮਾਜ ਵਿਚਲੀ ਵਰਣ-ਵਿਵਸਥਾ ਤੇ ਜਾਤੀਵਾਦ ਨੂੰ ਵੀ ਸਮਝਿਆ ਜਾਵੇ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਭਾਰਤੀ ਹਾਕਮ ਜਮਾਤਾਂ ਨੇ ਵਰਣ-ਵਿਵਸਥਾ ਰਾਹੀਂ ਹੀ ਦਲਿਤ ਸਮਾਜ ਨੂੰ ਪੈਦਾਵਾਰ ਦੇ ਸਾਧਨਾਂ ਤੋਂ ਮਹਿਰੂਮ ਰੱਖਿਆ ਹੈ। ਦਲਿਤਾਂ ਨੂੰ ਸਦੀਆਂ ਤੋਂ ਗੁਲਾਮ ਬਣਾਇਆ ਗਿਆ। ਇਸ ਭੈੜੀ ਤੇ ਚੀੜੀ ਵਿਵਸਥਾ ਨੂੰ ਖਤਮ ਕਰਨਾ ਜ਼ਰੂਰੀ ਹੈ ਅਤੇ ਇਸ ਦੀ ਥਾਂ ਬਰਾਬਰੀ ਵਾਲੀ ਵਿਵਸਥਾ ਭਾਵ ਸਮਾਜਵਾਦ ਦੀ ਸਥਾਪਨਾ ਹੋਣੀ ਚਾਹੀਦੀ ਹੈ।

ਅਜੋਕੀ ਖੱਬੇ ਪੱਖੀ ਸਿਆਸਤ ਦਾ ਇਹ ਇਤਿਹਾਸਕ ਫ਼ਰਜ਼ ਬਣਦਾ ਹੈ ਕਿ ਇਹ ਪਹਿਲਾਂ ਲੋਕ ਜਮਹੂਰੀ ਇਨਕਲਾਬ (People's Democratic revolution) ਦੇ ਅਧੂਰੇ ਕਾਰਜ ਨੂੰ ਪੂਰਾ ਕੀਤਾ ਜਾਵੇ। ਅਜਿਹੇ ਸੁਪਨੇ ਨੂੰ ਪੂਰਾ ਕਰਨ ਦੇ ਨਾਲ-ਨਾਲ ਉਹ ਸਾਡੇ ਸਾਹਮਣੇ ਕਈ ਸਵਾਲ ਵੀ ਖੜੇ ਕਰਦੇ ਹਨ, ਜਿਵੇਂ:

1) ਕਮਿਊਨਿਸਟ ਲਹਿਰ ਨੂੰ ਅਸੀਂ ਕਿਉਂ ਵਿਆਪਕ ਨਹੀਂ ਬਣਾ ਸਕੇ?
2) ਕਮਿਊਨਿਸਟ ਪਾਰਟੀ ਵਿੱਚ ਕੰਮ ਕਰਦੇ ਹੋਏ ਜਦ ਆਪਸ ਵਿੱਚ ਇਤਖ਼ਿਲਾਫ਼ (Differences) ਪੈਦਾ ਹੁੰਦੇ ਨੇ ਤੇ ਆਪਸ ਦੀਆਂ ਦੂਰੀਆਂ ਐਨੀਆਂ ਕਿਉਂ ਵੱਧ ਜਾਂਦੀਆਂ ਹਨ?
3) ਕਮਿਊਨਿਸਟ ਵਰਕਰਾਂ ਅੰਦਰ ਅਧਿਐਨ ਦੀ ਘਾਟ ਕਿਉਂ ਹੈ?
4) ਆਮ ਕਮਿਊਨਿਸਟ ਪਾਰਟੀ ਵਰਕਰ ਲੀਡਰਾਂ ਦੇ ਪਿੱਛਲਗੂ ਬਣ ਕੇ ਕਿਉਂ ਰਹਿ ਜਾਂਦੇ ਹਨ?
5) ਅਸੀ ਨੌਜਵਾਨਾਂ ਨੂੰ ਵਰਗ ਚੇਤਨਾ ਦੇਣ ਦੇ ਗੰਭੀਰ ਉਪਰਾਲੇ ਕਿਉਂ ਨਹੀਂ ਕਰਦੇ?

ਇਸ ਤਰ੍ਹਾਂ ਕਾਮਰੇਡ ਗੰਧਰਵ ਸੈਨ ਜੀ ਦੀ ਇਹ ਸਵੈਜੀਵਨੀ ਉਹਨਾਂ ਦੇ ਸਿਆਸੀ ਜੀਵਨ ਦੇ ਵੱਖ-ਵੱਖ ਪਹਿਲੂਆਂ ਬਾਰੇ ਚਾਨਣ ਪਾਉਂਦੀ ਹੋਈ ਉਨ੍ਹਾਂ ਦੇ ਵਿਚਾਰਧਾਰਕ ਸਿਆਸੀ ਵਿਕਾਸ-ਕ੍ਰਮ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਭੈਣ ਸੁਰਿੰਦਰ ਕੌਰ ਦੀ ਅਣਥਕ ਮਿਹਨਤ ਨਾਲ ਤਿਆਰ ਕੀਤੀ ਗਈ ਇਹ ਪੁਸਤਕ ਸਾਨੂੰ ਸਿਆਸੀ ਚੇਤਨਾ ਦੇ ਨਾਲ-ਨਾਲ ਕਈ ਤਰ੍ਹਾਂ ਦੇ ਸਮਾਜਿਕ-ਆਰਥਿਕ ਤੇ ਸਭਿਆਚਾਰਕ ਨੁਕਤਿਆਂ ਬਾਰੇ ਵੀ ਚਾਨਣਾ ਪਾਉਂਦੀ ਹੈ। ਇਸ ਸਵੈਜੀਵਨੀ ਵਿੱਚ ਸੌਖੇ ਤੇ ਸੰਖੇਪ ਸ਼ਬਦਾਂ ਵਿੱਚ ਗੰਭੀਰ ਤੇ ਵੱਡੀ ਗੱਲ ਕਹਿਣ ਦੀ ਕੋਸ਼ਿਸ਼ ਕੀਤੀ ਗਈ ਹੈ।

ਭਾਸ਼ਾ ਦੀ ਰਵਾਨਗੀ ਨੂੰ ਬਹੁਤ ਮਹੱਤਤਾ ਦਿੱਤੀ ਗਈ ਹੈ ਅਤੇ ਇਤਿਹਾਸਕ ਪੱਖਾਂ ਨੂੰ ਕ੍ਰਮਤਾ ਅਨੁਸਾਰ ਹੀ ਥਾਂ ਦਿੱਤੀ ਗਈ ਹੈ। ਇਸ ਕਰਕੇ ਪੰਜਾਬੀ ਜ਼ੁਬਾਨ ਵਿੱਚ ਲਿਖੀਆਂ ਗਈਆਂ ਸਵੈਜੀਵਨੀਆਂ ਵਿੱਚ ਇਹ ਸਵੈਜੀਵਨੀ ਇੱਕ ਖ਼ਾਸ ਸਥਾਨ ਦੀ ਹੱਕਦਾਰ ਹੈ। ਇਸ ਲਈ ਇਹ ਸਿਹਰਾ ਭੈਣ ਸੁਰਿੰਦਰ ਕੌਰ ਜੀ ਦੀ ਅਣਥੱਕ ਮਿਹਨਤ ਨੂੰ ਜਾਂਦਾ ਹੈ। ਉਮੀਦ ਹੈ ਕਿ ਖੱਬੇ ਪੱਖੀ ਸਿਆਸਤ ਨਾਲ ਜੁੜੇ ਹਰ ਸ਼ਖ਼ਸ਼ ਲਈ ਇਹ ਪੁਸਤਕ ਨਵੀਂ ਰਾਹ ਦਸੇਰੀ ਸਾਬਤ ਹੋਵੇਗੀ।

ਆਮੀਨ!

ਕਮਿਊਨਿਸਟ ਲਹਿਰ ਦੇ ਇਤਿਹਾਸ ਦਾ ਦਸਤਾਵੇਜ਼

-ਦਰਸ਼ਨ ਸਿੰਘ ਖਟਕੜ

ਸਾਡੇ ਮਾਨਯੋਗ, ਤਜ਼ਰਬੇਕਾਰ ਅਤੇ ਸਦਾ-ਸੰਘਰਸ਼ਸ਼ੀਲ ਰਹੇ ਸਾਥੀ ਗੰਧਰਵ ਸੈਨ ਹੋਰਾਂ ਦੀ ਸਵੈ-ਜੀਵਨੀ "ਅਨੁਭਵ ਤੇ ਅਧਿਐਨ' ਸਾਡੇ ਸਾਹਮਣੇ ਹੈ ਜਿਸ ਉੱਪਰ ਵਿਚਾਰ-ਚਰਚਾ ਕਰਨ ਲਈ ਅੱਜ ਅਸੀਂ ਸਾਰੇ ਇਸ ਇਤਿਹਾਸਕ ਜਗ੍ਹਾ ਤੇ ਇਕੱਠੇ ਹੋਏ ਹਾਂ।

ਮੈਂ ਪਹਿਲਾਂ ਇਸ ਸਵੈ-ਜੀਵਨੀ ਦੀ ਤਿਆਰੀ ਅਤੇ ਪ੍ਰਕਾਸ਼ਨ ਲਈ ਉਨ੍ਹਾਂ ਨੂੰ ਅਤੇ ਭੈਣ ਜੀ ਸੁਰਿੰਦਰ ਹੋਰਾਂ ਨੂੰ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਨੇ ਇੱਕ ਲੰਮੇ, ਉੱਥਲ-ਪੁੱਥਲ ਨਾਲ ਭਰਪੂਰ ਅਤੇ ਆਪਣੀ ਅਸਲੀ ਹੋਣੀ ਤੇ ਮੁਕਤੀ ਲਈ ਚੱਲਦੇ ਸੰਘਰਸ਼ ਦੇ ਸਮਿਆਂ ਬਾਰੇ ਆਪਣੇ ਪ੍ਰਭਾਵ ਤੇ ਅਨੁਭਵ ਇੱਕ ਲਿਖਤ ਦੇ ਰੂਪ ਵਿੱਚ ਪੇਸ਼ ਕਰਕੇ ਇਸਨੂੰ ਇੱਕ ਦਸਤਾਵੇਜ ਦਾ ਦਰਜਾ ਦੇ ਦਿੱਤਾ ਹੈ। ਮੇਰੀ ਤੇ ਮੇਰੇ ਵਰਗੇ ਕਈ ਸਾਥੀਆਂ ਦੀ ਲੰਬੀ ਤਾਂਘ ਸੀ ਕਿ ਉਹ ਆਪਣੇ ਤਜ਼ਰਬੇ ਪੇਸ਼ ਕਰਨ ਤਾਂ ਜੁ ਅਗਲੀਆਂ ਪੀੜ੍ਹੀਆਂ ਉਨ੍ਹਾਂ ਤੋਂ ਸਬਕ ਅਤੇ ਪ੍ਰੇਰਨਾ ਲੈ ਸਕਣ। ਆਮ ਕਰਕੇ ਸਾਡੇ ਕਮਿਊਨਿਸਟ ਆਗੂ ਇਸ ਉੱਦਮ ਤੋਂ ਬਚਦੇ-ਬਚਾਉਂਦੇ ਹੀ ਰਹਿੰਦੇ ਹਨ ਜਿਸਦੇ ਕਈ ਕਾਰਨ ਹੋ ਸਕਦੇ ਹਨ। ਜਿਨ੍ਹਾਂ ਵਿੱਚੋਂ ਨਿਰਮਾਣਤਾ ਕੁੱਝ ਬਹੁਤ ਨਿਰਣਾਕਾਰੀ ਨਾ ਕਰ ਸਕਣ ਦਾ ਅਹਿਸਾਸ ਤੇ ਕਈ ਤਰਾਂ ਦੇ ਅੰਦਰੂਨੀ ਮੱਤਭੇਦ ਵੀ ਹੋ ਸਕਦੇ ਹਨ। ਸਾਥੀ ਗੰਧਰਵ ਹੋਰਾਂ ਇਨ੍ਹਾਂ ਸਮੱਸਿਆ ਨੂੰ ਪਾਸੇ ਰੱਖਕੇ ਕੁੱਝ ਕਹਿਣ ਦੀ ਪ੍ਰਸੰਸਾਯੋਗ ਦਲੇਰੀ ਕੀਤੀ ਹੈ।

ਉਨ੍ਹਾਂ ਦੀ ਇਹ ਸਵੈ-ਜੀਵਨੀ ਸਾਡੇ ਦੇਸ਼ ਦੇ ਸੁਤੰਤਰਤਾ ਸੰਗਰਾਮ ਉੱਪਰ ਵੀ ਇੱਕ ਟਿੱਪਣੀ ਹੈ ਭਾਵੇਂ ਕਿ ਕਾਫੀ ਸੰਖੇਪ ਹੀ ਸਹੀ। ਨਾਲ ਨਾਲ ਇਹ ਦੇਸ਼ ਦੀ ਕਮਿਊਨਿਸਟ ਲਹਿਰ ਉੱਪਰ ਵੀ ਇੱਕ ਟਿਪਣੀ ਹੈ, ਭਾਵੇਂ ਸੰਖੇਪ ਹੀ ਸਹੀ। ਇਸ ਕਰਕੇ ਇਸ ਉੱਪਰ ਆਪਣੇ ਵਿਚਾਰ ਪੇਸ਼ ਕਰਦਿਆਂ, ਸੁਤੰਤਰਤਾ-ਸੰਗਰਾਮ ਅਤੇ ਕਮਿਊਨਿਸਟ ਲਹਿਰ ਦਾ ਇਤਿਹਾਸ ਸਾਡੇ ਮੁਲੰਕਣ ਦਾ ਵਿਸ਼ਾ ਬਣ ਜਾਂਦਾ ਹੈ। ਮੈਂ ਇਸ ਖੇਤਰ ਵਿੱਚ ਜਾਣਾ ਚਾਹੁੰਦਾ ਸਾਂ ਪਰ ਆਪਣੀਆਂ ਕੁੱਝ ਗੰਭੀਰ ਪਰਿਵਾਰਕ ਤੇ ਸਿਹਤ ਦੀਆਂ ਮੁਸ਼ਕਲਾਂ ਕਰਕੇ ਇਸ ਖੇਤਰ ਨੂੰ ਮੁਲੰਕਣ ਦਾ ਵਿਸ਼ਾ ਨਹੀਂ ਬਣਾ ਸਕਿਆ। ਸੁਭਾਵਕ ਹੈ ਮੇਰੇ ਸਿੱਟੇ ਕੁੱਝ ਸੰਖੇਪ ਰਹਿ ਜਾਣਗੇ। ਜਿਨ੍ਹਾਂ ਨੂੰ ਮੈਂ ਮਗਰੋਂ ਵਿਸਥਾਰ ਦੇ ਸਕਦਾ ਹਾਂ। ਇਸ ਸੀਮਾ ਵਿੱਚ ਵਿਚਰਦੇ ਹੋਏ ਮੈਂ ਸਭ ਤੋਂ ਪਹਿਲਾਂ ਇਸ ਸਵੈ-ਜੀਵਨੀ ਦਾ ਮੁੱਖ-ਮੁੱਖ ਸਿੱਟਿਆਂ ਅਤੇ ਮੁੱਦਿਆਂ ਵੱਲ ਪਰਤਣਾ ਚਾਹੁੰਦਾ ਹਾਂ।

ਪਹਿਲਾ ਨੁਕਤਾ : ਸਾਥੀ ਗੰਧਰਵ ਸੈਨ ਆਪਣੀ ਚੜ੍ਹਦੀ ਜੁਆਨੀ ਵਿੱਚ ਇੱਕ ਬੇਚੈਨ ਤੇ ਖੋਜੀ ਨੌਜੁਆਨ ਵਜੋਂ ਸਾਹਮਣੇ ਆਉਂਦੇ ਹਨ ਜਿਨ੍ਹਾਂ ਦੇ ਆਲੇ-ਦੁਆਲੇ ਸੁਤੰਤਰਤਾ ਸੰਗਰਾਮ ਦੀ ਲਪਟਾਂ ਭਬਕ ਰਹੀਆਂ ਹਨ, ਬੇਮਿਸਾਲ ਕੁਰਬਾਨੀਆਂ ਦੇ ਚਰਚੇ ਹਨ, ਬਸਤੀਵਾਦੀ ਬਰਤਾਨਵੀ ਹਾਕਮਾਂ ਦੇ ਜ਼ੁਲਮ, ਲੋਕਾਈ ਦੀਆਂ ਮੁਸੀਬਤਾਂ ਹਨ ਅਤੇ ਆਪਣੇ ਆਪ ਨੂੰ ਆਪਣੇ ਪੈਰਾਂ ਤੇ ਖੜੇ ਕਰਨ ਦੀ ਪਰਿਵਾਰਕ ਅਤੇ ਵਿਅਕਤੀਗਤ ਜ਼ਿੰਮੇਵਾਰੀ ਵੀ ਸਾਹਮਣੇ ਮੌਜੂਦ ਹੈ। ਰੁਜ਼ਗਾਰ ਤਲਾਸ਼ ਵਿੱਚ ਕਦੇ ਕਿਤੇ ਕਦੇ ਕਿਤੇ ਜਾਂਦੇ ਹਨ। ਉਹ ਦਿੱਲੀ, ਲੁਧਿਆਣਾ, ਕਲਕੱਤਾ, ਕਾਨਪੁਰ ਅਨੇਕਾਂ ਥਾਵਾਂ ਤੇ ਕੀਤੇ ਤੇ ਸਿੱਖੇ ਕੰਮਾਂ ਦਾ ਤਜ਼ਰਬਾ ਵੀ ਹਾਸਲ ਕਰਦੇ ਹਨ, ਲੋਕ-ਲਹਿਰਾਂ ਦੀ ਲਾਗ ਵੀ ਮਹਿਸੂਸ ਕਰਦੇ ਹਨ, ਅਧਿਐਨ ਲਈ ਵੀ ਬਿਹਬਲ ਹਨ ਅਤੇ ਅੰਦਰੇ-ਅੰਦਰ ਆਪਣੀ ਮੰਜ਼ਿਲ ਦੀ ਤਲਾਸ਼ ਲਈ ਵੀ ਬੇਚੈਨ। ਅਖੀਰ ਅਗਸਤ 1940 ਨੂੰ ਸਾਢੇ ਇੱਕੀ ਕੁ ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਸੁਤੰਤਰਤਾ ਸੰਗਰਾਮ ਨੂੰ ਸਮਰਪਿਤ ਹੋਣ ਦੇ ਪ੍ਰਣ ਨਾਲ ਆਪਣੀ ਮੰਜ਼ਿਲ ਤਹਿ ਕਰ ਲਈ।

ਦੂਸਰਾ ਨੁਕਤਾ : ਉਸ ਸਮੇਂ ਵੀ ਕਾਂਗਰਸ ਪਾਰਟੀ ਸੁਤੰਤਰਤਾ ਸੰਗਰਾਮ ਵਿੱਚ ਇੱਕ ਮੁੱਖ ਧਿਰ ਸੀ। ਗੰਧਰਵ ਸੈਨ ਜੀ ਗ਼ਦਰ ਪਾਰਟੀ ਦੇ ਯੋਧਿਆਂ ਤੋਂ ਪ੍ਰਭਾਵਿਤ ਸਨ। ਇਸ ਕਰਕੇ ਉਹ ਕਾਂਗਰਸ ਦੇ ਮੈਂਬਰ ਬਣਕੇ ਵੀ ਉਸਦੀਆਂ ਸਰਗਰਮੀਆਂ ਜੱਥੇਬੰਦ ਕਰਨ ਲੱਗੇ ਅਤੇ ਗ਼ਦਰ ਪਾਰਟੀ ਦੇ ਬਾਬਿਆਂ ਦੇ ਪ੍ਰਭਾਵ ਅਧੀਨ ਕਿਰਤੀ-ਪਾਰਟੀ ਨਾਲ ਵੀ ਜੁੜੇ ਅਤੇ ਉਸਦਾ ਅਟੁੱਟ ਅੰਗ ਬਣਕੇ ਸਰਗਰਮੀ ਕਰਨ ਲੱਗੇ। ਕਿਰਤੀ ਪਾਰਟੀ ਦੇ ਆਗੂਆਂ ਤੇ ਵਰਕਰਾਂ ਦੀ ਮਾਰਕਸਵਾਦੀ ਸੋਚ, ਦ੍ਰਿੜ ਨਿਹਚਾ, ਸਖਤ-ਸਰਗਰਮੀ, ਜਨਤਕ-ਲਾਮਬੰਦੀ ਕਰ ਸਕਣ ਦੀ ਸ਼ਾਨਦਾਰ ਸਮਰੱਥਾ ਕਾਰਨ ਉਹ ਇਸਦਾ ਸਥਾਈ ਅੰਗ ਬਣੇ। ਉਨ੍ਹਾਂ ਦਾ ਮੰਨਣਾ ਹੈ ਕਿ ਕਿਰਤੀਆਂ ਦੀ ਮਾਰਕਸੀ ਪ੍ਰਤੀਬੱਧਤਾ, ਕਰੜੀ-ਘਾਲਣਾ, ਸਮਾਜਵਾਦੀ ਮੁਖੀ ਸੋਚ, ਜਨਤਕ ਕੰਮ 'ਚ ਧੜੱਲਾ, ਆਫੀਸ਼ੀਅਲ ਕਮਿਊਨਿਸਟਾਂ ਨਾਲੋਂ ਕਿਤੇ ਜ਼ਿਆਦਾ ਸੀ, ਜਿਸ ਕਰਕੇ ਕਿਰਤੀ-ਧਾਰਾ ਦੀ ਅਤੇ ਧਿਰ ਇੱਕ ਨਿਰੰਤਰ ਮਜ਼ਬੂਤੀ ਨਾਲ ਵਿਚਰਦੀ ਰਹੀ ਹੈ ਜਿਸ ਕਰਕੇ ਉਨ੍ਹਾਂ ਨੇ ਇਸ ਧਾਰਾ ਅਤੇ ਧਿਰ ਦਾ ਹੀ ਸਦਾ ਸਾਥ ਦਿੱਤਾ। ਉਨ੍ਹਾਂ ਦਾ ਇਹ ਵੀ ਨਿਰਣਾ ਹੈ ਕਿ ਕਿਰਤੀ ਧਿਰ ਤੇ ਧਾਰਾ ਦੇ ਇਹ ਕਿਰਦਾਰ ਹੀ ਉਸਨੂੰ ਵਧੇਰੇ ਇਨਕਲਾਬੀ ਤੇ ਖਾੜਕੂ ਰੁਝਾਨਾਂ ਵੱਲ ਧੱਕਦਾ ਰਿਹਾ। ਇਹੀ ਕਾਰਨ ਸੀ ਕਿ ਬਹੁਗਿਣਤੀ ਕਿਰਤੀ, ਆਫੀਸ਼ੀਅਲ ਕਮਿਊਨਿਸਟ ਪਾਰਟੀ ਦੀ ਸੱਤਾ-ਪ੍ਰੀਵਰਤਨ ਪ੍ਰਤੀ ਸੋਧਵਾਦੀ ਸੇਧ ਨੂੰ ਰੱਦ ਕਰਦੇ ਹੋਏ, ਲਾਲ ਪਾਰਟੀ ਵਿੱਚ ਚਲੇ ਗਏ। ਮਗਰੋਂ ਉਨ੍ਹਾਂ ਵਿੱਚੋਂ ਡਾਂਗ ਧੜੇ ਦੀ ਸੋਧਵਾਦੀ ਸੇਧ ਦੇ ਵਿਰੁੱਧ, ਸੀ.ਪੀ.ਐਮ. ਵਿੱਚ ਗਏ। ਮਗਰੋਂ ਕੁੱਝ ਕਿਰਤੀ, ਨਕਸਲੀ ਲਹਿਰ ਦਾ ਅੰਗ ਬਣੇ। ਇਸ ਤਰਾਂ ਕਮਿਊਨਿਸਟ ਲਹਿਰ ਅੰਦਰ, ਕਿਰਤੀ-ਧਾਰਾ ਇੱਕ ਵਧੇਰੇ ਪ੍ਰੱਪਕ ਮਾਰਕਸੀ, ਇਮਾਨਦਾਰ, ਖਾੜਕੂ ਤੇ ਧੜੱਲੇ ਦੀ ਪ੍ਰਤੀਨਿਧ ਧਾਰਾ ਹੈ। ਭਾਵੇਂ ਉਨ੍ਹਾਂ ਨਹੀਂ ਕਿਹਾ ਪਰ ਇਸ ਧਾਰਨਾ ਤੋਂ ਇੱਕ ਉਪ-ਧਾਰਨਾ ਇਹ ਨਿਕਲਦੀ ਹੈ ਕਿ ਨਕਸਲੀ-ਲਹਿਰ ਇੱਕ ਤਰਾਂ ਨਾਲ ਕੁੱਝ ਪੱਖਾਂ ਨਾਲ, ਕਿਰਤੀ-ਲਹਿਰ ਦੀ ਨਿਰੰਤਰਤਾ

ਦੀ ਹੀ ਪ੍ਰਤੀਕ ਹੈ।

ਤੀਸਰਾ ਨੁਕਤਾ : ਕਾਮਰੇਡ ਗੰਧਰਵ-ਸੈਨ ਹੋਰਾਂ ਹਿੰਦ ਕਮਿਊਨਿਸਟ ਪਾਰਟੀ ਦੇ ਕੁੱਝ ਨਿਰਣੇ-ਨੀਤੀਆਂ ਦੀ ਅਲੋਚਨਾ ਵੀ ਕੀਤੀ ਹੈ ਅਤੇ ਲੋਕਾਂ ਤੋਂ ਮਿਲੇ ਅਮਲੀ ਹੁੰਗਾਰੇ ਦੀ ਰੌਸ਼ਨੀ ਵਿੱਚ ਉਨ੍ਹਾਂ ਦਾ ਖੰਡਨ ਵੀ ਕੀਤਾ ਹੈ।

ਇਨਾਂ ਚੋਂ ਇੱਕ ਨਿਰਣਾ 'ਦੋ ਕੌਮਾਂ ਦੀ ਥਿਊਰੀ' ਸੀ ਜਿਸ ਅਧੀਨ ਮੁਸਲਿਮ ਭਾਈਚਾਰੇ ਨੂੰ ਇੱਕ ਕੌਮ ਮੰਨਕੇ, ਉਨ੍ਹਾਂ ਲਈ ਪਾਕਿਸਤਾਨ ਦੇ ਨਾਹਰੇ ਦੀ ਹਮੈਤ ਕੀਤੀ ਗਈ ਅਤੇ ਇਸ ਤਰਾਂ ਸਾਮਰਾਜੀ ਹਾਕਮਾਂ ਵੱਲੋਂ ਪਾਏ ਪਾੜਿਆਂ ਨੂੰ ਵਧਾਉਣ, ਉਨ੍ਹਾਂ ਨੂੰ ਵਾਜਬੀਅਤ ਪ੍ਰਦਾਨ ਕਰਨ ਅਤੇ ਦੇਸ਼ ਦੀ ਵੰਡ ਨੂੰ ਜਾਇਜ਼ ਠਹਿਰਾ ਦਿੱਤਾ। ਉਨ੍ਹਾਂ ਅਨੁਸਾਰ ਇਸ ਨੀਤੀ ਦਾ ਆਮ ਲੋਕਾਂ ਨੇ ਬਹੁਤ ਵਿਰੋਧ ਕੀਤਾ ਤੇ 1946 ਨੂੰ ਪੰਜਾਬ ਅਸੈਂਬਲੀ ਚੋਣਾਂ ਵਿੱਚ ਬਾਬਾ ਕਰਮ ਸਿੰਘ ਜੀ ਚੀਮਾ ਵਰਗੇ ਸਤਿਕਾਰਯੋਗ ਘੁਲਾਟੀਏ ਵੀ ਚੋਣ ਹਾਰ ਗਏ।

ਇਸ ਨਿਰਣੇ ਚੋਂ ਹੀ ਸਿੱਖ ਭੂਮੀਆਂ ਦਾ ਨਾਹਰਾ ਕੱਢ ਲਿਆ ਜਿਸਨੂੰ ਤੇ ਜਿਸ ਲਈ ਛਾਪੇ ਪੈਂਫਲਿਟਾਂ ਨੂੰ ਸਾੜਕੇ ਉਹ ਨਾਹਰਾ ਵਾਪਸ ਲੈਣਾ ਪਿਆ।

ਇਨਾਂ ਚੋਂ ਦੂਸਰਾ ਨੁਕਤਾ ਫਾਸਿਜ਼ਮ ਦੇ ਵਿਰੋਧ ਵਿੱਚ ਨਾਹਰਾ ਦੇ ਕੇ, ਇਸ ਘੋਲ ਨੂੰ ਮੁੱਖ ਘੋਲ ਬਣਾ ਦੇਣਾ ਅਤੇ ਆਜ਼ਾਦੀ ਦੇ ਘੋਲ ਨੂੰ ਪਿੱਛੇ ਸੁੱਟ ਦੇਣਾ ਹੈ। ਉਨਾਂ ਲਿਖਿਆ ਹੈ ਕਿ ਜਲੰਧਰ ਦੀ ਪਾਰਟੀ ਕਮੇਟੀ ਨੇ ਆਪਣਾ ਇਹ ਵਿਰੋਧ ਇੱਕ ਮਤੇ ਦੇ ਰੂਪ ਵਿੱਚ ਭੇਜਿਆ ਸੀ ਤੇ ਇਸ ਨਾਹਰੇ ਕਾਰਨ ਪਾਰਟੀ ਦੇ ਹੋਏ ਨਿਖੇੜੇ ਦਾ ਲੇਖਾ-ਜੋਖਾ ਵੀ ਕੀਤਾ ਸੀ। ਇਸ ਮਤੇ ਵਿੱਚ ਉਨ੍ਹਾਂ ਸੁਭਾਸ਼ ਚੰਦਰ ਬੋਸ ਦੀ ਅਤੇ ਆਜ਼ਾਦ ਹਿੰਦ ਫੌਜ ਦੀ ਵਿਰੋਧਤਾ ਦਾ ਵੀ ਵਿਰੋਧ ਕੀਤਾ ਸੀ।

ਲੋਕ-ਜੰਗ ਦੀ ਹਮੈਤ ਅਤੇ ਇਸਦੀ ਵਿਰੋਧਤਾ ਦਾ ਮੁੱਦਾ ਬਹਿਸ ਦਾ ਮੁੱਦਾ ਰਿਹਾ ਹੈ। ਭਾਰਤ ਵਿੱਚ ਇਹ ਅਸਫ਼ਲ ਸਿੱਧ ਹੋਿਆ ਪਰ ਮਲਾਇਆ ਵਿੱਚ ਸਫ਼ਲ ਸਿੱਧ ਹੋਇਆ। ਮਲਾਇਆ ਦੀ ਕਮਿਊਨਿਸਟ ਪਾਰਟੀ ਨੇ ਵੀ ਆਪਣੇ ਦੇਸ਼ ਦੀ ਮੁੱਖ ਕੌਮੀ ਧਿਰ ਤੇ ਪਾਰਟੀ ਨਾਲ ਸਾਂਝਾ ਮੋਰਚਾ ਬਣਾਇਆ, ਬਰਤਾਨਵੀ ਸਾਮਰਾਜ ਦੀ ਹਮੈਤ ਕੀਤੀ। ਜੰਗ ਦੇ ਖਾਤਮੇ ਮਗਰੋਂ ਕੌਮੀ ਤੇ ਸਾਂਝੀ ਸਰਕਾਰ ਬਣਾਈ ਪਰ ਥੋੜੇ ਸਮੇਂ ਵਿੱਚ ਹੀ ਉਸਨੂੰ ਨਿਖੇੜਦੇ ਹੋਏ, ਹਥਿਆਰਬੰਦ ਸੰਘਰਸ਼ ਤੇਜ਼ ਕਰਕੇ, ਆਪਣੀ ਗੁਰੀਲਾ ਫੌਜ ਦੀ ਤਾਕਤ ਨਾਲ ਸਮਾਨੰਤਰ ਸੱਤਾ ਸਥਾਪਤ ਕਰਦੇ ਹੋਏ ਆਧਾਰ-ਇਲਾਕੇ ਕਾਇਮ ਕੀਤੇ। ਇਸ ਇਨਕਲਾਬੀ ਹਥਿਆਰਬੰਦ ਜੰਗ ਨੇ ਦੇਸ਼ ਦੀ ਵੱਡੀ ਦਲਾਲ ਸਰਮਾਏਦਾਰੀ, ਸਾਮੰਤੀ ਤਾਕਤਾਂ ਅਤੇ ਬਰਤਾਨਵੀ ਸਾਮਰਾਜ ਦੇ ਗੱਠਜੋੜ ਨੂੰ ਬੇਪਰਦ ਕਰ ਦਿੱਤਾ। ਜਦੋਂ ਬਰਤਾਨਵੀ ਫੌਜ ਨੇ, ਸਰਕਾਰ ਦੇ ਸੱਦੇ ਤੇ ਲੋਕ-ਸੱਤਾ ਦੇ ਵਿਰੁੱਧ ਸਿੱਧੀ ਕਾਰਵਾਈ ਆਰੰਭ ਕਰ ਦਿੱਤੀ। ਜੰਗੀ ਹੈਲੀਕਾਪਟਰਾਂ ਰਾਹੀਂ ਬਾਰੂਦ ਵਰਸਾਇਆ ਗਿਆ, ਜੰਗਲਾਂ ਨੂੰ ਅੱਗ ਲਾਈ ਗਈ ਅਤੇ ਅਨੇਕਾਂ ਹੋਰ ਅੱਤਿਆਚਾਰ ਕੀਤੇ ਗਏ। ਫਿਰ ਲੋਕ-ਤਾਕਤ ਦਾ ਗੜ੍ਹ ਨਾ ਟੁੱਟਦਾ ਦੇਖਕੇ, ਬਰਤਾਨਵੀ-ਸਾਮਰਾਜ ਤੇ ਉਸਦੀ ਦਲਾਲ ਸਰਕਾਰ ਨੇ ਫੁੱਟ ਦਾ ਹਥਿਆਰ ਵਰਤਦੇ ਹੋਏ ਮਲਾਈ-ਮੂਲ ਤੇ ਚੀਨੀ-ਮੂਲ ਦੇ ਲੋਕਾਂ ਵਿੱਚ ਫੁੱਟ

ਪਾਕੇ, ਲੋਕ-ਫੌਜ ਦਾ ਲੋਕ-ਆਧਾਰ ਕਮਜ਼ੋਰ ਕਰ ਦਿੱਤਾ। ਇਸ ਤਰਾਂ ਕਮਿਊਨਿਸਟਾਂ ਦੀਆਂ ਬੇਮਿਸਾਲ ਕੁਰਬਾਨੀਆਂ ਦੇ ਬਾਵਜੂਦ ਹਾਕਮ ਗੱਠਜੋੜ ਨੇ ਇਸ ਮਹਾਨ ਘੋਲ ਨੂੰ ਨਾਕਾਮ ਕੀਤਾ। ਇਸ ਹਾਰ ਦੇ ਬਾਵਜੂਦ, ਮਲਾਇਆ ਦੇ ਬਹਾਦਰ ਤੇ ਸੂਝਵਾਨ ਕਮਿਊਨਿਸਟਾਂ ਨੇ ਸਾਬਤ ਕਰ ਦਿਖਾਇਆ ਕਿ ਸੱਤਾ ਦੀ ਬਦਲੀ ਨਾਲ ਪਰੋਸੀ ਗਈ 'ਆਜ਼ਾਦੀ' ਇੱਕ ਰਸਮੀ ਆਜ਼ਾਦੀ ਤੋਂ ਵੱਧ ਕੁੱਝ ਨਹੀਂ ਹੁੰਦੀ, ਕਿ ਅਖੌਤੀ ਕੌਮੀ-ਪਾਰਟੀ ਦਲਾਲ ਸਰਮਾਏਦਾਰਾਂ ਤੇ ਵੱਡੇ ਜਗੀਰੂ ਭੂਮੀਪਤੀਆਂ ਦੀ ਪ੍ਰਤੀਨਿਧਤਾ ਕਰਦੀ ਹੁੰਦੀ ਹੈ ਅਤੇ ਸਾਮਰਾਜ ਦਾ ਅਸਿੱਧਾ ਰਾਜ ਕਾਇਮ ਰਹਿੰਦਾ ਹੈ।

ਪਰ ਭਾਰਤ ਦੀ ਕਮਿਊਨਿਸਟ ਪਾਰਟੀ ਅਜਿਹਾ ਕ੍ਰਿਸ਼ਮਾ ਵੀ ਨਹੀਂ ਕਰ ਸਕੀ। ਉਹ ਸੁਤੰਤਰਤਾ ਸੰਗਰਾਮ ਦੇ ਦੌਰਾਨ ਵੀ, ਕਾਂਗਰਸ ਪਾਰਟੀ ਦੇ ਪਿੱਛੇ ਘੜੀਸ ਹੁੰਦੀ ਰਹੀ ਅਤੇ ਹੁਣ ਤੱਕ ਵੀ ਮੁੱਖ ਧਾਰਾ ਕਮਿਊਨਿਸਟ ਤੇ ਸੋਸ਼ਲਿਸਟ ਆਦਿ ਪਾਰਟੀਆਂ ਉਸਦੇ ਮਗਰ ਘੜੀਸੀਆਂ ਜਾ ਰਹੀਆਂ ਹਨ। ਉਨਾਂ ਦਾ ਵਜੂਦ ਕਹਿਣ ਨੂੰ ਅਲੱਗ ਹੈ ਪਰ ਇਹ ਅਲੱਗ ਤੇ ਆਜ਼ਾਦ ਹੋਂਦ ਸਿਰਫ ਰਸਮੀ ਹੈ, ਅਸਲ ਵਿੱਚ ਇਹ ਹਾਕਮ-ਜਮਾਤਾਂ ਦੀਆਂ ਪ੍ਰਤੀਨਿਧ ਧਿਰਾਂ ਸਾਬਤ ਹੋ ਗਈਆਂ ਹਨ, ਫਰਕ ਸਿਰਫ ਰੰਗਾਂ ਦਾ ਹੀ ਹੈ। ਉਹ ਹਾਕਮ-ਜਮਾਤਾਂ ਲਈ ਕੋਈ ਬੁਨਿਆਦੀ ਅਤੇ ਗੰਭੀਰ ਚੁਣੌਤੀ ਨਹੀਂ ਬਣ ਰਹੀਆਂ।

ਇਸ ਸਥਿਤੀ ਲਈ ਸਾਥੀ ਗੰਧਰਵ ਸੈਨ ਹੋਰਾਂ ਨੇ ਮੁੱਖ ਧਾਰਾ ਕਮਿਊਨਿਸਟ ਪਾਰਟੀਆਂ, ਸੀ.ਪੀ.ਆਈ. ਤੇ ਸੀ.ਪੀ.ਐਮ. ਦੀ ਸੋਧਵਾਦੀ ਸੇਧ ਨੂੰ ਜ਼ਿੰਮੇਵਾਰ ਠਹਿਰਾਇਆ ਹੈ ਅਤੇ ਉਨਾਂ ਦੀ ਇਹ ਟਿੱਪਣੀ ਦਰੁੱਸਤ ਸਾਬਤ ਹੋਈ ਹੈ।

ਚੌਥਾ ਨੁਕਤਾ ਉਨ੍ਹਾਂ ਪੇਸ਼ ਕੀਤਾ ਹੈ ਕਿ ਕਮਿਊਨਿਸਟ ਪਾਰਟੀਆਂ ਨੇ ਆਪਣੇ ਦੇਸ਼ ਦੀ ਆਰਥਿਕ-ਸਮਾਜਿਕ ਸਥਿਤੀ ਅਤੇ ਇਤਿਹਾਸਕ ਵਿਕਾਸ ਦੀ ਖੋਜ-ਪੜਤਾਲ ਨਹੀਂ ਕੀਤੀ, ਨਾ ਇਸਨੂੰ ਸਮਝਣ ਸਮਝਾਉਣ ਦਾ ਯਤਨ ਕੀਤਾ ਹੈ। ਇਸ ਨੁਕਤੇ ਦੇ ਅੰਗ ਵਜੋਂ ਹੀ ਉਨਾਂ ਆਦਿਵਾਸੀ, ਔਰਤਾਂ ਅਤੇ ਦਲਿਤ-ਸਮੂਹ ਨੂੰ ਅਣਗੌਲਣ ਦੀ ਕਮਜ਼ੋਰੀ ਦਾ ਸਪੱਸ਼ਟ ਜ਼ਿਕਰ ਕੀਤਾ ਹੈ। ਉਨਾਂ ਦਾ ਇਹ ਨੁਕਤਾ, ਖਾਸ ਕਰਕੇ ਦਲਿਤ-ਸਮੂਹ ਨੂੰ ਅਣਗੌਲਣ ਦਾ, ਵਿਸ਼ੇਸ਼ ਮਹੱਤਵ ਰੱਖਦਾ ਹੈ। ਇਹ ਇੱਕ ਤੱਥ ਹੈ ਜਿਸਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਪਰ ਉਨਾਂ ਨੇ ਇਸ ਪਹੁੰਚ ਦੇ ਕਾਰਨਾਂ ਦੀ ਨਿਸ਼ਾਨਦੇਹੀ ਨਹੀਂ ਕੀਤੀ। ਫੇਰ ਵੀ ਉਨ੍ਹਾਂ ਇਸਦਾ ਕਾਰਨ, ਮਾਰਕਸਵਾਦ ਅਧੀਨ ਇਤਿਹਾਸਕ ਪਦਾਰਥਵਾਦ ਦੇ ਆਮ ਨਿਯਮਾਂ ਦੇ ਰੱਟਣ-ਮੰਤਰ ਨੂੰ ਮੰਨਿਆ ਹੈ, ਜਿਹੜਾ ਦਰੁੱਸਤ ਵੀ ਹੈ।

ਮੁੱਖ-ਧਾਰਾ ਸੋਧਵਾਦੀ ਕ੍ਰਮਿਊਨਿਸਟ ਪਾਰਟੀਆਂ ਨੇ ਅਤੇ ਨਕਸਲੀ-ਲਹਿਰ ਨੇ ਵੀ ਇਹ ਮੁੱਦਾ ਉਦੋਂ ਹੀ ਵਧੇਰੇ ਵਿਚਾਰ-ਵਟਾਂਦਰੇ ਲਈ ਚੁਣਿਆ, ਜਦੋਂ ਇਹ ਮੰਡਲ-ਕਮਿਸ਼ਨ ਦੇ ਰੂਪ ਵਿੱਚ ਸਾਹਮਣੇ ਆ ਗਿਆ। ਇਸਨੂੰ ਅਣਗੌਲਣ ਦਾ ਇੱਕ ਕਾਰਨ ਮੁੱਖਧਾਰਾ ਕਮਿਊਨਿਸਟ ਪਾਰਟੀਆਂ ਤੇ ਨਕਸਲੀ ਲਹਿਰ ਦੀ ਸੋਚ ਵਿੱਚ ਮੌਜੂਦ ਆਰਥਿਕਤਵਾਦ ਵੀ ਹੈ ਜਿਸ ਅਧੀਨ ਉਹ ਜਾਤ ਨੂੰ ਸਿਰਫ ਇੱਕ ਜਮਾਤ ਵਜੋਂ ਹੀ

ਦੇਖਦੇ ਰਹੇ ਅਤੇ ਆਰਥਿਕ ਨਿਰਧਾਰਨਵਾਦ (Economic Determinism) ਦੇ ਅਧੀਨ ਇਸਦਾ ਵਿਸ਼ੇਸ਼ ਜਾਤ-ਕਿਰਦਾਰ ਅਣਗੌਲਦੇ ਰਹੇ। ਇਸ ਗੁੰਝਲਦਾਰ ਸਮੱਸਿਆ ਦੇ ਦੋਵੇਂ ਹੀ ਪੱਖ ਹਨ। ਜਾਤ ਜਮਾਤ ਵੀ ਹੈ ਅਤੇ ਜਮਾਤ, ਜਾਤ ਵੀ ਹੈ। ਇਸ ਗਲਤ ਧਾਰਨਾ ਅਧੀਨ ਹੁਣ ਵੀ ਅਨੇਕਾਂ ਆਰਥਿਕ ਮਾਹਿਰ ਇਸਨੂੰ ਸਿਰਫ ਜਮਾਤ ਵਜੋਂ ਅੰਗਕੇ ਇਨਾਂ ਨੂੰ ਖੇਤ-ਮਜ਼ਦੂਰਾਂ ਦੀ ਸ਼ਰੇਣੀ ਵਿੱਚ ਰੱਖਕੇ, ਇਨਾਂ ਦੀ ਵੱਡੀ ਗਿਣਤੀ ਦਾ ਅੰਕੜਾ ਦਰਸਾਕੇ, ਦੇਸ ਦੇ ਖੇਤੀ-ਖੇਤਰ ਵਿੱਚ ਪੂੰਜੀਵਾਦ ਦੇ ਵਿਸਥਾਰ ਦੀ ਪੁਸ਼ਟੀ ਕਰਦੇ ਨਹੀਂ ਥੱਕਦੇ। ਜਾਤ-ਪਾਤ ਦੀ ਵਿਵਸਥਾ ਪੂਰਵ-ਪੂੰਜੀਵਾਦੀ ਵਰਤਾਰਾ ਹੈ ਅਤੇ ਦੇਸ਼ ਵਿੱਚ ਵੱਡੇ ਪੱਧਰ ਤੇ ਮੌਜੂਦ ਕਲੀਲਾਈ ਤੇ ਅਰਧ-ਜਗੀਰੂ ਆਰਥਿਕ-ਸਮਾਜਿਕ ਬਣਤਰਾਂ ਦਾ ਪ੍ਰਮਾਣ ਹੈ।

ਇਸ ਸੋਚ ਤੇ ਪਹੁੰਚ ਦਾ ਦੂਸਰਾ ਕਾਰਨ, ਸਾਡੀ ਗੁਲਾਮ ਮਾਨਸਿਕਤਾ ਵੀ ਹੈ। ਇਹ ਹੋਰ ਰੂਪਾਂ ਤੋਂ ਬਿਨਾਂ ਪ੍ਰੋਲੇਤਾਰੀ ਅੰਤਰ ਰਾਸ਼ਟਰੀਵਾਦ ਦੇ ਨਾਂ ਹੇਠ ਵੀ ਪ੍ਰਗਟ ਹੋ ਜਾਂਦੀ ਹੈ। ਇਤਿਹਾਸਕ ਪਦਾਰਥਵਾਦ ਅਤੇ ਦਵੰਦਵਾਦ ਦੀ ਆਮ ਵਿਆਖਿਆ ਜੋ ਸੋਵੀਅਤ ਸਾਹਿਤ ਵਿੱਚੋਂ ਮਿਲਦੀ ਸੀ, ਉਸਦਾ ਦੁਹਰਾਅ ਭਾਰਤ ਦੇ ਕਮਿਊਨਿਸਟ ਵੀ ਕਰੀ ਜਾਂਦੇ ਸਨ। ਹਾਲਾਂਕਿ ਤੀਸਰੀ ਅੰਤਰ-ਰਾਸ਼ਟਰੀ ਅਤੇ ਸਾਥੀ ਸਟਾਲਿਨ ਨੇ ਇਸ ਬਾਰੇ ਸਾਵਧਾਨ ਰਹਿਣ ਲਈ ਕਿਹਾ ਸੀ। ਇਸੇ ਤਰਾਂ ਨਕਸਲੀ ਲਹਿਰ ਦੇ ਆਗੂਆਂ ਨੇ ਵੀ 'ਚੀਨ ਦਾ ਪ੍ਰਧਾਨ ਸਾਡਾ ਪ੍ਰਧਾਨ' ਐਲਾਨ ਕੇ ਅੰਤਰ-ਰਾਸ਼ਟਰੀਵਾਦ ਦਾ ਤੱਤ ਹੀ ਵਿਗਾੜ ਦਿੱਤਾ ਸੀ, ਹਾਲਾਂਕਿ ਮਾਓ ਜੇ ਤੁੰਗ ਅਤੇ ਉਦੋਂ ਦੇ ਹੋਰ ਕਮਿਊਨਿਸਟ ਆਗੂ ਆਪੋ ਆਪਣੇ ਦੇਸ਼ਾਂ ਦੀ ਠੋਸ ਸਥਿਤੀ ਅਤੇ ਕੌਮੀ ਜਾਂ ਦੇਸ਼ਭਗਤੀ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਨ ਦੀ ਰਾਏ ਦਿੰਦੇ ਸਨ।

ਇਸ ਪ੍ਰਸੰਗ ਵਿੱਚ ਇਹ ਸੰਖੇਪ ਟਿੱਪਣੀ ਵਾਜਬ ਹੋਵੇਗੀ ਕਿ ਨਕਸਲੀ-ਲਹਿਰ ਨੇ ਦੇਸ਼ ਦੇ ਖਾੜਕੂ ਵਿਰਸੇ ਦੀ ਵਰਤੋਂ ਕੀਤੀ ਹੈ। ਉਸਦੇ ਸਜੀਵ ਤੇ ਪ੍ਰਸੰਗਿਕ ਅੰਗਾਂ ਨੂੰ ਉਭਾਰਿਆ ਹੈ ਅਤੇ ਵਿਚਾਰਾਂ ਦੇ ਸੰਚਾਰ ਨੂੰ ਸੌਖਾ ਬਣਾਇਆ ਹੈ। ਪਰ ਇਸ ਵਿਰਾਸਤ ਦੀ ਵਰਤੋਂ ਹੀ ਕਾਫੀ ਨਹੀਂ, ਸਗੋਂ ਇਸਦੀ ਪੁਨਰ-ਵਿਆਖਿਆ ਬਹੁਤ ਜ਼ਰੂਰੀ ਹੈ।

ਅਗਲਾ ਤੇ ਪੰਜਵਾਂ ਨੁਕਤਾ ਉਨਾਂ ਨੇ ਪਾਰਟੀ-ਕਾਡਰ ਦੇ ਬੌਧਿਕ ਪੱਧਰ ਨੂੰ ਉਚਾ ਚੁੱਕਣ ਦਾ ਉਠਾਇਆ ਹੈ। ਇਸ ਨੀਵੇਂ ਪੱਧਰ ਕਾਰਨ ਉਹ ਲੀਡਰਾਂ ਦੇ ਪਿਛਲੱਗ ਬਣਕੇ ਰਹਿ ਜਾਂਦੇ ਹਨ ਅਤੇ ਪਾਰਟੀ ਦੀ ਸਿਆਸੀ ਸੇਧ ਘੜਨ ਵਿੱਚ ਕੋਈ ਹਿੱਸਾ ਨਹੀਂ ਪਾ ਸਕਦੇ। ਕਾਮਰੇਡ ਹੋਰਾਂ ਇਸ ਤੱਥ ਵੱਲ ਸਹੀ ਇਸ਼ਾਰਾ ਕੀਤਾ ਹੈ। ਪਰ ਇੱਕ ਤੱਥ ਇਹ ਵੀ ਹੈ ਅਤੇ ਜਿਸ ਦੇ ਪ੍ਰਮਾਣ ਵੀ ਉਨਾਂ ਨੇ ਦਿੱਤੇ ਹਨ, ਕਿ ਪਾਰਟੀਆਂ ਸਟੱਡੀ ਸਰਕਲ ਜ਼ਰੂਰ ਲਾਉਂਦੀਆਂ ਹਨ ਭਾਵੇਂ ਉਨੇ ਨਹੀਂ ਜਿੰਨੀ ਉਨਾਂ ਦੀ ਲੋੜ ਹੁੰਦੀ ਹੈ। ਉਨਾਂ ਕੈਡਰ ਦੀ ਇੱਕ ਹੋਰ ਸਮੱਸਿਆ ਵੀ ਦਰਸਾਈ ਹੈ ਕਿ ਉਹ ਘੱਟ ਪੜੇ ਲਿਖੇ ਵੀ ਹੁੰਦੇ ਹਨ, ਜਨਤਕ ਕੰਮਾਂ ਵਿੱਚ ਖੁੱਭੇ ਰਹਿੰਦੇ ਹਨ। ਇਹ ਸਮੱਸਿਆ ਹੈ ਵੀ ਅਤੇ ਇਸ ਦੀ ਚੋਣ ਇਸ ਕਰਕੇ ਵੀ ਵੱਧ ਮਹਿਸੂਸ ਹੁੰਦੀ ਹੈ ਕਿਉਂਕਿ ਦੇਸ਼ ਦੀਆਂ ਮੁੱਖ ਧਾਰਾ ਕਮਿਊਨਿਸਟ ਪਾਰਟੀਆਂ ਇਨਕਲਾਬ ਕਰਨ ਵਿੱਚ ਅਸਫ਼ਲ ਹੋਈਆਂ ਹਨ ਅਤੇ

ਨਕਸਲੀ ਧਿਰਾਂ ਵੀ ਗਲਤੀਆਂ ਤੋਂ ਬਰੀ ਨਹੀਂ ਹਨ। ਕੈਡਰ ਦੇ ਪੱਧਰ ਨੂੰ ਉੱਚਾ ਚੁੱਕਣ ਤੇ ਲੋਕਾਂ ਦਾ ਪੱਧਰ ਉੱਚਾ ਚੁੱਕਣ ਬਾਰੇ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ। ਪਰ ਇਸਨੂੰ ਸਿਰਫ ਸਟੱਡੀ ਸਰਕਲਾਂ ਦੇ ਸਹਾਰੇ ਹੀ ਨਹੀਂ ਉਚਿਆਇਆ ਜਾ ਸਕਦਾ। ਪਾਰਟੀ ਤੇ ਕੈਡਰ ਜਿਸ ਤਰਾਂ ਦੇ ਅਭਿਆਸ ਵਿੱਚ ਵਿਚਰੇਗਾ, ਕੈਡਰ ਦੀ ਸੋਚ-ਸਮਝ ਵੀ ਉਸਦੇ ਅਨੁਸਾਰੀ ਬਣਦੀ ਜਾਂਦੀ ਹੈ। ਇਸ ਕਰਕੇ ਇਸ ਨੁਕਤੇ ਉੱਪਰ ਮੈਨੂੰ ਉਨਾਂ ਦੀ ਸਮਝ ਵਿੱਚ ਆਦਰਸ਼ਵਾਦ ਦੀ ਥੋੜੀ ਝਲਕ ਮਿਲਦੀ ਹੈ।

ਇਹ ਵੀ ਸੱਚ ਹੈ ਕਿ ਪਿਛੜੇ ਤੇ ਗਰੀਬ ਦੇਸ਼ਾਂ ਦੇ ਬਹੁ-ਗਿਣਤੀ ਲੋਕ ਅਤੇ ਕੈਡਰ ਬਹੁਤ ਘੱਟ ਪੜੇ ਲਿਖੇ ਹੁੰਦੇ ਹਨ। ਇਸ ਸਮੱਸਿਆ ਬਾਰੇ ਕਾਮਰੇਡ ਮਾਓ ਨੇ ਅਭਿਆਸ ਦੀ ਬੁਨਿਆਦੀ ਮਹੱਤਤਾ ਦਰਸਾਈ ਹੈ। ਉਨਾਂ ਦੀ ਇਸ ਇਤਿਹਾਸਕ ਤੇ ਦਾਰਸ਼ਨਿਕ ਲਿਖਤ ਵਿੱਚ ਦਰਜ ਹੈ ਕਿ ਅਭਿਆਸ ਇੱਕ ਨਿਰਣਾਇਕ ਭੂਮਿਕਾ ਅਦਾ ਕਰਦਾ ਹੈ। ਜੇ ਆਗੂ ਤੇ ਕੈਡਰ ਸੋਧਵਾਦੀ ਲੀਹੇ ਪਏ ਹੋਣ ਤਾਂ ਚੇਤਨਾ ਦੀ ਧਾਰ ਤੇ ਪੱਧਰ ਵੀ ਖੁੰਢਾ ਹੋਵੇਗਾ। ਜੇ ਆਗੂ ਤੇ ਕੈਡਰ ਇਨਕਲਾਬੀ ਅਮਲ ਵਿੱਚ ਹਨ ਤਾਂ ਚੇਤਨਾ ਵੀ ਪ੍ਰਚੰਡ ਹੋਵੇਗੀ। ਲੋਕ ਲਹਿਰਾਂ ਦਾ ਵੇਗ ਇੱਕ ਪ੍ਰਭਾਵਸ਼ਾਲੀ ਅਧਿਆਪਕ ਹੁੰਦਾ ਹੈ। ਰੂਸ ਤੇ ਚੀਨ ਦੇ ਲੋਕ ਵੀ ਬਹੁਤਾ ਪੜੇ ਲਿਖੇ ਨਹੀਂ ਸਨ। ਹੇਠਲੇ ਕੈਡਰ ਦੀਆਂ ਗਲਤ ਧਾਰਨਾਵਾਂ ਦੀਆਂ ਮਿਸਾਲਾਂ ਸਾਹਿਤਕ ਕਿਰਤਾਂ ਵਿੱਚ ਵੀ ਮਿਲਦੀਆਂ ਹਨ। ਇਸ ਕਰਕੇ ਲੋਕ ਵੀ ਚੇਤਨਾ ਤੇ ਕੈਡਰ ਦੀ ਚੇਤਨਾ ਵਧਾਉਣ ਦਾ ਸਭ ਤੋਂ ਉੱਤਮ ਸਾਧਨ ਇਨਕਲਾਬੀ ਤੇ ਖਾੜਕੂ ਸੰਘਰਸ਼ ਹੈ, ਜਿਹੜਾ ਸਮਾਨੰਤਰ ਸੱਤਾ ਸਥਾਪਤ ਕਰਨ ਵੱਲ ਸੇਧਤ ਹੋਵੇ। ਪਰ ਇਸਦੇ ਨਾਲ ਬੁਨਿਆਦੀ ਸਿਧਾਂਤ ਦਾ ਗਿਆਨ ਤੇ ਆਪਣੇ ਕੀਮਤੀ ਤਜ਼ਰਬੇ ਦਾ ਨਿਚੋੜ ਵੀ ਕੈਡਰ ਦੀ ਸਮਝ ਦਾ ਅਟੁੱਟ ਅੰਗ ਬਣਾਉਣਾ ਜ਼ਰੂਰੀ ਹੈ।

ਅਗਲਾ ਮਹੱਤਵਪੂਰਨ ਨੁਕਤਾ ਦੂਸਰੀਆਂ ਕਮਿਊਨਿਸਟ ਪਾਰਟੀਆਂ ਦੀ ਨਕਲ ਕਰਨ ਬਾਰੇ। ਹੈ। ਕਾਮਰੇਡ ਹੋਰਾਂ ਕਿਹਾ ਹੈ ਕਿ ਕਦੇ ਅਸੀਂ ਰੂਸ ਅਤੇ ਕਦੇ ਚੀਨ ਦੀ ਅਤੇ ਰੂਸ ਦੀਆਂ ਪਾਰਟੀਆਂ ਦੀਆਂ ਦਾ ਸਮਰਥਨ ਕਰਦੇ ਰਹੇ ਹਾਂ।

ਆਪਣੇ ਸਬੰਧਿਤ ਦੇਸ਼ ਤੇ ਸਮਾਜ ਦੀਆਂ ਠੋਸ ਹਾਲਤਾਂ ਦੇ ਵਿਸ਼ਲੇਸ਼ਣ ਨਾਲ ਹੀ ਕੋਈ ਕਮਿਊਨਿਸਟ ਪਾਰਟੀ ਦਰੁੱਸਤ ਸੇਧ ਅਤੇ ਦਾਅਪੇਚ ਘੜ ਸਕਦੀ ਹੈ। ਇਸ ਧਾਰਨਾ ਦੇ ਆਮ ਸੱਚ ਨੂੰ ਸਵੀਕਾਰਦੇ ਹੋਏ ਵੀ ਸਾਨੂੰ ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਦਾ ਸਰਵ-ਵਿਆਪਕ ਨਿਰਣਿਆਂ ਨੂੰ ਛੱਡਣਾ ਨਹੀਂ ਚਾਹੀਦਾ। "ਨਕਲ ਨਾ ਕਰਨ ਅਤੇ ਆਪਣੀ ਸੇਧ ਆਪ ਘੜਨ" ਦੇ ਨਾਂ ਹੇਠ, ਦਰੁੱਸਤ ਅੰਤਰ-ਰਾਸ਼ਟਰੀ ਵਿਰਵਿਆਂ ਤੋਂ ਮੂੰਹ ਫੇਰ ਲਿਆ ਜਾਂਦਾ ਹੈ। ਮਿਸਾਲ ਵਜੋਂ ਚੋਣ-ਗੱਠਜੋੜਾਂ ਬਾਰੇ ਲੈਨਿਨ ਦੀਆਂ ਲਿਖਤਾਂ ਇੱਕ ਬਹੁਮੁੱਲਾ ਖਜ਼ਾਨਾ ਹਨ। ਜੇਕਰ ਉਨਾਂ ਦਾ ਗਹਿਰਾ ਅਧਿਐਨ ਧਾਰਨ ਕੀਤਾ ਜਾਵੇ ਤਾਂ ਕਮਿਊਨਿਸਟ ਧਿਰਾਂ ਮੌਕਾਪ੍ਰਸਤ ਸਿਆਸੀ ਗੱਠਜੋੜਾਂ ਤੇ ਜਮਾਤੀ-ਭਿਆਲੀ ਤੋਂ ਬਚ ਸਕਦੀਆਂ ਹਨ ਅਤੇ ਆਪਣੀ ਆਜ਼ਾਦਾਨਾ ਤਾਕਤ ਮਜ਼ਬੂਤ ਕਰ ਸਕਦੀਆਂ ਹਨ। ਪਰ ਭਾਰਤ ਵਿੱਚ ਮੁੱਖ ਧਾਰਾ ਪਾਰਲੀਮਾਨੀ ਕਮਿਊਨਿਸਟ ਪਾਰਟੀਆਂ ਨੇ ਉਨਾਂ ਸਬਕਾਂ ਨੂੰ ਤਿਲਾਂਜਲੀ ਦੇ ਰੱਖੀ ਹੈ।

ਇਸੇ ਤਰਾਂ ਚੀਨ ਦੀ ਕਮਿਊਨਿਸਟ ਪਾਰਟੀ ਅਤੇ ਮਾਓ ਜੇ ਤੁੰਗ ਵਿਚਾਰਧਾਰਾ ਦੇ ਅਮਲ ਬਾਰੇ ਹੈ। ਅੱਜ ਦਾ ਭਾਰਤ ਕੱਲ ਦਾ ਚੀਨ ਨਹੀਂ ਹੈ, ਇਹ ਸੱਚ ਹੈ। ਕਈ ਫਰਕ ਮੌਜੂਦ ਹਨ। ਪਰ ਅੱਜ ਵੀ ਜ਼ਰੱਈ ਇਨਕਲਾਬ ਤੇ ਹਥਿਆਰਬੰਦ ਸੰਘਰਸ਼ ਤੇ ਲਮਕਵੇਂ ਲੋਕਯੁੱਧ ਦੀਆਂ ਮਾਓਵਾਦੀ ਧਾਰਨਾਵਾਂ ਸਾਡੇ ਲਈ ਵਰਤਣਯੋਗ ਔਜ਼ਾਰ ਹਨ ਜਿਨ੍ਹਾਂ ਤੋਂ ਬਗੈਰ ਮੌਜੂਦਾ ਖੜੋਤ-ਖਾਧੀ ਵਿਵਸਥਾ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਇਸੇ ਤਰਾਂ ਫਿਲਪਾਈਨ, ਪੀਰੂ, ਨੇਪਾਲ, ਵੀਅਤਨਾਮ, ਕਿਊਬਾ ਆਦਿ ਦੇਸ਼ਾਂ ਦੇ ਕਾਰਆਮਦ ਸਬਕਾਂ ਨੂੰ ਵੀ ਅੱਖੋਂ ਪਰੇ ਨਹੀਂ ਕੀਤਾ ਜਾ ਸਕਦਾ।

ਭਾਰਤ ਦੀ ਕਮਿਊਨਿਸਟ ਲਹਿਰ ਦਾ ਚੀਨ ਦੀ ਪਾਰਟੀ ਦੇ ਤਜ਼ਰਬੇ ਤੇ ਘੋਲ ਤੋਂ ਬੇਰੁਖ਼ੀ, ਕਮਿਊਨਿਸਟ ਲਹਿਰ ਦੀ ਤੰਗਨਜ਼ਰੀ, ਇੱਕ ਗੰਭੀਰ ਗਲਤੀ ਅਤੇ ਅੰਤਰਮੁਖਤਾ ਦੀ ਮਿਸਾਲ ਹੈ।

ਸਾਥੀ ਗੰਧਰਵ ਸੈਨ ਹੋਰਾਂ ਨੇ ਅਨੁਭਵ ਤੇ ਅਧਿਐਨ ਦੇ ਪੰਨਾ 108 ਦੇ ਇੱਕ ਨੋਟ ਵਿੱਚ ਲਿਖਿਆ ਹੈ ਕਿ ਤੇਲੰਗਾਨਾ ਵਿੱਚ ਹਥਿਆਰਬੰਦ ਸੰਘਰਸ਼ ਸੀ.ਪੀ.ਆਈ. ਚਲਾ ਰਹੀ ਸੀ। ਪਰ ਇਹ ਅਧੂਰਾ ਸੱਚ ਹੈ। ਸੀ.ਪੀ.ਆਈ. ਦੀ ਕੇਂਦਰੀ ਲੀਡਰਸ਼ਿੱਪ ਦਾ ਯੋਗਦਾਨ ਬਹੁਤ ਥੋੜ੍ਹਾ ਹੈ ਜਦਕਿ ਸਥਾਨਕ ਪਾਰਟੀ ਦਾ ਰੋਲ ਮਹੱਤਵਪੂਰਨ ਰਿਹਾ ਹੈ। ਉਨਾਂ ਇਹ ਵੀ ਕਿਹਾ ਕਿ ਇਸ ਘੋਲ ਨੂੰ ਸਰਕਾਰ ਨੇ ਸਖਤੀ ਨਾਲ ਕੁਚਲ ਦਿੱਤਾ ਸੀ। ਪਰ ਇਹ ਵੀ ਅਧੂਰਾ ਸੱਚ ਹੈ। ਨਹਿਰੂ ਸਰਕਾਰ ਦੀ ਅਖੌਤੀ ਪੁਲੀਸ ਕਾਰਵਾਈ, ਜੋ ਤੱਤ ਵਿੱਚ ਫੌਜੀ ਕਾਰਵਾਈ ਹੀ ਸੀ, ਦੇ ਬੇਰਹਿਮ ਦਮਨ ਦੇ ਬਾਵਜੂਦ ਵੀ ਤਿੰਲਗਾਨਾ ਦੇ ਸਾਥੀ ਸੰਘਰਸ਼ ਨੂੰ ਜਾਰੀ ਰੱਖਣ ਲਈ ਤਿਆਰ ਸਨ ਅਤੇ ਉਹ ਇਸ ਕਾਰਵਾਈ ਦੇ ਪਹਿਲੇ ਝਟਕੇ ਮਗਰੋਂ ਸੰਭਲ ਵੀ ਗਏ ਸਨ। ਪਰ ਸੀ.ਪੀ.ਆਈ. ਦੀ ਲੀਡਰਸ਼ਿਪ ਦੀ ਨਹਿਰੂ ਸਰਕਾਰ ਨਾਲ ਦੋਸਤੀ ਨੇ ਉਨਾਂ ਨੂੰ ਇਹ ਸ਼ਾਨਦਾਰ ਸੰਘਰਸ਼ ਵਾਪਸ ਲੈਣ ਲਈ ਮਜ਼ਬੂਰ ਕਰ ਦਿੱਤਾ।

ਇਸ ਸੰਘਰਸ਼ ਨੂੰ ਵਾਪਸ ਕਰਾਉਣ ਵਿੱਚ ਸਾਥੀ ਸਟਾਲਿਨ ਦੀ ਰਾਏ/ਆਦੇਸ਼ ਦਾ ਹਵਾਲਾ ਦਿੱਤਾ ਜਾਂਦਾ ਹੈ ਜਿਹੜਾ ਸਟਾਲਿਨ ਨੇ ਭਾਰਤ ਦੇ ਇੱਕ ਕਮਿਊਨਿਸਟ ਡੈਲੀਗੇਸ਼ਨ ਨੂੰ ਦਿੱਤਾ ਦੱਸਿਆ ਜਾਂਦਾ ਹੈ। ਪਰ ਜਿਸਦਾ ਠੋਸ ਸਬੂਤ ਕੋਈ ਨਹੀਂ। 1951 ਦੇ ਪਾਲਿਸੀ ਬਿਆਨ ਵਿੱਚ ਵੀ ਅਜਿਹਾ ਕੁੱਝ ਨਹੀਂ ਜਿਹੜਾ ਇਸ ਦਖਲਅੰਦਾਜੀ ਨੂੰ ਦਰਸਾਉਂਦਾ ਹੋਵੇ। ਇਹ ਕਮਿਊਨਿਸਟ ਪਾਰਟੀ ਦੀ ਜਮਾਤੀ-ਭਿਆਲੀ ਨੂੰ ਸਟਾਲਿਨ ਦੀ ਓਟ ਲੈ ਕੇ ਢਕਣ ਦਾ ਮੌਕਾਪ੍ਰਸਤ ਯਤਨ ਹੀ ਹੈ।

ਪੈਪਸੂ ਦੇ ਮੁਜ਼ਾਰਾ ਘੋਲ ਦੇ ਸਿੱਟੇ ਵੀ ਇਹੋ ਜਿਹੇ ਹਨ। ਲਾਲ ਪਾਰਟੀ ਦੀ ਅਗਵਾਈ ਵਿੱਚ ਵੀ ਇਹ ਖਾੜਕੂ ਆਰਥਿਕਤਾਵਾਦ ਬਣਕੇ ਰਹਿ ਗਿਆ। ਹਿੰਦ ਕਮਿਊਨਿਸਟ ਪਾਰਟੀ ਤੇ ਲਾਲ ਪਾਰਟੀ ਦਾ ਢੁੱਕਵਾਂ ਤਾਲਮੇਲ ਨਾ ਹੋਣ ਕਰਕੇ ਅਤੇ ਜ਼ਰੱਈ ਇਨਕਲਾਬ ਦੀ ਦਰੁੱਸਤ ਸਮਝ ਨਾ ਹੋਣ ਕਰਕੇ ਵੀ ਹਿੰਦ ਕਮਿਊਨਿਸਟ ਪਾਰਟੀ ਤੇ ਲਾਲ ਪਾਰਟੀ ਸਮਾਨੰਤਰ ਲੋਕ-ਸੱਤਾ ਕਾਇਮ ਕਰਨ ਦਾ ਕਾਰਜ ਹੱਥ ਨਾ ਲੈ ਸਕੀਆਂ ਅਤੇ ਕਾਨੂੰਨੀ ਭੁੱਲ-ਭੁਲੱਈਆਂ ਵਿੱਚ ਫਸ ਗਈਆਂ। ਇਹ ਵੀ ਸੁਣਨ ਨੂੰ

ਮਿਲਦਾ ਹੈ ਕਿ ਪਟਿਆਲਾ ਜਾਂ ਪੈਪਸੂ ਵਿੱਚ ਮੈਦਾਨੀ ਇਲਾਕਾ ਹੋਣ ਕਰਕੇ ਛਾਪਾਮਾਰ ਜੰਗ ਲਈ ਭੂਗੋਲਿਕ ਹਾਲਾਤ ਢੁੱਕਵੇਂ ਨਹੀਂ ਸਨ। ਹਾਲਾਂਕਿ ਪਟਿਆਲਾ ਰਿਆਸਤ ਦੂਰ ਪਹਾੜੀ ਇਲਾਕੇ ਤੱਕ ਫੈਲੀ ਹੋਈ ਸੀ।

1968-70 ਦੇ ਸਮੇਂ ਵਿੱਚ ਸ਼ਹੀਦ ਬਾਬਾ ਬੂਝਾ ਸਿੰਘ ਅਤੇ ਕਾਮਰੇਡ ਗੰਧਰਵ ਸੈਨ ਜੀ ਵੀ ਇਸ ਗੰਭੀਰ ਘਾਟ ਦਾ ਹਵਾਲਾ ਦਿੰਦੇ ਰਹੇ ਸਨ।

ਸਾਥੀ ਗੰਧਰਵ ਜੀ ਨੇ ਨੂਰਮਹਿਲ ਦਾ ਸੰਖੇਪ ਪਿਛੋਕੜ, ਇੱਥੋਂ ਦੀ ਆਰਥਿਕਤਾ ਦੇ ਕੁੱਝ ਪਹਿਲੂ, ਇਮਾਰਤੀ ਵਿਰਾਸਤ, ਵੱਖ-ਵੱਖ ਧੰਦਿਆਂ ਦਾ ਬਾਖੂਬੀ ਵੇਰਵਾ ਪੇਸ਼ ਕੀਤਾ ਹੈ। ਇਸ ਵਿੱਚੋਂ ਨੂਰਮਹਿਲ ਦੀ ਸਰਾਂ ਦੇ ਆਸਮਾਨੀ ਖੂਹ ਅਤੇ ਉਥੋਂ ਮਹਿਲ ਤੱਕ ਮਿੱਟੀ ਦੀਆਂ ਪੱਕੀਆਂ ਨਾਲਾਂ ਰਾਹੀਂ ਪਾਣੀ ਲਿਜਾਣ ਦਾ ਨੀਝਵਾਨ ਹਵਾਲਾ ਦਿੱਤਾ ਹੈ ਜਿਹੜਾ ਦੇਸ ਦੀ ਮੱਧਕਾਲੀ ਸਥਿਤੀ ਵਿੱਚ ਦੇਸੀ ਤਕਨੀਕ ਦਾ ਸੁੰਦਰ ਨਮੂਨਾ ਹੈ। ਆਪਣੇ ਆਲੇ-ਦੁਆਲੇ, ਵਿਰਾਸਤ, ਠੋਸ ਧੰਦਿਆਂ ਤੇ ਕਸਬੇ ਦੇ ਵਿਕਾਸ ਦੀ ਰੂਪ-ਰੇਖਾ, ਕਾਮਰੇਡ ਜੀ ਦੀ ਡੂੰਘੀ ਨੀਝ ਦਾ ਪ੍ਰਮਾਣ ਹੈ। ਇਸ ਵਿਧੀ ਨੂੰ ਅਪਨਾਕੇ ਕਿਸੇ ਵੀ ਕਸਬੇ, ਇਲਾਕੇ, ਸੂਬੇ ਜਾਂ ਦੇਸ਼ ਦਾ ਠੋਸ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਹ ਵਿਧੀ ਦੀ ਵਰਤੋਂ ਲਈ ਕਾਮਰੇਡ ਜੀ ਵਧਾਈ ਦੇ ਹੱਕਦਾਰ ਹਨ।

ਦੋ ਵੱਖ-ਵੱਖ ਕਮਿਊਨਿਸਟ ਧਾਰਾਵਾਂ ਦਾ ਇੱਕ ਪਾਰਟੀ ਵਿੱਚ ਆਤਮਸਾਤ ਨਾ ਹੋ ਸਕਣਾ, ਇੱਕ ਧਿਰ ਨਾਲ ਦੁਰਾਂਡਾ ਕਰਨਾ, ਆਦਿ ਤੱਥ ਦੁਖਦਾਈ ਜ਼ਰੂਰ ਹਨ, ਪਰ ਅੱਜ ਵੀ ਦੇਖਣ ਨੂੰ ਮਿਲਦੇ ਹਨ। ਗਹਿਗੱਚ ਤੇ ਨਿਰਣਾਕਾਰੀ ਸਿਧਾਂਤ ਸੰਘਰਸ਼ ਹੀ ਇਸ ਰੋਗ ਦਾ ਇਲਾਜ਼ ਕਰ ਸਕਦਾ ਹੈ ਬਸ਼ਰਤੇ ਕਿ ਨਾਲ-ਨਾਲ ਇਨਕਲਾਬੀ ਖਾੜਕੂ ਸੰਘਰਸ਼ ਵੀ ਉੱਸਰ ਤੇ ਵਿਕਸਤ ਹੋ ਰਿਹਾ ਹੋਵੇ।

ਮੈਨੂੰ ਤੇ ਮੇਰੇ ਸਾਥੀਆਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਾਥੀ ਗੰਧਰਵ ਸੈਨ ਜੀ ਨੇ ਆਪਣੀ ਸਿਧਾਂਤਕ ਪ੍ਰਤੀਬੱਧਤਾ ਬਰਕਰਾਰ ਰੱਖਦੇ ਹੋਏ, ਮਾਰਕਸੀ-ਲੈਨਿਨੀ ਲਹਿਰ ਦੀਆਂ ਬੁਨਿਆਦੀ ਧਾਰਨਾਵਾਂ ਨੂੰ ਅਪਨਾਕੇ ਰੱਖਿਆ ਹੈ।

ਸਰੀਰਕ ਅਲਾਮਤਾਂ ਤੇ ਵਡੇਰੀ ਉਮਰ ਦੇ ਬਾਵਜੂਦ ਵੀ ਉਨਾਂ ਦੀ ਯਾਦ-ਸ਼ਕਤੀ ਕਮਾਲ ਦੀ ਹੈ। ਉਨਾਂ ਘਟਨਾਵਾਂ ਦੇ ਵੇਰਵੇ ਤੇ ਸਾਥੀਆਂ ਦੇ ਨਾਂ ਦਰਜ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ ਅਤੇ ਹਰੇਕ ਸਾਥੀ ਦੇ ਕੰਮ ਦੀ ਕਦਰਦਾਨੀ ਕੀਤੀ ਹੈ। ਭੈਣ ਸੁਰਿੰਦਰ ਨੇ ਇਨਾਂ ਯਾਦਾਂ ਨੂੰ ਲਿਖਤੀ ਅਤੇ ਕਿਤਾਬੀ ਰੂਪ ਦੇ ਕੇ, ਵਡਮੁੱਲਾ ਕਾਰਜ ਕੀਤਾ ਹੈ ਅਤੇ ਕਮਿਊਨਿਸਟ ਲਹਿਰ ਲਈ ਇੱਕ ਮਹੱਤਵਪੂਰਨ ਦਸਤਾਵੇਜ ਨੂੰ ਰੂਪਮਾਨ ਕੀਤਾ ਹੈ। ਇਸ ਕਾਰਜ ਲਈ ਮੈਂ ਉਨਾਂ ਨੂੰ ਇੱਕ ਵਾਰ ਫੇਰ ਵਧਾਈ ਦਿੰਦਾ ਹਾਂ।

ਲਿਖਣ ਮਿਤੀ : 22.1.2013

ਸੋਧ : 27.4.2013

ਭਾਰਤੀ ਕਮਿਉਨਿਸਟ ਲਹਿਰ ਦਾ ਦੁਖਾਂਤ

(ਕਾ. ਗੰਧਰਵ ਸੈਨ ਦੀ 'ਅਨੁਭਵ ਤੇ ਅਧਿਐਨ ਦੇ ਹਵਾਲੇ ਨਾਲ)

-ਹਰਵਿੰਦਰ ਭੰਡਾਲ

ਭਾਰਤ ਵਿਚਲੀ ਕਮਿਉਨਿਸਟ ਲਹਿਰ ਦੀ ਉਮਰ ਇੱਕ ਸਦੀ ਤੋਂ ਇੱਕ ਡੇਢ ਦਹਾਕਾ ਹੀ ਘੱਟ ਹੈ। ਇਸ ਲੰਬੇ ਅਰਸੇ ਦੌਰਾਨ ਕਈ ਤਰ੍ਹਾਂ ਦੇ ਉਤਰਾਵਾਂ-ਚੜ੍ਹਾਵਾਂ 'ਚੋਂ ਲੰਘਦੀ ਹੋਈ ਇਹ ਅੱਜ ਅਜਿਹੇ ਮੋੜ ਉੱਤੇ ਹੈ, ਜੋ ਇਸ ਲਹਿਰ ਹੀ ਨਹੀਂ ਭਾਰਤ ਦੇ ਭਵਿੱਖ ਬਾਰੇ ਵੀ ਫੈਸਲਾਕੁੰਨ ਹੋ ਸਕਦਾ ਹੈ। 'ਸਮਾਜਵਾਦ ਜਾਂ ਬਰਬਰੀਅਤ – ਇਹ ਦੋ ਸਥਿਤੀਆਂ ਜਦੋਂ ਭਵਿੱਖ ਵੱਲ ਜਾਂਦੇ ਦੋ ਰਾਹ ਬਣ ਜਾਣ ਤਾਂ ਰਾਹ ਦੀ ਸੁਚੇਤ ਚੋਣ ਰਾਹੀਆਂ ਲਈ ਜ਼ਰੂਰੀ ਬਣ ਜਾਂਦੀ ਹੈ। ਸਮਾਜਵਾਦ ਵੱਲ ਜਾਂਦੇ ਨਵੇਂ ਰਾਹਾਂ ਦੀ ਤਲਾਸ਼ ਦੇਸ਼, ਦੁਨੀਆ ਤੇ ਕਮਿਉਨਿਸਟ ਲਹਿਰ ਦੇ ਇਤਿਹਾਸ ਦੀ ਮੁੜ ਪੜਚੋਲ ਕਰਕੇ ਹੀ ਕੀਤੀ ਜਾ ਸਕਦੀ ਹੈ। ਕਾ. ਗੰਧਰਵ ਸੈਨ ਕੋਛੜ ਦੀ ਸਵੈ-ਜੀਵਨੀ 'ਅਨੁਭਵ ਤੇ ਅਧਿਐਨ , ਕਮਿਉਨਿਸਟ ਲਹਿਰ ਵਿੱਚ ਕਾਰਜਸ਼ੀਲ ਹੋ ਕੇ ਪ੍ਰਾਪਤ ਕੀਤੇ ਆਪਣੇ ਅਨੁਭਵ ਦੇ ਅਧਾਰ ਉੱਤੇ, ਇਸ ਕਾਰਜ ਨਾਲ ਜੁੜੇ ਇਤਿਹਾਸਕ ਪਹਿਲੂਆਂ ਉੱਤੇ ਰੋਸ਼ਨੀ ਪਾਉਣ ਦੇ ਨਾਲ ਨਾਲ ਅਜਿਹੇ ਸੁਝਾਅ ਵੀ ਦਿੰਦੀ ਹੈ, ਜਿਹਨਾਂ ਤੋਂ ਭਵਿਖੀ ਰਾਹ ਦੀ ਕਨਸੋਅ ਮਿਲ ਸਕਦੀ ਹੈ।

ਕਾ ਗੰਧਰਵ ਸੈਨ ਨੇ ਗ਼ਦਰ ਪਾਰਟੀ ਦੇ ਆਗੂ ਬਾਬਾ ਕਰਮ ਸਿੰਘ ਚੀਮਾ ਦੀ ਅਗਵਾਈ ਥੱਲੇ ਕਿਰਤੀ ਪਾਰਟੀ ਵਿੱਚ ਆਪਣਾ ਸਿਆਸੀ ਜੀਵਨ ਸ਼ੁਰੂ ਕੀਤਾ ਅਤੇ ਵੱਖ ਵੱਖ ਸਮਿਆਂ ਤੇ ਸੀ ਪੀ ਆਈ, ਲਾਲ ਪਾਰਟੀ, ਫਿਰ ਸੀ ਪੀ ਆਈ, ਸੀ ਪੀ ਆਈ ਐੱਮ ਤੇ ਨਕਸਲੀ ਲਹਿਰ ਤੱਕ ਦਾ ਸਫਰ ਆਪਣੇ ਸਿਆਸੀ ਸਾਥੀ ਬਾਬਾ ਬੂਝਾ ਸਿੰਘ ਵਾਂਗ ਹੀ ਕੀਤਾ। ਇਸ ਕਿਤਾਬ ਵਿੱਚ ਲਹਿਰ ਦੇ ਇੱਕ ਸੁਹਿਰਦ ਕਾਰਕੁੰਨ ਵਜੋਂ ਪ੍ਰਾਪਤ ਕੀਤੇ ਅਨੁਭਵ ਨੂੰ ਹੀ , ਬਿਨਾ ਕਿਸੇ ਤਰ੍ਹਾਂ ਦੇ ਸੀਡੋ-ਬੌਧਿਕ ਪਰਪੰਚ ਵਿੱਚ ਉਲਝਦਿਆਂ, ਸਾਦਾ ਪ੍ਰੰਤੂ ਸਪਸ਼ਟ ਸ਼ਬਦਾਂ ਵਿੱਚ ਬਿਆਨ ਕੀਤਾ ਗਿਆ ਹੈ। ਇਹ ਕਿਤਾਬ ਕਾ ਗੰਧਰਵ ਸੈਨ ਦੀ ਆਪਣੇ ਜੀਵਨ ਤੇ ਕਮਿਉਨਿਸਟ ਲਹਿਰ ਉੱਤੇ ਪਿੱਛਲਝਾਤ ਹੈ। ਇਹ ਪਿੱਛਲਝਾਤ ਇਸ ਲਈ ਮਹੱਤਵਪੂਰਨ ਬਣ ਗਈ ਹੈ ਕਿਉਂ ਕਿ ਇਸ ਵਿੱਚ ਆਪਣੇ ਕਾਰਨਾਮਿਆਂ ਦੇ ਵਖਾਨ ਉੱਤੇ ਜ਼ੋਰ ਦੀ ਬਜਾਏ ਲਹਿਰ ਦੀਆਂ ਨਾਕਾਮੀਆਂ ਦੇ ਕਾਰਨਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਾ ਗੰਧਰਵ ਸੈਨ ਨੇ

ਵਾਰ ਵਾਰ ਕਮਿਉਨਿਸਟ ਪਾਰਟੀ ਦੇ ਆਗੂਆਂ ਅੰਦਰ ਸਿਧਾਂਤਕ ਅਧਿਐਨ ਦੀ ਕਮੀ ਦਾ ਜ਼ਿਕਰ ਕੀਤਾ ਹੈ। *ਪਾਰਟੀ ਸਟੱਡੀ ਸਰਕਲਾਂ ਵਿੱਚ ਗਹਿਰਾਈ ਦੀ ਘਾਟ ਹੁੰਦੀ ਸੀ।* ਇਸੇ ਲਈ ਆਗੂ ਅਤੇ ਸਮੁਚੀ ਕਮਿਉਨਿਸਟ ਲਹਿਰ ਇਤਿਹਾਸ ਦੇ ਹਰੇਕ ਮਹੱਤਵਪੂਰਨ ਮੋੜ ਉੱਤੇ ਮੁਲਕ ਦੇ ਹਾਲਾਤ ਦਾ ਦਰੁਸਤ ਵਿਸ਼ਲੇਸ਼ਣ ਕਰਨ ਵਿੱਚ ਨਾਕਾਮ ਰਹੀ। ਪੰਜਾਬ ਵਿਚਲੀ ਕਿਸਾਨ ਲਹਿਰ ਮੁਸਲਮਾਨ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਆਪਣੇ ਨਾਲ ਤੋਰਨ ਵਿੱਚ ਅਸਫ਼ਲ ਰਹੀ। 'ਸੁਤੰਤਰ ਤੇ 'ਜੋਸ਼ ਗਰੁੱਪ ਇੱਕ ਹੀ ਸਿਆਸੀ ਪਾਰਟੀ ਅੰਦਰ ਹੋਣ ਦੇ ਬਾਵਜੂਦ ਆਪਸ ਵਿੱਚ ਭਿੜਦੇ ਰਹੇ। 'ਜੋਸ਼ ਗਰੁੱਪ ਦਾ ਧਿਆਨ ਕਮਿਉਨਿਸਟ ਲਹਿਰ ਦੀ ਹੋਰ ਮਜ਼ਬੂਤੀ ਤੇ ਫੈਲਾਅ ਨਾਲੋਂਵੱਧ 'ਸੁਤੰਤਰ ਗਰੁੱਪ ਦੇ ਸਾਥੀਆਂ ਨੂੰ ਖੁੱਡੇ-ਲਾਈਨ ਲਾਉਣ ਉੱਤੇ ਹੀ ਲੱਗਾ ਰਿਹਾ। ਇਸ ਲਹਿਰ ਨੇ ਨਾ ਤਾਂ ਔਰਤਾਂ ਦੇ ਮਸਲਿਆਂ ਸੰਬੰਧੀ ਆਪਣੀ ਸਮਝ ਬਣਾਈ ਤੇ ਨਾ ਹੀ ਉਹਨਾਂ ਨੂੰ ਲਹਿਰ ਦਾ ਹਿੱਸਾ ਬਣਾਉਣ ਲਈ ਸੁਚੇਤ ਯਤਨ ਕੀਤੇ। ਇਸੇ ਲਈ ਸਾਮੰਤਵਾਦੀ ਰੁਚੀਆਂ ਕਮਿਉਨਿਸਟ ਪਾਰਟੀ ਦੇ ਸਾਥੀਆਂ ਅੰਦਰ ਵੀ ਉਸੇ ਤਰ੍ਹਾਂ ਵਧਦੀਆਂ ਫੁੱਲਦੀਆਂ ਰਹੀਆਂ। ਉਪਰੋਕਤ ਨੁਕਤਿਆਂ ਨੂੰ ਕਾ ਗੰਧਰਵ ਸੈਨ ਨੇ ਕਮਿਉਨਿਸਟ ਲਹਿਰ ਪ੍ਰਤੀ ਆਪਣੀ ਪ੍ਰਤੀਬੱਧਤਾ ਤੇ ਫਿਕਰਮੰਦੀ ਵਿਚੋਂ ਉਭਾਰਿਆ ਹੈ।

ਕਾ ਗੰਧਰਵ ਸੈਨ ਵੱਲੋਂ ਬਿਆਨ ਕੀਤੀਆਂ ਇਹਨਾਂ ਸਾਰੀਆਂ ਸਮੱਸਿਆਵਾਂ ਅਤੇ ਅਲਾਮਤਾਂ ਦੀਆਂ ਜੜ੍ਹਾਂ ਭਾਰਤ ਦੀ ਕਮਿਉਨਿਸਟ ਪਾਰਟੀ ਦੇ ਜਨਮ ਅਤੇ ਵਿਕਾਸ ਦੀ ਪ੍ਰਕਿਰਿਆ ਨਾਲ ਜੁੜੀਆਂ ਹੋਈਆਂ ਹਨ। ਭਾਰਤ ਦੀ ਕਮਿਉਨਿਸਟ ਪਾਰਟੀ ਮੁਲਕ ਅੰਦਰ ਇਸ ਲਹਿਰ ਲਈ ਲੋੜੀਂਦੀਆਂ ਪਦਾਰਥਕ ਸਥਿਤੀਆਂ ਦੇ ਪੱਕ ਜਾਣ ਦੇ ਕਾਰਨ ਹੋਂਦ ਵਿੱਚ ਨਹੀਂ ਸੀ ਆਈ। ਇਹ ਮੁਲਕ ਅੰਦਰ ਅਤੇ ਮੁਲਕ ਤੋਂ ਬਾਹਰ ਵੱਸਦੇ ਹਿੰਦੀਆਂ ਦੁਆਰਾ ਰੂਸੀ ਇਨਕਲਾਬ ਦਾ ਪ੍ਰਭਾਵ ਕਬੂਲਣ ਦੇ ਸਿੱਟੇ ਵਜੋਂ ਬਣੀ। ਇਸ ਪਾਰਟੀ ਨੂੰ ਬਰਤਾਨੀਆ ਦੀ ਕਮਿਉਨਿਸਟ ਪਾਰਟੀ ਦੇ ਫਿਲਿਪ ਸਪਰੈਟ, ਸਕਲਾਤਵਾਲਾ, ਰਜਨੀ ਪਾਮ ਦੱਤ ਜਿਹੇ ਆਗੂਆਂ ਨੇ ਤੀਸਰੀ ਕਮਿਉਨਿਸਟ ਇੰਟਰਨੈਸ਼ਨਲ ਦੀਆਂ ਹਦਾਇਤਾਂ ਅਨੁਸਾਰ ਬਣਾਇਆ ਸੀ। ਇੰਟਰਨੈਸ਼ਨਲ ਦੀ 1920 ਦੀ ਕਾਨਫਰੰਸ ਵਿੱਚ ਲੈਨਿਨ ਨੇ ਆਪਣਾ National and Colonial Questions ਬਾਰੇ draft thesis ਪੇਸ਼ ਕੀਤਾ ਸੀ। ਇਸ ਥੀਸਿਸ ਵਿੱਚ ਯੂਰਪੀਅਨ ਦੇਸ਼ਾਂ ਦੀਆਂ ਕਮਿਉਨਿਸਟ ਪਾਰਟੀਆਂ ਨੂੰ ਕਿਹਾ ਗਿਆ ਕਿ

ਸਾਰੀਆਂ ਕਮਿਉਨਿਸਟ ਪਾਰਟੀਆਂ ਦੁਆਰਾ ਨਿਰਭਰ ਅਤੇ ਗਰੀਬ ਦੇਸ਼ਾਂ(ਉਦਾਹਰਣ ਵਜੋਂ ਆਇਰਲੈਂਡ, ਅਮਰੀਕੀ ਨੀਗਰੋ ਆਦਿ) ਅਤੇ ਬਸਤੀਆਂ ਵਿਚਲੀਆਂ ਇਨਕਲਾਬੀ ਲਹਿਰਾਂ ਦੀ ਸਿੱਧੀ ਸਹਾਇਤਾ ਕੀਤੀ ਜਾਵੇ।

ਇਸੇ ਕਾਨਫਰੰਸ ਵਿੱਚ ਭਾਰਤੀ ਕਮਿਉਨਿਸਟ ਆਗੂ ਐੱਮ. ਐੱਨ ਰਾਏ ਨੇ ਵੀ ਸਪਲੀਮੈਂਟਰੀ ਥੀਸਿਸ ਪੇਸ਼ ਕੀਤਾ। ਇਸ ਥੀਸਿਸ ਵਿੱਚ ਭਾਰਤ ਦੀਆਂ ਪੱਛੜੀਆਂ ਪਦਾਰਥਕ ਸਥਿਤੀਆਂ ਅਤੇ ਬੁਰਜੁਆ ਜਮਹੂਰੀ ਰਾਸ਼ਟਰਵਾਦੀ ਅਤੇ ਬੇਜ਼ਮੀਨੇ ਕਿਸਾਨਾਂ

ਦੀਆਂ ਦੋ ਵੱਖੋ ਵੱਖ ਚੱਲ ਰਹੀਆਂ ਲਹਿਰਾਂ ਦੇ ਮੱਦੇ-ਨਜ਼ਰ ਅਜ਼ਾਦ ਕਮਿਊਨਿਸਟ ਪਾਰਟੀ ਦੇ ਗਠਨ ਦੀ ਹਮਾਇਤ ਵਿੱਚ ਵਿਚਾਰ ਪੇਸ਼ ਕੀਤਾ ਗਿਆ ਸੀ ਕਿ

ਪੱਛੜੇ ਮੁਲਕਾਂ ਦੇ ਲੋਕ ਪੂੰਜੀਵਾਦ ਦੇ ਵਿਕਾਸ ਰਾਹੀਂ ਨਹੀਂ ਸਗੋਂ ਵਿਕਸਤ ਮੁਲਕਾਂ ਦੇ ਪ੍ਰੋਲੇਤਾਰੀ ਦੀ ਅਗਵਾਈ ਥੱਲੇ ਜਮਾਤੀ ਚੇਤਨਾ ਗ੍ਰਹਿਣ ਕਰਕੇ ਸਾਮਵਾਦ ਤੱਕ ਪੁੱਜਣਗੇ।

ਕਾਨਫਰੰਸ ਵਿੱਚ ਇਹਨਾਂ ਦੋਹਾਂ ਥੀਸਿਸਾਂ ਨੂੰ ਪ੍ਰਵਾਨ ਕੀਤਾ ਗਿਆ ਅਤੇ ਇਹਨਾਂ ਦੀ ਸਿਧਾਂਤਕ ਰੋਸ਼ਨੀ ਵਿੱਚ ਹੀ ਭਾਰਤ ਦੀ ਕਮਿਉਸਿਟ ਪਾਰਟੀ ਦਾ ਗਠਨ ਹੋਇਆ। ਲੈਨਿਨ ਦੇ ਦਰੁਸਤ ਥੀਸਿਸ ਦੇ ਉਲਟ ਰਾਏ ਦਾ ਥੀਸਿਸ ਆਪਣੇ ਆਪ ਵਿੱਚ ਹੀ ਬਸਤੀਵਾਦੀ ਸੀ। ਇਸ ਥੀਸਿਸ ਅਨੁਸਾਰ ਭਾਰਤ ਦੀਆਂ ਕਿਰਤੀ ਜਮਾਤਾਂ ਨੂੰ ਬਸਤੀਵਾਦੀ ਮੁਲਕਾਂ ਦੇ ਪ੍ਰੋਲੇਤਾਰੀ ਕੋਲੋਂ ਅਗਵਾਈ ਲੈਣੀ ਪੈਣੀ ਸੀ, ਐਨ ਉਸੇ ਤਰ੍ਹਾਂ ਜਿਵੇਂ ਬਸਤੀਵਾਦੀ ਮੁਲਕਾਂ ਦੇ ਪੂੰਜੀਪਤੀ ਇਹਨਾਂ ਬਸਤੀਆਂ ਵਿੱਚ ਆਪਣੀ ਹਕੂਮਤ ਚਲਾ ਰਹੇ ਸਨ। ਇਸ ਥੀਸਿਸ ਨੇ ਸਾਰੇ ਸੰਸਾਰ ਦੇ ਪੱਛੜੇ ਮੁਲਕਾਂ ਦੇ ਕਮਿਉਨਿਸਟਾਂ ਹੱਥ ਸਿਧਾਂਤਕ ਬੈਸਾਖੀਆਂ ਫੜਾ ਦਿੱਤੀਆਂ। ਚੱਲਣਾ ਸਿੱਖ ਰਹੇ ਕਿਸੇ ਬੱਚੇ ਨੂੰ ਬੈਸਾਖੀਆਂ ਦੇ ਦਿੱਤੀਆਂ ਜਾਣ ਤਾਂ ਉਹ ਕਦੇ ਵੀ ਆਪਣੇ ਪੈਰਾਂ ਉੱਤੇ ਖੜੇ ਹੋਣ ਦੇ ਸਮਰੱਥ ਨਹੀਂ ਹੋ ਸਕਦਾ। ਇਹੋ ਕੁਝ ਭਾਰਤ ਦੇ ਕਮਿਉਨਿਸਟਾਂ ਨਾਲ ਵਾਪਰਿਆ। (ਭਾਈ ਸੰਤੋਖ ਸਿੰਘ, ਭਾਈ ਰਤਨ ਸਿੰਘ ਜਿਹੇ ਮੁਢਲੇ ਪੰਜਾਬੀ ਕਿਰਤੀ ਕਮਿਉਨਿਸਟਾਂ ਤੋਂ ਲੈ ਕੇ ਬਾਬਾ ਭਗਤ ਸਿੰਘ ਬਿਲਗਾ ਤੱਕ ਸਭ ਮਾਰਕਸਵਾਦ ਦੀ ਟਰੇਨਿੰਗ ਲੈਣ ਰੂਸ ਹੀ ਜਾਇਆ ਕਰਦੇ ਸਨ।) ਇਸ ਤਰ੍ਹਾਂ ਭਾਰਤ ਦੀ ਕਮਿਉਨਿਸਟ ਪਾਰਟੀ ਬਸਤੀਵਾਦੀ ਹਿੰਦ ਅੰਦਰ ਬਸਤੀਵਾਦੀ ਸੰਗਠਨ ਹੀ ਸੀ। ਇਸ ਦੀ ਅਜ਼ਾਦ ਹਸਤੀ ਨਾ ਬਣ ਸਕੀ। ਪਾਰਟੀ ਦੀ ਅਧੀਨ ਸਥਿਤੀ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਮੇਰਠ ਸਾਜ਼ਿਸ਼ ਕੇਸ ਦੌਰਾਨ ਕੀਤੀ ਬੇਹੱਦ ਮਿਹਨਤ ਤੋਂ ਪ੍ਰਭਾਵਤ ਹੋ ਕੇ ਬਰਤਾਨਵੀ ਕਮਿਉਨਿਸਟ ਆਗੂਆਂ ਨੇ ਹੀ ਨੌਜਵਾਨ ਪੀ ਸੀ ਜੋਸ਼ੀ ਨੂੰ ਪਾਰਟੀ ਸੈਕਟਰੀ ਬਣਾਉਣ ਦਾ ਫੈਸਲਾ ਕੀਤਾ ਸੀ ਨਾ ਕਿ ਭਾਰਤੀ ਕਮਿਉਨਿਸਟਾਂ ਨੇ। ਭਾਰਤੀ ਕਮਿਉਨਿਸਟ ਤਾਂ ਇਤਿਹਾਸ ਦੇ ਹਰੇਕ ਨਾਜ਼ੁਕ ਮੋੜ ਉੱਤੇ ਆਪਣੇ ਕੌਮਾਂਤਰੀ ਪ੍ਰਭੂਆਂ ਦੀ ਅਗਵਾਈ ਹੀ ਉਡੀਕਦੇ ਰਹੇ।

ਬਸਤੀਵਾਦੀ ਮੁਲਕਾਂ ਲਈ ਇਹ ਇਤਿਹਾਸਕ ਦੁਖਾਂਤ ਰਿਹਾ ਕਿ ਤੀਸਰੀ ਇੰਟਰਨੈਸ਼ਨਲ ਦਾ ਆਗੂ ਲੈਨਿਨ ਬਸਤੀਵਾਦੀ ਮੁਲਕਾਂ ਅੰਦਰ ਸਾਮਰਾਜ ਵਿਰੁੱਧ ਸੰਘਰਸ਼ ਸੰਬੰਧੀ ਆਪਣਾ ਥੀਸਿਸ ਦੇਣ ਤੋਂ ਬਾਅਦ ਬਹੁਤੀ ਦੇਰ ਤੱਕ ਜਿਊਂਦਾ ਨਾ ਰਿਹਾ। ਲੈਨਿਨ ਨੇ ਆਪਣੇ ਥੀਸਿਸ ਵਿੱਚ ਪ੍ਰੋਲੇਤਾਰੀ ਕੌਮਾਂਤਰੀਵਾਦ ਨਾਲ ਜੁੜੀਆਂ ਦੋ ਲਾਜ਼ਮੀ ਗੱਲਾਂ ਪੇਸ਼ ਕੀਤੀਆਂ ਸਨ।

ਪਹਿਲੀ: ਕਿਸੇ ਇੱਕ ਮੁਲਕ ਵਿਚਲੇ ਪ੍ਰੋਲੇਤਾਰੀ ਸੰਘਰਸ਼ ਦੇ ਹਿੱਤ ਸੰਸਾਰ ਪੱਧਰ ਉੱਤੇ ਹੋ ਰਹੇ ਸੰਘਰਸ਼ਾਂ ਤੋਂ ਥੱਲੇ ਹੀ ਰਹਿਣੇ ਚਾਹੀਦੇ ਹਨ। ਅਤੇ ਦੂਸਰੀ, ਕਿ ਉਹ ਮੁਲਕ

ਜੋ ਬੁਰਜੁਆਜ਼ੀ ਉੱਤੇ ਜਿੱਤ ਹਾਸਲ ਕਰ ਰਿਹਾ ਹੋਵੇ ਨੂੰ ਕੌਮਾਂਤਰੀ ਪੂੰਜੀ ਦਾ ਤਖਤਾ-ਪਲਟ ਕਰਨ ਲਈ ਸਭ ਤੋਂ ਵੱਡੀਆਂ ਰਾਸ਼ਟਰੀ ਕੁਰਬਾਨੀਆਂ ਕਰਨ ਦੇ ਯੋਗ ਵੀ ਬਣਨਾ ਚਾਹੀਦਾ ਹੈ ਅਤੇ ਕੁਰਬਾਨੀਆਂ ਕਰਨ ਲਈ ਤਿਆਰ ਵੀ ਰਹਿਣਾ ਚਾਹੀਦਾ ਹੈ।

ਲੈਨਿਨ ਦੀ ਮੌਤ ਤੋਂ ਬਾਅਦ ਇੰਟਰਨੈਸ਼ਨਲ ਦੀ ਅਗਵਾਈ ਸਤਾਲਿਨ ਦੇ ਹੱਥ ਆ ਗਈ ਤੇ ਉਸ ਨੇ ਲੈਨਿਨ ਦੇ ਥੀਸਿਸ ਦੇ ਉਲਟ, ਇਸ ਨੂੰ ਹੋਰ ਮੁਲਕਾਂ ਵਿੱਚ ਇਨਕਲਾਬ ਕਰਨ ਲਈ ਵਰਤਣ ਦੀ ਥਾਂ ਆਪਣੀ ਸੋਵੀਅਤ ਸੱਤਾ ਨੂੰ ਬਚਾਈ ਰੱਖਣ ਦਾ ਹਥਿਆਰ ਬਣਾ ਲਿਆ। ਉਸ ਨੇ ਆਪਣੇ ਮੁਲਕ ਦੇ ਹਿੱਤਾਂ ਨੂੰ ਕੌਮਾਂਤਰੀ ਕਮਿਊਨਿਸਟ ਲਹਿਰ ਦੇ ਹਿੱਤਾਂ ਨਾਲੋਂ ਉੱਚਾ ਕਰ ਲਿਆ। ਇਸ ਤਰ੍ਹਾਂ ਜਿਸ ਮੁਲਕ ਨੂੰ ਕੌਮਾਂਤਰੀ ਇਨਕਲਾਬ ਨੂੰ ਮੁੱਖ ਰੱਖ ਕੇ ਰਾਸ਼ਟਰੀ ਹਿੱਤਾਂ ਦੀਆਂ ਸਭ ਤੋਂ ਵੱਡੀਆਂ ਕੁਰਬਾਨੀਆਂ ਕਰਨੀਆਂ ਚਾਹੀਦੀਆਂ ਸਨ, ਉਹ ਪੱਛੜੇ ਮੁਲਕਾਂ ਦੇ ਕਿਰਤੀਆਂ ਦੇ ਹਿੱਤਾਂ ਨੂੰ ਆਪਣੇ ਲਈ ਕੁਰਬਾਨ ਕਰਨ ਲਈ ਤਿਆਰ ਹੋ ਗਿਆ। ਇਸੇ ਲਈ ਸਤਾਲਿਨ ਦੀ ਦੇਖ ਰੇਖ ਵਿੱਚ ਬਸਤੀਵਾਦੀ ਮੁਲਕਾਂ ਨੂੰ ਮਿਲਣ ਵਾਲੀਆਂ ਸਾਰੀਆਂ ਹਦਾਇਤਾਂ ਸੋਵੀਅਤ ਰੂਸ ਦੀਆਂ ਆਪਣੀਆਂ ਅੰਦਰੂਨੀ ਸਥਿਤੀਆਂ ਦੀਆਂ ਜ਼ਰੂਰਤਾਂ ਅਨੁਸਾਰ ਹੀ ਹੁੰਦੀਆਂ ਸਨ। ਦੂਸਰੀ ਸੰਸਾਰ ਜੰਗ ਦੌਰਾਨ ਇੰਟਰਨੈਸ਼ਨਲ ਵੱਲੋਂ ਬਸਤੀ ਮੁਲਕਾਂ ਦੀਆਂ ਕਮਿਊਨਿਸਟਾਂ ਪਾਰਟੀਆਂ ਨੂੰ ਦਿੱਤੀ ਲਾਈਨ ਨੂੰ ਇਸ ਪ੍ਰਸੰਗ ਵਿੱਚ ਦੇਖਿਆ ਜਾ ਸਕਦਾ ਹੈ। ਜੰਗ ਦੀ ਸ਼ੁਰੂਆਤ ਵਿੱਚ ਕਮਿਊਨਿਸਟ ਜੰਗ ਦੇ ਵਿਰੋਧ ਵਿੱਚ ਡਟ ਗਏ। ਪ੍ਰੰਤੂ ਸੋਵੀਅਤ ਰੂਸ ਉਪਰ ਜਰਮਨਾਂ ਦੇ ਹਮਲੇ ਪਿਛੋਂ ਇੰਟਰਨੈਸ਼ਨਲ ਨੇ ਇਸ ਨੂੰ ਲੋਕ ਯੁੱਧ (People's War) ਵਜੋਂ ਲੜਨ ਦਾ ਸੱਦਾ ਦੇ ਦਿੱਤਾ। ਉਸ ਨੇ ਸਾਰੇ ਮੁਲਕਾਂ ਦੀਆਂ ਕਮਿਊਨਿਸਟ ਪਾਰਟੀਆਂ ਨੂੰ ਆਪਣੀਆਂ ਬਸਤੀਵਾਦੀ ਸਰਕਾਰਾਂ ਦੀ ਹਮਾਇਤ ਕਰਨ ਦੀਆਂ ਹਦਾਇਤਾਂ ਜਾਰੀ ਕੀਤੀਆਂ। ਸਥਿਤੀ ਦੀ ਵਿਡੰਬਨਾ ਇਹ ਹੈ ਕਿ ਸਤਾਲਿਨ ਨੇ ਆਪਣੇ ਮੁਲਕ ਵਿੱਚ ਇਸ ਨੂੰ ਦੇਸ਼-ਭਗਤਕ ਯੁੱਧ ਦਾ ਨਾਂ ਦਿੱਤਾ। ਜੰਗ ਦਾ ਵਿਰੋਧ ਕਰਨ ਕਰਕੇ ਉਸ ਸਮੇਂ ਦੀ ਕਮਿਊਨਿਸਟ ਲੀਡਰਸ਼ਿਪ ਦਿਓਲੀ ਕੈਂਪ ਜੇਲ੍ਹ ਵਿੱਚ ਕੈਦ ਸੀ। ਜਿਵੇਂ ਕਿਤਾਬ ਵਿੱਚ ਜ਼ਿਕਰ ਹੈ ਕਿ ਇਸ ਕੈਂਪ ਵਿੱਚ ਕਾ. ਡਾਂਗੇ ਅਤੇ ਕਾ. ਰੰਧੀਵੇ ਨੇ ਇਹ ਨਵੀਂ ਸਿਆਸੀ ਲਾਈਨ ਸਾਥੀਆਂ ਨਾਲ ਸਾਂਝੀ ਕੀਤੀ। ਸਾਰੇ ਕਮਿਊਨਿਸਟਾਂ ਨੇ ਚੁੱਪ ਚਾਪ ਇਸ ਨੂੰ ਆਪਣੀ ਕਨਵਿਕਸ਼ਨ ਬਣਾ ਲਿਆ। "*ਮੀਟਿੰਗ ਵਿੱਚ ਬੈਠੇ ਕੇਵਲ ਦੋ ਤਿੰਨ ਸਾਥੀਆਂ ਨੇ ਹੀ ਇਸ ਲਾਈਨ ਬਾਰੇ ਕੁਝ ਸਵਾਲ ਕੀਤੇ।*"

ਇਹ ਭਾਰਤੀ ਕਮਿਊਨਿਸਟਾਂ ਦੀ ਬਸਤੀਵਾਦੀ ਬੌਧਿਕ ਬਦਹਾਲੀ ਕਾਰਨ ਹੀ ਸੀ ਕਿ ਜਦੋਂ ਦੂਸਰੀ ਸੰਸਾਰ ਜੰਗ ਦੌਰਾਨ ਲੋਕ 'ਭਾਰਤ ਛੱਡੋ ਅੰਦੋਲਨ ਦੌਰਾਨ ਅਜ਼ਾਦੀ ਲਈ ਲੜ ਰਹੇ ਸਨ, ਉਦੋਂ ਭਾਰਤੀ ਕਮਿਊਨਿਸਟ ਅੰਗਰੇਜ਼ੀ ਹਕੂਮਤ ਦੇ ਹੱਕ ਵਿੱਚ ਡਟੇ ਹੋਏ ਸਨ। ਇਸ ਦੇ ਸਿੱਟੇ ਨੂੰ ਕਾ. ਗੰਧਰਵ ਸੇਨ ਦੇ ਸ਼ਬਦਾਂ ਵਿੱਚ ਦੇਖਿਆ ਜਾ ਸਕਦਾ ਹੈ:

ਪਰ ਲੋਕਾਂ ਵਿੱਚ ਕੰਮ ਕਰਦਿਆਂ ਪਾਰਟੀ ਦੀ ਪੁਲੀਟੀਕਲ ਲਾਈਨ ਜੋ ਕਿ ਮੁੱਖ ਤੌਰ ਤੇ ਪੀਪਲਜ਼ ਵਾਰ ਦਾ ਨਾਅਰਾ ਦੇ ਕੇ ਫਾਸਿਜ਼ਮ ਵਿਰੁੱਧ ਹੋ ਗਈ ਸੀ, ਇਸ ਨੇ ਦੇਸ਼ ਦੀ ਅਜ਼ਾਦੀ ਨੂੰ ਪਿਛੇ ਪਾ ਦਿੱਤਾ ਸੀ। ਇਸ ਤੋਂ ਆਮ ਲੋਕੀਂ ਬਹੁਤ ਨਰਾਜ਼ ਸਨ ਕਿਉਂ ਕਿ ਕਾਂਗਰਸ ਤੇ ਅਕਾਲੀ ਵਰਕਰਾਂ ਨੂੰ ਸਾਡੇ ਖਿਲਾਫ਼ ਪ੍ਰਚਾਰ ਕਰਨ ਦਾ ਇੱਕ ਵੱਡਾ ਹਥਿਆਰ ਮਿਲ ਗਿਆ ਸੀ। ਇਹ ਦੂਸ਼ਣ ਹਮੇਸ਼ਾ ਹੀ ਸਾਡੇ ਉੱਤੇ ਲਗਦਾ ਰਿਹਾ। ਲੋਕਾਂ ਦੇ ਆਰਥਿਕ ਘੋਲ਼ਾਂ ਨੂੰ ਈਮਾਨਦਾਰੀ ਨਾਲ ਲੜਦਿਆਂ ਲੋਕ ਇਤਬਾਰ ਕਰਦੇ ਸਨ ਤੇ ਸਾਡੀ ਇੱਜ਼ਤ ਵੀ ਕਰਦੇ ਸਨ ਪਰ ਲੋਕਾਂ ਦਾ ਪੁਲੀਟੀਕਲ ਭਰੋਸਾ ਨਾ ਜਿੱਤ ਸਕੇ।

ਇਸੇ ਬੌਧਿਕ ਨਾਦਾਨੀ ਕਾਰਨ ਕਮਿਉਨਿਸਟਾਂ ਨੇ ਜਪਾਨੀ ਫੌਜਾਂ ਦੀ ਸਹਾਇਤਾ ਨਾਲ ਭਾਰਤ ਅੰਦਰ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੀ ਅਜ਼ਾਦ ਹਿੰਦ ਫ਼ੌਜ ਅਤੇ ਸੁਭਾਸ਼ ਚੰਦਰ ਬੋਸ ਦਾ ਵਿਰੋਧ ਕੀਤਾ। ਸੁਭਾਸ਼ ਚੰਦਰ ਬੋਸ ਭਾਰਤੀ ਬੁਰਜੁਆਜ਼ੀ ਦੇ ਉਸ ਰੈਡੀਕਲ ਤਬਕੇ ਦੀ ਪ੍ਰਤੀਨਿਧਤਾ ਕਰਦਾ ਸੀ ਜੋ ਮਹਾਤਮਾ ਗਾਂਧੀ ਦੇ ਅਹਿੰਸਾ ਦੇ ਸਿਧਾਂਤ ਨਾਲ ਬਹੁਤਾ ਇਤਫ਼ਾਕ ਨਹੀਂ ਸੀ ਰੱਖਦਾ। ਭਾਰਤ ਵਿਚੋਂ ਨਿਕਲਣ ਵਿੱਚ ਵੀ ਉਸ ਦੀ ਮਦਦ ਪੰਜਾਬ ਦੇ ਕਿਰਤੀਆਂ ਨੇ ਹੀ ਕੀਤੀ ਸੀ। ਗੁੱਟਬੰਦੀ ਕਾਰਨ ਗੈਰ-ਸਿਧਾਂਤਕ ਪੈਂਤੜਾ ਮੱਲਣ ਦਾ ਹੀ ਇਹ ਵੀ ਇੱਕ ਸਬੂਤ ਹੈ ਕਿ ਜੇ 'ਸੁਤੰਤਰ ਗਰੁੱਪ ਨੇ ਕਾਂਗਰਸ ਵਿੱਚ ਸੁਭਾਸ਼ ਜਿਹੇ ਖੱਬੇ ਰੈਡੀਕਲ ਰਾਸ਼ਟਰਵਾਦੀ ਦੀ ਮਦਦ ਕੀਤੀ ਤਾਂ 'ਜੋਸ਼ ਗਰੁੱਪ ਕਾਂਗਰਸ ਅੰਦਰਲੇ ਪਟੇਲ ਦੀ ਅਗਵਾਈ ਵਾਲੇ ਸੱਜੇ-ਪੱਖੀਆਂ ਦੇ ਹੱਕ ਵਿੱਚ ਜਾ ਖੜਾ ਹੋਇਆ ਸੀ। ਸੰਸਾਰ ਜੰਗ ਤੋਂ ਬਾਅਦ ਅਜ਼ਾਦ ਹਿੰਦ ਫੌਜ ਉੱਤੇ ਸ਼ੁਰੂ ਹੋਏ ਮੁਕੱਦਮਿਆਂ ਨੇ ਇਕ ਦਮ ਮੁਲਕ ਦੇ ਹਾਲਾਤ ਬਦਲ ਦਿੱਤੇ। ਏਥੋਂ ਤੱਕ ਕਿ ਮੁਲਕ ਦੀ ਫੌਜ ਅੰਦਰ ਵਿਦਰੋਹ ਦਾ ਖਤਰਾ ਖੜਾ ਹੋ ਗਿਆ। ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦਿਆਂ ਅੰਗਰੇਜ਼ਾਂ ਨੂੰ ਆਪਣੀ ਇੱਛਾ ਦੇ ਉਲਟ ਤੁਰੰਤ ਸੱਤਾ-ਪਰਿਵਰਤਨ ਲਈ ਸਹਿਮਤ ਹੋਣਾ ਪਿਆ।

ਮੁਲਕ ਅੰਦਰ ਮਜ਼ਹਬੀ ਫਸਾਦਾਂ ਦਾ ਮਾਹੌਲ ਬਣਨ ਸਮੇਂ ਵੀ ਕਮਿਉਨਿਸਟ ਕੋਈ ਬੌਧਿਕ ਚਮਤਕਾਰ ਨਾ ਕਰ ਸਕੇ। ਉਹਨਾਂ ਨੇ ਕੌਮੀਅਤਾਂ ਦੇ ਸਵੈ-ਨਿਰਣੇ ਦੇ ਅਧਿਕਾਰ ਦੀ ਕਮਿਉਨਿਸਟ ਲਾਈਨ ਨੂੰ, ਸਗੋਂ ਕੌਮ ਦੇ ਸਭ ਤੋਂ ਸੰਕੀਰਨ ਅਰਥਾਂ ਵਿੱਚ ਸਮਝਦਿਆਂ ਪਾਕਿਸਤਾਨ ਬਣਨ ਦੀ ਹਮਾਇਤ ਕਰਨੀ ਸ਼ੁਰੂ ਕਰ ਦਿੱਤੀ। ਇਸ ਲਾਈਨ ਨੂੰ ਪਾਰਟੀ ਆਗੂਆਂ ਨੇ ਜਿਸ ਸਤਾਲਿਨੀ ਜਮਹੂਰੀ ਕੇਂਦਰੀਵਾਦੀ ਤਰੀਕੇ ਨਾਲ ਲਾਗੂ ਕਰਵਾਇਆ , ਉਹ ਦੇਖਿਆ ਜਾ ਸਕਦਾ ਹੈ:

ਮੀਟਿੰਗ ਵਿੱਚ ਇਸ ਪੁਲਿਟੀਕਲ ਲਾਈਨ ਦੀ ਕਾਮਰੇਡ ਮੁਬਾਰਕ ਸਾਗਰ, ਕਾ ਭਗਤ ਸਿੰਘ ਬਿਲਗਾ ਅਤੇ ਕਾ ਕਰਮ ਸਿੰਘ ਮਾਨ ਨੇ ਵਿਰੋਧਤਾ ਕੀਤੀ ਜਿਸ ਨੂੰ ਕਾ. ਅਧਿਕਾਰੀ ਨੇ ਇਹ ਕਹਿ ਕੇ ਦਬਾ ਦਿੱਤਾ ਕਿ "ਪਾਕਿਸਤਾਨ ਤੁਮਹਾਰੇ ਗਲੇ ਨਹੀਂ ਉਤਰਤਾ।" ਕਾ. ਅਧਿਕਾਰੀ ਦੇ ਇਸ ਰਵੱਈਏ ਤੋਂ ਬਾਅਦ ਕਿਸੇ ਵੀ ਸਾਥੀ ਨੇ ਪਾਰਟੀ

ਦੀ ਇਸ ਲਾਈਨ ਬਾਰੇ ਕੋਈ ਵੀ ਸਵਾਲ ਨਹੀਂ ਕੀਤਾ। ਇਸ ਲਾਈਨ ਨੂੰ ਪਾਰਟੀ ਮੈਂਡੇਟ ਸਮਝਿਆ। ਭਾਵੇਂ ਬਹੁਤੇ ਸਾਥੀ ਇਸ ਲਾਈਨ ਉੱਤੇ ਸਹਿਮਤ ਨਹੀਂ ਸਨ ਹੋਏ।

ਪਾਕਿਸਤਾਨ ਦੇ ਮੁੱਦੇ ਉੱਤੇ ਕਮਿਊਨਿਸਟ ਆਗੂਆਂ ਦੀਆਂ ਅਨਾੜੀ ਸਿਆਸੀ ਸਰਗਰਮੀਆਂ ਨੂੰ ਕਿਤਾਬ ਵਿੱਚ ਇਸ ਤਰਾਂ ਦੱਸਿਆ ਗਿਆ ਹੈ:

1944 ਦੇ ਵਿੱਚ ਹੀ ਜੰਡਿਆਲਾ (ਜ਼ਿਲਾ ਜਲੰਧਰ)ਪਾਰਟੀ ਵੱਲੋਂ ਕੀਤੀ ਗਈ ਇੱਕ ਵੱਡੀ ਪੁਲੀਟੀਕਲ ਕਾਨਫਰੰਸ ਵਿੱਚ ਕਾ. ਸੋਹਨ ਸਿੰਘ ਜੋਸ਼ ਵੱਲੋਂ 'ਪਾਕਿਸਤਾਨ ਜਿੰ ਦੇ ਨਾਅਰੇ ਲਗਵਾਏ ਗਏ।ਇਸ ਪਾਰਟੀ ਲਾਈਨ ਦੀ ਆਮ ਲੋਕਾਂ ਵਿੱਚ ਬਹੁਤ ਮੁਖਾਲਫਤ ਹੋਈ। ਪਾਰਟੀ ਸੈਂਟਰ ਕਮੇਟੀ ਨੇ ਧਰਮ (ਮਜ਼ਹਬੀ)ਦੀ ਬਿਨਾਹ ਉੱਤੇ 'ਸਿੱਖ ਦੇਸ਼ ਭੂਮੀਆਂ ਅਲੱਗ ਤੌਰ ਤੇ ਸੂਬਾ ਬਣਾਉਣ ਦੀ ਮੰਗ ਦਾ ਸੁਝਾਅ ਰੱਖਿਆ। ਇਸ ਵਿੱਚ ਹਜ਼ਾਰਾਂ ਦੀ ਤਦਾਦ ਵਿੱਚ ਪੈਂਫਲਿਟ ਲੋਕਾਂ ਵਿੱਚ ਵੰਡਣ ਲਈ ਛਪਵਾਏ ਗਏ। ਪਰ ਪੰਜਾਬ ਵਿੱਚ ਪਾਰਟੀ ਦੇ ਮੈਂਬਰ ਇਸ ਉੱਤੇ ਸਹਿਮਤ ਨਹੀਂ ਹੋਏ ਅਤੇ ਇਹ ਲਾਈਨ ਪਾਰਟੀ ਨੂੰ ਵਾਪਸ ਲੈਣੀ ਪਈ।

ਇਸ ਤਰ੍ਹਾਂ ਮੁਲਕ ਅੰਦਰ ਹੋ ਰਹੇ ਸੱਤਾ-ਪਰਿਵਰਤਨ ਦੇ ਇਹਨਾਂ ਫੈਸਲਾਕੁੰਨ ਸਮਿਆਂ ਅੰਦਰ ਕਮਿਊਨਿਸਟ ਲੋਕਾਂ ਦੀਆਂ ਭਾਵਨਾਵਾਂ ਤੇ ਸੰਘਰਸ਼ ਤੋਂ ਦੂਰ ਖੜ੍ਹੇ ਰਹੇ। ਕਾ ਗੰਧਰਵ ਸੈਨ ਨੇ ਕਮਿਊਨਿਸਟਾਂ ਦੇ ਆਮ ਲੋਕਾਂ ਤੋਂ ਨਿੱਖੜਨ ਲਈ ਸੰਸਾਰ ਜੰਗ ਦੌਰਾਨ ਅੰਗਰੇਜ਼ਾਂ ਦੀ ਹਮਾਇਤ, ਅਜ਼ਾਦ ਹਿੰਦ ਫ਼ੌਜ ਦਾ ਵਿਰੋਧ ਤੇ ਪਾਕਿਸਤਾਨ ਦੀ ਹਮਾਇਤ ਦੇ ਇਹਨਾਂ ਤਿੰਨਾਂ ਕਾਰਨਾਂ ਨੂੰ ਹੀ ਜ਼ਿੰਮੇਵਾਰ ਮੰਨਿਆ ਹੈ। ਇਹ ਇਸ ਲਈ ਹੋਇਆ ਕਿਉਂ ਕਿ ਪਾਰਟੀ ਦੀਆਂ ਬੌਧਿਕ ਜੜ੍ਹਾਂ ਮਜ਼ਬੂਤ ਨਹੀਂ ਸਨ ਹੋ ਸਕੀਆਂ। ਕਮਿਊਨਿਸਟ ਪੂਰੀ ਸੁਹਿਰਦਤਾ ਤੇ ਇਮਾਨਦਾਰੀ ਨਾਲ ਕੰਮ ਤਾਂ ਕਰਦੇ ਰਹੇ ਪਰ ਉਹਨਾਂ ਦਾ ਕੰਮ 'ਸਿਸੀਫਸ ਦੀ ਮਿਹਨਤ ਵਰਗਾ ਹੀ ਰਿਹਾ। ਛਾਨਣੀਆਂ ਦੀ ਮਦਦ ਲੈ ਕੇ ਤੁਸੀਂ ਪਾਣੀ ਇੱਕ ਥਾਂ ਤੋਂ ਦੂਜੀ ਥਾਂ ਨਹੀਂ ਲੈ ਕੇ ਜਾ ਸਕਦੇ। ਇਹਨਾਂ ਬੌਧਿਕ ਛਾਨਣੀਆਂ ਕਾਰਨ ਹੀ ਪੰਜਾਬ ਦੀ ਕਿਸਾਨ ਸਭਾ ਵੀ ਆਪਣੇ ਉਦੇਸ਼ਾਂ ਵਿੱਚ ਸਫ਼ਲ ਨਾ ਹੋ ਸਕੀ। ਇੱਕ ਪਛੜੇ ਹੋਏ ਬਸਤੀਵਾਦੀ ਮੁਲਕ ਦੇ ਇਨਕਲਾਬ ਵਿੱਚ ਕਿਸਾਨੀ ਦਾ ਕੀ ਰੋਲ ਹੋ ਸਕਦਾ ਹੈ? ਕਿਸਾਨੀ ਦੇ ਨਾਲ ਨਾਲ ਹੋਰ ਕਿਹੜੀਆਂ ਜਮਾਤਾਂ ਇਸ ਇਨਕਲਾਬ ਲਈ ਸਹਾਈ ਹੋ ਸਕਦੀਆਂ ਹਨ? ਕੀ ਸਿਰਫ਼ ਕਿਸਾਨੀ ਉੱਤੇ ਟੇਕ ਰੱਖ ਕੇ ਪ੍ਰੋਲੇਤਾਰੀ ਇਨਕਲਾਬ ਹੋ ਸਕਦਾ ਹੈ? ਇਹਨਾਂ ਸਵਾਲਾਂ ਬਾਰੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਨਾ ਸੋਚਿਆ ਗਿਆ। ਸਭ ਤੋਂ ਵੱਡੀ ਗੱਲ ਕਿਸਾਨੀ ਵਿੱਚ ਕੰਮ ਕਰਦਿਆਂ ਧਰਮ ਬਾਰੇ ਨਾ ਤਾਂ ਮਾਰਕਸਵਾਦੀ ਦ੍ਰਿਸ਼ਟੀਕੋਣ ਅਪਣਾਇਆ ਗਿਆ, ਨਾ ਹੀ ਵਿਹਾਰ ਵਿੱਚ ਅਵਚੇਤਨੀ ਧਰਮ ਤੋਂ ਮੁਕਤੀ ਪ੍ਰਾਪਤ ਕੀਤੀ ਜਾ ਸਕੀ। ਕਾ ਗੰਧਰਵ ਸੈਨ ਨੇ ਸਪਸ਼ਟ ਸ਼ਬਦਾਂ ਵਿੱਚ ਲਿਖਿਆ ਹੈ :

ਸਾਰੇ ਪੰਜਾਬ ਵਿੱਚ ਕਿਸਾਨ-ਅੰਦੋਲਨ ਦੀ ਸਭ ਤੋਂ ਵੱਡੀ ਘਾਟ ਇਹ ਸੀ ਕਿ ਮੁਸਲਿਮ ਕਿਸਾਨੀ ਨੂੰ ਇਸ ਅੰਦੋਲਨ ਦਾ ਹਿੱਸਾ ਨਹੀਂ ਬਣਾ ਸਕੇ ਅਤੇ ਨਾ ਹੀ ਕਿਰਤੀ

ਪਾਰਟੀ ਪੇਂਡੂ ਮਜ਼ਦੂਰਾਂ ਨੂੰ ਅੰਦੋਲਨ ਨਾਲ ਜੋੜ ਸਕੀ ਅਤੇ ਨਾ ਹੀ ਉਹਨਾਂ ਨੂੰ ਜਾਗਰਿਤ ਹੀ ਕਰ ਸਕੀ।

ਇਸ ਦਾ ਅਰਥ ਇਹ ਬਣਦਾ ਹੈ ਕਿ ਕਿਸਾਨ ਸਭਾ ਦਾ ਬਿੰਬ ਇੱਕ ਖਾਸ ਧਰਮ ਨਾਲ ਹੀ ਜੁੜਿਆ ਰਿਹਾ। ਪਤਾ ਨਹੀਂ ਇਸ ਬਿੰਬ ਨੂੰ ਤੋੜਨ ਦੇ ਉਹ ਯਤਨ ਹੋਏ ਜਾਂ ਨਹੀਂ ਜੋ ਕਮਿਊਨਿਸਟਾਂ ਨੇ ਕਰਨੇ ਹੁੰਦੇ ਹਨ, ਪਰ ਜੇ ਹੋਏ ਵੀ ਤਾਂ ਉਹ ਬਹੁਤੇ ਸਫ਼ਲ ਨਾ ਹੋਏ। ਭਗਤ ਸਿੰਘ ਤੇ ਕੁਝ ਹੋਰ ਸਿਆਸੀ ਚਿੰਤਕਾਂ ਨੇ ਬਸਤੀਵਾਦੀ ਪੰਜਾਬ ਨੂੰ ਸਿਆਸੀ ਤੌਰ ਉੱਤੇ ਪਛੜਿਆ ਪੰਜਾਬ ਕਿਹਾ ਸੀ। ਇਸ ਪੰਜਾਬ ਵਿੱਚ ਬਸਤੀਵਾਦੀ ਦਖਲਅੰਦਾਜ਼ੀ ਕਾਰਨ ਰਾਸ਼ਟਰਵਾਦੀ ਸਿਆਸਤ ਦੀ ਥਾਂ ਪਛਾਣਾਂ ਅਧਾਰਤ ਸਿਆਸਤ ਦਾ ਵਧੇਰੇ ਬੋਲਬਾਲਾ ਸੀ। ਕਮਿਊਨਿਸਟ ਪਛਾਣਾਂ ਅਧਾਰਤ ਸਿਆਸਤ ਨੂੰ ਪਛਾੜਨ ਵਿੱਚ ਵੀ ਆਪਣਾ ਯੋਗਦਾਨ ਪਾਉਣ ਵਿੱਚ ਨਾਕਾਮ ਰਹੇ ਕਿਉਂ ਕਿ ਇਸ ਵਾਰ ਵੀ ਇੰਟਰਨੈਸ਼ਨਲ ਤੋਂ ਆਈ ਲਾਈਨ ਕਾਰਨ 1928 ਤੋਂ 1934 ਤੱਕ ਉਹ ਰਾਸ਼ਟਰਵਾਦੀ ਲਹਿਰ ਤੋਂ ਆਪਣੀ ਦੂਰੀ ਬਣਾ ਕੇ ਪੂੰਜੀਪਤੀਆਂ ਖਿਲਾਫ਼ ਸਿੱਧੇ ਇਨਕਲਾਬ ਦੀ ਵਕਾਲਤ ਕਰ ਰਹੇ ਸਨ। ਇੱਕ ਵਾਰ ਫਿਰ ਇੰਟਰਨੈਸ਼ਨਲ ਦੀ ਇਹ ਲਾਈਨ ਸਤਾਲਿਨ ਨੇ ਲੈਨਿਨ ਦੇ ਬਸਤੀਆਂ ਬਾਰੇ ਥੀਸਿਸ ਨੂੰ ਖੁੱਡੇ ਲਾਈਨ ਲਾ ਕੇ ਦਿੱਤੀ ਸੀ। ਲੈਨਿਨ ਨੇ ਇਸ ਸੰਬੰਧੀ ਸਪਸ਼ਟ ਲਿਖਿਆ ਸੀ:

ਵਧੇਰੇ ਪੱਛੜੇ ਰਾਜਾਂ ਅਤੇ ਰਾਸ਼ਟਰਾਂ, ਜਿਹਨਾਂ ਵਿੱਚ ਸਾਮੰਤੀ ਜਾਂ ਪਿਤਾ-ਪੁਰਖੀ ਅਤੇ ਪਿਤਾ-ਪੁਰਖੀ-ਕਿਸਾਨੀ ਰਿਸ਼ਤੇ ਭਾਰੂ ਹਨ, ਦੇ ਸੰਬੰਧ ਵਿੱਚ ਇਹ ਧਿਆਨ ਵਿੱਚ ਰੱਖਣਾ ਖਾਸ ਤੌਰ ਤੇ ਜ਼ਰੂਰੀ ਹੈ: ੩ਕਿ ਸਾਰੀਆਂ ਕਮਿਊਨਿਸਟ ਪਾਰਟੀਆਂ ਨੂੰ ਇਹਨਾਂ ਦੇਸ਼ਾਂ ਵਿਚਲੀ ਬੁਰਜੁਆ-ਜਮਹੂਰੀ ਮੁਕਤੀ ਲਹਿਰ ਦੀ ਲਾਜ਼ਮੀ ਤੌਰ ਤੇ ਸਹਾਇਤਾ ਕਰਨੀ ਚਾਹੀਦੀ ਹੈ

ਇਸ ਸਹਾਇਤਾ ਦੀ ਕਿਸਮ ਅਤੇ ਸੁਭਾਅ ਬਾਰੇ ਵੀ ਲੈਨਿਨ ਸਪਸ਼ਟ ਸੀ:

ਕਮਿਊਨਿਸਟ ਇੰਟਰਨੈਸ਼ਨਲ ਨੂੰ ਬਸਤੀਵਾਦੀ ਅਤੇ ਪੱਛੜੇ ਮੁਲਕਾਂ ਵਿੱਚ ਲਾਜ਼ਮੀ ਤੌਰ ਤੇ ਬੁਰਜੁਆ ਜਮਹੂਰੀਅਤ ਨਾਲ ਅਸਥਾਈ ਗਠਜੋੜ ਕਰਨਾ ਪਵੇਗਾ, ਪਰ ਇਸ ਨੂੰ ਇਸ ਵਿੱਚ ਜਜ਼ਬ ਨਹੀਂ ਹੋਣਾ ਚਾਹੀਦਾ, ਅਤੇ ਹਰ ਹਾਲਾਤ ਵਿੱਚ ਪ੍ਰੋਲੇਤਾਰੀ ਲਹਿਰ ਦੀ ਖੁਦਮੁਖਤਾਰੀ ਬਚਾ ਕੇ ਰੱਖਣੀ ਚਾਹੀਦੀ ਹੈ ਚਾਹੇ ਇਹ ਲਹਿਰ ਆਪਣੇ ਸਭ ਤੋਂ ਮੁਢਲੇ ਰੂਪ ਵਿੱਚ ਹੀ ਹੋਵੇ

ਬਸਤੀਆਂ ਅੰਦਰਲੀਆਂ ਰਾਸ਼ਟਰਵਾਦੀ ਲਹਿਰਾਂ ਪ੍ਰਤੀ ਸਿੱਧੜ ਲਾਈਨ ਕਾਰਨ ਹੀ ਜੇਕਰ ਮੁਲਕ ਅੰਦਰ ਸੱਤਿਆਗ੍ਰਹਿ ਦੇ ਸਮੇਂ ਕੁਝ ਕਮਿਊਨਿਸਟ ਮੇਰਠ ਸਾਜ਼ਿਸ਼ ਕੇਸ ਕਾਰਨ ਜੇਲ੍ਹਾਂ ਅੰਦਰ ਰਹੇ ਤੇ ਬਾਕੀ ਬਾਹਰ ਰਹਿ ਕੇ ਵੀ ਪ੍ਰਭਾਵਹੀਣ ਸਥਿਤੀ ਵਿੱਚ ਵਿਚਰਦੇ ਰਹੇ। ਤਿੱਖੇ ਰਾਸ਼ਟਰਵਾਦੀ ਸੰਘਰਸ਼ ਦੇ ਦੌਰ ਵਿੱਚ ਆਪਣੀ ਦਖਲਅੰਦਾਜ਼ੀ ਰਾਹੀਂ ਹੀ ਕਮਿਊਨਿਸਟ ਲੋਕਾਂ ਦੀ ਚੇਤਨਾ ਨੂੰ ਪ੍ਰਭਾਵਤ ਕਰਨ ਦੀ ਸਥਿਤੀ ਵਿੱਚ ਹੁੰਦੇ ਹਨ। ਇਹੀ ਉਹ ਸਮੇਂ ਹੁੰਦੇ ਹਨ ਜਦੋਂ ਲੋਕਾਂ ਦੀ ਮਨੋ-ਸਥਿਤੀ ਦੀਆਂ ਗੁੰਥੀਆਂ

ਬਣਦੀਆਂ ਤੇ ਮਿਟਦੀਆਂ ਹਨ। ਭਾਰਤ ਦੇ ਰਾਸ਼ਟਰਵਾਦੀ ਸੱਤਿਆਗ੍ਰਹਿ ਸਮੇਂ ਕਮਿਊਨਿਸਟਾਂ ਵੱਲੋਂ ਆਪਣੀ ਬਣਦੀ ਭੂਮਿਕਾ ਨਾ ਨਿਭਾਉਣ ਕਾਰਨ ਹੀ ਲੋਕਾਂ ਨੂੰ ਕਿਸੇ ਧਿਰ ਵੱਲੋਂ ਵੀ ਸੈਕੂਲਰ ਰਾਸ਼ਟਰਵਾਦੀ ਸੱਭਿਆਚਾਰ ਨਾ ਮਿਲਿਆ। ਫਲਸਰੂਪ ਪਛਾਣ ਅਧਾਰਤ ਸਿਆਸਤ ਦੇ ਅਧਾਰ ਹੋਰ ਮਜ਼ਬੂਤ ਹੁੰਦੇ ਗਏ ਅਤੇ ਸਿੱਟਾ ਦੇਸ਼ ਦੀ ਵੰਡ ਵਿੱਚ ਨਿੱਕਲਿਆ।

ਗਹਿਰੇ ਬੌਧਿਕ ਅਧਾਰਾਂ ਦੀ ਅਣਹੋਂਦ ਕਾਰਨ ਹੀ ਭਾਰਤੀ ਕਮਿਊਨਿਸਟ ਪਾਰਟੀ ਤੋਂ ਵੱਖ ਹੋ ਕੇ ਬਣੀ ਲਾਲ ਪਾਰਟੀ ਵੀ ਕੋਈ ਸਿਧਾਂਤ ਨਾ ਘੜ ਸਕੀ। '*ਬਹੁਤੇ ਸਾਥੀ ਭਾਰਤੀ ਹਾਲਾਤ ਦੇ ਮੁਤਾਬਿਕ ਪਾਰਟੀ ਦੀ ਪੁਲਿਟੀਕਲ ਲਾਈਨ ਬਣਾਉਣ ਦੇ ਆਪਣੇ ਆਪ ਨੂੰ ਕਾਬਲ ਨਹੀਂ ਸੀ ਸਮਝਦੇ।* ਲਾਲ ਪਾਰਟੀ ਨੇ ਬਿਨਾ ਕਿਸੇ ਸਿਧਾਂਤਕ ਸੇਧ ਤੋਂ ਹੀ ਪੰਜਾਬ ਤੇ ਖਾਸ ਕਰ ਪੈਪਸੂ ਵਿੱਚ ਮੁਜ਼ਾਰਾ ਘੋਲ ਲੜਿਆ। ਇੱਕ ਵਾਰ ਫਿਰ ਇੰਟਰਨੈਸ਼ਨਲ ਦੇ ਲੋਕ-ਜਮਹੂਰੀ ਇਨਕਲਾਬ ਦੇ ਕੰਮ ਨੂੰ ਪੂਰਾ ਕਰਨ ਦੇ ਸੱਦੇ ਪਿਛੋਂ ਲਾਲ ਪਾਰਟੀ ਸੀ ਪੀ ਆਈ ਵਿੱਚ ਲੀਨ ਹੋ ਗਈ। ਇਸੇ ਲਾਲ ਪਾਰਟੀ ਦੇ ਆਗੂ ਤੇਜਾ ਸਿੰਘ ਸੁਤੰਤਰ ਨੇ ਅਖੀਰ 1963 ਵਿੱਚ ਜਾ ਕੇ ਨੌਜਵਾਨਾਂ ਦਾ ਵੱਡਾ ਤੇ ਵਿਆਪਕ 'ਨਹਿਰੂ ਬ੍ਰਿਗੇਡ' ਬਣਾਉਣ ਦਾ ਸੱਦਾ ਦੇ ਦਿੱਤਾ। ਕਾ. ਗੰਧਰਵ ਸੇਨ ਵੱਲੋਂ ਬਿਆਨ ਕੀਤੀ ਘਟਨਾ ਅਨੁਸਾਰ ਆਪਣੇ ਕਮਿਊਨਿਸਟ ਤਰਕ ਵਿਹੂਣੇ ਫੈਸਲੇ ਬਾਰੇ ਕਾ. ਸੁਤੰਤਰ ਵੀ ਕਾ. ਅਧਿਕਾਰੀ ਵਾਗ ਹੀ ਕੋਈ ਬਹਿਸ ਕਰਨ ਲਈ ਤਿਆਰ ਨਾ ਹੋਇਆ। ਅੰਤਰ ਸਿਰਫ ਇਨਕਾਰ ਦੀ ਟੋਨ ਦਾ ਹੀ ਸੀ।

ਭਾਰਤੀ ਕਮਿਊਨਿਸਟ ਪਾਰਟੀਆਂ ਅੰਦਰ ਜੜ੍ਹਾਂ ਜਮਾ ਗਏ ਸੋਧਵਾਦ ਦੇ ਖਿਲਾਫ਼ ਨਕਸਲਬਾੜੀ ਲਹਿਰ ਦੀ ਸ਼ੁਰੂਆਤ ਹੋਈ। ਕਾ. ਗੰਧਰਵ ਸੇਨ ਨੇ ਸੀ. ਪੀ. ਆਈ. ਐਮ. ਨੂੰ ਤਿਆਗ ਕੇ ਇਸ ਨਾਲ ਚੱਲਣ ਦਾ ਫੈਸਲਾ ਕੀਤਾ। ਪ੍ਰੰਤੂ ਇਸ ਕਿਤਾਬ ਵਿੱਚ ਇਸ ਲਹਿਰ ਬਾਰੇ ਵੀ ਕੋਈ ਸ਼ਰਧਾਵਾਨ ਪਹੁੰਚ ਨਹੀਂ ਰੱਖੀ ਗਈ ਸਗੋਂ ਇਸ ਦੀਆਂ ਇਤਿਹਾਸਕ ਕਮਜ਼ੋਰੀਆਂ ਉੱਤੇ ਵੀ ਉਂਗਲ ਰੱਖੀ ਗਈ ਹੈ। ਪੰਜਾਬ ਦੇ ਪ੍ਰਸੰਗ ਵਿੱਚ ਇਸ ਲਹਿਰ ਦਾ ਵਿਸ਼ਲੇਸ਼ਣ ਕਰਦਿਆਂ ਕਾ. ਗੰਧਰਵ ਸੇਨ ਨੇ ਲਿਖਿਆ ਹੈ:

ਪੰਜਾਬ ਵਿੱਚ ਜਿਹੜੇ ਨਕਸਲਾਈਟ ਗਰੁੱਪ ਕੰਮ ਕਰ ਰਹੇ ਸਨ, ਉਹ ਕੋਈ ਵੀ ਮੁਜ਼ਾਹਰਿਆਂ ਦੀ ਲਹਿਰ ਨਹੀਂ ਖੜ੍ਹੀ ਕਰ ਸਕੇ। ਜੱਦੋ-ਜਹਿਦ ਵਿੱਚ ਨਵੇਂ ਆਏ ਨੌਜਵਾਨਾਂ ਨੂੰ ਮਾਰਕਸਵਾਦ ਦਾ ਸਿਧਾਂਤਕ ਗਿਆਨ ਅਤੇ ਨਕਸਲਾਈਟ ਮੂਵਮੈਂਟ ਬਾਰੇ ਹੀ ਕੁਝ ਦੱਸਿਆ ਜਾਂਦਾ ਸੀ। ਉਸ ਵੇਲੇ ਦੀ ਚੱਲ ਰਹੀ ਜਮਾਤੀ ਦੁਸ਼ਮਣਾਂ ਦੇ ਸਫ਼ਾਏ ਦੀ ਲਾਈਨ ਦਾ ਮੁਜ਼ਾਰਿਆਂ ਉੱਤੇ ਗਲਤ ਪ੍ਰਭਾਵ ਪਿਆ। ਉਹ ਇਸ ਲਹਿਰ ਨਾਲ ਹਮਦਰਦੀ ਤਾਂ ਰੱਖਦੇ ਸਨ ਅਤੇ ਸੋਚਦੇ ਸਨ ਕਿ ਇਹ ਇਨਕਲਾਬੀ ਲੋਕ ਸਾਨੂੰ ਜ਼ਮੀਨਾਂ ਦੁਆ ਦੇਣਗੇ, ਉਹ ਖੁਦ ਇਸ ਲਹਿਰ ਦਾ ਹਿੱਸਾ ਨਹੀਂ ਬਣਾਏ ਜਾ ਸਕੇ੩ਮਿਹਨਤਕਸ਼ ਜਨਤਾ ਦੀ ਮਾਸ ਮੂਵਮੈਂਟ ਨਾ ਹੋਣ ਕਰਕੇ ਨਕਸਲਾਈਟ ਮੂਵਮੈਂਟ ਵਿੱਚ ਕੰਮ ਕਰ ਰਹੇ ਸਾਥੀਆਂ ਦੀ ਆਪਣੀ ਸੋਚ ਵੀ ਤੰਗ ਨਜ਼ਰੀ ਵਾਲੀ ਹੀ ਹੋ ਗਈ।

ਮੂਵਮੈਂਟ ਵਿੱਚ ਕਈ ਇਸ ਤਰ੍ਹਾਂ ਦੇ ਨੌਜਵਾਨ ਵੀ ਆ ਗਏ ਜਿਹਨਾਂ ਦੀ ਰੁਚੀ ਐਕਸ਼ਨ ਕਰਨ ਵਾਲੀ ਹੀ ਸੀ। ਉਹਨਾਂ ਨੂੰ ਮਾਰਕਸਵਾਦੀ ਵਿਚਾਰਧਾਰਾ ਨੂੰ ਸਮਝਣ ਦੀ ਕੋਈ ਰੁਚੀ ਨਹੀਂ ਸੀ। ਪੁਰਾਣੇ ਸਾਥੀ ਅਤੇ ਨਵੇਂ ਆਏ ਨੌਜਵਾਨਾਂ ਨੂੰ ਵਿਗਿਆਨਕ ਸੋਚ ਹਾਸਲ ਕਰਨ ਲਈ ਪੰਜਾਬੀ ਵਿੱਚ ਕੋਈ ਵੀ ਲਿਟਰੇਚਰ ਨਾ ਹੋਣ ਦੇ ਬਰਾਬਰ ਸੀ ਤੇ ਨਾਹੀ ਭਾਰਤ ਦੇ ਸਮਾਜ ਨੂੰ ਸਮਝਣ ਲਈ ਪੰਜਾਬੀ ਵਿੱਚ ਕੋਈ ਲਿਟਰੇਚਰ ਮਿਲਦਾ ਸੀ। ਇਸ ਲਈ ਦੇਰ ਤੋਂ ਚੱਲੀ ਆ ਰਹੀ ਸਾਮੰਤਵਾਦੀ ਮਾਨਸਿਕਤਾ ਤੋਂ ਛੁਟਕਾਰਾ ਹਾਸਲ ਨਹੀਂ ਕਰ ਸਕੇ।

ਇਸ ਦੇਰ ਤੋਂ ਚੱਲੀ ਆ ਰਹੀ ਸਾਮੰਤਵਾਦੀ ਮਾਨਸਿਕਤਾ ਦਾ ਕਾਰਨ ਉਹੀ ਪਦਾਰਥਕ-ਉਤਪਾਦਨੀ ਰਿਸ਼ਤੇ ਸਨ ਜਿਹਨਾਂ ਨੂੰ ਲੈਨਿਨ ਨੇ ਬਸਤੀਆਂ ਬਾਰੇ ਆਪਣੇ ਥੀਸਿਸ ਵਿੱਚ ਸਾਮੰਤੀ ਜਾਂ ਪਿਤਾ-ਪੁਰਖੀ ਵਜੋਂ ਪਛਾਣਿਆ ਸੀ। ਭਾਰਤ ਵਿਚਲੀ ਬੁਰਜੁਆਜ਼ੀ ਨੇ ਸੱਤਾ-ਤਬਦੀਲੀ ਪਿਛੋਂ ਵੀ ਇਹਨਾਂ ਰਿਸ਼ਤਿਆਂ ਨੂੰ ਤੋੜਨ ਵਿੱਚ ਕੋਈ ਦਿਲਚਸਪੀ ਨਹੀਂ ਸੀ ਦਿਖਾਈ। ਉਸ ਨੂੰ ਭਾਰਤ ਦੀ ਸੱਤਾ ਬਸਤੀਵਾਦੀ ਰਿਸ਼ਤਿਆਂ, ਸੰਸਥਾਵਾਂ ਅਤੇ ਵਿਚਾਰਧਾਰਾਵਾਂ ਸਮੇਤ ਮਿਲੀ ਸੀ ਤੇ ਇਹਨਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਸਾਂਭੀ ਰੱਖਣਾ ਹੀ ਇਸ ਦੀ ਸਲਾਮਤੀ ਲਈ ਜ਼ਰੂਰੀ ਸੀ। ਇਸੇ ਲਈ ਸਹਿਜ ਵਿਕਾਸ ਦੇ ਸਿੱਟੇ ਵਜੋਂ ਮਨੋਸਥਿਤੀਆਂ ਵਿੱਚ ਤਬਦੀਲੀ ਦੀ ਸੰਭਾਵਨਾ ਭਾਰਤ ਵਿੱਚ ਨਹੀਂ ਬਣ ਸਕੀ। ਵਿਕਸਤ ਪੂੰਜੀਵਾਦੀ ਦੇਸ਼ਾਂ ਵਿੱਚ ਪੂੰਜੀਵਾਦ ਦੇ ਵਿਕਾਸ ਦੇ ਸਮਾਂਨੰਤਰ ਹੀ ਪ੍ਰੋਲੇਤਾਰੀ ਦੀ ਚੇਤਨਾ ਦਾ ਵਿਕਾਸ ਵੀ ਹੋਇਆ। ਪ੍ਰੰਤੂ ਭਾਰਤ ਵਿੱਚ ਇਸ ਵਿਕਾਸ ਦੇ ਕੁਦਰਤੀ ਵਹਿਣ ਵਿੱਚ ਦਖਲਅੰਦਾਜ਼ੀ ਕਰਨ ਲਈ ਬਸਤੀਵਾਦੀ-ਸਾਮਰਾਜ ਹਾਜ਼ਰ ਸੀ। ਰੂਸੀ ਇਨਕਲਾਬ ਦੇ ਪ੍ਰਭਾਵ ਹੇਠ ਆ ਕੇ ਜੋ ਲੋਕ ਕਮਿਉਨਿਸਟ ਬਣੇ ਵੀ ਉਹ ਵੀ ਆਪਣੀ ਜਮਾਤ ਦੀਆਂ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਤਿਆਗਣ ਦੇ ਯੋਗ ਨਾ ਬਣ ਸਕੇ। ਖਾਸ ਤੌਰ ਤੇ ਕਿਰਤੀ ਪਾਰਟੀ ਦੇ ਪ੍ਰਸੰਗ ਵਿੱਚ ਕਾ. ਗੰਧਰਵ ਸੇਨ ਨੇ ਦੋ ਵੱਡੇ ਮਸਲਿਆਂ ਦਾ ਜ਼ਿਕਰ ਕੀਤਾ ਹੈ। ਇਹ ਮਸਲੇ ਹਨ-ਦਲਿਤ ਅਤੇ ਔਰਤਾਂ ਦੇ। ਕਾ. ਗੰਧਰਵ ਸੇਨ ਦੇ ਦੱਸਣ ਅਨੁਸਾਰ ਕਿਰਤੀ ਪਾਰਟੀ ਦੀ ਲੀਡਰਸ਼ਿਪ ਵੱਲੋਂ ਪੜ੍ਹਾਈ ਦੇ ਕੰਮ ਕਰਨ ਦਾ ਖੇਤਰ ਮੁੱਖ ਤੌਰ ਤੇ ਕਿਸਾਨੀ ਮਸਲੇ ਉੱਤੇ ਅਤੇ ਕਿਸਾਨਾਂ ਦੀਆਂ ਆਰਥਿਕ ਤੇ ਰਾਜਨੀਤਕ ਸਮੱਸਿਆਵਾਂ ਉੱਤੇ ਹੀ ਕੇਂਦਰਤ ਹੁੰਦਾ ਸੀ। ਇਸੇ ਤਰ੍ਹਾਂ ਔਰਤਾਂ ਦੇ ਮਸਲਿਆਂ ਬਾਰੇ ਵੀ ਚੇਤਨਾ ਦੀ ਘਾਟ ਸੀ। ਇਸੇ ਲਈ ਪਾਰਟੀ ਨੇ ਕਦੇ ਔਰਤਾਂ ਨੂੰ ਔਰਤਾਂ ਦੇ ਮਸਲਿਆਂ ਬਾਰੇ ਕੰਮ ਕਰਨ ਲਈ ਨਹੀਂ ਕਿਹਾ ਸਗੋਂ ਪਾਰਟੀ ਵਿੱਚ ਸ਼ਾਮਲ ਹੋਣ ਵਾਲੀਆਂ ਥੋੜੀਆਂ ਜਿਹੀਆਂ ਔਰਤਾਂ ਨੂੰ ਪਾਰਟੀ ਦੇ ਚੱਲਦੇ ਕੰਮ ਵਿੱਚ ਹੀ ਸਮੋ ਲਿਆ। ਇਸ ਤਰ੍ਹਾਂ ਸਿਆਸੀ ਇਨਕਲਾਬ ਦੇ ਨਾਲ ਨਾਲ ਹੋਣ ਵਾਲੇ ਸੱਭਿਆਚਾਰਕ ਇਨਕਲਾਬ ਨੂੰ ਬਿਲਕੁਲ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਇਸੇ ਕਾਰਨ ਪਾਰਟੀ ਅੰਦਰ ਕੰਮ ਕਰਨ ਵਾਲੇ ਕਾਮਰੇਡ ਵੀ ਆਪਣੀ ਸਾਮੰਤਵਾਦੀ ਮਾਨਸਿਕਤਾ ਨੂੰ ਪਛਾਨਣ ਦੇ ਯੋਗ ਨਾ ਬਣ ਸਕੇ, ਇਸ ਨੂੰ ਤਿਆਗਣਾ

ਤਾਂ ਇਸ ਤੋਂ ਅਗਲਾ ਕਦਮ ਹੀ ਹੋ ਸਕਦਾ ਹੁੰਦਾ ਹੈ। ਕਮਿਊਨਿਸਟਾਂ ਦੁਆਰਾ ਭਾਰਤੀ ਇਤਿਹਾਸ ਦੀ ਥਾਂ ਰੂਸੀ ਇਤਿਹਾਸ ਪੜ੍ਹਾਉਣ ਉੱਤੇ ਜ਼ੋਰ ਦੇਣ ਕਾਰਨ ਹੀ ਭਾਰਤੀ ਸਮਾਜ ਦੇ ਇਹਨਾਂ ਵਿਸ਼ੇਸ਼ ਸਮਾਜਕ ਸਰੋਕਾਰਾਂ ਅਤੇ ਇਹਨਾਂ ਸੰਬੰਧੀ ਕੀਤੀਆਂ ਜਾਣ ਵਾਲੀਆਂ ਪਹਿਲਕਦਮੀਆਂ ਦੀ ਸਹੀ ਪਛਾਣ ਨਾ ਕੀਤੀ ਜਾ ਸਕੀ।

ਆਪਣੇ ਸਿਆਸੀ ਅਨੁਭਵ ਦੇ ਅਧਾਰ ਉੱਤੇ ਕਾ. ਗੰਧਰਵ ਸੇਨ ਵੱਲੋਂ ਪਛਾਣਿਆ ਬੌਧਿਕਤਾ ਨਾਲ ਜੁੜਿਆ ਇਹ ਸੰਕਟ ਇਕੱਲੀ ਭਾਰਤੀ ਕਮਿਊਨਿਸਟ ਪਾਰਟੀ ਦਾ ਹੀ ਨਹੀਂ ਸੀ। ਪੰਜਾਬ ਦੇ ਪ੍ਰਸੰਗ ਵਿੱਚ ਦੇਖਦਿਆਂ ਇਹ ਸੰਕਟ ਅੱਜ ਤੱਕ ਮਹਿਸੂਸ ਕੀਤਾ ਜਾ ਸਕਦਾ ਹੈ। ਹੋਰ ਬਹੁਤ ਸਾਰੀਆਂ ਆਧੁਨਿਕ ਰਵਾਇਤਾਂ ਵਾਂਗ ਹੀ ਪੰਜਾਬ ਦਾ ਪਹਿਲਾ ਆਧੁਨਿਕ ਚਿੰਤਕ ਲਾਲਾ ਹਰਦਿਆਲ ਗ਼ਦਰ ਲਹਿਰ ਦੀ ਉਪਜ ਸੀ। ਮੌਲਿਕ ਚਿੰਤਨ ਦੀ ਇਸ ਪਰੰਪਰਾ ਨੇ ਸ਼ਹੀਦ ਭਗਤ ਸਿੰਘ ਨਾਲ ਆਪਣੀਆਂ ਸੰਭਾਵਨਾਵਾਂ ਨੂੰ ਪ੍ਰਗਟ ਕੀਤਾ। ਪ੍ਰੰਤੂ ਇਸ ਪਿਛੋਂ ਜਿਵੇਂ ਕਮਿਊਨਿਸਟ ਲਹਿਰ ਨੇ ਇਸ ਨੂੰ ਹੋਰ ਵਿਕਸਤ ਕਰਨਾ ਸੀ, ਉਹ ਨਾ ਕਰ ਸਕੀ। ਕਿਉਂ ਕਿ ਇਹ ਲਹਿਰ ਆਪਣੇ ਬਸਤੀਵਾਦੀ ਸਰੋਕਾਰਾਂ ਤੋਂ ਹੀ ਮੁਕਤ ਨਾ ਹੋ ਸਕੀ। ਭਗਤ ਸਿੰਘ ਨੇ ਆਪਣੇ ਵਿਚਾਰਧਾਰਕ ਵਿਕਾਸ ਨੂੰ ਚਿਤਰਦਿਆਂ ਉਸ ਅਧਿਐਨ ਉੱਤੇ ਬਲ ਦਿੱਤਾ ਹੈ ਜਿਸ ਦੀ ਮਦਦ ਨਾਲ ਉਹ ਵਿਚਾਰਧਾਰਕ ਸਪਸ਼ਟਤਾ ਉੱਤੇ ਪਹੁੰਚਣ ਦੇ ਯੋਗ ਹੋ ਸਕਿਆ ਸੀ। ਆਪਣੇ ਸਿਆਸੀ ਅਨੁਭਵ ਵਿਚੋਂ ਕਾ. ਗੰਧਰਵ ਸੇਨ ਵੀ ਭਗਤ ਸਿੰਘ ਦੇ ਤਰਕ ਨੂੰ ਹੀ ਦੁਹਰਾਉਂਦੇ ਹਨ। ਉਹਨਾਂ ਨੇ ਲਹਿਰ ਦੀਆਂ ਉਪਰੋਕਤ ਸਾਰੀਆਂ ਕਮਜ਼ੋਰੀਆਂ ਦੇ ਕਾਰਨਾਂ ਨੂੰ ਫਰੋਲਦਿਆ ਲਿਖਿਆ ਹੈ:

ਇਸ ਸਾਰੀ ਘਾਟ ਤੇ ਕਮਜ਼ੋਰੀ ਦਾ ਕਾਰਨ ਮੈਨੂੰ ਸੂਝ ਦੀ ਘਾਟ ਨਜ਼ਰ ਆਉਂਦੀ ਸੀ। ਉਹ (ਕਮਿਊਨਿਸਟ) ਅਧਿਐਨ ਕਰਨਗੇ ਤਾਂ ਗੱਲ ਕਰਨ ਦਾ ਮਾਦਾ, ਵਿਵੇਕ ਉਹਨਾਂ ਵਿੱਚ ਆਵੇਗਾ। ਉਹ ਬੁਰੇ ਭਲੇ ਦੀ ਪਰਖ ਕਰ ਸਕਣਗੇ। ਆਪਣੇ ਇਤਿਹਾਸ ਨੂੰ ਸਮਝ ਸਕਣਗੇ। ਨਿਰੇ ਪੁਰੇ ਸਾਧ ਦੇ ਚੇਲਿਆਂ ਵਰਗੇ ਨਹੀਂ ਹੋਣਗੇ। ਉਹਨਾਂ ਦਾ ਜੀਵਨ ਵਿਗਿਆਨਕ ਦ੍ਰਿਸ਼ਟੀਕੋਣ ਵਾਲਾ ਹੋਵੇਗਾ।

ਕਮਿਊਨਿਸਟ ਹੋਣ ਦਾ ਅਰਥ ਕਮਿਊਸਿਟ ਅਮਲ ਹੁੰਦਾ ਹੈ। ਇਸੇ ਅਮਲ ਦੀ ਪ੍ਰਕਿਰਿਆ ਵਿਚੋਂ ਲੰਘ ਕੇ ਕਮਿਊਨਿਸਟ ਅਨੁਭਵ ਪੈਦਾ ਹੁੰਦਾ ਹੈ। ਭਵਿਖੀ ਅਮਲ ਨੂੰ ਦਰੁਸਤ ਰੱਖਣ ਲਈ ਡੂੰਘੇ ਅਧਿਐਨ ਰਾਹੀਂ ਅਨੁਭਵ ਦੇ ਹਰੇਕ ਵਸਤ-ਵਰਤਾਰੇ ਦੀ ਦਵੰਦਾਤਮਕਤਾ ਨੂੰ ਸਮਝ ਸਕਣ ਦੀ ਸਮਰੱਥਾ ਪੈਦਾ ਕਰਨ ਦੀ ਜ਼ਰੂਰਤ ਹੁੰਦੀ ਹੈ। ਅਮਲ,ਅਨੁਭਵ ਤੇ ਅਧਿਐਨ ਦਾ ਰਾਹ ਹੀ ਸਥਿਤੀਆਂ ਦੇ ਦਰੁਸਤ ਵਿਸ਼ਲੇਸ਼ਣ ਦਾ ਰਾਹ ਹੋ ਸਕਦਾ ਹੈ। ਇਹੀ ਰਾਹ ਮੌਲਿਕ ਚਿੰਤਨ ਦੀ ਗਵਾਚ ਗਈ ਪਰੰਪਰਾ ਨੂੰ ਮੁੜ ਖੋਜਣ ਦਾ ਰਾਹ ਵੀ ਹੈ।

ਜਮਾਤੀ ਸੰਘਰਸ਼ ਦਾ ਸੂਝ-ਮਾਡਲ : ਅਨੁਭਵ ਤੇ ਅਧਿਐਨ

-ਸਤਿੰਦਰਪਾਲ ਸਿੰਘ

ਹਰ ਮਾਨਵੀ ਅਨੁਭਵ ਮਨੁਖ ਦੇ ਅਵਚੇਤਨ ਵਿਚ ਇਕ 'ਪਾਠ' ਦੀ ਤਰ੍ਹਾਂ ਹੀ ਹੁੰਦਾ ਹੈ, ਜਿਸ ਦਾ ਸਿਮਰਨ ਉਹ ਸਮੇਂ-ਸਮੇਂ ਕਰਦਾ ਰਹਿੰਦਾ ਹੈ, ਇਹ ਕਾਰਜ ਨਿੱਜ ਤੱਕ ਹੀ ਸੀਮਤ ਹੁੰਦਾ ਹੈ ਪਰ ਸਵੈ-ਜੀਵਨੀ, ਸਵੈ-ਅਤੀਤ ਦਾ ਅਜਿਹਾ ਸੰਵਾਦੀ ਰੂਪਾਕਾਰ ਹੈ ਜਿਸ ਵਿਚ ਨਿੱਜੀ ਅਤੇ ਸਮੂਹਕ ਅਨੁਭਵਾਂ ਦਾ ਮਿਸ਼ਰਤ ਬਿਰਤਾਂਤ ਅੰਕਿਤ ਕੀਤਾ ਗਿਆ ਹੁੰਦਾ ਹੈ। ਇਹ ਰੂਪਾਕਾਰ ਨਰੋਲ ਕਾਲਪਨਿਕ ਬਿਰਤਾਂਤ ਨਹੀਂ ਹੁੰਦਾ, ਸਗੋਂ ਇਸ ਵਿਚ ਹਕੀਕੀ ਤੇ ਵਾਸਤਵਿਕ ਘਟਨਾਵਾਂ ਨੂੰ ਇਸ ਤਰ੍ਹਾਂ ਤਰਤੀਬਿਆ ਗਿਆ ਹੁੰਦਾ ਹੈ ਜਿਸ ਵਿਚ ਲੇਖਕ ਦਾ ਵਿਅਕਤੀਤਵ ਸਵੈ-ਸੰਵਾਦੀ ਰੂਪ ਵਿਚ ਪੇਸ਼ ਹੁੰਦਾ ਹੈ ਅਤੇ ਵਰਣਿਤ ਕਾਲ ਵਿਚਲਾ ਇਤਿਹਾਸ ਵਿਵੇਕ ਵੀ ਆਪਣੀ ਭੂਮਿਕਾ ਨਿਭਾਉਂਦਾ ਹੈ। ਇਸ ਤਰਾਂ ਸਵੈ-ਜੀਵਨੀ ਕਿਸੇ ਵਿਅਕਤੀ-ਵਿਸ਼ੇਸ਼ ਦੇ ਜੀਵਨ ਅਨੁਭਵਾਂ ਦਾ ਲਿਖਤੀ ਰੂਪ ਹੋਣ ਕਾਰਨ ਇਕ ਨਵੇਂ ਸਮਾਜਕ ਪਾਠ ਵਿਚ ਰੁਪਾਂਤਰਿਤ ਹੋ ਜਾਂਦੀ ਹੈ।

ਸਵੈ-ਜੀਵਨੀ ਦੇ ਪਾਠਕ ਦੀ ਚੇਤਨਾ ਵਿਅਕਤੀ-ਵਿਸ਼ੇਸ਼ ਦੇ ਜੀਵਨ ਬਿਰਤਾਂਤਕ ਵੇਰਵਿਆਂ ਅਤੇ ਸਮਾਜ-ਰਾਜਨੀਤਕ ਪਰਸੰਗਾਂ ਦੇ ਮਧਿਅਸਥ ਵਿਚਰਦੀ ਹੋਈ ਅਸਲੋਂ ਨਵੇਂ ਮਾਨਸਕ ਧਰਾਤਲ 'ਤੇ ਵਿਚਰਦੀ ਹੈ। ਸਵੈ-ਜੀਵਨੀ ਵਿਚ ਇਤਿਹਾਸ ਅਤੇ ਵਿਅਕਤੀ-ਵਿਸ਼ੇਸ਼ ਦੀ ਸ਼ਖਸੀਅਤ ਦੋ ਅਜਿਹੇ ਕੇਂਦਰ-ਬਿੰਦੂ ਹਨ, ਜਿਸ ਦੇ ਅਨੇਕਾਂ ਪਸਾਰ ਸਾਰੇ ਪਾਠ ਵਿਚ ਫੈਲੇ ਹੁੰਦੇ ਹਨ ਅਤੇ ਹਰ ਇਕ ਪਾਠਕ ਇਹਨਾਂ ਨੂੰ ਆਪਣੀ ਸਮਰੱਥਾ ਅਨੁਸਾਰ ਪਛਾਣਦਾ ਅਤੇ ਗ੍ਰਹਿਣ ਕਰਦਾ ਹੈ।

ਆਮ ਤੌਰ ਤੇ ਸਵੈ-ਜੀਵਨੀ ਲਕੀਰੀ ਬਿਰਤਾਂਤਕ ਰੂਪ ਵਿਚ ਲਿਖੀ ਹੁੰਦੀ ਹੈ। ਹਥਲੀ ਸਵੈ-ਜੀਵਨੀ **ਅਨੁਭਵ ਤੇ ਅਧਿਐਨ** ਦਾ ਦੂਜਾ ਸੰਸਕਰਨ (ਨਵੰਬਰ 2012) ਇਸੇ ਨਿਯਮਾਵਲੀ ਨੂੰ ਅਪਣਾਉਂਦਾ ਹੈ। ਜਿਸ ਵਿਚ ਲੇਖਕ ਆਪਣੀ ਜਨਮ ਭੂਮੀ ਨੂਰਮਹਿਲ ਦੇ ਇਤਿਹਾਸਕ ਪਿਛੋਕੜ ਤੋਂ ਲੈ ਕੇ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਵਿਕਾਸਸ਼ੀਲ ਦੇਸ਼ਾਂ ਨੂੰ ਦਰਪੇਸ਼ ਚਣੌਤੀਆਂ 'ਤੇ ਆਪਣਾ ਵਿਵੇਚਨ ਪੇਸ਼ ਕਰਦਾ ਹੈ। ਇਸ ਵਿਚ ਭਾਰਤੀ ਸਮਾਜ ਤੇ ਰਾਜਸੀ ਪ੍ਰਬੰਧ ਉਸਦੇ ਅਧਿਐਨ ਦਾ ਵਿਸ਼ੇਸ਼ ਕੇਂਦਰ ਬਣਦੇ ਹਨ।

ਸਵੈ-ਜੀਵਨੀ ਦੇ ਸਿਰਲੇਖ '**ਅਨੁਭਵ ਤੇ ਅਧਿਐਨ**' ਨੂੰ ਜੇਕਰ ਜ਼ਰਾ ਗਹੁ ਨਾਲ ਵਿਚਾਰੀਏ ਤਾਂ ਇਸ ਵਿਚ ਵਿਚ ਤ੍ਰੈਕਾਲਿਕ ਪਰਸੰਗਿਕਤਾ ਦਾ ਬੋਧ ਪਿਆ ਹੈ 'ਅਨੁਭਵ' ਜਿਥੇ ਭੂਤ ਵਿਚ ਵਾਪਰੀਆਂ ਘਟਨਾਵਾਂ ਅਤੇ ਯਾਦਾਂ ਨਾਲ ਸਰੋਕਾਰ ਰੱਖਦਾ ਹੈ, ਉਥੇ 'ਅਧਿਐਨ' ਵਿਚ ਵਰਤਮਾਨ ਅਤੇ ਉਤਰਕਾਲ ਨਾਲ ਸਰੋਕਾਰ ਰੱਖਦੇ ਅਨੇਕਾਂ ਅਜਿਹੇ ਪਾਸਾਰ ਹਨ ਜਿਹਨਾਂ ਦਾ ਆਪਣਾ ਸਮਾਜਕ-ਰਾਜਸੀ ਮਹੱਤਵ ਬਣਦਾ ਹੈ। ਪਹਿਲਾਂ ਇਹਨਾਂ ਮਹੱਤਵਸ਼ੀਲ ਪਰਸੰਗਿਕ ਪਾਸਾਰਾਂ ਦਾ ਉਲੇਖ ਨਿਆਂਯੁਗਤ ਅਤੇ ਅਨੁਭਵੀ ਰੂਪ ਵਿਚ ਕਾਮਰੇਡ ਸੈਨ ਨੇ ਆਪਣੀ ਸਵੈ-ਜੀਵਨੀ ਲਿਖਦਿਆਂ ਕੀਤਾ ਹੈ, ਫਿਰ ਪਾਠਕ ਇਹਨਾਂ ਨੂੰ ਮੁੜ ਤੋਂ ਵਿਚਾਰਦਾ ਹੋਇਆ ਪ੍ਰਾਪਤ ਅਧਿਐਨ ਨੂੰ ਵਸਤ ਦੇ ਰੂਪ ਵਿਚ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਕਾਮਰੇਡ ਸੈਨ ਵੱਲੋਂ ਚੁਣੀ ਅਧਿਐਨ ਦੀ ਵਸਤ ਮੁੜ-ਅਧਿਐਨ ਵਿਚ ਪਈ ਨਜ਼ਰ ਆਉਂਦੀ ਹੈ।

ਸਵੈ-ਜੀਵਨੀ **ਅਨੁਭਵ ਤੇ ਅਧਿਐਨ** ਦੀ ਵਸਤੂ ਦੋ ਤਰ੍ਹਾਂ ਨਾਲ ਵਿਚਾਰਨਯੋਗ ਹੈ। ਇਕ ਤਾਂ ਇਹ ਕਾਮਰੇਡ ਗੰਧਰਵ ਸੈਨ ਦੇ ਸਿਆਸੀ ਜੀਵਨ ਬਿਰਤਾਂਤ ਨੂੰ ਪੇਸ਼ ਕਰਦੀ ਹੈ ਦੂਜਾ ਖੱਬੇ ਪੱਖੀ ਲਹਿਰ ਦੇ ਇਤਿਹਾਸਕ ਪਰਿਪੇਖ ਨੂੰ ਵੀ ਰੇਖਾਂਕਤ ਕਰਦੀ ਹੈ। ਇਸ ਸਵੈ-ਜੀਵਨੀ ਵਿਚ ਕਾਮਰੇਡ ਸੈਨ ਨਾ ਸਿਰਫ ਪੰਜਾਬ ਸੂਬੇ ਦੀਆਂ ਜਥੇਬੰਦਕ ਇਕਾਈਆਂ ਨੂੰ ਹੀ ਆਪਣੇ ਅਧਿਐਨ ਦੀ ਵਸਤ ਬਣਾਉਂਦਾ ਹੈ, ਸਗੋਂ ਹੋਰਨਾਂ ਰਾਜਾਂ ਦੀਆਂ ਸੰਘਰਸ਼ੀਲ ਜਥੇਬੰਦੀਆਂ ਅਤੇ ਪ੍ਰਗਤੀਸ਼ੀਲ ਪਾਰਟੀਆਂ ਵਿਚਲੀਆਂ ਸਰਗਰਮੀਆਂ 'ਤੇ ਵੀ ਵਿਚਾਰ ਕਰਦਾ ਹੈ। ਇਹ ਦਿਬ-ਦ੍ਰਿਸ਼ਟੀ ਉਸਨੂੰ ਕਿਸੇ ਇਕ ਖਿਤੇ ਜਾਂ ਰਾਜ ਦੀ ਸੀਮਾ ਤੱਕ ਸੀਮਤ ਨਹੀਂ ਰਹਿਣ ਦਿੰਦੀ, ਸਗੋਂ ਉਸਨੂੰ ਭਾਰਤੀ ਸਮਾਜ ਨੂੰ ਬਦਲਣ ਲਈ ਹੋਰਨਾਂ ਕੌਮਾਂ ਅਤੇ ਸਮੂਹਾਂ ਵਿਚਲੀ ਜਮਾਤੀ ਚੇਤਨਾ ਦਾ ਵਿਸ਼ਲੇਸ਼ਣੀ ਅਧਾਰ ਕਰਨ ਲਈ ਪ੍ਰੇਰਦੀ ਹੈ। ਇਸ ਦੀ ਇਕ ਮਿਸਾਲ ਪੁਸਤਕ ਦੇ ਆਰੰਭਲੇ ਸ਼ਬਦ 'ਵਿਸ਼ਵ ਭਰ ਦੇ ਮਜ਼ਦੂਰ ਵਰਗ ਦੇ ਨਾਂ' ਵਿਚ 'ਸਭਨਾਂ ਦੇਸ਼ਾਂ ਦੇ ਮਜ਼ਦੂਰੋ ਇਕ ਹੋ ਜਾਉ!' ਦੀ ਪ੍ਰਤੀਧੁਨੀ ਪਈ ਹੈ। ਜਿਸ ਦਾ ਆਪਣਾ ਇਕ ਇਤਿਹਾਸਕ ਅਤੇ ਸਮਾਜਕ ਮਹੱਤਵ ਹੈ।

ਲੇਖਕ ਆਪਣੇ ਵਿਦਿਆਰਥੀ ਜੀਵਨ ਦੌਰਾਨ ਕੌਮੀ ਜਦੋ-ਜਹਿਦ ਅਤੇ ਅਗਾਂਹ ਵਧੂ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਅੰਗਰੇਜ਼ ਹਕੂਮਤ ਵਿਰੁਧ ਚਲ ਰਹੇ ਜਨਤਕ ਅੰਦੋਲਨਾਂ ਵਿਚ ਰੁਚੀ ਲੈਣ ਲੱਗਾ। ਲੇਖਕ ਅੱਠ ਸਾਲਾਂ ਦੀ ਉਮਰ ਵਿਚ '**ਚਾਂਦ**'(1928 ਈ:) ਰਸਾਲੇ ਵਿਚ ਛਪੀਆਂ ਅਜ਼ਾਦੀ ਲਈ ਸ਼ਹੀਦ ਹੋਏ ਨੌਜੁਆਨਾਂ ਦੀਆਂ ਜੀਵਨੀਆਂ ਤੋਂ ਪ੍ਰਭਾਵ ਗ੍ਰਹਿਣ ਕਰਦਾ ਹੈ। ਫਿਰ 1930 ਈ: ਵਿਚ ਬਾਬਾ ਭਾਗ ਸਿੰਘ ਕਨੇਡੀਅਨ ਦੀ ਅਗਵਾਈ ਵਿਚ 'ਨਮਕ ਕਾਨੂੰਨ' ਨੂੰ ਤੋੜਨ ਦੀ ਘਟਨਾ ਤੋਂ ਪ੍ਰਭਾਵ ਕਬੂਲਦਾ ਹੈ ਅਤੇ 23 ਮਾਰਚ 1931 ਈ: ਨੂੰ ਸ: ਭਗਤ ਸਿੰਘ ਅਤੇ ਸਾਥੀਆਂ ਨੂੰ ਫਾਂਸੀ ਦੇਣ ਦੇ ਵਿਰੋਧ ਵਿਚ ਨਿਕਲੇ ਜਨਤਕ ਮੁਜ਼ਾਹਰਿਆਂ ਵਿਚ ਸ਼ਿਰਕਤ ਕਰਦਾ ਹੈ। ਇਹਨਾਂ ਮੁਢਲੇ ਪ੍ਰਭਾਵਾਂ ਨੇ ਉਸਦੇ ਕੌਮੀ ਵਿਚਾਰਾਂ ਲਈ ਨਿਰਮਾਣਕਾਰੀ ਤੱਤ ਵਜੋਂ ਭੂਮਿਕਾ ਨਿਭਾਈ ਹੈ। ਇਸ ਦਾ ਨਤੀਜਾ ਇਹ ਹੋਇਆ ਕਿ

1938-39 ਈ: ਤੱਕ ਉਸ ਨੇ ਬਸਤੀਵਾਦੀ ਸਮਾਜ-ਰਾਜਸੀ ਪ੍ਰਬੰਧਾਂ ਬਾਰੇ ਆਪਣੀ ਸਮਝ ਨੂੰ ਪਕੇਰਾ ਕਰ ਲਿਆ ਅਤੇ ਚੇਤਨ ਤੌਰ 'ਤੇ ਦੇਸ਼ ਦੀ ਅਜ਼ਾਦੀ ਲਈ ਚਲ ਰਹੇ ਜਨਤਕ ਰੋਹ-ਵਿਦਰੋਹਾਂ ਵਿਚ ਭਾਗ ਲੈਣ ਲੱਗ ਪਿਆ। ਜਿਸ ਦੀ ਸ਼ੁਰੂਆਤ ਉਸਨੇ 'ਕਿਸਾਨ ਮੋਰਚਿਆਂ' ਵਿਚ ਭਾਗ ਲੈ ਕੇ ਕੀਤੀ।

ਇਸ ਤੋਂ ਇਲਾਵਾ 'ਸਟਡੀ-ਸਰਕਲ' ਲੈਂਦਿਆਂ ਅਤੇ ਆਪਣੇ ਅਨੁਭਵਾਂ ਤੋਂ ਸਿੱਖਦਿਆਂ ਲੇਖਕ ਦੀ ਮਾਰਕਸਵਾਦ ਅਤੇ ਸਮਾਜਵਾਦ ਬਾਰੇ ਸੋਚ-ਸੂਝ ਹੌਲੀ-ਹੌਲੀ ਵਿਕਸਤ ਹੋਣ ਲੱਗੀ। ਨਤੀਜੇ ਵਜੋਂ ਕਾਮਰੇਡ ਸੈਨ ਨੇ ਆਮ ਲੋਕਾਂ ਵਿਚ ਰਹਿ ਕੇ ਉਹਨਾਂ ਨਾਲ ਜੁੜ ਕੇ ਕੰਮ ਕਰਨ ਨੂੰ ਤਰਜ਼ੀਹ ਦਿੱਤੀ। ਕਾਮਰੇਡ ਸੈਨ ਨੇ ਲੋਕਾਂ ਦੀਆਂ ਛੋਟੀਆਂ ਛੋਟੀਆਂ ਸਮੱਸਿਆਵਾਂ ਨੂੰ ਸਮਝਿਆ ਅਤੇ ਉਹਨਾਂ ਦੇ ਹੱਲ ਲਈ ਜਮਾਤੀ ਘੋਲ਼ ਲਈ, ਲੋਕਾਂ ਨੂੰ ਪ੍ਰੇਰਿਤ ਕੀਤਾ ਅਤੇ ਉਹਨਾਂ ਅੰਦਰ ਨਵੀਂ ਚੇਤਨਾ ਪੈਦਾ ਕੀਤੀ। ਇਸਦੀ ਇਕ ਸਟੀਕ ਮਿਸਾਲ 'ਨੂਰਮਹਿਲ ਫੂਡ ਕਮੇਟੀ ਦਾ ਗਠਨ' ਨਾਮਕ ਲੇਖ ਵਿਚੋਂ ਸਹਿਜੇ ਹੀ ਮਿਲ ਜਾਂਦੀ ਹੈ। ਜਿਸ ਵਿਚ ਆਮ ਲੋਕਾਂ ਨੂੰ 'ਰਜ਼ਾਈ ਕਮੇਟੀਆਂ' (ਫੂਡ ਕਮੇਟੀਆਂ) ਬਣਾਉਣ ਲਈ ਪ੍ਰੇਰਿਤ ਕੀਤਾ ਅਤੇ ਸਕਾਰਾਤਮਕ ਨਤੀਜੇ ਪ੍ਰਾਪਤ ਕੀਤੇ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਉਪਰੰਤ ਲੇਖਕ ਦਾ ਵਿਚਾਰ ਹੈ, "ਲੋਕਾਂ ਦੀ ਜਮੂਹਰੀ ਜਥੇਬੰਦੀ ਕਿਵੇਂ ਬਣਾਈ ਜਾਂਦੀ ਹੈ ਅਤੇ ਉਸ ਜਥੇਬੰਦੀ ਦੀ ਸਮਾਜਕ ਤਾਕਤ ਕਿੰਨੀ ਹੋ ਜਾਂਦੀ ਹੈ। ਇਸ ਪ੍ਰਕਿਰਿਆ ਤੋਂ ਸਾਨੂੰ ਕਾਫੀ ਤਜ਼ਰਬਾ ਹੋਇਆ।" ਨਿਰਸੰਦੇਹ ਇਹ ਸ਼ਬਦ ਜਿਥੇ ਲੋਕ-ਸ਼ਕਤੀ ਨੂੰ ਸਾਹਮਣੇ ਲੈ ਕੇ ਆਉਂਦੇ ਹਨ ਉਥੇ ਕਾਮਰੇਡ ਸੈਨ ਦੇ ਪਰਾਰੰਭਕ ਅਨੁਭਵਾਂ ਦੀ ਸੂਹ ਵੀ ਦਿੰਦੇ ਹਨ।

'ਸਮਾਜਕ-ਵਿਤਕਰੇ ਦਾ ਅਸਰ' ਨਾਮਕ ਅਧਿਆਇ ਵਿਚ ਲੇਖਕ ਨੇ ਦਲਿਤ ਵਰਗ ਨਾਲ ਹੁੰਦੇ ਗ਼ੈਰ ਮਾਨਵੀ ਵਿਹਾਰ ਅਤੇ ਬੇਇਨਸਾਫੀਆਂ ਦਾ ਬਿਰਤਾਂਤ ਪੇਸ਼ ਕਰਦਿਆਂ ਦੱਸਿਆ ਹੈ ਕਿ ਸਮਾਜਕ ਦਰਜਾਬੰਦੀ (social stratification) ਦਾ ਅਸਰ ਕਿਸ ਤਰ੍ਹਾਂ ਬਹੁਗਿਣਤੀ ਦੇ ਅਵਚੇਤਨ ਦਾ ਰੂਪ ਅਖਤਿਆਰ ਕਰ ਚੁੱਕਾ ਸੀ। ਕਿਉਂਕਿ ਸੰਸਥਾਈ ਸਮੂਹ ਵਿਚਲੀ ਇਹ ਦਰਜਾਬੰਦੀ ਮਾਨਵ ਵਿਚੋਂ ਉਸ ਦੀ ਮਾਨਵਤਾ ਨੂੰ ਖਤਮ ਕਰਨ ਦੀ ਇਕ ਕੋਝੀ ਚਾਲ ਹੈ। ਜਿਸ ਨੇ ਅਖੀਰ ਸਥਾਪਤੀ ਅਤੇ ਸਰਮਾਏਦਾਰੀ ਤਾਕਤਾਂ ਦੇ ਪੱਖ ਵਿਚ ਭੁਗਤਣਾ ਹੁੰਦਾ ਹੈ। ਕਾਮਰੇਡ ਸੈਨ ਨੇ ਉਪਰੋਕਤ ਲੇਖ ਰਾਹੀਂ ਅਤਿ ਨਿਮਨ ਦਲਿਤ ਵਰਗਾਂ ਬਾਰੇ ਆਮ ਲੋਕਾਂ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਹੈ ਅਤੇ ਦੱਸਿਆ ਹੈ ਕਿ ਇਸ ਪਰਬੰਧ ਵਿਚ ਕਿਵੇਂ ਅਤੇ ਕਿਸ ਤਰ੍ਹਾਂ ਦਲਿਤ ਮਨੁਖ ਦੀ ਹੋਂਦ, ਉਸ ਦੀ ਹੋਣੀ ਦਾ ਕਰੂਰ ਯਥਾਰਥ ਹੋ ਨਿਬੜਦੀ ਹੈ। ਇਸ ਸਮਾਜਕ ਵਿਵਸਥਾ ਨੂੰ ਕਾਮਰੇਡ ਸੈਨ ਬਦਲਣ ਦਾ ਦ੍ਰਿੜ ਸੰਕਲਪ ਲੈਂਦਾ ਹੈ। ਇਸ ਬਦਲਾਉ ਲਈ ਉਹ ਵਿਸ਼ਵ ਪ੍ਰਸਿਧ ਮਾਰਕਸਵਾਦੀ ਵਿਚਾਰਧਾਰਾ ਰਾਹੀਂ ਭਾਰਤੀ ਸਮਾਜ ਦੀ ਬਣਤਰ ਤੇ ਬੁਣਤਰ ਨੂੰ ਸਮਝਣ ਦਾ ਆਹਰ ਕਰਦਾ ਹੋਇਆ ਨਿਮਨ ਜਾਤੀਆਂ ਅਤੇ ਮਜ਼ਦੂਰ ਵਰਗਾਂ ਨੂੰ ਜਮਾਤੀ ਸੰਘਰਸ਼ ਕਰਨ ਲਈ ਪ੍ਰੇਰਦਾ ਹੈ।

ਕਾਮਰੇਡ ਸੈਨ ਦੀ ਸਵੈ-ਜੀਵਨੀ ਜਿਥੇ ਕਿਰਤੀ ਪਾਰਟੀ ਤੋਂ ਲੈ ਕੇ ਨਕਸਲਬਾੜੀ ਲਹਿਰ ਨਾਲ ਸੰਬੰਧਿਤ ਉਸਦੇ ਦੇ ਨਿੱਜੀ ਅਨੁਭਵਾਂ ਨੂੰ ਲਿੱਪੀਬੱਧ ਕਰਦੀ ਹੈ, ਉਥੇ ਇਹਨਾਂ ਪਾਰਟੀਆਂ ਦਾ ਇਤਿਹਾਸਕ ਪਰਿਪੇਖ ਉਸਾਰਦਿਆਂ ਪਾਰਟੀਆਂ ਦੇ ਵਿਚਾਰਧਾਰਕ ਅਤੇ ਵਿਹਾਰਕ ਪੈਂਤੜੇ ਨਾਲ ਵੀ ਸੰਵਾਦ ਰਚਾਉਂਦੀ ਹੈ। ਭਾਵੇਂ ਇਹਨਾਂ ਪਾਰਟੀਆਂ ਨਾਲ ਕਾਮਰੇਡ ਸੈਨ ਪੂਰੀ ਤਨਦੇਹੀ ਨਾਲ ਜੁੜਿਆ ਰਿਹਾ ਹੈ ਪਰ ਉਹਨਾਂ ਵਿਚਲੀਆਂ ਕਮੀਆਂ ਘਾਟਾਂ ਨੂੰ ਪਰਦਾ ਪਾਕੇ ਨਹੀਂ ਢਕਦਾ, ਸਗੋਂ ਇਹਨਾਂ 'ਤੇ ਵਿਚਾਰ-ਚਿੰਤਨ ਕਰਦਿਆਂ ਪਾਰਟੀਆਂ ਦੀ ਪਹੁੰਚ-ਵਿਧੀ ਅਤੇ ਕਾਰਜ-ਸ਼ੈਲੀ 'ਤੇ ਇਕ ਸੂਝਵਾਨ ਪਾਰਖੂ ਦੀ ਤਰ੍ਹਾਂ ਪ੍ਰਸ਼ਨ-ਚਿੰਨ੍ਹ ਲਗਾਉਂਦਾ ਹੋਇਆ ਪਾਰਟੀਆਂ ਦੀ ਆਪਸੀ ਖਹਿਬਾਜੀ ਤੋਂ ਨਿਰਾਸ਼ ਹੋਏ ਲੋਕਾਂ ਦੇ ਪ੍ਰਤਿਕਰਮਾਂ ਨੂੰ ਵੀ ਦਲੀਲਯੁਕਤ ਸਿਆਸੀ ਮੁਹਾਵਰੇ ਵਿਚ ਪੇਸ਼ ਕਰਦਾ ਹੈ। ਇਸ ਤਰ੍ਹਾਂ ਕਾਮਰੇਡ ਸੈਨ ਪਾਰਟੀਆਂ ਦੇ ਵਿਚਾਰਧਾਰਕ ਅਤੇ ਵਿਹਾਰਕ ਅਮਲ ਪ੍ਰਤਿ ਵਿਵੇਕਸ਼ੀਲ ਤੇ ਆਲੋਚਨਾਤਮਕ ਰਵਈਆ ਆਪਣਾਉਂਦਾ ਹੈ। ਇਸਦੀ ਇਕ ਜੀਵੰਤ ਮਿਸਾਲ ਸਟਡੀ-ਸਰਕਲਾਂ 'ਤੇ ਬੇਬਾਕੀ ਅਤੇ ਸਾਤਵਿਕਤਾ ਨਾਲ ਕੀਤੀ ਨਿਮਨ ਲਿਖਤ ਟਿੱਪਣੀ ਹੈ:

> ਦੇਸ਼ ਦੇ ਆਦਿਵਾਸੀ, ਜਿੰਨ੍ਹਾਂ ਦੀ ਗਿਣਤੀ ਬਹੁਤ ਵੱਡੀ ਹੈ। ਜੋ ਦੇਸ਼ ਦੇ ਵੱਡੇ ਹਿੱਸੇ ਵਿਚ ਫੈਲੇ ਹੋਏ ਹਨ। ਅੱਤ ਦੀ ਗ਼ਰੀਬੀ ਦੀ ਹਾਲਤ ਵਿਚ ਸਮਾਜੀ-ਵਿਕਾਸ ਦੀ ਮੁੱਢਲੀ ਤਹਿ (ਸਤਹ) ਉੱਤੇ ਬੈਠੇ ਹਨ। ਇਹਨਾਂ ਦੀ ਸਥਿਤੀ ਤੇ ਸ਼ੋਸ਼ਣ ਦਾ ਜ਼ਿਕਰ ਕਦੇ ਵੀ ਨਹੀਂ ਆਇਆ। ਇਹ ਸਟੱਡੀ ਸਰਕਲਾਂ ਦੀ ਬਹੁਤ ਵੱਡੀ ਘਾਟ ਰਹੀ। ਇਸ ਤਰ੍ਹਾਂ ਦੇਸ਼ ਦੀ ਵੱਡੀ ਮਿਹਨਤਕਸ਼ ਵੱਸੋਂ ਦੀ ਆਰਥਕ ਤੇ ਸਮਾਜਕ ਸਥਿਤੀ ਬਾਰੇ ਸਾਨੂੰ ਗਿਆਨ ਹੀ ਨਹੀਂ ਮਿਲ ਸਕਿਆ।...ਸਮਾਜ ਦੇ ਇਸ ਦੱਬੇ ਕੁਚਲੇ ਵਰਗ ਨਾਲ, ਜੋ ਵਿਤਕਰਾ ਹੁੰਦਾ ਸੀ ਉਹ ਮੈਨੂੰ ਹਰ ਵੇਲੇ ਮਹਿਸੂਸ ਹੁੰਦਾ ਰਹਿੰਦਾ ਸੀ।(ਪੰਨਾ 51)

ਇਸ ਤਰ੍ਹਾਂ ਕਾਮਰੇਡ ਸੈਨ ਦੇਸ਼ ਦੇ ਸਥਾਨਕੀ ਮਸਲਿਆਂ ਨਾਲ ਨਜਿਠਦਾ ਹੋਇਆ ਸਟੱਡੀ ਸਰਕਲਾਂ ਦੇ ਪਛੜੇ ਰਹਿ ਜਾਣ ਦਾ ਅਧਾਰ ਵੀ ਲੱਭਦਾ ਹੈ। ਉਸ ਦਾ ਮੰਨਣਾ ਹੈ ਕਿ ਪਾਰਟੀ ਵਰਕਰਾਂ ਦੀ ਰਾਜਨੀਤਕ ਅਤੇ ਸਾਹਿਤਕ ਰੁਚੀ ਦੀ ਘਾਟ ਕਾਰਨ ਉਹ ਆਪਣੀ ਕੋਈ ਪੋਲੀਟੀਕਲ ਲਾਈਨ ਬਣਾਉਂਣ ਵਿਚ ਕੋਈ ਅਹਿਮ ਰੋਲ ਨਹੀਂ ਨਿਭਾ ਸਕੇ, ਸਗੋਂ ਅਕਸਰ ਲੀਡਰਸ਼ਿਪ ਦੀਆਂ ਹਦਾਇਤਾਂ ਉਪਰ ਹੀ ਚਲਦੇ ਰਹੇ ਪਰ ਸਥਾਨਕੀ ਪੱਧਰ 'ਤੇ ਆਪਣੀ ਕੋਈ ਕਾਰਜ-ਸ਼ੈਲੀ ਨਹੀਂ ਬਣਾ ਸਕੇ। ਪਾਰਟੀ ਦੀ ਇਸ ਹਿਰਾਰਕੀ (hierarchy) ਕਾਰਨ ਵੱਡੀ ਪੱਧਰ 'ਤੇ ਆਮ ਲੋਕ ਅਗਾਂਹ ਵਧੂ ਵਿਚਾਰਧਾਰਕ ਪਾਰਟੀਆਂ ਨਾਲ ਨਹੀਂ ਜੁੜ ਸਕੇ। ਇਸੇ ਤਰ੍ਹਾਂ ਹੀ ਲੇਖਕ ਮੁਤਾਬਿਕ ਜਦੋਂ ਪਾਰਟੀ ਨੇ ਮੁਸਲਿਮ ਲੀਗ ਦੀ ਮੁਸਲਮਾਨਾਂ ਲਈ ਅਲੱਗ ਪਾਕਿਸਤਾਨ ਬਣਾਉਂਣ ਦੀ ਮੰਗ ਨੂੰ ਉਚਿਤ ਠਹਿਰਾਇਆ ਤਾਂ ਮਾਰਕਸਵਾਦੀ ਨਜ਼ਰੀਏ ਤੋਂ ਇਹ ਫ਼ੈਸਲਾ ਠੀਕ

ਨਾ ਹੋਣ ਦੀ ਸੂਰਤ ਵਿਚ ਆਮ ਪਾਰਟੀ ਵਰਕਰ ਵੀ ਇਹ ਪੋਲਿਟੀਕਲ ਲਾਇਨ ਲੋਕਾਂ ਵਿਚ ਲੈ ਕੇ ਜਾਣ ਤੋਂ ਕਤਰਾਉਂਦੇ ਰਹੇ। ਨਤੀਜੇ ਵਜੋਂ ਸੂਬੇ ਦੀ ਲੀਡਰਸ਼ਿਪ ਨੇ ਪਾਰਟੀ ਵਰਕਰਾਂ ਅਤੇ ਸਥਾਨਕੀ ਸਮੱਸਿਆਵਾਂ ਨੂੰ ਘੱਟ ਮਹਤਤਾ ਦੇ ਕੇ ਪਾਰਟੀ ਦਾ ਭਾਰੀ ਨੁਕਸਾਨ ਕੀਤਾ।

ਕਾਮਰੇਡ ਸੈਨ ਅਤੇ ਭੈਣ ਸੁਰਿੰਦਰ ਕੁਮਾਰੀ ਕੋਛੜ ਵੱਲੋਂ ਨਕਸਲਬਾੜੀ ਲਹਿਰ ਵਿਚ ਸਰਗਰਮ ਕਾਡਰ ਵਜੋਂ ਭੂਮਿਕਾ ਨਿਭਾਉਣ ਦੇ ਬਾਵਜੂਦ ਸੂਬੇ ਦੇ ਪਾਰਟੀ ਅਹੁਦੇਦਾਰਾਂ ਨੇ ਉਹਨਾਂ ਨੂੰ ਪਾਰਟੀ ਛੱਡ ਕੇ ਜਾਣ ਲਈ ਕਿਹਾ। ਇਸ ਦਾ ਠੋਸ ਕਾਰਨ ਇਹ ਸੀ ਕਿ ਕਾਮਰੇਡ ਸੈਨ ਅਤੇ ਭੈਣ ਸੁਰਿੰਦਰ ਕੁਮਾਰੀ ਕੋਛੜ ਹੋਰਨਾਂ ਵਰਕਰਾਂ ਦੀ ਤਰ੍ਹਾਂ ਪਾਰਟੀ ਦੇ ਰਵਾਇਤੀ 'ਪਿਛਲੱਗੂ' ਨਾ ਬਣ ਸਕੇ, ਸਗੋਂ ਉਹ ਨਕਸਲਬਾੜੀ ਲਹਿਰ ਵੱਲੋਂ ਅਪਣਾਈ ਗਈ ਕਾਰਜ-ਸ਼ੈਲੀ ਨੂੰ ਮੁੜ ਤੋਂ ਵਿਚਾਰਨ ਦੀ ਮੰਗ ਕਰ ਰਹੇ ਸਨ। ਉਹਨਾਂ ਦੋਹਾਂ ਨੇ ਪਾਰਟੀ ਤੋਂ ਬਾਹਰ ਰਹਿ ਕੇ ਖੁਫ਼ੀਆ (underground) ਜੀਵਨ ਬਤੀਤ ਕੀਤਾ ਤੇ ਆਪਣੀ ਉਪਜੀਵਕਾ ਕਮਾਉਣ ਲਈ ਲੰਮਾ ਸਮਾਂ ਸੰਘਰਸ਼ ਕੀਤਾ। ਪਰ ਇਸ ਦੇ ਬਾਵਜੂਦ ਉਹ ਮਾਰਕਸਵਾਦੀ ਵਿਚਾਰਧਾਰਾ ਨਾਲ ਹਮੇਸ਼ਾ ਜੁੜੇ ਰਹੇ।


ਭਾਰਤੀ ਸਿਆਸਤ ਨਾਲ ਸਿੱਧਾ ਸਰੋਕਾਰ ਰੱਖਦੀਆਂ ਬਸਤੀਵਾਦੀਅਤੇ ਉਤਰ ਬਸਤੀਵਾਦੀ ਅਨੇਕਾਂ ਘਟਨਾਵਾਂ ਦਾ ਜ਼ਿਕਰ ਇਸ ਸਵੈ-ਜੀਵਨੀ ਵਿਚ ਥਾਂ ਪਰ ਥਾਂ ਆਇਆ ਹੈ। ਜਿਥੇ ਬਸਤੀਵਾਦੀ ਦੌਰ ਵਿਚ ਜੂਹਬੰਦੀ, ਜ਼ੁਬਾਨ ਬੰਦੀ, ਡੀਫ਼ੈਨਸ ਆਫ਼ ਇੰਡੀਅਨ ਰੂਲ ਦਾ ਕਾਨੂੰਨ, ਜਗੀਰਦਾਰੀ ਪ੍ਰਬੰਧ ਅਦਿ ਨਾਲ ਆਮ ਲੋਕਾਂ ਨੂੰ ਸੱਤਾ ਦੀ ਸ਼ਕਤੀ ਹੇਠ ਵਿਚਰਨ ਲਈ ਮਜ਼ਬੂਰ ਕਰਦੀਆਂ ਸੰਚਾਲਕ ਇਕਾਈਆਂ ਬਣੀਆਂ ਸਨ ਤਾਂ ਦੂਜੇ ਪਾਸੇ ਉਤਰ ਬਸਤੀਵਾਦ ਵਿਚ ਇਹਨਾਂ ਇਕਾਈਆਂ ਦੀ ਅੰਦਰੂਨੀ ਸੰਰਚਨਾ ਵਿਚ ਕੋਈ ਬੁਨਿਆਦੀ ਤਬਦੀਲੀ ਨਹੀਂ ਵਾਪਰੀ ਸਗੋਂ ਸਰਮਾਏਦਾਰਾਨਾ ਲੁਟੇਰੀ ਸਮਾਜਕ ਵਿਵਸਥਾ ਦਾ ਕਿਰਦਾਰ ਪਹਿਲਾਂ ਵਾਲਾ ਹੀ ਰਹਿੰਦਾ ਹੈ। ਕਾਮਰੇਡ ਸੈਨ ਦੇ ਸ਼ਬਦਾਂ ਵਿਚ, "ਜਗੀਰਦਾਰੀ ਸਿਸਟਮ ਜੋ ਕਿ ਦੇਸ਼ ਵਿਚ ਵੱਡੇ ਪੈਮਾਨੇ ਉਤੇ ਚੱਲਿਆ ਆ ਰਿਹਾ ਸੀ [ਅਜ਼ਾਦੀ ਤੋਂ ਬਾਅਦ] ਕਾਂਗਰਸ ਨੇ ਉਸ ਨੂੰ ਅਪਣਾ ਲਿਆ। ਦੇਸ਼ ਦੀ ਅਬਾਦੀ ਦਾ ਵੱਡਾ ਹਿਸਾ ਗ਼ਰੀਬ ਕਿਸਾਨੀ ਅਤੇ ਪੇਂਡੂ ਮਿਹਨਤਕਸ਼ ਤੇ ਸ਼ਹਿਰੀ ਮਿਹਨਤਕਸ਼ ਦਾ ਸੀ। ਉਹਨਾਂ ਦੀ ਲੁਟ ਖਸੁੱਟ ਪਹਿਲਾਂ ਤਰ੍ਹਾਂ ਹੀ ਕ਼ਾਇਮ ਰਹੀ।"

ਇਸ ਸਵੈ-ਜੀਵਨੀ ਵਿਚ 'ਨੋਟ' ਦੀ ਵਿਧੀ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ ਜਿਸ ਰਾਹੀਂ ਲੇਖਕ ਵਰਣਿਤ ਵਾਰਤਾ ਬਾਰੇ 'ਪੋਸਟ ਸਕ੍ਰਿਪਟ' ਦੇ ਰੂਪ ਵਿਚ ਸੰਖੇਪ ਤੇ ਲੋੜੀਂਦੀ ਜਾਣਕਾਰੀ ਵੀ ਪਾਠਕ ਨਾਲ ਸਾਂਝੀ ਕਰਦਾ ਹੈ ਅਤੇ ਨਾਲ ਹੀ ਆਪਣੀ ਆਲੋਚਨਾਤਮਕ ਦ੍ਰਿਸ਼ਟੀ ਰਾਹੀਂ ਸੰਬੰਧਤ ਘਟਨਾ ਦਾ ਵਿਸ਼ਲੇਸ਼ਣ ਕਰਨ ਦਾ ਵੀ ਯਤਨ ਕਰਦਾ ਹੈ।

ਇਸ ਸਵੈ-ਜੀਵਨੀ ਰਾਹੀਂ ਕਾਮਰੇਡ ਸੈਨ ਨੇ ਅਗਾਂਹਵਧੂ ਜਥੇਬੰਦੀਆਂ ਦੀ ਅੰਦਰੂਨੀ ਸੰਰਚਨਾ ਨੂੰ ਘੋਖਦਾ ਹੋਇਆ ਆਪਣੇ ਸਿਆਸੀ ਅਨੁਭਵਾਂ ਦੇ ਅਧਾਰ ਤੇ ਕੁਝ ਸਥਾਪਨਾਵਾਂ ਦਾ ਜ਼ਿਕਰ 'ਪੁਨਰ-ਮੁਲਾਂਕਣ' ਵਾਲੇ ਅਧਿਆਇ ਵਿਚ ਕੀਤਾ ਹੈ। ਇਹਨਾਂ ਸਥਾਪਨਾਵਾਂ ਨੂੰ ਜੇਕਰ ਸਾਰ ਦੇ ਰੂਪ ਵਿਚ ਸਮਝੀਏ ਤਾਂ ਮੁਖ ਤੌਰ 'ਤੇ ਨਿਮਨ ਲਿਖਤ ਬਣਦੀਆਂ ਹਨ:

1. ਕਮਿਊਨਿਸਟ ਲਹਿਰ ਨੂੰ ਅਸੀਂ ਕਿਉਂ ਵਿਆਪਕ ਨਹੀਂ ਬਣਾ ਸਕੇ?
2. ਕਮਿਊਨਿਸਟ ਪਾਰਟੀ ਵਿਚ ਕੰਮ ਕਰਦੇ ਹੋਏ ਜਦੋਂ ਆਪਸ ਵਿਚ ਮਤਭੇਦ (Differences) ਪੈਦਾ ਹੁੰਦੇ ਹਨ ਤਾਂ ਆਪਸ ਵਿਚਲੀਆਂ ਦੂਰੀਆਂ ਐਨੀਆਂ ਕਿਉਂ ਵਧ ਜਾਂਦੀਆਂ ਹਨ?
3. ਕਮਿਊਨਿਸਟ ਵਰਕਰਾਂ ਅੰਦਰ ਅਧਿਐਨ ਦੀ ਘਾਟ ਕਿਉਂ ਹੈ?
4. ਕਮਿਊਨਿਸਟ ਲਹਿਰ ਦੇ ਵਰਕਰ ਤੇ ਲੀਡਰ ਆਪਣੇ ਦੇਸ਼ ਦੇ ਸਮਾਜਕ ਵਿਕਾਸ ਨੂੰ 'ਇਤਿਹਾਸਕ ਭੌਤਿਕਵਾਦ' ਦੇ ਨਜ਼ਰੀਏ ਤੋਂ ਕਿਉਂ ਨਹੀਂ ਦੇਖਦੇ ਸਮਝਦੇ? ਸਾਡੇ ਦੇਸ਼ ਵਿਚ ਵਰਨ ਵਿਵਸਥਾ ਕਦੋਂ ਸ਼ੁਰੂ ਹੋਈ? ਜਾਤੀਵਾਦ ਕਿਉਂ ਸ਼ੁਰੂ ਹੋਇਆ?
5. ਪਾਰਟੀ ਨੌਜੁਆਨਾਂ ਨੂੰ ਵਰਗ ਚੇਤਨਾ ਦੇਣ ਦੇ ਉਪਰਾਲੇ ਕਿਉਂ ਨਹੀਂ ਕਰਦੀ?

ਕਿਹਾ ਜਾ ਸਕਦਾ ਹੈ ਕਿ ਸਾਰੀ ਸਵੈ-ਜੀਵਨੀ ਵਿਚ ਪ੍ਰਾਥਮਿਕਤਾ, ਇਹਨਾਂ ਬੁਨਿਆਦੀ ਸੁਆਲਾਂ ਨੂੰ ਹੀ ਮਿਲੀ ਹੈ। ਇਸ ਤਰ੍ਹਾਂ ਕਾਮਰੇਡ ਸੈਨ ਦੀ ਸਿਆਸੀ ਚੇਤਨਾ ਦਾ ਜਿਹੜਾ ਮਾਡਲ ਸਾਹਮਣੇ ਆਉਂਦਾ ਹੈ ਉਸ ਵਿਚ ਜਮਾਤੀ ਸੰਘਰਸ਼ ਨੂੰ ਤਰਜ਼ੀਹ ਮਿਲਦੀ ਹੈ। ਇਸ ਸੂਝ-ਮਾਡਲ ਨੂੰ ਪੇਸ਼ ਕਰਦਿਆਂ ਉਹ ਸਰਮਾਏਦਾਰੀ ਸ਼ਕਤੀਆਂ ਨਾਲ ਸਿੱਧੀ ਟੱਕਰ ਲੈਣ ਲਈ ਪ੍ਰੇਰਦਾ ਹੋਇਆ ਮਨੁਖ ਨੂੰ ਇਹਨਾਂ ਤਾਕਤਾਂ ਖਿਲਾਫ਼ ਇਕ ਜੁਟ ਹੋ ਕੇ ਜਮਾਤੀ ਸੰਘਰਸ਼ ਕਰਨ ਦਾ ਰਾਹ ਦਰਸਾਉਂਦਾ ਹੈ। ਇਹੀ ਕਾਰਨ ਹੈ ਕਿ ਸਵੈ-ਜੀਵਨੀ ਵਿਚਲੀਆਂ ਘਟਨਾਵਾਂ ਪ੍ਰਤੱਖ ਅਪ੍ਰੱਤਖ ਜਮਾਤੀ ਸੰਘਰਸ਼ ਅਤੇ ਜਮਾਤੀ ਚੇਤਨਾ ਲਈ ਪ੍ਰੇਰਨਾ ਸਰੋਤ ਹੋ ਨਿਬੜਦੀਆਂ ਹਨ। ਜਿਸ ਬੇਬਾਕੀ ਤੇ ਸਾਤਵਿਕਤਾ ਨਾਲ ਕਾਮਰੇਡ ਗੰਧਰਵ ਸੈਨ ਨੇ ਖੱਬੇ ਪੱਖੀ ਲਹਿਰ ਦੇ ਇਤਿਹਾਸ ਨੂੰ ਚਿਤਰਿਆ ਹੈ ਉਸ ਦੀ ਮਿਸਾਲ ਵਿਰਲੀ ਹੀ ਮਿਲਦੀ ਹੈ। ਸਮੁਚੇ ਰੂਪ ਵਿਚ ਕਾਮਰੇਡ ਗੰਧਰਵ ਸੈਨ ਕੋਛੜ ਦੀ ਇਹ ਸਿਆਸੀ ਸਵੈ-ਜੀਵਨੀ ਅਗਾਂਹ ਵਧੂ ਪਾਰਟੀਆਂ ਦੇ ਵਰਕਰਾਂ ਤੇ ਲੀਡਰਾਂ ਨੂੰ ਆਤਮ-ਵਿਸ਼ਲੇਸ਼ਣ ਕਰਨ ਦੀ ਇਕ ਚਣੌਤੀ ਅਤੇ ਅਧਾਰ ਵੀ ਦਿੰਦੀ ਹੈ।



5 ਆਬ

Desh Bhagat hall, Jalandhar,
Punjab,India
Phone:9814087063
5aabparkashan@gmail.com
www.5aabparkashan.com

ISBN : 978-93-82413-11-0

₹ 200